*Published in Punjabi & English*
Distributed in Toronto, Calgary, Vancouver, Winnipeg and Edmonton and Online Worldwide.

Sarokaran Di Awaz

# ਸਰੋਕਾਰਾਂ ਦੀ ਆਵਾਜ਼

Voice of Social Concerns
Pro-People Arts Project Media Group

Email: ppapmg@gmail.com | ਸਾਲ-8, ਅੰਕ-6, ਜੂਨ 2018 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

### *ਓਂਟਾਰੀਓ ਪ੍ਰੋਵਿੰਸ਼ੀਅਲ ਜੂਨ 2018 ਚੋਣਾਂ*

## ਵੇਲਾ ਆਇਆ ਵੋਟਾਂ ਦਾ, ਚੇਤਾ ਆਇਆ ਲੋਕਾਂ ਦਾ



ਡਾ: ਹਰਦੀਪ ਸਿੰਘ




7 ਜੂਨ 2018 ਨੂੰ ਕੈਨੇਡਾ ਦੇ ਓਂਟਾਰੀਓ ਪਰੋਵਿੰਸ ਵਿੱਚ ਹੋਣ ਵਾਲੀਆਂ ਚੋਣਾਂ ਦਾ ਦੰਗਲ ਭੱਖ ਚੁੱਕਾ ਹੈ। ਨਵੇਂ ਪੁਰਾਣੇ, ਰੰਗ-ਬਿਰੰਗੇ, ਭੁੱਲੇ-ਭੁਲਾਏ ਲਾਰਿਆਂ ਦਾ ਬਾਜ਼ਾਰ ਗਰਮ ਹੈ। ਸਾਰੀਆਂ ਪਾਰਟੀਆਂ ਇੱਕ ਤੋਂ ਵੱਧ ਇੱਕ ਵਾਅਦਾ, ਵੋਟਰਾਂ ਨਾਲ ਕਰ ਰਹੀਆਂ ਹੈ। ਇਨ੍ਹਾਂ ਲਾਰਿਆਂ ਦੇ ਸ਼ੋਰ ਸ਼ਰਾਬੇ ਵਿੱਚ ਪੀ.ਸੀ ਪਾਰਟੀ, ਲਿਬਰਲ ਪਾਰਟੀ, ਐਨ.ਡੀ.ਪੀ ਆਦਿ ਇੱਕ ਤੋਂ ਇੱਕ ਚੱਕਵੀਂ ਸੁਰ ਵਿੱਚ ਹਨ। ਕਮਿਉਨਿਸਟ ਪਾਰਟੀ ਆਫ ਕੈਨੇਡਾ ਨੇ ਵੀ ਆਪਣੇ ਉਮੀਦਵਾਰ ਮੈਦਾਨ ਵਿੱਚ ਉਤਾਰ ਕੇ ਮੰਗਾਂ ਉਭਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਜਿਨ੍ਹਾਂ ਸੱਤਾਧਾਰੀ ਪਾਰਟੀਆਂ ਨੇ ਸੱਤਾ ਵਿੱਚ ਹੋਕੇ ਵੀ ਪਿਛਲੇ ਵਾਅਦੇ ਪੂਰੇ ਕਰਨ ਦਾ ਚੇਤਾ ਭੁਲਾ ਰੱਖਿਆ ਸੀ ਅੱਜ ਉਨ੍ਹਾਂ ਨੂੰ ਪੁਰਾਣੀਆਂ ਚੋਣਾਂ ਵੇਲੇ ਦੇ ਅਧੂਰੇ ਵਾਅਦਿਆਂ ਦੀ ਯਾਦ ਵੀ ਪਰਤ ਆਈ ਹੈ। ਲੋਕ ਤਾਂ ਉਹ ਹੀ ਭੁਲੱਕੜ ਲੋਕ ਨੇ, ਲੋਕਾਂ ਦਾ ਕੀ ਏ। ਵੋਟਾਂ ਤਾਂ ਵੋਟਾਂ ਹੀ ਹਨ, ਲਾਰਿਆਂ ਦਾ ਕੀ ਏ। ਪਰ ਕੀ ਲੋਕ ਦਰ 'ਤੇ ਵੋਟਾਂ ਮੰਗਣ ਆ ਰਹੇ ਉਮੀਦਵਾਰਾਂ ਤੋਂ ਉਨ੍ਹਾਂ ਦੀਆਂ ਕਾਰਗੁਜ਼ਾਰੀਆਂ ਦਾ ਲੇਖਾ-ਜੋਖਾ ਪੁੱਛਣ ਦੀ ਜੁਰੱਅਤ ਵੀ ਕਰ ਸਕਦੇ ਹਨ? ਇਨ੍ਹਾਂ ਉਮੀਦਵਾਰਾਂ ਦੇ ਏਜੈਂਟ, ਹਮਾਇਤੀ ਅਤੇ ਸਿਫਾਰਸ਼ੀ ਬਿਨਾ ਇਜ਼ਾਜ਼ਤ ਡਰਾਈਵੇਅ ਤੇ ਸਾਇਨ ਬੋਰਡ ਲਗਾ ਰਹੇ ਹਨ ਪਰ ਕੀ ਇਹ ਤੁਹਾਡੀ ਆਲੇ ਦੁਆਲੇ ਦੀ ਕਮਿਊਨਿਟੀ ਦੇ ਮਸਲੇ ਹੱਲ ਕਰਨ ਦੀ ਸੋਚ ਰੱਖਦੇ ਹਨ ਕਿ ਨਹੀਂ? ਕੀ ਇਹ ਵੋਟਾਂ ਦੇ ਲਾਲਚ ਵਿੱਚ ਕੈਨੇਡੀਅਨਾਂ ਸਾਂਝੀਵਾਲਤਾ ਵਾਲੀ ਕਮਿਉਨਿਟੀ ਨੂੰ ਮੁੜ ਤੋਂ ਧਰਮਾਂ, ਬੋਲੀਆਂ, ਇਲਾਕਿਆਂ, ਰੰਗਾਂ ਦੇ ਨਸਲੀ ਭੇਦ-ਭਾਵ ਦੀ ਮੁੜ-ਸੁਰਜੀਤੀ ਤਾਂ ਨਹੀਂ ਕਰ ਰਹੇ? ਕੀ ਇਹ ਨਵੇਂ ਇਮੀਗਰੈਂਟਾਂ ਜਾਂ ਬਹੁ-ਗਿਣਤੀ ਕਿਰਤੀ ਜਮਾਤ ਲਈ ਕੋਈ ਉਮੀਦ ਦੀ ਕਿਰਨ ਲੈ ਕੇ ਆ ਰਹੇ ਹਨ ਕਿ ਨਹੀਂ? ਕਿ ਇਨ੍ਹਾਂ ਦਾ ਮਕਸਦ ਲੋਕ ਸੇਵਾ ਹੈ ਜਾਂ ਸਿਰਫ ਕੁਰਸੀ ਤੇ ਕਾਬਜ਼ ਹੋਣਾ ਹੈ? ਸਚਾਈ ਇਹ ਹੈ ਕਿ ਕੈਨੇਡਾ ਦੇਸ਼ ਵੀ ਸੰਸਾਰ ਸਰਮਾਏਦਾਰੀ ਮੰਡੀ ਦੀ ਅਨਿੱਖੜਵਾਂ ਅੰਗ ਹੈ ਅਤੇ ਵੈਲਫੇਅਰ ਸਟੇਟ ਦੀ ਲੋਕ ਲੁਭਾਵਣੀ ਨੀਤੀ ਤੋਂ ਤੇਜ਼ੀ ਨਾਲ ਖਹਿੜਾ ਛੁਡਾਉਣ ਲਈ ਲਾਗਾਤਾਰ ਦਬਾਅ ਹੇਠ ਹੈ । ਇਸੇ ਕਰਕੇ ਲੋਕਾਂ ਨੂੰ ਮਿਲਣ ਵਾਲੀਆਂ ਸਮਾਜਿਕ ਸੁਰੱਖਿਆ ਸਹੂਲਤਾਂ ਦਾ ਕੱਟ ਵੀ ਜਾਰੀ ਰਹਿਣ ਵਾਲਾ ਹੈ ਅਤੇ ਸੇਵਾਵਾਂ ਦਾ ਨਿੱਜੀਕਰਨ ਵੀ ਬੇ-ਰੋਕ ਟੋਕ ਜਾਰੀ ਹੈ। ਵੱਡੇ ਕਾਰਪੋਰੇਟ ਹਾਊਸ ਆਪਣੇ ਮੁਨਾਫੇ ਲਈ ਵਾਰੀ ਵਾਰੀ ਸਾਰੀਆਂ ਸੇਵਾਵਾਂ ਦੇ ਨਿੱਜੀਕਰਨ ਲਈ ਤਰਲੋ-ਮੱਛੀ ਹੋ ਰਹੇ ਹਨ। ਸਰਮਾਏਦਾਰੀ ਮੁਨਾਫੇ ਦੀ ਮੰਡੀ ਅਤੇ ਸੇਵਾਵਾਂ ਦਾ ਨਿੱਜੀਕਰਨ ਕਦੇ ਵੀ ਆਮ ਮਿਹਨਤਕਸ਼ ਜਨਤਾ ਦੇ ਹੱਕ ਵਿੱਚ ਨਹੀਂ ਹੋ ਸਕਦਾ। ਸਰਕਾਰਾਂ ਨੂੰ ਕਿਰਤੀ ਲੋਕ ਪੱਖੀ ਸੁਧਾਰਾਂ ਵਾਲੀ ਬਣਾਉਣ ਦੀ ਮੰਗ ਦਾ ਦਬਾਵ ਵੀ ਜਾਰੀ ਹੈ। ਵੋਟਾਂ ਮੰਗਣ ਆਏ, ਇਨ੍ਹਾਂ ਉਮੀਦਵਾਰਾਂ ਨੂੰ ਵੀ, ਪਰੋਵਿੰਸ ਦੇ ਲੋਕਾਂ ਦੀ ਹੋ ਰਹੀ ਲੁੱਟ ਪ੍ਰਤੀ ਜਾਗਰੂਕ ਕਰਨਾ ਅਤੇ ਮੰਗਾਂ ਲਈ ਯਾਦ-ਪੱਤਰ ਦੇਣ ਦਾ ਵੀ ਵੇਲਾ ਹੈ। ਆਓ, ਲ਼ਾਰ੍ਹਿਆਂ ਦੀ ਬਜ਼ਾਏ ਠੋਸ ਵਾਅਦਿਆਂ ਨਾਲ ਆਪਣੀ ਵੋਟ ਦਾ ਅਧਿਕਾਰ ਇਸਤੇਮਾਲ ਕਰੀਏ। ਮੰਗ ਕਰੀਏ ਕਿ :-

- ਰੋਜ਼ਗਾਰ ਲਈ ਲੋਕਾਂ ਨੂੰ ਕਾਰਪੋਰੇਟ ਘਰਾਣਿਆਂ ਦੇ ਰਹਿਮੋ-ਕਰਮ ਤੇ ਛੱਡਣ ਦੀ ਬਜਾਏ, ਸਰਕਾਰ ਖੁਦ ਲੋਕਾਂ ਲਈ ਰੋਜਗਾਰ ਦਾ ਪ੍ਰਬੰਧ ਕਰਨ ਦੀ ਨੀਤੀ ਬਣਾਵੇ।
- 'ਪਬਲਿਕ-ਪ੍ਰਾਈਵੇਟ ਪਾਰਟਨਰਸ਼ਿਪ' ਦੀ ਆੜ੍ਹ ਵਿੱਚ ਹਸਪਤਾਲਾਂ ਜਾਂ ਸਿੱਖਿਆ ਵਰਗੇ ਸੇਵਾ ਖੇਤਰ ਦਾ ਨਿੱਜੀਕਰਨ ਵੀ ਬੰਦ ਕੀਤਾ ਜਾਵੇ।
- ਹਸਪਤਾਲਾਂ, ਸਿਹਤ ਅਤੇ ਸਿੱਖਿਆ ਖੇਤਰ ਦਾ ਘੇਰਾ ਲੋਕਾਂ ਦੀ ਲੋੜ ਮੁਤਾਬਿਕ ਵਧਾਇਆ ਅਤੇ ਪਸਾਰਿਆ ਜਾਵੇ।
- ਰੋਜਗਾਰ ਜਾਂ ਸਮਾਜਿਕ ਸਕੀਮਾਂ ਵਿੱਚ ਲਗਾਏ ਜਾ ਰਹੀ ਕਟੌਤੀ ਨੂੰ ਬੰਦ ਕੀਤਾ ਜਾਵੇ।
- ਵਧ ਰਹੀ ਮਹਿੰਗਾਈ ਦੇਖਦੇ ਹੋਏ 15

(ਬਾਕੀ ਸਫ਼ਾ 4 'ਤੇ)

























SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca


For All your Commercial Real Estate needs in Alberta, Motels/Hotels, Gas Station, Liquor Store, Plazas, Franchise, Restaurant
Call Gurprit Sidhu (Rana)
Ph:403.831.5000
Email: sidhugurprit@hotmail.com
www.bruceliang.ca


Punjab Insurance Inc.
Super Visa Insurance
Your Expert Advisor for SUPER VISA INSURANCE
• Life Insurance • Mortgage Insurance • Critical Illness Insurance • Disability Insurance • RESP, RRSP
303, 7- Westwinds Cres. NE Calgary AB, Canada T3J5H2
Website : www.calgaryinsurancequotes.com
HARPINDER SIDHU
(403) 404-3500


Tiwana
Real Estate Team
LIST WITH US
FOR GUARANTEED RESULTS
MEET THE TEAM:
Malvinder Tiwana
Harman Tiwana
Ajitpal Gill
Professional Services
Free Home Evaluation
Digital Marketing & Social Media
Top Dollars in your Pocket
Superb Negotiation Skills
Team of 3 Realtors With Full Time Office Staff
SOLD
ROYAL LEPAGE
100 YEARS
Call: 403-830-5152
Visit: www.TiwanaTeam.com
Email: tiwanateam@gmail.com
Address: 110-7220 Fisher St SE, Calgary,AB T2H 2H8
www.TiwanaTeam.com

**SARO KARAN DI AWAZ**

**Publisher**
Pro-People Arts Project Media Group 29 Mapleview Ave, Brampton Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton (Ontario)
416-209-6363
deephsingh@gmail.com

**Sub Editor**
Randeep Singh (India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

**Sports Advisor**
Sukhvir Grewal
403-402-0770
sukhsports@gmail.com

**Surinder Mavi Winnipeg**
204-510-6284
surindermavi@gmail.com

**Parminder Swaich**
Surrey (BC)
604-760-4794

**Rupinder Singh Kaler**
Edmonton
780-807-6517

**Graphic Desinger**
Baljinder Singh
+91-98782-29598
+91-92167-29598
akashdeep.1064@gmail.com

**Honorary Advisory Board**

Sukhdev Singh Sandhu (Toronto)

Master Balbir Singh Gill (Toronto)

Jaspreet Dhaliwal (Toronto)

Harcharan Singh Parhar Calgary

Malkit Singh Abbotsford (BC)

Narbhinder Singh (India) (Punjab)
935-443-0211

Buta Singh Nawan Shahr (Punjab)
946-347-4342
atoozed@gmail.com

Jaswant Zirakh (India) (Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।




Details of 163 trinity:

$837,000 | 3,348 sq ft | 3 car garage | Walkout basement | 2 master bedrooms
Spice kitchen | Main floor bed and bath 4 bathrooms
Select all colors and specs if purchased now

Details of 705 mcdougal rd:
Practically in downtown

brand new 2300 sq ft townhouses
with single garage

You can't beat these
spectacular view

Priced to sell at $889,000

Call Rani - 403-612-7881
Amar - 403-470-2627



# ਵੇਲਾ ਆਇਆ ਵੋਟਾਂ ਦਾ, ਚੇਤਾ ਆਇਆ ਲੋਕਾਂ ਦਾ

(ਸਫ਼ਾ 1 ਦੀ ਬਾਕੀ)

ਡਾਲਰ ਪ੍ਰਤੀ ਘੰਟਾ ਦੀ ਘੱਟੋ-ਘੱਟ ਵੇਜ ਉਜਰਤ ਜਨਵਰੀ 2019 ਦੀ ਬਜਾਏ ਨੂੰ ਤੁਰੰਤ ਲਾਗੂ ਕੀਤਾ ਜਾਵੇ।

• 14 ਤੋਂ ਵੱਧ ਵੇਜ ਪ੍ਰਤੀ ਘੰਟਾ ਵਾਲੇ ਤਜਰਬੇਕਾਰ ਪੁਰਾਣੇ ਕਾਮਿਆਂ ਦੀ ਵੇਜ ਵੀ ਮੁੜ-ਨਿਰਧਾਰਿਤ ਕਰਕੇ ਉਸੇ ਅਨੁਪਾਤ ਨਾਲ ਵਾਧਾ ਕੀਤਾ ਜਾਵੇ।

• ਸਮਾਜਿਕ ਸੁੱਰਖਿਆ ਰਾਹੀਂ ਬੱਚਿਆਂ, ਮਾਵਾਂ, ਬਜ਼ੁਰਗਾਂ ਅਤੇ ਵਿਦਿਆਰਥੀਆਂ ਦੇ ਲਾਭ ਬੈਨੀਫਿਟਾਂ ਵਿੱਚ ਵੀ ਵਾਧਾ ਕੀਤਾ ਜਾਵੇ।

• ਰੋਜ਼ਗਾਰ ਏਜੰਸੀਆਂ ਰਾਹੀਂ ਟੈਂਪਰੇਰੀ ਰੋਜ਼ਗਾਰ ਦੇਣ ਦਾ ਧੰਦਾ ਬੰਦ ਕੀਤਾ ਜਾਵੇ ਅਤੇ ਪੱਕੇ ਸਥਾਈ ਰੋਜ਼ਗਾਰ ਦੀ ਠੋਸ ਨੀਤੀ ਬਣਾਈ ਜਾਵੇ।

• ਪੂਰੇ ਪਰੋਵਿੰਸ ਵਿੱਚ ਸਿਹਤ ਵਿੱਚ ਨਿੱਜੀਕਰਨ ਬੰਦ ਕੀਤਾ ਜਾਵੇ ਅਤੇ ਸਿਹਤ ਬਜਟ ਵਿੱਚ ਲੋੜ ਮੁਤਾਬਿਕ ਵਾਧਾ ਕੀਤਾ ਜਾਵੇ।

• ਮੌਜੂਦਾ ਹਸਪਤਾਲਾਂ ਵਿੱਚ ਬੈਡ ਕੇਪੇਸਟੀ ਵਿੱਚ ਵਾਧਾ ਕੀਤਾ ਜਾਵੇ, ਤਾਲਾਬੰਦੀ ਕਿਨਾਰੇ ਖੜ੍ਹੇ ਹਸਪਤਾਲਾਂ ਨੂੰ ਬਚਾਇਆ ਜਾਵੇ ਅਤੇ ਸਾਰੇ ਛੋਟੇ ਵੱਡੇ ਇਲਾਕਿਆਂ ਦੀ ਲੋੜ ਮੁਤਾਬਿਕ ਨਵੇਂ ਹਸਪਤਾਲਾਂ ਦੀ ਉਸਾਰੀ ਕੀਤੀ ਜਾਵੇ। ਇਸ ਨਾਲ ਹਰ ਰੀਜ਼ਨ ਇਲਾਕੇ ਦੇ ਲੋਕਾਂ ਦੀ ਲੋੜ ਪੂਰੀ ਹੋਣ ਦੇ ਨਾਲ ਨਾਲ ਵੱਡੇ ਸ਼ਹਿਰਾਂ ਦੇ ਸਿਵਕ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਪਰੇਸ਼ਾਨੀ ਵੀ ਘਟਾਈ ਜਾ ਸਕਦੀ ਹੈ ।

• ਯੂਨੀਵਰਸਿਟੀ ਸਿੱਖਿਆ ਦਿਨੋਂ ਦਿਨ ਮਹਿੰਗੀ ਹੋ ਰਹੀ ਹੈ ਜਿਸ ਵਿੱਚ ਫੈਡਰਲ ਬਜਟ ਦੀ ਕਟੌਤੀ ਤੋਂ ਬਾਅਦ ਓਂਟਾਰੀਓ ਨਿਵਾਸੀ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਫੀਸਾਂ ਵਿੱਚ 4.3% ਦਾ ਵਾਧਾ ਇਸੇ ਸਾਲ ਕੀਤਾ ਗਿਆ ਹੈ। ਹੁਣ ਇਨ੍ਹਾਂ ਨੂੰ ਤਕਰੀਬਨ 6640.00 ਡਾਲਰ ਹਰ ਸਾਲ ਜੇਬ ਵਿੱਚੋਂ ਖਰਚਣਾ ਪੈ ਰਿਹਾ ਹੈ। ਇਨ੍ਹਾਂ ਫੀਸਾਂ ਦਾ ਵਾਧਾ ਵਾਪਿਸ ਲਿਆ ਜਾਵੇ।

• ਇੰਟਰਨੈਸ਼ਨਲ ਵਿਦਿਆਰਥੀਆਂ ਦੀ ਭਲਾਈ ਲਈ ਵੱਖਰਾ ਭਲਾਈ ਵਿਭਾਗ ਬਣਾਇਆ ਜਾਵੇ। ਕੈਨੇਡਾ ਸਰਕਾਰ ਇੰਟਰਨੈਸ਼ਨਲ ਵਿਦਿਆਰਥੀਆਂ ਨੂੰ ਆਪਣੀਆਂ ਵਿੱਦਿਅਕ ਸੇਵਾਵਾਂ ਵੇਚਕੇ ਦੇਸ਼ ਦੀ ਆਮਦਨ ਵਿੱਚ ਵਾਧਾ ਕਰ ਰਹੀ ਹੈ ਪਰ ਇਨ੍ਹਾਂ ਦੀਆਂ ਮੁਸ਼ਕਲਾਂ ਪ੍ਰਤੀ ਸੁਚੇਤ ਉਪਰਾਲੇ ਨਹੀਂ ਕਰ ਰਹੀ। ਇਹ ਇੰਟਰਨੈਸ਼ਨਲ ਨੌਜਵਾਨ, ਲੋਕਲ ਵਿਦਿਆਰਥੀਆਂ ਦੇ ਮੁਕਾਬਲੇ ਕਈ ਗੁਣਾ ਫੀਸਾਂ ਭਰ ਕੇ ਸਿਰਫ ਕਾਲਜਾਂ ਦੇ ਬਜਟ ਵਿੱਚ ਕਾਫੀ ਯੋਗਦਾਨ ਪਾ ਰਹੇ ਹਨ। ਇਨ੍ਹਾਂ ਕਰਕੇ ਹੀ ਲੋਕਲ ਵਿਦਿਆਰਥੀਆਂ ਦੀਆਂ ਫੀਸਾਂ ਘੱਟ ਕਰਨੀਆਂ ਸੰਭਵ ਹੁੰਦੀਆਂ ਹਨ। ਸਾਲ 2014 ਦੇ ਅੰਕੜਿਆਂ ਮੁਤਾਬਿਕ ਇਕੱਲੇ ਓਂਟਾਰੀਓ ਪਰੋਵਿੰਸ ਵਿੱਚ ਇਨ੍ਹਾਂ ਦੀਆਂ ਫੀਸਾਂ ਰਾਹੀਂ ਪਰੋਵਿੰਸ ਦੀ ਜੀ. ਡੀ. ਪੀ. ਵਿੱਚ 47.3 ਪ੍ਰਤੀਸ਼ਤ ਯੋਗਦਾਨ ਰਿਹਾ। ਕੈਨੇਡਾ ਦੀਆਂ ਸਾਰੀਆਂ ਪਰੋਵਿਨਸ਼ੀਅਲ ਸਰਕਾਰਾਂ ਵਿਦਿਆਰਥੀਆਂ ਦੀ ਆਮਦ ਨੂੰ ਦੇਸ਼ ਦੀ ਆਰਥਿਕਤਾ ਲਈ ਚੰਗਾ ਸਮਝਦੀਆਂ ਹਨ। ਇਨ੍ਹਾਂ ਦੇ ਆਉਣ ਨਾਲ ਇਨ੍ਹਾਂ ਦੇ ਮਾਂ-ਪਿਓ ਵੀ ਵਿਜ਼ਟਰ ਵੀਜ਼ਾ ਨਾਲ ਆਕੇ ਰਹਿਣ ਸਹਿਣ ਅਤੇ ਸ਼ੋਪਿੰਗ ਕਰਕੇ ਵੀ ਡਾਲਰ ਖਰਚਦੇ ਹਨ। ਇਸ ਨਾਲ ਦੇਸ਼ ਦੀ ਟੂਰਿਜ਼ਮ ਇੰਡਸਟਰੀ ਵਿੱਚ ਯੋਗਦਾਨ ਪਾਕੇ ਦੇਸ਼ ਦੇ ਵਿਕਾਸ ਵਿੱਚ ਹਿੱਸਾ ਪਾਉਂਦੇ ਹਨ। ਇਸ ਕਰਕੇ ਇਨ੍ਹਾਂ ਵਿਦਿਆਰਥੀਆਂ ਦੇ ਆਵਾਸ ਅਤੇ ਰਹਿਣ-ਸਹਿਣ ਲਈ ਹੋਸਟਲਾਂ ਦੀ ਘਾਟ ਨੂੰ ਪੂਰਾ ਕੀਤਾ ਜਾਵੇ ਤਾਂ ਕਿ ਇਨ੍ਹਾਂ ਵਿੱਚੋਂ ਕੁੱਝ ਨੂੰ ਗੈਰ-ਕਾਨੂੰਨੀ ਅਨਸੇਫ ਬੇਸਮੈਂਟ ਮਾਲਕਾਂ ਦੀ ਲੁੱਟ ਤੋਂ ਬਚਾਇਆ ਜਾ ਸਕੇ। ਇਸ ਲਈ ਸੰਬੰਧਿਤ ਵਿੱਦਿਅਕ ਆਦਾਰੇ ਵੱਲੋਂ ਹਰ ਵਿਦਿਆਰਥੀ ਲਈ ਰੋਜ਼ਗਾਰ ਲਈ ਕੈਂਪਸ ਪਲੇਸਮੈਂਟ ਵਿਭਾਗ ਬਣਾਏ ਜਾਣ, ਸਸਤੀ ਕੈਨਟੀਨ, ਸਸਤੇ ਹੋਸਟਲ ਦਾ ਪ੍ਰਬੰਧ ਕੀਤਾ ਜਾਣਾ ਜਾਵੇ।

• ਸਰਕਾਰੀ ਤੌਰ 'ਤੇ ਵੀ ਵਰਕਿੰਗ ਨੌਜਵਾਨਾਂ ਲਈ ਸਾਂਝੇ ਯੂਥ-ਹੋਸਟਲਾਂ ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਜਾਵੇ।

• ਐਕਸੀਡੈਂਟ ਅਤੇ ਸਰੀਰਕ ਸੱਟਾਂ ਦੀ ਰਿਪੋਰਟ ਦੇ ਡਾਟੇ ਮੁਤਾਬਿਕ ਓਂਟਾਰੀਓ ਪਰੋਵਿੰਸ ਦੇ ਡਰਾਇਵਰ ਇਸ ਮਹਾਂਦੀਪ ਦੇ ਸਭ ਤੋਂ ਵਧੀਆ ਡਰਾਇਵਰ ਹਨ ਪਰ ਫਿਰ ਵੀ ਓਂਟਾਰੀਓ ਪਰੋਵਿੰਸ ਦਾ ਆਟੋ-ਇੰਸ਼ੋਰੈਂਸ ਰੇਟ ਪੂਰੇ ਕੈਨੇਡਾ ਵਿੱਚ ਸਭ ਤੋਂ ਮਹਿੰਗਾ-(ਸਾਲ 2015) ਔਸਤ ਦਰ ਅਨੁਸਾਰ 1459 ਡਾਲਰ ਸਲਾਨਾ ਹੈ। ਇਸ ਦੀ ਤੁਲਨਾ ਵਿੱਚ, ਕਿਉਬੈਕ ਪਰੋਵਿੰਸ ਨਾਲੋਂ ਦੁਗਣਾ ਅਤੇ ਦੇਸ਼ ਦੀ ਨੈਸ਼ਨਲ ਰੇਟ ਨਾਲੋਂ 55 ਪ੍ਰਤੀਸ਼ਤ ਜ਼ਿਆਦਾ ਮਹਿੰਗਾ ਹੈ। ਇਹ ਲੋਕਾਂ ਦੀਆਂ ਜੇਬਾਂ 'ਤੇ ਹਾਈਵੇ ਡਾਕਾ ਨਹੀਂ ਉਹ ਵੀ ਕਈ ਸਾਲਾਂ ਤੋਂ ਲਗਾਤਾਰ ਵਾਧੇ ਨਾਲ। ਯਾਦ ਰਹੇ- ਆਟੋ-ਇੰਸ਼ੋਰੈਂਸ ਦਾ ਖਰਚਾ ਸਾਡੀ ਮਰਜ਼ੀ ਦਾ ਨਹੀਂ ਹੈ-ਇਹ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ ਅਤੇ ਸਾਡੀ ਚੁਣੀ ਸਰਕਾਰ ਦੁਆਰਾ ਇਹ ਸਾਰਾ ਪ੍ਰਬੰਧ ਨਿੱਜੀ ਕੰਪਨੀਆਂ ਨੂੰ ਆਉਟ-ਸੋਰਸ ਕੀਤਾ ਗਿਆ ਹੈ। ਆਟੋ-ਇੰਸ਼ੋਰੈਂਸ ਸੈਕਟਰ ਵਿੱਚ ਨਿੱਜੀਕਰਨ ਨੂੰ ਬੰਦ ਕਰਕੇ ਪਬਲਿਕ ਅਦਾਰੇ ਹੇਠ ਕਰਕੇ ਲੁੱਟ ਬੰਦ ਕੀਤੀ ਜਾਵੇ।

• ਕੈਨੇਡਾ ਸਰਕਾਰ ਨੇ ਵੀ ਕਾਮਿਆਂ ਦੀ ਆਰਥਿਕ ਸੁਰੱਖਿਆ ਲਈ ਬਹੁਤ ਸਖਤ ਕਾਨੂੰਨ ਬਣਾਏ ਹਨ ਪਰ ਫਿਰ ਵੀ ਕਾਮਿਆਂ ਦਾ ਆਰਥਿਕ ਸੋਸ਼ਣ ਟੈਂਪਰੇਰੀ ਵਰਕ ਏਜੰਸੀਆਂ ਰਾਹੀਂ ਜਾਰੀ ਹੈ-ਇਹ ਰੋਜ਼ਗਾਰ ਵੰਡਣ ਦੀਆਂ ਵਿਉਪਾਰਕ ਦੁਕਾਨਾਂ ਹਨ। ਇਸ ਦੇਸ਼ ਦਾ ਪੱਕਾ ਨਾਗਿਰਕ, ਨਵਾਂ ਪਰਵਾਸੀ, ਵਿਦੇਸ਼ੀ ਵਿਦਿਆਰਥੀ, ਵਰਕ ਪਰਮਿਟ ਵੀਜ਼ਾ ਗੱਲ ਕਿ ਦੇਸ਼ ਦਾ ਹਰ ਵਸ਼ਿੰਦਾ ਆਪਣੀ ਜੀਵਨ ਵਸੀਲਿਆਂ ਲਈ ਰੋਜ਼ਗਾਰ ਦੀ ਭਾਲ ਵਿੱਚ ਹੁੰਦਾ ਹੈ। ਕੰਮ ਕਰਵਾਉਣ ਵਾਲੀਆਂ ਮਾਲਕ ਕੰਪਨੀਆਂ ਵੀ ਪੱਕੇ ਨਿਸ਼ਚਿਤ ਰੋਜ਼ਗਾਰ ਦੇਣ ਬਜਾਏ ਕੱਚੇ, ਸੀਜ਼ਨਲ ਕਾਮਿਆਂ ਦੀ ਭਰਤੀ ਲਈ ਇਨ੍ਹਾਂ ਦੀਆਂ ਸੇਵਾਵਾਂ ਲੈਂਦੀਆਂ ਹਨ। ਇੱਕੋ ਜਿਹੀਆਂ ਕੰਮ ਹਾਲਤਾਂ, ਇੱਕੋ ਜਿਹਾ ਕੰਮ, ਇੱਕੋ ਖਿੱਤੇ ਵਿੱਚ ਅਤੇ ਇੱਕੋ ਦੇਸ਼ ਵਿੱਚ ਸੁੱਰਖਿਅਤ ਨੌਕਰੀ ਵਾਲੇ ਕਾਮਿਆਂ ਦੀ ਤੁਲਨਾ ਵਿੱਚ ਸੋਸ਼ਣ ਵਾਲਾ ਵਿਤਕਰਾ ਬੰਦ ਕੀਤਾ ਜਾਵੇ। ਰੋਜ਼ਗਾਰ ਏਜੰਸੀਆਂ ਦੀਆਂ ਇਨ੍ਹਾਂ ਦਲਾਲ ਦੁਕਾਨਾਂ ਦੀ ਨੀਤੀ ਨੂੰ ਬੰਦ ਕਰਕੇ ਪੱਕੇ ਰੋਜ਼ਗਾਰ ਦਿੱਤੇ ਜਾਣ। ਏਜੰਸੀਆਂ ਦੀ ਬਜਾਏ ਸਿੱਧੀ ਅਤੇ ਪੱਕੀ ਭਰਤੀ ਲਈ ਕਾਨੂੰਨ ਨੀਤੀ ਬਣਾਈ ਜਾਵੇ ।

• ਓਂਟਾਰੀਓ ਪਰੋਵਿੰਸ ਵਿੱਚ ਕੋਰਟਾਂ ਵਿੱਚ ਜੀਉਰੀ ਲਈ ਸਰਵਿਸ ਦੇਣ ਵਾਲੇ ਨਾਗਰਿਕਾਂ ਨੂੰ ਉਹਨਾਂ ਦੀਆਂ ਸੇਵਾਵਾਂ ਲਈ ਪਹਿਲੇ 10 ਦਿਨਾਂ ਲਈ ਕੋਈ ਭੱਤਾ ਨਹੀਂ ਦਿੱਤਾ ਜਾਂਦਾ। 11ਵੇਂ ਦਿਨ ਤੋਂ 49ਵੇਂ ਦਿਨ ਤੱਕ 40 ਡਾਲਰ ਤੋਂ ਬਾਅਦ 50ਵੇਂ ਦਿਨ ਤੱਕ ਹਰ ਦਿਨ 100 ਡਾਲਰ ਦੇ ਵਾਧੇ ਨਾਲ ਦਿੱਤਾ ਜਾਂਦਾ ਹੈ। ਇਨ੍ਹਾਂ ਜੀਉਰੀਆਂ ਨੂੰ ਪਾਰਕਿੰਗ, ਖਾਣੇ, ਟਰਾਂਸਪੋਰਟ ਜਾਂ ਚਾਇਲਡ ਕੇਅਰ ਭੱਤਾ ਵੀ ਨਹੀਂ ਦਿੱਤਾ ਜਾਂਦਾ। ਕੈਨੇਡਾ ਦੇ ਦੂਸਰੇ ਪਰੋਵਿੰਸਾਂ ਵਿੱਚ ਇਹ ਪਹਿਲੇ ਦਿਨ ਤੋਂ ਹੀ ਜ਼ਿਆਦਾ ਡਾਲਰ ਹੈ। ਇਸ ਕਰਕੇ ਸਾਨੂੰ ਮੰਗ ਕਰਨੀ ਚਾਹੀਦੀ ਹੈ ਕਿ ਕਿਉਬੈਕ ਪਰੋਵਿੰਸ ਦੀ ਤਰਜ਼ ਤੇ ਪਹਿਲੇ ਦਿਨ ਤੋਂ ਹੀ ਜੀਉਰੀਅਰ ਨੂੰ 103 ਡਾਲਰ ਅਤੇ 57ਵੇਂ ਦਿਨ ਤੱਕ 157 ਡਾਲਰ ਤੱਕ ਵਾਧੇ ਨਾਲ ਦਿੱਤਾ ਜਾਵੇ। ਇਨ੍ਹਾਂ ਜੀਉਰੀਅਰਾਂ ਨੂੰ ਪਾਰਕਿੰਗ, ਖਾਣੇ, ਟਰਾਂਸਪੋਰਟ ਜਾਂ ਚਾਇਲਡ ਕੇਅਰ ਭੱਤਾ ਵੀ ਦਿੱਤਾ ਜਾਵੇ।

• ਓਂਟਾਰੀਓ ਪਰੋਵਿੰਸ ਵਿੱਚ ਦਿਨੋਂ ਦਿਨ ਵਧ ਰਹੀਆਂ ਗੈਸ ਕੀਮਤਾਂ 'ਤੇ ਕਾਬੂ ਪਾਇਆ ਜਾਵੇ।

• ਓਂਟਾਰੀਓ ਪਰੋਵਿੰਸ ਵਿੱਚ ਗੈਸ ਖਰੀਦ ਉਪੱਰ ਟੈਕਸ ਤੇ ਟੈਕਸ ਲਗਾ ਕਿ ਲੁੱਟ ਬੰਦ ਕੀਤੀ ਜਾਵੇ। ਯਾਦ ਰਹੇ, ਵਾਹਨ ਚਾਲਕ ਲਈ 1.38 ਪ੍ਰਤੀ ਲੀਟਰ ਵਿੱਚ ਐਚ ਐਸ ਟੀ ਟੈਕਸ ਤਕਰੀਬਨ 13% ਸ਼ਾਮਲ ਹੈ ਜੋਕਿ ਟੈਕਸ ਉਪਰ ਟੈਕਸ ਹੈ।

**ਮੰਗਾਂ ਬਰੈਂਪਟਨ ਸ਼ਹਿਰ ਦੀਆਂ:-** ਤਕਰੀਬਨ 6 ਲੱਖ ਦੀ ਵਸੋਂ ਵਾਲੇ ਦੇਸ਼ ਦੇ ਅੱਠਵੇਂ ਵੱਡੇ ਸ਼ਹਿਰ ਬਰੈਂਪਟਨ ਦੇ ਵਾਸੀ ਲਗਾਤਾਰ ਵੱਧ ਰਹੇ ਟੈਕਸ ਅਤੇ ਨਵੇਂ ਵੱਡੇ ਪ੍ਰੋਜੈਕਟਾਂ ਦੀ ਅਣਹੋਂਦ ਕਾਰਨ ਪ੍ਰੇਸ਼ਾਨ ਹਨ।

• ਪੂਰੇ ਟੋਰਾਂਟੋ ਖੇਤਰ ਖਾਸ ਕਰਕੇ ਬਰੈਂਪਟਨ ਸ਼ਹਿਰ ਨਿਵਾਸੀ ਬਾਕੀ ਪਰੋਵਿੰਸ ਨਾਲੋਂ ਵੱਧ ਪੇ ਕਰ ਰਹੇ ਆਟੋ-ਇੰਸ਼ੋਰੈਂਸ ਤੋਂ ਵੀ ਦੁਖੀ ਹਨ। ਇਸ ਵਿਚ ਇਲਾਕੇ ਦੀ ਇਹ ਲੁੱਟ ਬੰਦ ਕੀਤੀ ਜਾਵੇ।

• ਇਸ ਸ਼ਹਿਰ ਦੇ ਘਰ ਮਾਲਕਾਂ ਨੂੰ ਆਪਣੀ ਜੇਬ ਵਿਚੋਂ ਹੁਣ ਸਾਲ 2016 ਤੋਂ 4.9% ਵੱਧ ਜਾਇਦਾਦ ਟੈਕਸ ਦੇ ਮਹਿੰਗੇ ਰੇਟ ਨੂੰ ਨੱਥ ਪਾਈ ਜਾਵੇ।

• ਪਲੈਨ ਮੁਤਾਬਿਕ ਗੌਰ ਮੀਡੋਜ਼ ਕਮਿਊਨਿਟੀ ਸੈਂਟਰ ਫੇਸ-2 ਦਾ ਵਿਕਾਸ ਸੰਡਲਵੁਡ ਟਰਾਂਜਿਟ ਸਹੂਲਤ ਵਿਚ ਵਾਧਾ, ਅੱਗ ਬੁਝਾਓ ਜੰਤਰ ਅਤੇ ਬਿਲਡਿੰਗ ਰੱਖ ਰਖਾਅ, ਸਪਰਿੰਗ ਡੇਲ ਲਾਇਬ੍ਰੇਰੀ ਦਾ ਵਿਕਾਸ, ਕੈਨੇਡਾ 55+ ਖੇਡਾਂ ਲਈ ਬਜਟ ਖਰਚਾ ਟਰਾਂਜਿਟ ਬੱਸ ਸੇਵਾ ਉਪਰ ਹੋਰ 3.4 ਮਿਲੀਅਨ ਡਾਲਰ ਖਰਚ ਕੇ ਜ਼ੂਮ ਬਸ ਸਰਵਿਸ ਸੇਵਾ ਦਾ ਹੋਰ ਫੈਲਾਅ ਕਰਨ ਦੇ ਅਧੂਰੇ ਕੰਮਾਂ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਜਾਵੇ।

• ਬਰੈਂਪਟਨ ਸ਼ਹਿਰ ਵਾਸੀ ਜੀਵਨ ਸਹੂਲਤਾਂ ਲਈ ਵੱਡੇ ਨਵੇਂ ਪ੍ਰੋਜੈਕਟਾਂ ਦੀ ਮੰਗ ਨੂੰ ਪੂਰਾ ਕੀਤਾ ਜਾਵੇ।

**ਹਸਪਤਾਲ ਸੇਵਾਵਾਂ :-**

• ਸ਼ਹਿਰ ਦੇ ਆਲੇ ਦੁਆਲੇ 'ਪੀਲ ਰਿਜ਼ਨ' ਦੇ ਹੋਰ ਛੋਟੇ ਵੱਡੇ ਸ਼ਹਿਰਾਂ ਵਿੱਚ ਇਸ ਪੱਧਰ ਦੀ ਐਮਰਜੈਂਸੀ ਸਹੂਲਤਾਂ ਦੀ ਘਾਟ ਹੈ। ਇਸ ਕਰਕੇ ਪੂਰੇ ਰਿਜ਼ਨ ਦੇ ਮਰੀਜ਼ ਵੀ ਬਰੈਂਪਟਨ ਸਿਵਕ ਹਸਪਤਾਲ 'ਤੇ ਨਿਰਭਰ ਹਨ। ਲਗਾਤਾਰ ਵਧ ਰਹੀ ਵੱਸੋਂ ਕਾਰਨ ਇਸ ਹਸਪਤਾਲ ਵਿੱਚ ਪ੍ਰਤੀ ਮਰੀਜ਼ ਬੈਡਾਂ ਦੀ ਘਾਟ ਹੋ ਰਹੀ ਹੈ। ਐਮਰਜੈਂਸੀ ਵੇਲੇ ਮਰੀਜ਼ਾਂ ਨੂੰ ਇਲਾਜ ਲਈ ਹਸਪਤਾਲ ਦੇ ਹਾਲਵੇਅ ਵਿੱਚ ਲੰਬੀ ਉਡੀਕ ਕਰਨੀ ਪੈਂਦੀ ਹੈ। ਵਿਲੀਅਮ ਔਸਲਰ ਹੈਲਥ ਸਿਸਟਮ ਦੇ ਅਧਿਕਾਰੀਆਂ ਮੁਤਾਬਿਕ ਪਿਛਲੇ ਸਾਲ ਦੇ ਅਪ੍ਰੈਲ 2016 ਤੋਂ ਅਪ੍ਰੈਲ 2017 ਤੱਕ ਦੇ ਅਰਸੇ ਦੌਰਾਨ 4,352 ਮਰੀਜ਼ਾਂ ਨੂੰ ਬਰੈਂਪਟਨ ਸਿਵਕ ਹਸਪਤਾਲ ਦੇ ਹਾਲਵੇਅ ਵਿੱਚ ਹੀ ਉਡੀਕ ਕਰਨੀ ਪਈ ਜਿਹੜੀ 40 ਘੰਟੇ ਤੋਂ 70 ਘੰਟੇ ਤੱਕ ਦੀ ਸੀ। ਹਸਪਤਾਲਾਂ ਸਬੰਧੀ ਸਰਕਾਰੀ ਵਾਅਦੇ ਜਲਦੀ ਪੂਰੇ ਕੀਤੇ ਜਾਣ, 100 ਮਿਲਿਅਨ ਡਾਲਰ ਦੇ ਖਰਚੇ ਨਾਲ ਪੂਰ ਪਰੋਵਿਨਸ ਵਿੱਚ ਹਸਪਤਾਲਾਂ ਵਿੱਚ ਇਲਾਜ਼ ਲਈ 1200 ਹੋਰ ਬੈਡ ਕਪੈਸਟੀ ਦਾ ਵਾਧਾ ਕੀਤਾ ਜਾਵੇ। ਕੁਝ ਬੈਡ ਤਾਂ ਫੌਰੀ ਤੌਰ 'ਤੇ ਅਤੇ ਬਾਕੀ ਸਾਰਿਆਂ ਦਾ ਵਾਧਾ ਇਸ ਕੈਲੰਡਰ ਸਾਲ ਦੇ ਆਖੀਰ ਤੱਕ ਕਰ ਦਿੱਤਾ ਜਾਵੇ। ਕੁਝ ਹਸਪਤਾਲ ਜਿੰਨਾਂ ਦੀ ਪਿਛਲੇ ਸਮੇਂ ਤਾਲਾਬੰਦੀ ਕੀਤੀ ਗਈ ਸੀ, ਵੀ ਦੁਬਾਰਾ ਖੋਲ੍ਹੇ ਜਾਣ।

• ਫਿੰਚ ਐਵਨੀਊ ਦੀ ਲੋਕੇਸ਼ਨ ਵਾਲਾ 'ਹੰਬਰ ਰੀਵਰ ਰਜ਼ਿਨਲ ਹਸਪਤਾਲ ਜਿਸ ਨੂੰ ਸੰਨ 2015 ਵਿੱਚ ਬੰਦ ਕੀਤਾ ਗਿਆ ਸੀ ਵੀ ਖੋਲ੍ਹਿਆ ਜਾਵੇ।

• ਇਸ ਤੋਂ ਇਲਾਵਾ ਯੂਨੀਵਰਸਿਟੀ ਹੈਲਥ ਨੈਟਵਰਕ ਦੀ ਪੁਰਾਣੀ ਹਿਲਕਰੈਸਟ ਵੀਊ ਵਾਲੀ ਪੁਰਾਣੀ ਲੋਕੇਸ਼ਨ ਵਾਲੇ ਹਸਪਤਾਲ ਨੂੰ ਵੀ ਖੋਲ੍ਹਿਆ ਜਾਵੇ ਜਿਸ ਨੂੰ ਸੰਨ 2013 ਵਿੱਚ ਬੰਦ ਕੀਤਾ ਗਿਆ ਸੀ।

• ਹਸਪਤਾਲ ਤੋਂ ਛੁੱਟੀ ਤੋਂ ਬਾਅਦ ਵਾਲੀ ਸਿਹਤ ਸੰਭਾਲ ਲਈ ਵੀ 100 ਮਿਲਿਅਨ ਡਾਲਰ ਖਰਚ ਕੀਤੇ ਜਾਣ ਜਿਸ ਵਿੱਚ ਸੀਨੀਅਰ ਲੋਕਾਂ ਲਈ 2017 ਨਵੇਂ ਸਪੋਰਟਿਵ ਯੁਨਿਟ ਸ਼ਾਮਲ ਹਨ।

• 1700 ਮਰੀਜ਼ਾਂ ਦੀ ਕਪੈਸਟੀ ਵਾਲੇ 250 ਨਵੇਂ "ਟਰਾਂਜ਼ਸ਼ਿਨਲ ਕੇਅਰ ਸੈਂਟਰ" ਵੀ ਸ਼ੁਰੂ ਕੀਤੇ ਜਾਣਗੇ। ਇੱਕਲੇ ਬਰੈਂਪਟਨ ਸਿਵਕ ਹਸਪਤਾਲ ਵਿੱਚ ਵੀ 6 ਨਵੇਂ ਇਲਾਜ ਬੈਡਾਂ ਦਾ ਵਾਧਾ ਕੀਤਾ ਜਾਵੇ।

• ਪੂਰੇ ਪਰੋਵਿੰਸ ਵਿੱਚ ਸਿਹਤ ਲਈ ਬਜਟ ਲੋੜ ਮੁਤਾਬਿਕ ਵਧਾਇਆ ਜਾਵੇ ਅਤੇ ਨਿੱਜੀਕਰਨ ਬੰਦ ਕੀਤਾ ਜਾਵੇ। ਮੌਜੂਦਾ ਹਸਪਤਾਲਾਂ ਵਿੱਚ ਬੈਡ ਕੇਪੇਸਟੀ ਵਿੱਚ ਵਾਧਾ ਕੀਤਾ ਜਾਵੇ, ਤਾਲਾਬੰਦੀ ਕਿਨਾਰੇ ਖੜ੍ਹੇ ਹਸਪਤਾਲਾਂ ਨੂੰ ਬਚਾਇਆ ਜਾਵੇ ਅਤੇ ਸਾਰੇ ਛੋਟੇ-ਵੱਡੇ ਇਲਾਕਿਆਂ ਦੀ ਲੋੜ ਮੁਤਾਬਿਕ ਨਵੇਂ ਹਸਪਤਾਲਾਂ ਦੀ ਉਸਾਰੀ ਕੀਤੀ ਜਾਵੇ।

• ਬਰੈਂਪਟਨ ਨੂੰ ਆਉਂਦੇ ਜਾਂਦੇ ਦੋਵੇਂ ਹਾਈਵੇ 410 ਅਤੇ 427 ਦੀ ਇਕ ਇਕ ਲਾਈਨ ਤੇ ਇਕ ਤੋਂ ਵੱਧ ਸਵਾਰੀ ਵਾਲੀ ਵਹੀਕਲ ਤੇ ਟੋਲ ਲੱਗਣ ਜਾ ਰਿਹਾ ਹੈ ਜਿਸ ਦਾ ਕਾਰਨ ਬਰੈਂਪਟਨ-ਕੈਲਡਨ ਦੀ ਅਬਾਦੀ ਵਧਣ ਕਾਰਨ ਸਵੇਰ-ਸ਼ਾਮ ਟਰੈਫਿਕ ਜਾਮ ਹੋਣ ਕਾਰਨ ਲਿਮਟਿਡ ਸਮੇਂ 'ਚ ਜਾਣ ਵਾਲਿਆਂ ਕਰਕੇ ਬਿਜਨਿਸ ਲੋਕਾਂ ਲਈ ਘੱਟ ਟ੍ਰੈਫਿਕ ਵਾਲੀ ਲਾਈਨ ਬਣਾਉਣਾ ਦੱਸਿਆ ਹੈ। ਅਗਰ ਬਰੈਂਪਟਨ ਦੀ ਅਬਾਦੀ ਵਧ ਗਈ ਹੈ ਤਾਂ ਸਾਰੇ ਲੋਕ ਟੈਕਸ ਵੀ ਦਿੰਦੇ ਹਨ ਜਿਸ ਕਰਕੇ ਉਹ ਸਾਰੀਆਂ ਬਨਦੀਆਂ ਸਹੂਲਤਾਂ ਲਈ ਹੱਕਦਾਰ ਹਨ ਪਰ ਸਰਕਾਰ ਟ੍ਰੈਫਿਕ ਦੇ ਜਾਮ ਨੂੰ ਠੀਕ ਕਰਨ ਲਈ ਹਾਈਵੇ ਦੀ ਲਾਈਨ ਵਧਾਉਣ ਦੀ ਬਜਾਏ ਇਕ ਲਾਈਨ 'ਤੇ ਟੋਲ ਲਾ ਕੇ ਅਮੀਰ ਲੋਕਾਂ ਨੂੰ ਖੁਸ਼ ਕਰਨ ਤੁਰ ਪਈ ਹੈ ਜਿਸ ਨਾਲ ਸਾਧਾਰਨ ਟ੍ਰੈਫਿਕ ਵਾਲੀਆਂ ਲਾਈਨਾਂ ਵੱਲ ਲੂੰ ਪਹਿਲਾਂ ਨਾਲੋਂ ਵੀ ਵੱਧ ਧੱਕੇ ਖਾਣ ਲਈ ਛੱਡ ਦੇਣਾ ਹੈ। ਇਸ ਤੋਂ ਪਹਿਲਾਂ ਵੀ ਕੁਲਦੀਪ ਬੋਪਾਰਾਏ ਅਤੇ ਹਰਬੰਸ ਸਿੰਘ ਹੋਰੀਂ ਵੀ ਇਸ ਟੋਲ ਟੈਕਸ ਨੂੰ ਵਾਪਸ ਲੈਣ ਦੀ ਮੰਗ ਸਰਕਾਰ ਕੋਲ ਰੱਖ ਚੁੱਕੇ ਹਨ ਪਰ ਹੁਣ ਆਮ ਨਾਗਰਿਕਾਂ ਵਲੋਂ ਇਨ੍ਹਾਂ ਉਮੀਦਵਾਰਾਂ ਤੋਂ ਇਹ ਮੰਗ ਕਰਨੀ ਚਾਹੀਦੀ ਹੈ ਕਿ 410 ਅਤੇ 427 ਹਾਈਵੇ ਦੀ ਲਾਈਨ ਉਪਰ ਟੋਲ ਟੈਕਸ ਖਤਮ ਕੀਤਾ ਜਾਵੇ।

ਵੋਟਾਂ ਮੰਗਣ ਆਏ, ਇਨ੍ਹਾਂ ਸਿਆਸੀ ਲੀਡਰਾਂ ਅੱਗੇ ਇਹ ਜ਼ੋਰਦਾਰ ਸਵਾਲ ਰੱਖੀਏ ਕਿ ਆਮ ਲੋਕਾਂ ਦੇ ਦਿਨੋਂ ਦਿਨ ਨੀਵੇਂ ਹੋ ਰਹੇ ਜੀਵਨ ਪੱਧਰ ਦੇ ਸੁਧਾਰ ਲਈ ਇਨ੍ਹਾਂ ਮੰਗਾਂ ਨੂੰ ਹਕੀਕਤ ਕਰਨ। ਆਓ ਇਸ ਨਾਲ ਸਿਰ ਜੋੜੀਏ ਤੇ ਆਪਣੇ ਵੋਟ ਦੀ ਵਰਤੋਂ ਸੋਚ ਸਮਝ ਨਾਲ ਕਰੋ। ਲੋਕ ਦਬਾਅ ਉਸਰਨਾ ਚਾਹੀਦੈ। ਚੋਣਾਂ ਲੜ ਰਹੀਆਂ ਪਾਰਟੀਆਂ ਦੇ ਪਿਛਲੇ ਸਾਲਾਂ ਦੇ ਸ਼ਾਸਨ ਕਾਲਾਂ ਦੀ ਸਮੀਖਿਆ ਕਰਨੀ ਬੜੀ ਜ਼ਰੂਰੀ ਹੈ। ਵਾਅਦਿਆਂ ਨੂੰ ਪੂਰਾ ਕਰਨ ਵਾਲੇ ਉਮੀਦਵਾਰਾਂ ਹੀ, ਲੋਕਾਂ ਦੇ ਆਰਥਿਕ ਬੋਝ ਹੌਲੇ ਕਰਨਗੇ, ਆਟੋ-ਇੰਸ਼ੋਰੈਂਸ ਘਟਾਉਣਗੇ, ਸਿੱਖਿਆ ਤੇ ਸਿਹਤ ਸਹੂਲਤਾਂ ਵਿਚ ਵਾਧਾ ਕਰਨਗੇ। ਪਰਿਵਾਰਾਂ ਨੂੰ ਇਕੱਠਿਆਂ ਕਰਨ ਲਈ ਵੀਜ਼ਾ ਪ੍ਰਣਾਲੀ ਨੂੰ ਸੁਖਾਲਾ ਤੇ ਚੁਸਤ ਬਣਾਉਣਗੇ। ਕਰਦਾਤਾ ਵੋਟਰੋ! ਜਾਗੋ ਤੇ ਹੋਰਨਾਂ ਨੂੰ ਜਗਾਉ ਅਤੇ ਵੋਟਾਂ ਮੰਗਣ ਆਏ ਉਮੀਦਵਾਰਾਂ ਨੂੰ ਅਹਿਸਾਸ ਕਰਾਓ ਕਿ ਅਸੀਂ ਤੁਹਾਨੂੰ ਦੇਸ਼ ਲਈ ਅਤੇ ਬਹੁਗਿਣਤੀ ਸਮਾਜ ਕਲਿਆਣ ਦੇ ਵਾਅਦੇ ਪੂਰੇ ਕਰਨ ਲਈ ਚੁਣਦੇ ਹਾਂ।

ਕਰਨਾਟਕ ਚੋਣਾਂ:

# ਯੇਦੀਰੱਪਾ ਦਾ ਅਰਸ਼ ਤੋਂ ਫਰਸ਼ ਤੱਕ ਦਾ ਸਫਰ



ਨਰਾਇਣ ਦੱਤ
84275-11770

15 ਮਈ ਸ਼ਾਮ ਤੋਂ ਸਿੱਧੇ ਰੂਪ 'ਚ ਅਤੇ ਮਹੀਨਾ ਭਰ ਤੋਂ ਸ਼ੁਰੂ ਹੋਇਆ ਕਰਨਾਟਕ ਵਿਧਾਨ ਸਭਾ ਦਾ ਚੋਣ ਦੰਗਲ ਅੱਜ ਸ਼ਾਮ 4 ਵੱਜ ਕੇ 4 ਮਿੰਟ ਉੱਪਰ ਨਵੇਂ ਦੌਰ 'ਚ ਦਾਖਲ ਹੋ ਗਿਆ ਹੈ। ਇਸ ਸਮੇਂ ਵਿਧਾਨ ਸਭਾ ਵਿੱਚ ਬੀ.ਜੇ.ਪੀ. ਦੇ ਜੇਬੀ ਰਾਜਪਾਲ ਵੱਲੋਂ ਸੱਭੇ ਸਥਾਪਤ ਮਰਿਆਦਾਵਾਂ ਨੂੰ ਛਿੱਕੇ ਟੰਗਕੇ ਧੱਕੇ ਨਾਲ ਥੋਪੇ ਗਏ ਮੁੱਖ ਮੰਤਰੀ ਬੀ.ਐੱਸ. ਯੇਦੂਰੱਪਾ ਨੂੰ ਖ੍ਰੀਦੋ ਫ੍ਰੋਖਤ ਕਰਕੇ ਬਹੁਮੱਤ ਸਾਬਤ ਕਰਨ ਲਈ 15 ਦਿਨ ਦਾ ਸਮਾਂ ਦਿੱਤਾ। ਭਾਜਪਾ ਹਕੂਮਤ ਨੂੰ ਸੁਪਰੀਮ ਕੋਰਟ ਤੋਂ ਮਨਇੱਛਤ ਸਿੱਟੇ ਹਾਸਲ ਕਰਨ' ਚ ਕਾਮਯਾਬੀ ਨਹੀਂ ਮਿਲੀ। ਬਹੁਮੱਤ ਸਾਬਤ ਕਰਨ ਸਮੇਂ ਭਾਸ਼ਨ ਸੁਨਣ ਵਾਲਾ ਸੀ। ਅਸਲ ਵਿੱਚ ਆਪਣੀ ਹਾਰ ਚੁਰਾਹੇ ਖੜ੍ਹੀ ਵੇਖ ਯੇਦੀਰੱਪਾ ਨੇ ਗੰਭੀਰ ਹੋ ਰਹੇ ਕਿਸਾਨੀ ਸੰਕਟ ਨੂੰ ਸੰਬੋਧਨ ਹੋਣ ਰਾਹੀਂ ਆਪਣੇ ਆਪ ਨੂੰ ਕਿਸਾਨਾਂ ਦਾ ਮਸੀਹਾ ਸਾਬਤ ਕਰਨ ਉੱਪਰ ਵੱਧ ਜੋਰ ਦੇਣ, ਕਿਸਾਨ ਹਿਤੈਸ਼ੀ ਹੋਣ ਤੋਂ ਅੱਗੇ ਭਾਵੁਕ ਹੋਣ ਦਾ ਵੀ ਖੁਬ ਪਾਖੰਡ ਰਚਿਆ ਸੀ। ਆਪਣੇ ਭਾਸ਼ਨ ਰਾਹੀਂ ਮੋਦੀ-ਸ਼ਾਹ ਜੋੜੀ ਦੇ ਖੂਬ ਗੁਣਗਾਣ ਕਰਦਿਆਂ ਕਾਂਗਰਸ-ਜੇਡੀਐਸ ਨੂੰ ਮੌਕਾਪ੍ਰਸਤ ਗੱਠਜੋੜ ਕਰਾਰ ਦਿੱਤਾ ਸੀ।

ਇਸ ਸਮੇਂ ਵਿਧਾਨ ਸਭਾ ਵਿੱਚ ਮੌਜੂਦ ਕਾਂਗਰਸ-ਜੇਡੀਐਸ ਦੇ ਦਿੱਗਜ ਖੂਬ ਖੁਸ਼ ਨਜਰ ਆਏ। 'ਜਿਸ ਕੀ ਲਾਠੀ ਉਸ ਕੀ ਭੈਂਸ' ਵਾਲੀ ਕਹਾਵਤ ਸਿਰਫ ਬੀਜੇਪੀ ਉੱਪਰ ਹੀ ਨਹੀਂ ਢੁੱਕਦੀ ਸਗੋਂ ਕਾਂਗਰਸ ਜੋ ਇਸ ਸਮੇਂ ਸਭ ਤੋਂ ਜਮਹੂਰੀਅਤ ਦੇ ਤਾਰ-ਤਾਰ ਹੋਣ ਦਾ ਕੂਕ-ਕੂਕ ਰੌਲਾ ਪਾ ਰਹੀ ਹੈ,ਦਾ ਕਿਰਦਾਰ ਅਜਿਹਾ ਹੀ ਹੈ। ਬਹੁਸੰਮਤੀ ਹੋਣ ਦੇ ਬਾਵਜੂਦ ਰਾਜ ਸਰਕਾਰਾਂ ਨੂੰ ਚਲਦਾ ਕਰਨ ਦਾ ਕਿਰਦਾਰ ਕਾਂਗਰਸ ਦਾ ਬਹੁਤ ਪੁਰਾਣਾ ਰਿਹਾ ਹੈ। ਨਰਸਿਮ੍ਹਾਰਾਉ ਦੀ ਹਕੂਮਤ ਵੇਲੇ ਯੂ.ਪੀ.ਏ ਹਕੂਮਤ ਦੀ ਗੱਦੀ ਬਚਾਉਣ ਲਈ ਕਾਂਗਰਸ ਵੱਲੋਂ ਪਾਰਲੀਮੈਂਟ ਮੈਂਬਰਾਂ ਦੀ ਕੀਤੀ ਖ੍ਰੀਦੋ ਫਰੋਖਤ ਤੋਂ ਅੱਗੇ ਖੁਦ ਦੇਵਗੌੜਾ ਦੀ ਹਕੂਮਤ ਨੂੰ ਡੇਗਣ ਦਾ ਕਿਰਦਾਰ ਕਿਸ ਤੋਂ ਭੁੱਲਿਆ ਹੋਂ ?ਆ ਨਹੀਂ।

'ਸਭ ਕਾ ਸਾਥ ਸਭ ਕਾ ਵਿਕਾਸ' ਦੇ ਦਾਅਵੇ ਕਰ ਸੱਤਾ ਵਿੱਚ ਆਈ ਮੋਦੀ ਹਕੂਮਤ ਨੇ ਨੋਟ ਬੰਦੀ-ਜੀ.ਐਸ.ਟੀ ਰਾਹੀਂ ਸਾਮਰਾਜੀ ਲੁਟੇਰਿਆਂ (ਅਡਾਨੀ, ਅੰਬਾਨੀ, ਬਿਰਲੇ, ਟਾਟਿਆਂ, ਮਿੱਤਲਾਂ) ਨੂੰ ਜਲ, ਜੰਗਲ, ਜ਼ਮੀਨ ਤਮਾਮ ਕੁਦਰਤੀ ਸ੍ਰੋਤਾਂ ਨੂੰ ਲੁੱਟਣ ਦੀ ਖੁੱਲੀ ਛੁੱਟੀ ਦੇਕੇ ਭਾਰਤੀ ਲੋਕਾਂ ਦਾ ਜਿਉਣਾ ਦੁੱਭਰ ਕੀਤਾ ਹੈ। ਜਿਸ ਕਿਸਮ ਦੇ ਹਿੰਦੂ ਵਾਦੀ ਫਿਰਕੂ ਫਾਸ਼ੀ ਅਜੰਡੇ ਤਹਿਤ ਆਰ. ਐਸ. ਐਸ ਦੀ ਅਗਵਾਈ ਵਾਲੀ ਭਾਜਪਾ ਹਕੂਮਤ ਨੇ ਕਰਨਾਟਕਾ ਅੰਦਰ ਚੋਣਾਂ ਲੜੀਆਂ, ਘੱਟ ਗਿਣਤੀਆਂ ਅਤੇ ਦਲਿਤਾਂ ਨੂੰ ਦਹਿਸ਼ਤਜਦਾ ਕਰਦਿਆਂ ਫਿਰਕੂ ਪਾਲਾਬੰਦੀ ਕਰਨ ਦੇ ਬਾਵਜੂਦ ਵੀ ਲੋਕਾਂ ਵੱਲੋਂ ਆਸ ਮੁਤਾਬਕ ਹੁੰਗਾਰਾ ਨਹੀਂ ਮਿਲਿਆ। ਇਨ੍ਹਾਂ ਚੋਣਾਂ 'ਲੋਕਾਂ ਦੇ ਬੁਨਿਆਦੀ ਮਸਲੇ ਗਾਇਬ ਰਹੇ ਪਰ ਭ੍ਰਿਸ਼ਟਾਚਾਰ ਦੀ ਦਲਦਲ' ਚ ਗੜੁੱਚ ਸਭਨਾਂ ਪਾਰਟੀਆਂ ਨੇ ਇਕ ਦੂਜੇ ਦੀ ਖੂਬ ਭੰਡੀ ਕੀਤੀ। ਪਿਛਲੇ ਸਮੇਂ ਤੋਂ ਮੋਦੀ ਹਕੂਮਤ ਨੇ ਆਮ ਮਿਹਨਤਕਸ਼ ਲੋਕਾਂ, ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ ਸਮੇਤ ਔਰਤਾਂ ਉੱਪਰ ਬੋਲਿਆ ਹੈ ਅਤੇ ਸੱਤਾ ਪ੍ਰਾਪਤੀ ਦੇ ਚਾਰ ਸਾਲ ਬਾਅਦ ਆਪਣੇ ਜੇਤੂ ਰੱਥ ਉੱਪਰ ਸਵਾਰ ਹੋਕੇ ਮੋਦੀ-ਸ਼ਾਹ ਜੋੜੀ ਬੇਲਗਾਮ ਅਜਿੱਤ ਹੋਣ ਦਾ ਐਲਾਨ ਕਰ ਰਹੀ ਸੀ। ਕਿਉਂਕਿ ਮੋਦੀ ਹਕੂਮਤ ਇਸ ਤੋਂ ਪਹਿਲਾਂ ਪਾਂਡੀਚਰੀ ਅਤੇ ਗੋਆ ਵਿੱਚ ਮਾਮੂਲੀ ਸੀਟਾਂ ਹਾਸਲ ਕਰਕੇ ਵੀ ਸੱਤਾ ਹਾਸਲ ਕਰਨ ਵਿੱਚ ਕਾਮਯਾਬ ਹੋ ਚੁੱਕੀ ਹੈ। ਪਰ ਇਹ ਅਣਕਿਆਸਿਆ ਝਟਕਾ ਮੋਦੀ ਹਕੂਮਤ ਲਈ ਛੋਟਾ ਨਹੀਂ ਸਗੋਂ ਗੰਭੀਰ ਅਰਥ ਸੰਭਾਵਨਾਵਾਂ ਰੱਖਦਾ ਹੈ। ਬੁਰਜੂਆ ਪਾਰਲੀਮਾਨੀ ਧੜੇ ਇੱਕ ਜਾਂ ਦੂਜੇ ਧੜੇ ਦੀ ਜਿੱਤ ਹਾਰ ਮੌਕੇ ਖੂਬ ਜਸ਼ਨ ਮਨਾਉਂਦੇ ਹਨ। ਰਾਜ ਗੱਦੀ ਉੱਪਰ ਕਾਬਜ਼ ਹੋਕੇ ਦੇਸੀ, ਬਦੇਸ਼ੀ, ਇਜਾਰੇਦਾਰ ਘਰਾਣਿਆਂ, ਧਨ ਕੁਬੇਰਾਂ ਦੀ ਰਾਖੀ ਕਰਨ ਲਈ ਵਚਨ ਬੱਧ ਹੁੰਦਿਆਂ ਖੁਦ ਵੀ ਲੁੱਟ ਦੇ ਮਾਲ ਵਿੱਚੋਂ ਹਿੱਸਾ ਪੱਤੀ ਛਕਣਾ ਹੁੰਦਾ ਹੈ।

70 ਸਾਲ ਦੇ ਇਤਿਹਾਸ ਅੰਦਰ ਮਿਹਨਤਕਸ਼ ਲੋਕ ਤਾਂ ਭਾਰਤੀ ਪਾਰਲੀਮਾਨੀ ਇਤਿਹਾਸ ਅੰਦਰ ਹਮੇਸ਼ਾ ਹੀ ਹਾਰਦੇ ਅਤੇ ਹਾਕਮ ਜਿੱਤਦੇ ਆਏ ਹਨ। ਇਸ ਲਈ ਸਥਾਪਤੀ ਵਿਰੋਧੀ ਵਿਚਾਰਾਂ ਨੂੰ ਰਾਜ ਗੱਦੀ ਉੱਪਰ ਕਾਬਜ਼ ਹਾਕਮ ਧੜਿਆਂ ਨੇ ਹਮੇਸ਼ਾ ਆਪਣੇ ਜਬਰ ਦਾ ਨਿਸ਼ਾਨਾ ਬਣਾਇਆ ਹੈ। ਹਕੂਮਤੀ ਜਾਬਰ ਰਾਜ ਮਸ਼ੀਨਰੀ ਦੇ ਵਹਿਸ਼ੀ ਹੱਲੇ ਦੇ ਬਾਵਜੂਦ ਵੀ ਲੋਕ ਹੱਕਾਂ ਦੀ ਲਹਿਰ ਨੂੰ ਕੁਚਲਣ 'ਚ ਕਾਮਯਾਬ ਨਹੀਂ ਹੋ ਸਕੀ। ਅੱਜ ਵੀ ਮੋਦੀ ਹਕੂਮਤ ਜਾਬਰ ਹਕੂਮਤੀ ਮਸ਼ੀਨਰੀ ਦੇ ਦੰਦ ਹੋਰ ਤਿੱਖੇ ਕਰਨ ਲਈ ਤਰ੍ਹਾਂ-ਤਰ੍ਹਾਂ ਦੇ ਜਾਬਰ ਕਨੂੰਨ ਲਿਆ ਰਹੀ ਹੈ।

ਕਮਿਊਨਿਸਟ ਇਨਕਲਾਬੀ ਸ਼ਕਤੀਆਂ ਲਈ ਯੇਦੀਰੱਪਾ ਹਕੂਮਤ ਦਾ ਡਿੱਗ ਜਾਣਾ ਕੋਈ ਬਹੁਤ ਜ਼ਿਆਦਾ ਮਾਅਨੇ ਨਹੀਂ ਰੱਖਦਾ। ਹਾਕਮਾਂ ਦਾ ਸੰਕਟ ਜਿਉਂ-ਜਿਉਂ ਤਿੱਖਾ ਹੁੰਦਾ ਜਾਵੇਗਾ, ਲੋਕਾਂ ਦੀ ਸਹੀ ਮਾਅਨਿਆਂ ਵਿੱਚ ਅਗਵਾਈ ਕਰਨ ਵਾਲੀਆਂ ਕਮਿਊਨਿਸਟ ਇਨਕਲਾਬੀ ਸ਼ਕਤੀਆਂ ਜੰਗ ਦੇ ਅਖਾੜਿਆਂ ਨੂੰ ਜਰਬਾਂ ਦੇਣ ਤੋਂ ਅੱਗੇ ਇਸ ਪ੍ਰਬੰਧ ਨੂੰ ਉਖਾੜ ਕੇ ਲੋਕਾ ਸ਼ਾਹੀ ਹਕੀਕੀ ਨਵਾਂ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਨਵਾਂ ਜਮਹੂਰੀ ਪ੍ਰਬੰਧ ਸਿਰਜਣ ਲਈ ਧੜੱਲੇ ਨਾਲ ਅੱਗੇ ਆਉਣ।



ਹਰੀਪਾਲ
403-714-4816

# ਕੈਨੇਡਾ ਵਿਚ ਮਜ਼ਦੂਰਾਂ ਦੀ ਲੁੱਟ-ਖਸੁੱਟ



ਮਈ ਦਾ ਮਹੀਨਾ, ਮਜ਼ਦੂਰਾਂ ਦਾ ਮਹੀਨਾ ਹੈ। ਮਈ ਦੇ ਵਿਚ ਮਜ਼ਦੂਰਾਂ ਨੇ ਅੱਠ ਘੰਟੇ ਦਾ ਦਿਨ ਅਤੇ ਪੰਜ ਦਿਨ ਦਾ ਹਫ਼ਤਾ' ਦੀ ਖਾਤਰ ਘੋਲ ਲੜਿਆ ਸੀ। ਮਈ ਦਾ ਮਹੀਨਾ ਹੀ ਕਾਰਲ ਮਾਰਕਸ ਦੇ ਜਨਮ ਦਾ ਮਹੀਨਾ ਹੈ। ਮਾਰਕਸ ਦਾ ਜਨਮ ਅੱਜ ਤੋਂ ਦੋ ਸੌ ਸਾਲ ਪਹਿਲਾਂ ਹੋਇਆ ਸੀ। ਮਜ਼ਦੂਰਾਂ ਨੂੰ ਮਾਲਕਾਂ ਦੀ ਲੁੱਟ ਤੋਂ ਬਚਾਉਣ ਲਈ ਮਾਰਕਸ ਨੇ ਆਪਦੀ ਜ਼ਿੰਦਗੀ ਲਾ ਦਿੱਤੀ। ਪਰ ਅੱਜ ਵੀ ਮਾਰਕਸ ਦੇ ਜਨਮ ਤੋਂ ਦੋ ਸੌ ਸਾਲ ਬਾਅਦ ਵੀ ਕੈਨੇਡਾ ਵਰਗੇ ਵਿਕਸਤ ਦੇਸ਼ ਵਿਚ ਮਜ਼ਦੂਰਾਂ ਨਾਲ ਜੋ ਧੱਕੇ ਹੋ ਰਹੇ ਹਨ ਇਸ ਬਾਰੇ ਕੁਝ ਕੁ ਸੱਚੀਆਂ ਘਟਨਾਵਾਂ ਤੋਂ ਬਾਅਦ ਵਿਚਾਰ ਕਰਾਂਗੇ। ਪਿਛਲੇ ਸਾਲ 'ਚ ਕੁਝ ਘਟਨਾਵਾਂ ਇਥੇ ਦਰਜ ਕਰਨੀਆਂ ਜ਼ਰੂਰੀ ਹਨ। ਜਿਵੇਂ ਕਿ 1. ਇਕ ਬਜ਼ੁਰਗ ਔਰਤ ਨੂੰ 33 ਘੰਟੇ ਕੰਮ ਕਰਵਾਕੇ ਸਿਰਫ਼ 100 ਡਾਲਰ ਦੇ ਕੇ ਘਰ ਨੂੰ ਤੋਰ ਦਿੱਤਾ ਜਾਂਦਾ ਹੈ।

2. ਇਕ ਨਾਮਵਰ ਰੈਸਟੋਰੈਂਟ ਤੇ ਕੰਮ ਕਰਨ ਵਾਲੀ ਇਕ ਕੁੜੀ ਨੂੰ 25 ਘੰਟਿਆਂ ਦੇ ਸਿਰਫ਼ 150 ਡਾਲਰ ਦਿੱਤੇ ਜਾਂਦੇ ਹਨ।

3. ਸਟੂਡੈਂਟ ਪ੍ਰੋਗਰਾਮ ਤੇ ਆਏ ਇਕ ਸਟੂਡੈਂਟ ਨੂੰ ਲਾਰਾ ਲਾਇਆ ਗਿਆ ਕਿ ਅਸੀਂ ਤੇਰਾ ਪੀ.ਆਰ. (Permanent Residence) ਲਗਵਾਵਾਂਗੇ ਤੋਂ ਉਸ ਨੂੰ ਛੇ ਮਹੀਨਿਆਂ ਦਾ ਕੁਝ ਵੀ ਨਹੀਂ ਦਿੱਤਾ ਗਿਆ। ਜਦ ਛੇ ਮਹੀਨਿਆਂ ਬਾਅਦ ਉਸ ਦੀ ਪੀ.ਆਰ. ਨਹੀਂ ਲੱਗੀ ਤਾਂ ਉਸ ਸਟੂਡੈਂਟ ਨੂੰ ਮੁਲਕ ਛੱਡਣਾ ਪਿਆ, ਉਸ ਨੂੰ ਲਾਰਾ ਲਾਇਆ ਗਿਆ ਕਿ ਤੈਨੂੰ ਪੈਸੇ ਪਹੁੰਚਦੇ ਹੋ ਜਾਣਗੇ ਤੂੰ ਜਿਥੇ ਵੀ ਹੋਇਆ ਉਹ ਵਿਚਾਰਾ ਅੱਜ ਤੱਕ ਮਾਲਕਾਂ (Employer) ਨੂੰ ਫੋਨ ਕਰ ਰਿਹਾ ਹੈ ਅਤੇ ਉਸਦਾ ਕੋਈ ਫੋਨ ਵੀ ਚੱਕ ਨਹੀਂ ਰਿਹਾ।

4. ਇਕ ਸਟੂਡੈਂਟ ਸਾਲ ਭਰ ਲਈ ਕਿਸੇ ਬਿਜਨਿਸ ਤੇ ਫਰੀ ਕੰਮ ਕਰ ਰਿਹਾ ਹੈ ਤਾਂ ਕਿ ਉਸਦੀ ਪੀ.ਆਰ. ਲੱਗ ਜਾਵੇ, ਉਸ ਸਟੂਡੈਂਟ ਦਾ ਕੀ ਬਣੇਗਾ, ਇਹ ਤਾਂ ਬਾਅਦ ਵਿਚ ਹੀ ਪਤਾ ਲੱਗੇਗਾ।

5. ਇਕ ਟੈਂਪਰੇਰੀ ਫੌਰਨ ਵਰਕਰ ਰੋਂਦਾ ਰੋਂਦਾ ਗੁਰਦੁਆਰੇ ਨੂੰ ਲੰਗਰ ਖਾਣ ਜਾ ਰਿਹਾ ਸੀ। ਜਿਸ ਤੋਂ ਬਾਰਾਂ ਬਾਰਾਂ ਘੰਟੇ ਸੱਤੇ ਦਿਨ ਕੰਮ ਕਰਾਇਆ ਜਾ ਰਿਹਾ ਹੈ ਅਤੇ ਕੈਨੇਡਾ ਦੀ ਤਨਖਾਹ ਦੇ ਹਿਸਾਬ ਉਸ ਨੂੰ ਅੱਧੇ ਵੀ ਪੈਸੇ ਨਹੀਂ ਦਿੱਤੇ ਜਾਂਦੇ।

6. ਇਕ ਟੈਂਪਰੇਰੀ ਫਾਰਨ ਵਰਕ ਜਦ ਟੈਕਸ ਦੇ ਪੇਪਰ ਭਰਾਉਣ ਗਿਆ ਤਾਂ ਉਸਨੇ ਰੋਂਦੇ ਰੋਂਦੇ ਦੱਸਿਆ ਕਿ ਕੰਮ ਤਾਂ ਉਸ ਤੋਂ ਅੱਸੀ ਘੰਟੇ ਹਫ਼ਤੇ ਦੇ ਕਰਾਇਆ ਜਾਂਦਾ ਹੈ ਪਰ ਉਸ ਨੂੰ ਪੈਸੇ ਸਿਰਫ਼ 40 ਘੰਟੇ ਦੇ ਹੀ ਮਿਲਦੇ ਹਨ।

7. ਇਕ ਟੈਂਪਰੇਰੀ ਫਾਰਨ ਵਰਕਰ ਨੂੰ ਉਕਾ ਪੁੱਕਾ ਇਕ ਹਜ਼ਾਰ ਡਾਲਰ ਮਹੀਨੇ 'ਤੇ ਰੱਖਿਆ ਜਾਂਦਾ ਹੈ। ਉਸ ਤੋਂ ਬਾਰਾਂ ਬਾਰਾਂ ਘੰਟੇ ਸੱਤੇ ਦਿਨ ਕੰਮ ਕਰਾਇਆ ਜਾਂਦਾ ਹੈ। ਉਸ ਦੀ ਪੀ.ਆਰ. ਮਿਲਣ ਤੇ ਵੀ ਉਸ ਤੇ ਰੋਅਬ ਪਾਇਆ ਜਾਂਦਾ ਹੈ ਕਿ ਉਹ ਹਜ਼ਾਰ ਡਾਲਰ ਮਹੀਨੇ 'ਤੇ ਹੀ ਕੰਮ ਕਰੇ, ਪਰ ਜਦ ਉਹ ਨਾਂਹ ਕਰਦਾ ਹੈ ਤਾਂ ਉਸ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਹਨ।

ਇਹ ਤਾਂ ਕੁਝ ਕੁ ਉਦਾਹਰਣਾਂ ਹਨ। ਇਹੋ ਜਿਹੀਆਂ ਹਜ਼ਾਰਾਂ ਹੀ ਉਦਾਹਰਣਾਂ, ਕੈਨੇਡਾ ਵਿਚ ਕਾਮਿਆਂ ਨਾਲ ਹੋ ਰਹੇ ਧੱਕੇ ਬਾਰੇ ਇਕੱਠੀਆਂ ਕੀਤੀਆਂ ਜਾ ਸਕਦੀਆਂ ਹਨ। ਚਾਹੇ ਉਹ ਫਾਰਨ ਵਰਕਰ ਹੋਵੇ, ਟੈਂਪਰੇਰੀ ਫਾਰਨ ਵਰਕਰ ਹੋਵੇ ਜਾਂ ਸਟੂਡੈਂਟ ਹੋਵੇ, ਉਸ ਦੀ ਲੁੱਟ ਕਰਨ ਲਈ, ਲੋਟੂ ਟੋਲਾ, ਜਿਹੜਾ ਕਿ ਆਪਣੇ ਆਪ ਨੂੰ ਬਹੁਤ ਸਭਿਅਕ ਵੀ ਕਹਾਉਂਦਾ ਹੈ, ਬਹੁਤ ਦਾਨ ਪੁੰਨ ਵੀ ਕਰਦਾ ਹੈ, ਤਿਆਰ ਬੈਠਾ ਹੈ। ਗੱਲਾਂ ਤਾਂ ਅਸੀਂ ਵੱਡੀਆਂ ਵੱਡੀਆਂ ਕਰਦੇ ਹਾਂ ਪਰ ਸਾਡੇ ਕਿਸੇ ਵੀ ਪੁਲੀਟੀਕਲ ਲੀਡਰ ਨੇ ਇਨ੍ਹਾਂ ਮਜ਼ਦੂਰਾਂ ਦੀ ਗੱਲ ਨਹੀਂ ਚੱਕੀ। ਪਾਰਲੀਮੈਂਟ ਜਾਂ ਅਸੈਂਬਲੀ ਵਿਚ ਬੈਠ ਕੇ ਵੱਡੀਆਂ ਵੱਡੀਆਂ ਫੜ੍ਹਾਂ ਤਾਂ ਮਾਰੀਆਂ ਜਾ ਸਕਦੀਆਂ ਹਨ ਪਰ ਮਜ਼ਦੂਰਾਂ ਨਾਲ ਹੋ ਰਹੇ ਧੱਕੇ ਬਾਰੇ, ਗੱਲ ਕਰਨ ਤੋਂ ਇਨ੍ਹਾਂ ਨੂੰ ਪਤਾ ਨਹੀਂ ਕੀ ਦੰਦਲ ਪੈ ਜਾਂਦੀ ਹੈ।

**ਟੈਂਪਰੇਰੀ ਫੋਰਨ ਵਰਕਰਾਂ ਦੀ ਲੁੱਟ**

ਕੈਨੇਡਾ ਵਿਚ ਅੱਜ ਕੱਲ੍ਹ ਸਭ ਤੋਂ ਵੱਧ ਲੁੱਟ ਆਰਜ਼ੀ ਕਾਮਿਆਂ ਜਾਂ ਟੈਂਪਰੇਰੀ ਫੌਰਨ ਵਰਕਰਜ਼ ਦੀ ਹੋ ਰਹੀ ਹੈ। ਹਾਰਪਰ ਦੇ ਸਮੇਂ ਹੀ, ਵਪਾਰੀਆਂ ਨੂੰ ਖੁਸ਼ ਕਰਨ ਲਈ, ਟੈਂਪਰੇਰੀ ਫੌਰਨ ਵਰਕਰ ਦਾ ਕੰਮ ਸ਼ੁਰੂ ਹੋ ਗਿਆ ਸੀ। ਬਾਹਰਲੇ ਮੁਲਕਾਂ ਤੋਂ ਲੋਕ, ਏਜੰਟਾਂ ਨੂੰ ਬਾਰਾਂ ਬਾਰਾਂ ਲੱਖ ਰੁਪਿਆ ਦੇ ਕੇ ਜਾਂ 18 ਤੋਂ 20 ਹਜ਼ਾਰ ਡਾਲਰ ਦੇ ਕੇ ਕੈਨੇਡਾ ਪਹੁੰਚਦੇ ਹਨ। ਉਹ ਵਿਚਾਰੇ ਕਰਜ਼ਾ ਚੁੱਕ ਕੇ, ਜ਼ਮੀਨਾਂ ਬੈਅ ਕਰਕੇ, ਜਦ ਕੈਨੇਡਾ ਆਉਂਦੇ ਹਨ ਤਾਂ ਸੋਚਦੇ ਹਨ ਕਿ ਉਹ ਇਕ ਵਾਰ ਕੈਨੇਡਾ ਚਲੇ ਜਾਣ ਫਿਰ ਆਪਦੀ ਗਰੀਬੀ ਦਾ ਸਭ ਰੋਣਾ ਧੋਣਾ ਧੋ ਦੇਣਗੇ।

ਆਪਦੇ ਪਰਿਵਾਰਾਂ ਤੋਂ ਦੂਰ, ਬੱਚਿਆਂ ਤੋਂ ਦੂਰ, ਇਹ ਲੋਕ ਬਹੁਤ ਵੱਡੀ ਆਸ ਲੈ ਕੇ ਕੈਨੇਡਾ ਆਏ। ਕੈਨੇਡਾ ਵਿਚ, ਜਿਨ੍ਹਾਂ ਲੋਕਾਂ ਕੋਲ ਇਨ੍ਹਾਂ ਨੇ ਕੰਮ ਕੀਤਾ, ਉਨ੍ਹਾਂ ਨੇ ਭੋਰਾ ਵੀ ਤਰਸ ਨਹੀਂ ਕੀਤਾ ਕਿ ਇਹ ਸਾਡੇ ਹਮਵਤਨੀ ਭਰਾ ਹਨ। ਉਨ੍ਹਾਂ ਨੇ ਇਨ੍ਹਾਂ ਨੂੰ ਗੁਲਾਮਾਂ ਦੀ ਤਰ੍ਹਾਂ ਵਰਤਿਆ। ਆਮ ਕੈਨੇਡੀਅਨ ਮਜ਼ਦੂਰ ਦੀ ਤਨਖਾਹ ਨਾਲੋਂ, ਉਨ੍ਹਾਂ ਤੋਂ ਅੱਧੀ ਤਨਖਾਹ 'ਤੇ ਕੰਮ ਕਰਾਇਆ ਪਰ ਫੇਰ ਵੀ ਪੈਸੇ ਪੂਰੇ ਨਹੀਂ ਦਿੱਤੇ। ਬੜੀ ਚਾਲਬਾਜ਼ੀ ਦੇਖੋ, ਮਜ਼ਦੂਰ ਤੋਂ ਅੱਸੀ ਘੰਟੇ ਕੰਮ ਕਰਾਇਆ ਜਾਂਦਾ ਹੈ, ਮਾਲਕ ਆਪ ਦੇ ਆਪ ਨੂੰ ਬਚਾਉਣ ਲਈ, ਪੇਪਰਵਰਕ ਤੇ ਅੱਸੀ ਘੰਟੇ ਦੀ ਜਗ੍ਹਾ ਚਾਲੀ ਘੰਟੇ ਹੀ ਲਿਖਦੇ ਹਨ। ਯਾਨੀਕਿ ਜੇਕਰ ਕਿਸੇ ਨੂੰ 14 ਡਾਲਰ ਘੰਟੇ 'ਤੇ ਕੰਮ ਕਰਾਇਆ ਜਾਂਦਾ ਹੈ ਤਾਂ ਉਸ ਦੇ ਅੱਸੀ ਘੰਟਿਆਂ ਦੇ ਪੈਸੇ ਬਣੇ 1120 (80×14), ਪਰ ਉਨ੍ਹਾਂ ਨੂੰ ਦਿੱਤੇ ਜਾਂਦੇ ਹਨ 560 (40×14) ਯਾਨੀਕਿ ਉਸਦੇ ਚਾਲੀ ਘੰਟੇ ਖਾ ਲਏ ਜਾਂਦੇ ਹਨ। ਉਸ ਟੈਂਪਰੇਰੀ ਬਦੇਸ਼ੀ ਕਾਮੇ ਨੂੰ ਸਿਰਫ਼ ਇਕ ਘੰਟੇ ਦੇ ਸੱਤ ਡਾਲਰ ਦਿੱਤੇ ਜਾਂਦੇ ਹਨ।

ਇਹ ਕਾਮੇ ਇੰਨੇ ਡਰੇ ਹੋਏ ਹਨ ਕਿ ਕਿਸੇ ਵੀ ਕਿਸਮ ਦੀ ਧੱਕਾਸ਼ਾਹੀ ਦੀ ਰਿਪੋਰਟ ਵੀ ਨਹੀਂ ਕਰਦੇ। ਕਾਮਿਆਂ ਦੀ ਲੁੱਟ ਬਾਰੇ ਇਕ ਰਿਪੋਰਟ ਮੈਡਮ ਕੁਇਨ ਨੇ ਛਾਪੀ ਹੈ। ਉਸ ਨੇ ਬਹੁਤ ਸਾਰੇ ਵਕੀਲਾਂ, ਸਟਾਫਿੰਗ ਏਜੰਸੀਆਂ, ਪੁਲਿਸ ਅਫ਼ਸਰਾਂ ਅਤੇ ਵਿਕਟਿਮਜ਼ (ਲੁੱਟ ਹੋ ਰਹੇ ਕਾਮੇ) ਨਾਲ ਖ਼ੁਦ ਇੰਟਰਵਿਊਆਂ ਕੀਤੀਆਂ ਹਨ। ਜਿੰਨੀਆਂ ਵੀ ਲੁੱਟ ਦੀਆਂ (Exploitation) ਦੀਆਂ ਰਿਪੋਰਟਾਂ ਆਈਆਂ ਹਨ, ਉਨ੍ਹਾਂ ਵਿਚ 80% ਲੋਕ ਟੈਂਪਰੇਰੀ ਫਾਰਨ ਵਰਕਰਜ਼ ਹਨ। ਮੈਡਮ ਕੁਇਨੇ ਦੇ ਅਨੁਸਾਰ ਟੀ.ਐਫ.ਡਬਲਿਊ. ਪ੍ਰੋਗਰਾਮ ਲੋਕਾਂ ਨੂੰ ਕੋਈ ਸੁੱਰਖਿਆ ਨਹੀਂ ਦੇ ਰਿਹਾ। ਇਸ ਰਿਪੋਰਟ ਵਿਚ 17 ਦੇ ਕਰੀਬ ਸੁਧਾਰ ਕਰਨ ਦੀ ਤਜਵੀਜ਼ ਰੱਖੀ ਗਈ ਹੈ। ਜਿਵੇਂ ਟੀ. ਐਫ. ਡਬਲਿਊ. ਇਕ ਜੌਬ ਤੋਂ ਦੂਜੀ ਜੌਬ ਜਾਂ ਇਕ ਇਲਾਕੇ ਤੋਂ ਦੂਜੇ ਇਲਾਕੇ ਵਿਚ ਜਾ ਸਕਣ। ਦੂਜੀ ਗੱਲ ਟੈਂਪਰੇਰੀ ਫਾਰਨ ਵਰਕਰਜ਼ ਨੂੰ ਉਨ੍ਹਾਂ ਦੇ ਹੱਕਾਂ ਬਾਰੇ ਜ਼ਰੂਰੀ ਜਾਣਕਾਰੀ ਦੇਣੀ ਬਣਦੀ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਆਪਦੇ ਨਾਲ ਹੁੰਦੇ ਧੱਕੇ ਨੂੰ ਉਨ੍ਹਾਂ ਨੇ ਕਿਥੇ ਰਿਪੋਰਟ ਕਰਨਾ ਹੈ। ਚਾਹੇ ਕੈਨੇਡਾ ਵਿਚ ਕਿੰਨੇ ਵੀ ਕਾਨੂੰਨ ਬਣੇ ਹੋਣ ਪਰ ਮਾਹਿਰ ਕਹਿੰਦੇ ਹਨ ਕਿ ਕੈਨੇਡਾ ਵਿਚ ਮਜ਼ਦੂਰਾਂ ਦੀ ਲੁੱਟ ਦਿਨੋ ਦਿਨ ਵਧ ਰਹੀ ਹੈ।

ਫੇਅਰ ਫੇਰਾਡੇਅ ਟਰਾਂਟੋ ਦੀ ਇਕ ਲੇਬਰ ਵਕੀਲ ਹੈ ਉਸ ਨੇ ਕਿਹਾ ਕਿ ਮਜ਼ਦੂਰਾਂ ਦੇ ਦੁੱਖਾਂ ਦੀਆਂ ਕਹਾਣੀਆਂ ਸੁਣ ਕੇ ਮੈਨੂੰ ਬਹੁਤ ਵੱਡਾ ਸ਼ੌਕ ਲੱਗਿਆ ਅਤੇ ਮੈਂ ਕਈ ਦਿਨ ਨਾਰਮਲ ਨਹੀਂ ਹੋ ਸਕੀ। ਉਸ ਦੇ ਲਫ਼ਜ਼ਾਂ ਵਿਚ ਇੱਕੀਵੀਂ ਸਦੀ ਵਿਚ ਇਹ ਸਭ ਕੁਝ ਹੋ ਰਿਹਾ ਹੈ, ਸਮਝ ਨਹੀਂ ਆਉਂਦਾ। ਬਹੁਤੀਆਂ ਜੌਬਾਂ ਨੂੰ ਅੱਜ ਕੱਲ੍ਹ ਅਨਿਸ਼ਚਿਤ ਕਿਹਾ ਜਾਂਦਾ ਹੈ। ਇਹ ਲਫ਼ਜ਼ ਵਰਤ ਕੇ ਹੀ ਮਾਲਕ ਸਾਫ਼ ਬਚ ਜਾਂਦੇ ਹਨ। ਬਦੇਸ਼ੀ ਆਰਜ਼ੀ ਕਾਮਿਆਂ ਨੂੰ ਕੋਈ ਓਵਰ ਟਾਇਮ ਨਹੀਂ, ਹੋਲੀ ਡੇਅ ਪੇਅ ਨਹੀਂ ਅਤੇ ਘੱਟੋ ਘੱਟ ਉਜਰਤ ਦਾ ਕੋਈ ਰਿਕਾਰਡ ਨਹੀਂ। ਪਿਛਲੇ ਸਾਲ ਟੋਰਾਂਟੋ ਦੀ ਮਨਿਸਟਰੀ ਆਫ਼ ਲੇਬਰ ਨੇ 304 ਬਿਜਨਿਸ ਅਦਾਰਿਆਂ 'ਤੇ ਛਾਪਾ ਮਾਰਿਆ ਤਾਂ ਪਤਾ ਲੱਗਿਆ ਕਿ 75% ਅਦਾਰੇ ਲੇਬਰ ਕਾਨੂੰਨਾਂ ਦੀ ਪਾਲਣਾ ਨਹੀਂ ਕਰ ਰਹੇ। ਪਿਛਲੇ ਸਾਲ ਦੇ ਇਕ ਸਰਵੇਖਣ ਮੁਤਾਬਿਕ ਮਾਲਕਾਂ ਵਲੋਂ ਕੀਤੀਆਂ ਇਹ ਹੇਰਾਫੇਰੀਆਂ 80% ਤੋਂ ਵੀ ਵੱਧ ਹਨ। ਐਮ.ਓ.ਐਸ. ਦੇ ਇਕ ਬੁਲਾਰੇ ਕੈਵਿਨ ਟਲਿੰਨ ਦੇ ਮੁਬਾਬਿਕ 80% ਹੇਰਾਫੇਰੀਆਂ ਟੌਲਰੇਟ ਨਹੀਂ ਕੀਤੀਆਂ ਜਾ ਸਕਦੀਆਂ। ਹਰ ਸਾਲ ਐਮ.ਓ.ਐਲ. ਹਜ਼ਾਰਾਂ ਹੀ ਵਪਾਰਕ ਅਦਾਰਿਆਂ ਨੂੰ ਟਿਕਟਾਂ ਦਿੰਦੀ ਹੈ ਜਾਂ ਫਾਵੀ ਕਰਦੀ ਹੈ। ਪਰ ਕੋਈ ਵੀ ਫਾਈਨ ਕੁਝ ਕੁ ਸੌ ਡਾਲਰ ਤੋਂ ਵੱਧ ਨਹੀਂ। ਜਿਹੜੇ ਲੋਕਾਂ ਨੇ ਹਜ਼ਾਰਾਂ ਦੇ ਹਿਸਾਬ ਕਾਮਿਆਂ ਦੀ ਲੁੱਟ ਕਰਨੀ ਹੈ, ਉਨ੍ਹਾਂ ਨੂੰ ਕੀ ਫਰਕ ਪੈਂਦਾ ਹੈ ਕੁਝ ਕੁ ਸੌ ਡਾਲਰ ਜੁਰਮਾਨਾ ਭਰਕੇ। ਬਹੁਤੇ ਵਪਾਰੀ ਤਾਂ ਆਪਦੇ ਬਿਜਨਿਸ ਪਲੈਨ ਵਿਚ ਹੀ ਲੇਬਰ ਨਾਲ ਕਰਨ ਵਾਲੀਆਂ ਹੇਰਾਫੇਰੀਆਂ ਐਡ ਕਰ ਲੈਂਦੇ ਹਨ ਤਾਂ ਕਿ ਨਫ਼ਾ ਵੱਧ ਤੋਂ ਵੱਧ ਕਮਾਇਆ ਜਾ ਸਕੇ।

ਪਰ ਗੱਲ ਇਹ ਹੈ ਕਿ ਐਮ.ਓ.ਐਲ. ਵੀ ਕੀ ਕਰੇ, ਬਹੁਤੇ ਕਾਮੇ ਇੰਨੇ ਡਰੇ ਹੋਏ ਹਨ ਕਿ ਉਹ ਸ਼ਿਕਾਇਤ ਹੀ ਨਹੀਂ ਕਰਦੇ। ਜੇਕਰ ਮਾਲਕਾਂ ਨੂੰ ਉਨ੍ਹਾਂ ਸ਼ਿਕਾਇਤ ਦਾ ਪਤਾ ਲੱਗ ਜਾਵੇ ਤਾਂ ਮਾਲਕ ਫਾਇਰ ਕਰ ਦਿੰਦੇ ਹਨ, ਦੂਜੀ ਗੱਲ ਇਸ ਸਭ ਕਾਸੇ ਨੂੰ ਰੋਕਣ ਲਈ ਪ੍ਰੋਜੈਕਟਿਵ ਪੁਲਿਸ ਫੋਰਸ ਦੀ ਲੋੜ ਹੁੰਦੀ ਹੈ। ਟੋਰਾਂਟੋ ਵਰਗੇ ਇੰਨੇ ਵੱਡੇ ਸੂਬੇ ਕੋਲ ਸਿਰਫ਼ 40 ਪ੍ਰੋਜੈਕਟਿਵ ਅਫ਼ਸਰ ਹਨ। ਜਦੋਂ ਮਾਲਕਾਂ ਨੂੰ ਪਤਾ ਹੈ ਕਿ ਉਨ੍ਹਾਂ ਦੀਆਂ ਹੇਰਾਫੇਰੀਆਂ ਨੂੰ ਵਾਚ ਕਰਨ ਵਾਲਾ ਹੀ ਕੋਈ ਨਹੀਂ ਤਾਂ ਉਨ੍ਹਾਂ ਨੂੰ ਡਰ ਕਾਹਦਾ। ਸਰਕਾਰ ਦੀ ਹਰ ਮੋੜ 'ਤੇ ਪੀ.ਏ.ਪੀ. ਐਨ ਖੜ੍ਹਾ ਨਹੀਂ ਕਰ ਸਕਦੀ। ਹੁਣ ਇਹ ਲੁੱਟ ਰੋਕਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਸਰਕਾਰ ਦੀ ਹੈ, ਸਾਡੇ ਨੁਮਾਇੰਦਿਆਂ ਦੀ ਹੈ ਜਿਹੜੇ ਹਰ ਚਾਰ ਸਾਲ ਬਾਅਦ ਦਿਖਾਈ ਦਿੰਦੇ ਹਨ।

**ਲੁੱਟ ਹੋ ਰਹੇ ਕਾਮੇ ਕੈਨੇਡਾ ਦਾ ਸਲੇਵ ਟਰੇਡ (Slave Trade) ਹਨ :** ਫਿਲਪੀਨ ਦਾ ਇਕ ਕਾਮਾ ਐਡਵਿਨ ਕੈਨੀ ਜਦ ਕੈਨੇਡਾ ਪਹੁੰਚਿਆ ਤਾਂ ਉਸ ਨੂੰ ਪਤਾ ਲੱਗਿਆ ਕਿ ਉਹ ਤਾਂ ਪਹਿਲਾਂ ਹੀ ਆਪਣੇ Employer ਕੋਲ ਵਿਕਿਆ ਹੋਇਆ ਹੈ। ਕੈਨੇਡਾ ਵਿਚ ਉਹ ਅੱਠ ਬੰਦਿਆਂ ਨਾਲ ਇਕ ਤੰਗ ਜਿਹੀ ਬੇਸਮੈਂਟ ਵਿਚ ਵਾੜ ਦਿੱਤਾ ਗਿਆ। ਫੇਰ ਉਸ ਨੂੰ ਹੋਰ ਕਾਮਿਆਂ ਦੇ ਨਾਲ ਇਕ ਫਾਰਮ ਹਾਊਸ ਵਿਚ ਰੱਖਿਆ ਗਿਆ। ਉਹ ਇਕ ਵੋਲਡਰ ਸੀ ਫਿਲਪੀਨ ਵਿਚ ਉਸ ਨੂੰ ਲਾਰਾ ਲਾਇਆ ਗਿਆ ਕਿ ਕੈਨੇਡਾ ਵਿਚ ਉਸ ਨੂੰ 23 ਡਾਲਰ ਘੰਟੇ ਦੇ ਮਿਲਣੇ ਹਨ। ਪਰ ਛੇ ਹਫ਼ਤੇ ਉਸ ਨੂੰ ਕੁਝ ਨਹੀਂ ਦਿੱਤਾ ਗਿਆ। ਛੇ ਹਫ਼ਤੇ ਬਾਅਦ ਜਦ ਫੇਰ ਉਹ ਮਾਲਕ ਤੋਂ ਪੈਸੇ ਮੰਗਣ ਗਿਆ ਤਾਂ ਮਾਲਕ ਨੇ ਐਕਵਿਨ ਨੂੰ ਦੱਸਿਆ ਕਿ ਮੈਂ ਤਾਂ ਤੈਨੂੰ ਚਾਰ ਹਜ਼ਾਰ ਡਾਲਰ ਵਿਚ ਖਰੀਦਿਆ ਹੈ। ਪਹਿਲਾਂ ਮੇਰੇ ਚਾਰ ਹਜ਼ਾਰ ਪੂਰੇ ਕਰਦੇ ਫੇਰ ਮੈਂ ਤੈਨੂੰ ਪੈਸੇ ਦੇਣੇ ਸ਼ੁਰੂ ਕਰਾਂਗਾ। ਜਦ ਉਹ ਚਾਰ ਹਜ਼ਾਰ ਡਾਲਰ ਵੀ ਪੂਰੇ ਹੋ ਗਏ ਤੇ ਉਸ ਤੋਂ ਬਾਅਦ ਵੀ ਐਡਵਿਨ ਨੂੰ ਕੋਈ ਪੈਸਾ ਨਹੀਂ ਦਿੱਤਾ ਗਿਆ। ਉਸ ਦਾ ਪਾਸਪੋਰਟ ਠੇਕੇਦਾਰ ਨੇ ਉਸਦੇ ਲੈਂਡ ਹੋਣ ਤੋਂ ਬਾਅਦ ਹੀ ਰੱਖ ਲਿਆ ਸੀ। ਫਿਰ ਜਿਵੇਂ ਕਿਵੇਂ ਉਸਨੇ ਫਿਲਪੀਨਜ਼ ਦੀ ਐਂਬੰਸੀ ਤੱਕ ਪਹੁੰਚ ਕੀਤੀ। ਫਿਲਪੀਨ ਦੀ ਐਂਬੰਸੀ ਨੇ ਹਰਕਤ ਵਿਚ ਆ ਕੇ ਉਸ ਦੀ ਨਿਸ਼ਾਨਦੇਹੀ ਤੇ 10 ਹੋਰ ਵਰਕਰ ਉਸ ਠੇਕੇਦਾਰ ਦੇ ਚੰਗਲ ਤੋਂ ਰਿਹਾਅ ਕਰਾਏ।

**ਫਾਰਮ ਵਰਕਰਾਂ ਦੀ ਲੁੱਟ**

ਤੁਸੀਂ ਸੱਚ ਜਾਣੋ ਜਾਂ ਨਾ ਕੈਨੇਡਾ ਵਿਚ ਫਾਰਮ ਕਾਮਿਆਂ ਨਾਲ ਬਿਲਕੁਲ ਉਸ ਤਰ੍ਹਾਂ ਦਾ ਹੀ ਸਲੂਕ ਹੁੰਦਾ ਹੈ ਜਿਸ ਤਰ੍ਹਾਂ ਪੰਜਾਬ ਵਿਚ ਪਿੰਡਾਂ ਦੇ ਜੱਟ, ਜ਼ਿਮੀਦਾਰ ਲੋਕ ਵਿਹੜੇ ਵਾਲਿਆਂ ਨਾਲ ਕਰਦੇ ਹਨ। ਬਹੁਤ ਵਾਰੀ ਉਨ੍ਹਾਂ ਨੇ ਪੈਸੇ ਮਾਰੇ ਜਾਂਦੇ ਹਨ, ਛੁੱਟੀਆਂ ਜਾਂ ਹਾਲੀਡੇ ਪੇਅ ਤਾਂ ਇਕ ਪਾਸੇ ਉਨ੍ਹਾਂ ਦੇ ਘੰਟਿਆਂ ਦੀ ਵੀ ਕੋਈ ਹਿਸਾਬ ਨਹੀਂ। ਇਕ ਟਰੱਕੀ (ਵੈਨ) ਵਾਲਾ ਜਿਸ ਵਿਚ 15 ਤੋਂ 20 ਵਰਕਰ ਤੂੜੀ ਵਾਂਗ ਤੂੜੇ ਹੁੰਦੇ ਹਨ ਸਵੇਰੇ 4 ਜਾਂ 5 ਵਜੇ ਪਹਿਲੇ ਵਰਕਰ ਨੂੰ ਘਰ ਤੋਂ ਚੱਕਦਾ ਹੈ, ਜਦ ਉਹ ਅਖੀਰੀਲੇ ਪੰਦਰਵੇਂ ਜਾਂ ਵੀਹਵੇਂ ਵਰਕਰ ਨੂੰ ਚੱਕ ਕੇ ਫਾਰਮ ਵਿਚ ਪਹੁੰਚਦਾ ਹੈ ਤਾਂ ਤਕਰੀਬਨ ਅੱਠ ਵਜ ਜਾਂਦੇ ਹਨ। ਫਾਰਮ ਵਿਚ ਪਹੁੰਚ ਕੇ ਉਨ੍ਹਾਂ ਦਾ ਟਾਇਮ ਸ਼ੁਰੂ ਹੁੰਦਾਹੈ। ਅੱਠ ਜਾਂ ਦਸ ਘੰਟੇ ਕੰਮ ਕਰਾ ਕੇ ਫਿਰ ਇਹ ਟਰੱਕ ਵਾਲਾ, ਉਨ੍ਹਾਂ ਕਾਮਿਆਂ ਨੂੰ ਉਨ੍ਹਾਂ ਦੇ ਘਰੀਂ ਛੱਡਣ ਦਾ ਕੰਮ ਸ਼ੁਰੂ ਕਰਦਾ ਹੈ, ਅਖੀਰਲੇ ਵਰਕਰ ਨੂੰ ਉਸਦੇ ਘਰ ਉਤਾਰਦਿਆਂ ਰਾਤ ਦੇ ਦਸ ਵਜ ਜਾਂਦੇ ਹਨ। ਫਿਰ ਜੇਕਰ ਹਿਸਾਬ ਲਾਈਏ ਜਿਹੜੇ ਵਰਕਰ ਸਵੇਰੇ ਪੰਜ ਵਜੇ ਘਰੋਂ ਚੁੱਕੇ ਸੀ, ਉਸ ਨੂੰ ਰਾਤ ਦੇ ਦਸ ਵਜੇ ਉਸਦੇ ਘਰ ਉਤਾਰਿਆ ਤਾਂ ਉਹ ਵਰਕਰ ਤਾਂ ਇਕ ਕਿਸਮ ਨਾਲ ਵਿਚਾਰਾ ਸਵੇਰ ਦੇ ਪੰਜ ਵਜੇ ਤੋਂ ਲੈ ਕੇ ਰਾਤ ਦੇ ਦਸ ਵਜੇ ਤੱਕ ਕੰਮ 'ਤੇ ਹੀ ਰਿਹਾ ਯਾਨੀਕਿ 17 ਘੰਟੇ। ਪਰ ਪੈਸੇ ਉਸ ਨੂੰ ਅੱਠ ਜਾਂ ਦਸ ਘੰਟਿਆਂ ਦੇ ਹੀ ਮਿਲਣੇ ਹਨ ਉਹ ਵੀ ਪਤਾ ਨਹੀਂ ਪੂਰੇ ਮਿਲਣੇ ਵੀ ਹਨ ਕਿ ਨਹੀਂ। ਬਹੁਤ ਵਾਰੀ ਠੇਕੇਦਾਰ ਬੈਂਕਰਪਸੀ ਕਰਕੇ ਵੀ ਕਾਮਿਆਂ ਦੇ ਪੈਸੇ ਮਾਰੇ ਜਾਂਦੇ ਹਨ। ਬਹੁਤ ਵਾਰੀ ਕਾਮਾ ਜਦ ਆਪਦੇ ਫਰੂਟਾਂ ਦੀ ਬਾਲਟੀ ਭਰ ਕੇ ਉਸਦਾ ਪੰਚ ਲਵਾਉਣ ਜਾਂਦਾ ਹੈ ਤਾਂ ਪੂਰੇ ਦੀ ਜਗ੍ਹਾ ਅੱਧਾ ਪੰਚ ਹੀ ਲਾਇਆ ਜਾਂਦਾ ਹੈ ਅਤੇ ਉਸ ਨੂੰ ਕਿਹਾ ਜਾਂਦਾ ਏ ਕਿ ਤੇਰੇ ਅੱਧੇ ਫਲ ਤਾਂ ਖਰਾਬ ਸਨ। ਕਈ ਵਾਰ ਕਿਸੇ ਔਰਤ ਵਰਕਰ ਦੇ, ਇਕ ਬਾਲਟੀ ਫਰੂਟਾਂ ਦੇ ਇਕ ਦੀ ਜਗ੍ਹਾ ਦੋ ਪੰਚ ਲਾ ਦਿੱਤੇ ਜਾਂਦੇ ਹਨ, ਜਾਣ ਬੁਝ ਕੇ ਉਸ ਔਰਤ ਨੂੰ ਪਤਾ ਨਹੀਂ ਕਿ ਕੀ ਉਹ ਸਰੀਰਕ ਸੋਸਣ ਕਰਾਉਣ ਲਈ ਤਿਆਰ ਹੋ ਸਕਦੀ ਹੈ ਕਿ ਨਹੀਂ ਅਤੇ ਇਹੀ ਠੇਕੇਦਾਰ ਜਾਂ ਫਾਰਮਰ ਇਕ ਪਾਸੇ ਲੋਕਾਂ ਨੂੰ ਲੁੱਟਦੇ ਹਨ ਫਿਰ ਇਹ ਧਾਰਮਿਕ ਅਦਾਰਿਆਂ ਵਿਚ ਦਸ ਹਜ਼ਾਰ ਡਾਲਰ ਦਾਨ ਦੇ ਕੇ ਵੀਹ ਹਜ਼ਾਰ ਦੀ ਰਸੀਦ ਲੈਂਦੇ ਹਨ, ਇਨਕਮ ਟੈਕਸ ਵਿਚ ਦਿਖਾਉਣ ਲਈ। ਫਾਰਮ ਕਾਮਿਆਂ ਦੇ ਹੱਕ ਵਿਚ ਕੈਨੇਡੀਅਨ ਫਾਰਮ ਵਰਕਰ ਯੂਨੀਅਨ ਦਾ ਰੋਲ ਭੁਲਾਇਆ ਨਹੀਂ ਜਾ ਸਕਦਾ ਜਿਸ ਨੇ 1981 ਵਿਚ ਇਕ ਫਾਰਮਰ ਤੋਂ ਕਾਮਿਆਂ ਦਾ ਇਕ ਲੱਖ ਡਾਲਰ ਦਾ ਚੈਕ ਸਟੇਜ 'ਤੇ ਲਿਆ ਸੀ। ਇਸੇ ਫਾਰਮ ਨੇ ਸੀਬੀਸੀ ਰੇਡੀਓ ਟੀ.ਵੀ. ਦੇ ਐਂਕਰ ਕੋਲ ਕਿਹਾ ਸੀ ਕਿ ਫਾਰਮ ਵਰਕਰ ਮੂਰਖ ਹਨ। ਬਹੁਤ ਵਾਰੀ ਇਹ ਫਾਰਮ ਸਟੈਂਪਾਂ ਬਣਾਉਣ ਦੇ ਬਹਾਨੇ ਵੀ ਕਾਮਿਆਂ ਦਾ ਸ਼ੋਸ਼ਣ ਕਰਦੇ ਹਨ। ਅੱਜ ਕੱਲ੍ਹ ਤਾਂ ਬਦੇਸ਼ੀ ਸਟੂਡੈਂਟਸ ਦੇ ਮਾਪੇ ਵੀ ਇਨ੍ਹਾਂ ਦੇ ਸ਼ੋਸ਼ਣ ਦੀ ਪੂਰੀ ਤਰ੍ਹਾਂ ਸ਼ਿਕਾਰ ਹਨ।

ਕੈਨੇਡਾ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਕੰਕਰੀਟ ਦਾ ਜੰਗਲ ਉਗਿਆ ਹੋਇਆ ਹੈ ਯਾਨੀ ਕਿ ਵੱਡੀਆਂ-ਵੱਡੀਆਂ ਬਹੁਮੰਜ਼ਿਲੀ ਇਮਾਰਤਾਂ ਹਨ। ਰਾਤ ਦੇ ਸਮੇਂ ਇਨ੍ਹਾਂ ਬਿਲਡਿੰਗਾਂ ਦੀ ਸਫ਼ਾਈ ਵਾਸਤੇ ਦੇਸੀ ਕਾਮੇ ਆਮ ਹੀ ਦੇਖੇ ਜਾ ਸਕਦੇ ਹਨ। ਇਨ੍ਹਾਂ ਬਿਲਡਿੰਗਾਂ ਵਿਚ ਕਾਮਿਆਂ ਦਾ ਸ਼ੋਸ਼ਣ ਹੁੰਦਾ ਹੈ ਉਹ ਕਿਸੇ ਤੋਂ ਭੁੱਲਿਆ ਹੋਇਆ ਨਹੀਂ ਹੈ।

**ਵਿਦੇਸ਼ੀ ਵਿਦਿਆਰਥੀਆਂ ਦੀ ਲੁੱਟ**

ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਇੰਗਲੈਂਡ, ਹਾਲੈਂਡ ਦੀਆਂ ਯੂਨੀਵਰਸਿਟੀਆਂ ਆਪਦਾ ਖਰਚੇ ਦਾ ਬਜਟ ਪੂਰਾ ਕਰਨ ਲਈ ਬਾਹਰਲੇ ਮੁਲਕਾਂ ਤੋਂ ਵਿਦਿਆਰਥੀਆਂ ਨੂੰ ਕੈਸ਼ ਕਾਊ (Cash Cow) ਦੇ ਤੌਰ 'ਤੇ ਵਰਤਦੀਆਂ ਹਨ। ਕੈਨੇਡੀਅਨ ਜਾਂ ਲੋਕਲ ਸਟੂਡੈਂਟਸ ਦੇ ਮੁਕਾਬਲੇ, ਬਦੇਸ਼ੀ, ਸਟੂਡੈਂਟਸ ਤੋਂ ਤਿੰਨ ਗੁਣਾਂ ਫੀਸਾਂ ਲਈਆਂ ਜਾਂਦੀਆਂ ਹਨ। ਇਹ ਤਾਂ ਵਿਦਿਆਰਥੀਆਂ ਦਾ ਅਸਲ ਮਕਸਦ ਪੜ੍ਹਨਾ ਨਹੀਂ ਸਗੋਂ ਬਾਹਰਲੇ ਮੁਲਕਾਂ ਵਿਚ ਪੱਕੇ ਹੋਣਾ ਹੈ। ਇਕ ਅੱਧੀ ਵਾਰ ਦੀ ਫੀਸ ਤਾਂ ਉਨ੍ਹਾਂ ਦੇ ਮਾਪੇ ਕਰਜ਼ਾ ਵਗੈਰਾ ਚੁੱਕ ਕੇ ਜਾਂ ਜ਼ਮੀਨ ਵਗੈਰਾ ਵੇਚ ਕੇ ਪੂਰੀ ਕਰ ਦਿੰਦੇ ਹਨ ਪਰ ਦੂਜੀ ਜਾਂ ਤੀਜੇ ਸਮੈਸਟਰ ਦੀ ਫੀਸ ਲਈ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਫਿਰ ਇਹ ਸਟੂਡੈਂਟਸ ਆਪਦੇ ਮਾਪਿਆਂ ਨੂੰ ਜਾਂ ਆਪਦੀਆਂ ਪਤਨੀਆਂ ਨੂੰ ਮੰਗਾ ਸਕਦੇ ਹਨ। ਇਥੇ ਆ ਕੇ ਇਨ੍ਹਾਂ ਦੇ ਮਾਪਿਆਂ ਦੀ ਲੁੱਟ ਕਰਨ ਲਈ, ਰੈਸਟੋਰੈਂਟ, ਕੰਸਟਰਕਸ਼ਨ ਤੇ ਕਲੀਨਅਪ ਦੇ ਮਗਰਮੱਛ ਮੂੰਹ ਅੱਡੀ ਖੜ੍ਹੇ ਹਨ। ਇਨ੍ਹਾਂ ਦੇ ਮਾਪਿਆਂ ਆ ਕੇ ਆਪਦੇ ਬੱਚਿਆਂ ਦਾ ਖਰਚ ਪੂਰਾ ਕਰਨ ਲਈ ਸਿਰਫ਼ ਦੋ ਜਾਂ ਤਿੰਨ ਡਾਲਰ ਘੰਟੇ ਤੇ ਹੋਟਲਾਂ ਦੇ ਭਾਂਡੇ ਧੋਈ ਜਾਂਦੇ ਹਨ। ਬਹੁਤ ਵਾਰੀ ਇਨ੍ਹਾਂ ਸਟੂਡੈਂਟਸ ਦੀਆਂ ਪਤਨੀਆਂ ਇਥੇ ਆ ਕੇ ਦੇਸੀ ਵਪਾਰਕ ਅਦਾਰਿਆਂ ਤੇ ਫਰੀ ਕੰਮ ਕਰੀ ਜਾਂਦੀਆਂ ਹਨ ਤਾਂ ਕਿ ਉਨ੍ਹਾਂ ਦੇ ਘਰ ਵਾਲੇ ਦੀ ਪੀ.ਆਰ. ਲੱਗ ਜਾਵੇ। ਬਹੁਤ ਵਾਰੀ ਇਹ ਵਪਾਰਕ ਅਦਾਰੇ, ਬਦੇਸ਼ੀ ਸਟੂਡੈਂਟਸ ਨੂੰ ਕਹਿੰਦੇ ਹਨ ਕਿ ਤੁਸੀਂ ਸਾਲ ਜਾਂ ਛੇ ਮਹੀਨੇ ਸਾਡੇ ਬਿਜਨਿਸ 'ਤੇ ਫਰੀ ਕੰਮ ਕਰ ਦੇਵੋ ਅਸੀਂ ਤੁਹਾਡੀ ਪੀ.ਆਰ. ਲਗਵਾ ਦੇਵਾਂਗੇ। ਕਈ ਵਾਰ ਫਰੀ ਕੰਮ ਕਰਾਇਆ ਜਾਂਦਾ ਹੈ ਤੇ ਸਟੂਡੈਂਟ ਦੀ ਪੀ.ਆਰ. ਨਹੀਂ ਲੱਗਦੀ ਤਾਂ ਉਸ ਸਟੂਡੈਂਟ ਨੂੰ ਮੁਲਕ ਛੱਡਣਾ ਪੈ ਜਾਂਦਾ ਹੈ ਫਿਰ ਬੜੀ ਚੀਠਤਾਈ ਨਾਲ ਉਸ ਸਟੂਡੈਂਟ ਦੀ ਮਿਹਨਤ ਵੀ ਮਾਰੀ ਜਾਂਦੀ ਹੈ। ਇਹ ਕੰਪਨੀਆਂ ਜਿਨ੍ਹਾਂ ਨੇ ਆਪਦੇ ਨਾਂ ਉਸ ਮਹਾਨ ਗੁਰੂ ਦੇ ਨਾਂ 'ਤੇ ਰਜਿਸਟਰਡ ਕਰਾਏ ਹਨ ਜਿਹੜਾ ਭਾਈ ਲਾਲੋਆਂ ਨੂੰ ਪਿਆਰ ਕਰਦਾ ਸੀ। ਇਹ ਲੋਕ ਹਰ ਰੋਜ਼ ਉਸ ਗੁਰੂ ਦੀ ਫੋਟੋ ਨੂੰ ਮੱਥਾ ਵੀ ਟੇਕਦੇ ਹਨ ਤੇ ਆਪ ਮਲਕ ਭਾਗੋ ਦਾ ਰੋਲ ਕਰਦੇ ਹਨ।

ਬਾਹਰਲੇ ਮੁਲਕਾਂ ਵਿਚ ਕਾਫ਼ੀ ਚਾਂਸ ਇਸ ਤਰ੍ਹਾਂ ਦੇ ਵੀ ਹੋਏ ਹਨ ਕਿ ਬਾਹਰ ਆਈਆਂ ਫੀ-ਮੇਲ ਸਟੂਡੈਂਟਸ ਨੂੰ ਧੰਦਾ ਵੀ ਕਰਨਾ ਪਿਆ। ਵੇਸਵਾਗਿਰੀ ਕਰਦੀਆਂ ਇਹ ਸਟੂਡੈਂਟਸ, ਵੈਨਕੂਵਰ, ਟੋਰਾਂਟੋ ਅਤੇ ਯੂ. ਕੇ. (ਇੰਗਲੈਂਡ) ਵਿਚ ਫੜੀਆਂ ਵੀ ਗਈਆ ਹਨ। ਸਟੂਡੈਂਟਸ ਨੂੰ ਤੇ ਟੈਂਪਰੇਰੀ ਫਾਰਨ ਵਰਕਰ ਨੂੰ ਇਸੇ ਧੱਕੇਸ਼ਾਹੀ ਦੇ ਖਿਲਾਫ਼ ਖੁਦ ਉਠਣਾ ਪੈਣਾ ਹੈ। ਉਹ ਲੇਬਰ ਰਿਲੇਸ਼ਨ ਬੋਰਡ ਨੂੰ ਸ਼ਿਕਾਇਤ ਕਰ ਸਕਦੇ ਹਨ। ਉਹ ਮਨਿਸਟਰੀ ਆਫ਼ ਲੇਬਰ ਨੂੰ ਸ਼ਿਕਾਇਤ ਕਰ ਸਕਦੇ ਹਨ। ਜੇਕਰ ਉਹ ਆਪਦੇ ਕੰਮ ਦਾ ਪੂਰਾ ਰਿਕਾਰਡ ਆਪਣੇ ਕੋਲ ਰੱਖਣ, ਹਰ ਰੋਜ਼ ਆਪਦੇ ਘੰਟੇ ਲਿਖਣ, ਜਦ ਪੈਸੇ ਘੱਟ ਮਿਲਣ ਤਾਂ ਲੇਬਰ ਬੋਰਡ ਕੋਲ ਸ਼ਿਕਾਇਤ ਕਰਨ। ਲੇਬਰ ਬੋਰਡ ਦਾ ਨੰਬਰ ਕਿਤੋਂ ਵੀ ਲਿਆ ਜਾ ਸਕਦਾ ਹੈ। ਜੇਕਰ ਮਾਲਕ ਧਮਕੀ ਵੀ ਦਿੰਦਾ ਹੈ ਬਿਲਕੁਲ ਨਾ ਡਰਨ ਕਿਉਂਕਿ ਲੇਬਰ ਬੋਰਡ ਉਨ੍ਹਾਂ ਦੇ ਹੱਕ ਦਿਵਾਏਗਾ ਤੇ ਡਿਪੋਰਟ ਹੋਣ ਦਾ ਡਰ ਦਿਲ ਵਿਚੋਂ ਕੱਢ ਦੇਣ।


ਹਰਚਰਨ ਸਿੰਘ ਪਰਹਾਰ
(ਸੰਪਾਦਕ-ਸਿੱਖ ਵਿਰਸਾ, ਮੈਗਜ਼ੀਨ)
403-681-8689
hp8689@gmail.com

# ਕੈਨੇਡਾ ਵਿੱਚ ਭੰਗ (ਮੈਰਵਾਨਾ) ਨੂੰ ਕਨੂੰਨੀ ਮਾਨਤਾ!



2015 ਦੀਆਂ ਫੈਡਰਲ ਚੋਣਾਂ ਮੌਕੇ ਲਿਬਰਲ ਪਾਰਟੀ ਵਲੋਂ ਕੀਤੇ ਗਏ ਚੋਣ ਵਾਅਦੇ ਮੁਤਾਬਿਕ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਜੁਲਾਈ 1, 2018 ਤੋਂ ਕੈਨੇਡਾ ਭਰ ਵਿੱਚ ਭੰਗ ਨੂੰ ਖਾਣ ਜਾਂ ਪੀਣ (ਸਿਗਰਟ ਵਾਂਗ) ਲਈ ਮਾਨਤਾ ਦੇ ਦਿੱਤੀ ਜਾਵੇਗੀ। ਯਾਦ ਰਹੇ ਕੈਨੇਡਾ ਵਿੱਚ ਹੁਣ ਭੰਗ ਸਿਹਤ ਕਾਰਨਾਂ (ਜੇ ਕਿਸੇ ਬੀਮਾਰੀ ਨਾਲ ਸਰੀਰ ਵਿੱਚ ਬਹੁਤ ਦਰਦ ਰਹਿੰਦਾ ਹੋਵੇ ਤਾਂ ਮੈਡੀਸਨ ਦੇ ਤੌਰ 'ਤੇ ਭੰਗ ਲਈ ਜਾ ਸਕਦੀ ਹੈ) ਕਰਕੇ ਡਾਕਟਰ ਵਲੋਂ ਲਿਖਣ ਤੋਂ ਬਾਅਦ ਮਰੀਜ਼ ਲੈ ਸਕਦਾ ਹੈ। ਪਰ ਜੁਲਾਈ, 2018 ਤੋਂ ਲੋਕ ਸ਼ਰਾਬ ਜਾਂ ਸਿਗਰਟਾਂ ਵਾਂਗ ਇਸਨੂੰ ਸਟੋਰਾਂ ਤੋਂ ਖਰੀਦ ਸਕਿਆ ਕਰਨਗੇ। ਮਿਲੀ ਜਾਣਕਾਰੀ ਅਨੁਸਾਰ ਭੰਗ ਨੂੰ ਸ਼ਰਾਬ ਦੇ ਠੇਕਿਆਂ ਤੇ ਵੇਚਿਆ ਨਹੀਂ ਜਾ ਸਕੇਗਾ, ਪਰ ਇਹ ਗਰੌਸਰੀ ਸਟੋਰਾਂ ਜਾਂ ਕਾਰਨਰ ਸਟੋਰਾਂ ਤੋਂ ਮਿਲ ਸਕੇਗੀ। ਪਿਛਲੇ ਸਾਲ ਲਿਬਰਲ ਪਾਰਟੀ ਵਲੋਂ ਪੇਸ਼ ਕੀਤੇ ਗਏ ਬਿੱਲ ਸੀ-45 (Bill C-45) (ਜਿਸਨੂੰ ਕੈਨਾਬਿਸ ਐਕਟ) ਵੀ ਕਿਹਾ ਜਾਂਦਾ ਹੈ) ਦੇ ਪਾਸ ਹੋਣ ਨਾਲ 18 ਸਾਲ ਤੋਂ ਉਪਰ ਉਮਰ ਦਾ ਕੋਈ ਵੀ ਮਰਦ/ਔਰਤ 30 ਗਰਾਮ ਤੱਕ ਭੰਗ ਇੱਕ ਵਕਤ ਖਰੀਦ ਸਕਦਾ ਹੈ। ਇਸ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਕਿ ਕੋਈ ਵਿਅਕਤੀ 30 ਗਰਾਮ ਦਿਨ ਵਿੱਚ ਕਿਤਨੀ ਵਾਰ ਖਰੀਦ ਸਕਦਾ ਹੈ? ਭੰਗ ਨੂੰ ਅੰਗਰੇਜ਼ੀ ਵਿੱਚ ਮੈਰਵਾਨਾ, ਕੈਨਾਬਿਸ, ਵੀਡ, ਪੌਟ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ ਮੌਜੂਦਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 2013 ਵਿੱਚ 'ਹਾਫਿੰਗਟਨ ਪੋਸਟ' ਨੂੰ ਦਿੱਤੀ ਇੱਕ ਇੰਟਰਵੀਊ ਵਿੱਚ ਮੰਨਿਆ ਸੀ ਕਿ ਗੈਰ ਕਨੂੰਨੀ ਹੋਣ ਦੇ ਬਾਵਜੂਦ ਉਸਨੇ ਆਪਣੇ ਦੋਸਤਾਂ ਨਾਲ ਮਿਲ ਕੇ ਕਈ ਵਾਰ ਭੰਗ ਪੀਤੀ ਸੀ। ਮੌਜੂਦਾ ਕਨੂੰਨ ਅਨੁਸਾਰ ਕਿਸੇ ਵਿਅਕਤੀ ਦੇ ਕਬਜ਼ੇ ਵਿਚੋਂ ਭੰਗ ਬਰਾਮਦ ਹੋਣ ਜਾਂ ਵੇਚਣ ਦੇ ਜ਼ੁਰਮ ਵਿੱਚ ਸਜ਼ਾ ਜਾਂ ਜ਼ੁਰਮਾਨਾ ਹੋ ਸਕਦਾ ਹੈ। ਪਾਠਕਾਂ ਦੀ ਜਾਣਕਾਰੀ ਲਈ ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਕੈਨੇਡਾ ਵਿੱਚ ਪਹਿਲੀ ਵਾਰ ਨਸ਼ਿਆਂ ਤੇ ਪਾਬੰਧੀ ਲਈ 1908 ਵਿੱਚ 'ਓਪੀਅਮ ਐਕਟ' (Opium Act 1908) ਬਣਿਆ ਸੀ, ਜਿਸ ਅਨੁਸਾਰ ਅਫੀਮ ਖਾਣ ਜਾਂ ਵੇਚਣ ਤੇ ਪਾਬੰਦੀ ਲਗਾਈ ਗਈ ਸੀ। ਚੀਨ ਦੇ ਇਤਿਹਾਸ ਅਨੁਸਾਰ ਬਸਤੀਵਾਦੀ ਅੰਗਰੇਜ਼ਾਂ ਵਲੋਂ 18-19ਵੀਂ ਸਦੀ ਵਿੱਚ ਭਾਰਤ ਵਿੱਚ ਤਿਆਰ ਕੀਤੀ ਜਾਂਦੀ ਅਫੀਮ ਨੂੰ ਚੀਨਿਆਂ ਨੂੰ ਅਫੀਮਚੀ ਬਣਾਉਣ ਤੇ ਪੈਸਾ ਕਮਾਉਣ ਲਈ ਸਾਜ਼ਿਸ਼ ਦੇ ਤੌਰ ਵਰਤਿਆ ਜਾਂਦਾ ਸੀ। ਬਾਅਦ ਵਿੱਚ ਚੀਨੀਆਂ ਵਲੋਂ ਅੰਗਰੇਜ਼ਾਂ ਤੇ ਫਰਾਂਸੀਸੀਆਂ ਖਿਲਾਫ 19ਵੀਂ ਸਦੀ ਦੇ ਅੱਧ ਵਿੱਚ ਦੋ ਅਫੀਮ ਵਿਰੋਧੀ ਲੜਾਈਆਂ ਲੜੀਆਂ ਗਈਆਂ ਸਨ। 19ਵੀਂ ਸਦੀ ਦੇ ਅਖੀਰ ਵਿੱਚ ਜਦੋਂ ਚੀਨੇ ਕਨੇਡਾ ਆਉਣੇ ਸ਼ੁਰੂ ਹੋਏ ਤਾਂ ਉਨ੍ਹਾਂ ਨੇ ਇਥੇ ਆ ਕੇ ਅਫੀਮ ਖਾਣੀ ਤੇ ਵੇਚਣੀ ਸ਼ੁਰੂ ਕਰ ਦਿੱਤੀ, ਜਿਸ ਤੋਂ ਘਬਰਾ ਕੇ ਕੈਨੇਡਾ ਦੀ ਨਸਲਵਾਦੀ ਗੋਰੀ ਸਰਕਾਰ ਨੇ ਗੋਰਿਆਂ ਦੀ ਨੌਜਵਾਨੀ ਨੂੰ ਅਫੀਮਚੀ ਬਣਨ ਤੋਂ ਬਚਾਉਣ ਲਈ 1908 ਵਾਲਾ ਅਫੀਮ ਵਿਰੋਧੀ ਕਨੂੰਨ ਪਾਸ ਕੀਤਾ ਸੀ। ਇੱਕ ਪਾਸੇ ਕਨੇਡਾ ਦੀ ਨਸਲਵਾਦੀ ਸਰਕਾਰ ਆਪਣੀ ਗੋਰੀ ਨਸਲ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਣਾ ਚਾਹੁੰਦੀ ਸੀ, ਦੂਜੇ ਪਾਸੇ ਕੈਨੇਡਾ ਵਿੱਚ ਹੀ 'ਨੇਟਿਵਜ਼' (ਮੂਲ ਨਿਵਾਸੀਆਂ) ਨੂੰ ਸਾਜ਼ਿਸ਼ ਅਧੀਨ ਨਸ਼ਈ ਬਣਾਇਆ ਜਾ ਰਿਹਾ ਸੀ ਤੇ ਅੱਜ ਵੀ ਉਨ੍ਹਾਂ ਨੂੰ ਜੰਗਲੀ ਇਲਾਕਿਆਂ ਵਿੱਚ ਰਿਜਰਵ ਏਰੀਆਂ ਵਿੱਚ ਰਹਿਣਾ ਪੈ ਰਿਹਾ ਹੈ, ਜਿਥੇ ਸ਼ਰਾਬ ਤੇ ਹੋਰ ਨਸ਼ਿਆਂ ਦੀ ਲੱਤ ਨਾਲ ਉਨ੍ਹਾਂ ਦਾ ਸਾਰਾ ਪਰਿਵਾਰਕ ਤੇ ਸਮਾਜਿਕ ਜੀਵਨ ਤਬਾਹ ਹੋ ਚੁੱਕਾ ਹੈ। ਕਨੇਡਾ ਵਰਗੇ ਸਵਰਗ ਵਿੱਚ ਵੀ ਉਹ ਆਪਣੀ ਧਰਤੀ ਤੇ ਨਰਕਾਂ ਵਾਲਾ ਜੀਵਨ ਬਤੀਤ ਕਰ ਰਹੇ ਹਨ। ਇਸ ਤੋਂ ਬਾਅਦ 1911, 1920 ਤੇ 1923 ਵਿੱਚ 'ਓਪੀਅਮ ਤੇ ਡਰੱਗ ਐਕਟ', 'ਓਪੀਅਮ ਤੇ ਨਾਰਕੋਟਿਕ ਐਕਟ' ਆਦਿ ਨਵੇਂ ਕਾਨੂੰਨ ਲਿਆਂਦੇ ਗਏ ਤਾਂ ਕਿ ਗੋਰਿਆਂ ਦੀ ਨੌਜਵਾਨੀ ਨੂੰ ਅਫੀਮ, ਭੰਗ, ਚਰਸ, ਗਾਂਜਾ, ਹੈਰੋਇਨ ਆਦਿ ਨਸ਼ਿਆਂ ਵੱਲ ਜਾਣ ਤੋਂ ਰੋਕਿਆ ਜਾ ਸਕੇ। ਉਨ੍ਹਾਂ ਸਮਿਆਂ ਵਿੱਚ ਹੀ 'ਚਾਈਨੀਜ਼ ਐਕਸਕਲੂਜ਼ਨ ਐਕਟ 1923' ਪਾਸ ਕਰਕੇ ਚੀਨਿਆਂ ਦੇ ਕਨੇਡਾ ਵਿੱਚ ਦਾਖਲੇ ਤੇ ਪਾਬੰਦੀ ਲਗਾਈ ਗਈ ਸੀ ਤਾਂ ਕਿ ਨਸ਼ਿਆਂ ਦੀ ਸਮਗਲਿੰਗ ਰੋਕੀ ਜਾ ਸਕੇ। ਇਹ ਨਸਲਵਾਦੀ ਕਨੂੰਨ 1947 ਵਿੱਚ ਖਤਮ ਕੀਤਾ ਗਿਆ ਸੀ ਤੇ 1967 ਤੋਂ ਬਾਅਦ ਚੀਨਿਆਂ ਦਾ ਕਨੇਡਾ ਵਿੱਚ ਆਉਣਾ ਦੁਬਾਰਾ ਸ਼ੁਰੂ ਹੋਇਆ ਸੀ। ਪਿਛਲ਼ੀ ਟੋਰੀ ਸਰਕਾਰ ਦੇ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ 2006 ਵਿੱਚ ਚੀਨਿਆਂ ਕੋਲੋਂ ਇਸ ਨਸਲਵਾਦੀ ਕਨੂੰਨ ਦੌਰਾਨ ਹੋਈਆਂ ਜ਼ਿਆਦਤੀਆਂ ਲਈ ਮੁਆਫੀ ਵੀ ਮੰਗੀ ਸੀ। ਨਸ਼ਿਆਂ ਵਿਰੁੱਧ ਇਨ੍ਹਾਂ ਪਾਬੰਦੀਆਂ ਦੇ ਬਾਵਜੂਦ 1960 ਦੇ ਦਹਾਕੇ ਦੇ ਆਖਰੀ ਸਾਲਾਂ ਵਿੱਚ 'ਹਿੱਪੀ ਮੂਵਮੈਂਟ' ਦੇ ਪ੍ਰਭਾਵ ਅਧੀਨ ਪੱਛਮੀ ਦੇਸ਼ਾਂ ਦੀ ਗੋਰੀ ਨਸਲ ਦੇ ਨੌਜਵਾਨ ਮੁੰਡੇ-ਕੁੜੀਆਂ ਭੰਗ, ਚਰਸ, ਗਾਂਜਾ, ਹੈਰੋਇਨ ਆਦਿ ਨਸ਼ਿਆਂ ਵਿੱਚ ਗਲਤਾਨ ਹੋਣਾ ਸ਼ੁਰੂ ਹੋ ਗਏ ਸਨ, ਜਿਸਦੇ ਨਤੀਜੇ ਵਜੋਂ ਵੱਡੀ ਗਿਣਤੀ ਵਿੱਚ ਲੋਕਾਂ ਵਲੋਂ ਆਜ਼ਾਦੀ ਦੇ ਨਾਮ ਤੇ ਇਨ੍ਹਾਂ ਨਸ਼ਿਆਂ ਤੋਂ ਪਾਬੰਦੀ ਹਟਾਈ ਜਾਣ ਦੀ ਮੰਗ ਉਠਣ ਲੱਗੀ। ਇਸੇ ਕਰਕੇ ਕੈਨੇਡਾ ਦੀ ਲਿਬਰਲ ਸਰਕਾਰ ਨੇ 2001 ਵਿੱਚ ਮੈਡੀਕਲ ਕਾਰਨਾਂ ਕਰਕੇ ਡਾਕਟਰ ਦੀ ਸਲਾਹ ਨਾਲ ਇੱਕ ਖਾਸ ਮਾਤਰਾ ਵਿੱਚ ਭੰਗ ਵਰਤਣ ਨੂੰ ਕਨੂੰਨੀ ਮਾਨਤਾ ਦੇ ਦਿੱਤੀ। ਸੰਨ 2016 ਵਿੱਚ 'ਨੈਨੋਸ ਰਿਸਰਚ' ਨਾਮ ਦੀ ਇੱਕ ਸੰਸਥਾ ਵਲੋਂ ਕਨੇਡਾ ਭਰ ਵਿੱਚ ਕਰਵਾਏ ਸਰਵੇਖਣ ਅਨੁਸਾਰ 10 ਵਿਚੋਂ 7 ਕੈਨੇਡੀਅਨ ਭੰਗ ਨੂੰ ਲੀਗਲ ਕਰਨ ਦੇ ਹੱਕ ਵਿੱਚ ਸਨ। ਹੁਣ ਨਵੇਂ ਬਿੱਲ ਸੀ-45 ਦੇ ਕਨੂੰਨ ਬਣਨ ਨਾਲ ਭੰਗ ਨੂੰ 'ਕੰਟਰੋਲਡ ਡਰੱਗ ਐਂਡ ਸਬਸਟਾਂਸ ਐਕਟ 1996' ਵਿਚੋਂ ਕੱਢ ਦਿੱਤਾ ਜਾਵੇਗਾ। ਯਾਦ ਰਹੇ ਇਸ ਐਕਟ ਵਿੱਚ 100 ਤੋਂ ਵੀ ਵੱਧ ਤਰ੍ਹਾਂ ਦੇ ਕੈਮੀਕਲ ਨਸ਼ਿਆਂ ਦੇ ਵਰਤਣ ਅਤੇ ਵੇਚਣ ਤੇ ਪਾਬੰਦੀ ਹੈ।

ਅਲਬਰਟਾ ਦੀ ਐਨ. ਡੀ. ਪੀ. ਸਰਕਾਰ ਵਲੋਂ ਵੀ ਬਿੱਲ-26 ਰਾਹੀਂ ਅਲਬਰਟਾ ਵਿੱਚ ਜੁਲਾਈ ਤੋਂ ਭੰਗ ਦੇ ਖਾਣ-ਪੀਣ ਤੇ ਵੇਚਣ ਨੂੰ ਹਰੀ ਝੰਡੀ ਦੇ ਦਿੱਤੀ ਗਈ ਹੈ। ਜਦੋਂ ਤੋਂ ਕੈਨੇਡਾ ਵਿੱਚ ਭੰਗ ਨੂੰ ਲੀਗਲ ਕਰਨ ਦੀ ਗੱਲ ਚੱਲੀ ਹੈ, ਉਦੋਂ ਤੋਂ ਹੀ ਭੰਗ ਨਾਲ ਸਬੰਧਤ ਇੰਡਸਟਰੀ ਦੀ ਸ਼ੇਅਰ ਮਾਰਕੀਟ ਸਿੱਖਰਾਂ ਛੂਹਣ ਲੱਗੀ ਹੈ। ਫਾਈਨੈਂਸ਼ੀਅਲ ਸੈਕਟਰ ਨਾਲ ਸਬੰਧਤ ਪਬਲੀਕੇਸ਼ਨ 'ਮਨੀ ਮੌਰਨਿੰਗ' ਦੀ ਪਿਛਲੇ ਦਿਨੀਂ ਛਪੀ ਇੱਕ ਰਿਪੋਰਟ ਅਨੁਸਾਰ ਭੰਗ ਨਾਲ ਸਬੰਧਤ ਸਟਾਕ 15000% ਵਧ ਚੁੱਕੇ ਹਨ। 'ਵਾਲ ਸਟਰੀਟ ਜਰਨਲ' ਅਨੁਸਾਰ 2018 ਦੇ ਅਖੀਰ ਤੱਕ ਕੈਨੇਡਾ ਵਿੱਚ 22000 ਪੌਂਡ ਭੰਗ ਵਿਕਣ ਦੀ ਸੰਭਾਵਨਾ ਹੈ ਤੇ ਇਹ ਗਿਣਤੀ ਅਗਲੇ 8-10 ਸਾਲਾਂ ਵਿੱਚ 3 ਗੁਣਾਂ ਹੋਣ ਦੀ ਸੰਭਾਵਨਾ ਹੈ। ਹੁਣ ਤੱਕ 100 ਤੋਂ ਵੱਧ ਕੰਪਨੀਆਂ ਨੂੰ ਭੰਗ ਪੈਦਾ (ਉਗਾਉਣ) ਕਰਨ ਅਤੇ 100 ਤੋਂ ਵੱਧ ਕੰਪਨੀਆਂ ਨੂੰ ਭੰਗ ਵੇਚਣ ਦੇ ਲਾਇਸੈਂਸ ਦਿੱਤੇ ਗਏ ਹਨ। ਅਲਬਰਟਾ ਸਰਕਾਰ ਵਲੋਂ ਜਾਰੀ ਬਿਆਨ ਅਨੁਸਾਰ ਇਸ ਸਾਲ 250 ਲਾਇਸੈਂਸ ਜਾਰੀ ਕੀਤੇ ਜਾਣਗੇ ਤੇ ਅਗਲੇ ਸਾਲਾਂ ਵਿੱਚ ਲੋੜ ਅਨੁਸਾਰ ਗਿਣਤੀ ਵਧਾਈ ਜਾਵੇਗੀ। ਜੁਲਾਈ 1 ਤੋਂ ਬਾਅਦ ਸਾਊਥ ਅਮਰੀਕਨ ਦੇਸ਼ 'ਯੁਰੂਗੋਏ' (Urugoay) ਤੋਂ ਬਾਅਦ ਵਿਕਸਤ ਦੇਸ਼ਾਂ ਵਿਚੋਂ ਕਨੇਡਾ ਪਹਿਲਾ ਦੇਸ਼ ਬਣ ਜਾਵੇਗਾ, ਜਿਥੇ ਭੰਗ ਨੂੰ ਹਰ ਪੱਧਰ ਤੇ ਲੀਗਲ ਮਾਨਤਾ ਮਿਲ ਜਾਵੇਗੀ। ਬੇਸ਼ਕ ਅਮਰੀਕਾ ਵਿੱਚ ਪਿਛਲ਼ੇ ਕਈ ਸਾਲਾਂ ਤੋਂ ਕੁਝ ਸਟੇਟਾਂ ਵਲੋਂ ਭੰਗ ਨੂੰ ਮਾਨਤਾ ਦਿੱਤੀ ਹੋਈ ਹੈ। ਪਰ ਇਹ ਸਾਰੇ ਅਮਰੀਕਾ ਵਿੱਚ ਲੀਗਲ ਨਹੀਂ ਹੈ। ਇੱਕ ਅੰਦਾਜ਼ੇ ਮਤਾਬਿਕ 2017 ਵਿੱਚ ਭੰਗ ਦੀ ਇੰਡਸਟਰੀ ਤਕਰੀਬਨ 10 ਬਿਲੀਅਨ ਡਾਲਰ ਦੀ ਸੀ ਅਤੇ ਕੈਨੇਡਾ ਦੇ ਲੀਗਲ ਕਰਨ ਨਾਲ, ਜਿਥੇ ਅਮਰੀਕਾ ਸਮੇਤ ਹੋਰ ਦੇਸ਼ਾਂ ਵਿੱਚ ਇਸਦੇ ਲੀਗਲ ਕਰਨ ਦੀ ਮੰਗ ਉਠੇਗੀ, ਉਥੇ ਮਾਹਿਰਾਂ ਅਨੁਸਾਰ ਇਹ ਇੰਡਸਟਰੀ ਅਗਲੇ 10 ਸਾਲਾਂ ਵਿੱਚ 100 ਬਿਲੀਅਨ ਹੋਣ ਦੀ ਸੰਭਾਵਨਾ ਹੈ। ਜੇ ਤਾਜ਼ਾ ਰੁਝਾਨਾਂ ਨੂੰ ਦੇਖੀਏ ਤਾਂ ਸਰਕਾਰਾਂ ਤੋਂ ਲੈ ਕੇ ਵੱਡੀਆਂ ਕਾਰਪੋਰੇਸ਼ਨਾਂ ਤੇ ਛੋਟੇ ਬਿਜਨੈਸਮੈਨਾਂ ਦੀ ਪਿਛਲੇ ਸਾਲ ਤੋਂ ਦੌੜ ਲੱਗੀ ਹੋਈ ਕਿ ਕਿਵੇਂ ਨਾ ਕਿਵੇਂ ਉਹ ਵੀ ਵਹਿੰਦੀ ਗੰਗਾ ਵਿੱਚ ਹੱਥ ਧੋ ਲੈਣ। ਹਰ ਇੱਕ ਦੀ ਨਿਗ੍ਹਾ ਮਾਇਆ ਦੇ ਵੱਡੇ ਗੱਫਿਆਂ ਵੱਲ ਲੱਗੀ ਹੋਈ ਹੈ।

ਤਕਰੀਬਨ 100 ਸਾਲ ਪਹਿਲਾਂ ਦੀਆਂ ਸਰਕਾਰਾਂ ਵਲੋਂ ਬੇਸ਼ੱਕ ਨਸ਼ੇ ਵਿਰੋਧੀ ਕਨੂੰਨ ਨਸਲੀ ਅਧਾਰ 'ਤੇ ਬਣਾਏ ਗਏ ਸਨ, ਪਰ ਉਨ੍ਹਾਂ ਵਿਚੋਂ ਸਰਕਾਰਾਂ ਦੀ ਆਪਣੇ ਲੋਕਾਂ ਦੀ ਸਿਹਤ ਅਤੇ ਸਮਾਜ ਤੇ ਪੈਣ ਵਾਲੇ ਪ੍ਰਭਾਵਾਂ ਪ੍ਰਤੀ ਚਿੰਤਾ ਸਪੱਸ਼ਟ ਸੀ। ਪਿਛਲੀ ਸਦੀ ਤੱਕ ਲੋਕ ਵਿਰੋਧੀ ਹਾਕਮਾਂ ਵਲੋਂ ਲੋਕਾਂ ਨੂੰ ਗੁਲਾਮ ਬਣਾਉਣ ਲਈ ਨਸ਼ਿਆਂ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਜਾਂਦਾ ਰਿਹਾ ਹੈ ਵੱਖ-ਵੱਖ ਦੇਸ਼ਾਂ ਦੇ ਮੂਲ ਨਿਵਾਸੀਆਂ (ਕੈਨੇਡਾ, ਅਮਰੀਕਾ, ਨਿਊਜ਼ੀਲੈਂਡ, ਆਸਟਰੇਲੀਆ ਆਦਿ) ਦੇ ਮੌਜੂਦਾ ਹਾਲਾਤ, ਇਸ ਦੀਆਂ ਸਪੱਸ਼ਟ ਉਦਾਹਰਣਾਂ ਹਨ। ਇਹ ਸਿਲਸਿਲਾ ਅੱਜ ਵੀ ਲੋਕਤੰਤਰੀ ਸਰਕਾਰਾਂ ਵਲੋਂ ਲੋਕਾਂ ਦੀ ਅਜ਼ਾਦੀ ਦੇ ਨਾਮ ਤੇ ਚੱਲ ਰਿਹਾ ਹੈ, ਉਨ੍ਹਾਂ ਵਲੋਂ ਦੂਜਾ ਪੱਖ ਇਹ ਪੇਸ਼ ਕੀਤਾ ਜਾਂਦਾ ਹੈ ਕਿ ਨਸ਼ਿਆਂ ਨੂੰ ਲੀਗਲ ਕਰਨ ਨਾਲ ਜਿਥੇ ਜ਼ੁਰਮ ਘਟਦਾ ਹੈ, ਉਥੇ ਸਰਕਾਰ ਕੋਲ ਟੈਕਸ ਰੂਪ ਵਿੱਚ ਵੱਧ ਪੈਸਾ ਇਕੱਠਾ ਹੁੰਦਾ ਹੈ, ਜਿਸਨੂੰ ਉਹ ਲੋਕ ਭਲਾਈ ਲਈ ਖਰਚ ਸਕਦੇ ਹਨ। ਬੜਾ ਅਜੀਬ ਤਰਕ ਹੈ ਕਿ ਪਹਿਲਾਂ ਲੋਕਾਂ ਨੂੰ ਨਸ਼ਈ ਬਣਾਉ, ਫਿਰ ਉਸ ਵਿਚੋਂ ਟੈਕਸ ਰੂਪ ਵਿੱਚ ਇਕੱਠੇ ਕੀਤੇ ਪੈਸੇ ਵਿਚੋਂ ਕੁਝ ਹਿੱਸਾ ਉਨ੍ਹਾਂ ਦੀ ਭਲਾਈ ਲਈ ਖਰਚੋ? ਇਥੇ ਇਹ ਵੀ ਵਰਨਣਯੋਗ ਹੈ ਕਿ ਨਸ਼ਿਆਂ ਵਿਰੋਧੀ ਜਾਂ ਘਰੇਲੂ ਹਿੰਸਾ ਆਦਿ ਦੀਆਂ ਬਹੁਤ ਸਾਰੀਆਂ NGO (ਨਾਨ ਪਰੌਫਿਟ ਸੰਸਥਾਵਾਂ) ਵੀ ਇਨ੍ਹਾਂ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਹੀ ਹੁੰਦੀਆਂ ਹਨ, ਜਿਨ੍ਹਾਂ ਨੂੰ ਟੈਕਸ ਵਿਚੋਂ ਵੱਡੀ ਫੰਡਿਗ ਦਿੱਤੀ ਜਾਂਦੀ ਹੈ। ਇੱਕ ਤਰਕ ਇਹ ਵੀ ਦਿੱਤਾ ਜਾ ਰਿਹਾ ਹੈ ਕਿ ਭੰਗ ਦਾ ਤੰਬਾਕੂ ਨਾਲੋਂ ਸਿਹਤ ਤੇ ਘੱਟ ਅਸਰ ਪੈਂਦਾ ਹੈ ਅਤੇ ਇਸਦੇ ਸਿਹਤ ਪੱਖੋਂ ਕਈ ਲਾਭ ਵੀ ਹਨ। ਬਹੁਤ ਸਾਰੇ ਲੋਕ, ਜੋ ਕਿਸੇ ਤਰ੍ਹਾਂ ਦੀ ਸਰੀਰਕ ਦਰਦ ਤੋਂ ਪ੍ਰੇਸ਼ਾਨ ਹਨ, ਉਨ੍ਹਾਂ ਨੂੰ ਇਹ ਰਾਹਤ ਦੇਵੇਗਾ। ਪਰ ਇਨ੍ਹਾਂ ਦਾਅਵਿਆਂ ਵਿੱਚ ਕਿਤਨੀ ਕੁ ਸਚਾਈ ਹੈ, ਇਹ ਸਮਾਂ ਹੀ ਦੱਸੇਗਾ ਕਿਉਂਕਿ ਪਿਛਲੇ ਸਮੇਂ ਵਿੱਚ ਅਨੇਕਾਂ ਇਹੋ ਜਿਹੇ ਮਾਮਲੇ ਸਾਹਮਣੇ ਆਏ ਹਨ, ਜਦੋਂ ਸਰਮਾਏਦਾਰ ਸਰਕਾਰਾਂ ਤੇ ਵੱਡੀਆਂ ਕਾਰਪੋਰੇਸ਼ਨਾਂ, ਪੈਸੇ ਦੇ ਜ਼ੋਰ ਨਾਲ ਲੋਕਾਂ ਦੀ ਰਾਏ ਬਦਲਣ ਲਈ ਮਨਮਰਜ਼ੀ ਦੇ ਸਰਵੇ ਕਰਵਾ ਲੈਂਦੀਆਂ ਹਨ। ਮੇਨ ਸਟਰੀਮ ਮੀਡੀਆ ਵੀ ਇਨ੍ਹਾਂ ਦੇ ਕੰਟਰੋਲ ਵਿੱਚ ਹੁੰਦਾ ਹੈ, ਜਿਸ ਰਾਹੀਂ ਲੋਕਾਂ ਵਿੱਚ ਆਪਣੇ ਰਾਜਨੀਤਕ ਤੇ ਆਰਥਿਕ ਹਿੱਤਾਂ ਲਈ ਮਾਰਕੀਟਿੰਗ ਕਰ ਲੈਂਦੇ ਹਨ। ਜਦੋਂ 1993 ਵਿੱਚ ਅਲਬਰਟਾ ਵਿੱਚ ਸ਼ਰਾਬ ਦੇ ਬਿਜਨੈਸ ਨੂੰ ਪ੍ਰਾਈਵੇਟ ਕੀਤਾ ਗਿਆ ਤਾਂ ਉਸ ਵੇਲੇ ਅਲਬਰਟਾ ਵਿੱਚ 208 ਸਰਕਾਰੀ ਠੇਕੇ ਸਨ, ਜੋ ਕਿ ਹੁਣ 2000 ਤੋਂ ਵੱਧ ਹਨ। ਜਿਸਦਾ ਨਤੀਜਾ ਇਹ ਨਿਕਲਿਆ ਹੈ ਕਿ ਪਿਛਲੇ ਸਾਲ ਕੈਨੇਡਾ ਵਿਚੋਂ ਅਲਬਰਟਾ ਵਿੱਚ ਸਭ ਤੋਂ ਵੱਧ ਸ਼ਰਾਬ ਪੀਤੀ ਗਈ ਤੇ ਸ਼ਰਾਬ ਦੀ ਖਪਤ ਪਿਛਲੇ 20 ਸਾਲਾਂ ਵਿੱਚ 10 ਗੁਣਾਂ ਵਧੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਨਾਲ ਸਰਕਾਰ ਨੇ ਵੱਧ ਟੈਕਸ ਇਕੱਠਾ ਕੀਤਾ, ਪਰ ਸਰਕਾਰ ਤੋਂ ਕਿਸੇ ਇਹ ਨਹੀਂ ਪੁਛਿਆ ਕਿ ਸ਼ਰਾਬ ਨਾਲ ਹੋਈਆਂ ਮੌਤਾਂ, ਬੀਮਾਰੀਆਂ, ਐਕਸੀਡੈਂਟਾਂ, ਘਰੇਲੂ ਹਿੰਸਾ, ਜ਼ੁਰਮ ਆਦਿ ਵਿੱਚ ਕਿਤਨਾ ਵਾਧਾ ਹੋਇਆ ਤੇ ਇਨ੍ਹਾਂ ਕਰਕੇ ਕਿਤਨਾ ਸਰਕਾਰੀ ਖਰਚਾ ਹੋਇਆ? ਇਸ ਤੋਂ ਵੀ ਵੱਧ ਸੋਚਣ ਵਾਲੀ ਗੱਲ ਹੈ ਕਿ ਸ਼ਰਾਬੀਆਂ ਜਾਂ ਨਸ਼ਈਆਂ ਕਾਰਨ ਲੋਕਾਂ ਦੇ ਪਰਿਵਾਰਕ ਤੇ ਸਮਾਜਿਕ ਜੀਵਨ ਦਾ ਪੱਧਰ ਕਿਤਨਾ ਨੀਵਾਂ ਹੋਇਆ ਹੈ? ਅੱਜ ਜੇ ਹਸਪਤਾਲਾਂ ਦੀ ਐਮਰਜੈਂਸੀ ਵਿੱਚ 5-8 ਘੰਟੇ ਦਾ ਇੰਤਜਾਰ ਕਰਨਾ ਪੈਂਦਾ ਹੈ ਤਾਂ ਉਸ ਵਿੱਚ ਨਸ਼ਿਆਂ (ਸ਼ਰਾਬ, ਸਿਗਰਟਨੋਸ਼ੀ ਆਦਿ) ਨਾਲ ਹੋਣ ਵਾਲੀਆਂ ਬੀਮਾਰੀਆਂ ਤੇ ਐਕਸੀਡੈਂਟਾਂ ਦਾ ਵੀ ਵੱਡਾ ਰੋਲ ਹੈ।

ਸਰਕਾਰ ਭੰਗ ਨੂੰ ਸਰਕਾਰੀ ਮਾਨਤਾ ਦੇਣ ਵਿੱਚ ਵੱਡਾ ਕਾਰਨ ਜ਼ੁਰਮ ਨੂੰ ਰੋਕਣਾ ਤੇ ਸਿਹਤ ਸਬੰਧੀ ਕਾਰਨਾਂ ਨੂੰ ਦੱਸਦੀ ਹੈ। ਭੰਗ ਨੂੰ ਕਨੂੰਨੀ ਮਾਨਤਾ ਦੇਣ ਦੇ ਹਮਾਇਤੀਆਂ ਦਾ ਇਹ ਵੀ ਦਾਅਵਾ ਹੈ ਕਿ ਇਸ ਨਾਲ ਸਟਰੈਸ ਘਟਦੀ ਹੈ, ਨੀਂਦ ਵਧਦੀ ਹੈ, ਜਦਕਿ ਇਸ ਬਾਰੇ ਬਹੁਤੀਆਂ ਖੋਜਾਂ ਹਾਂ ਪੱਖੀ ਨਹੀਂ ਹਨ। ਜੇ ਕੁਝ ਸਮੇਂ ਲਈ ਸਟਰੈਸ ਘਟਦੀ ਹੈ ਜਾਂ ਨੀਂਦ ਆਉਣ ਵਿੱਚ ਮਦਦ ਮਿਲਦੀ ਹੈ, ਪਰ ਉਸ ਨਾਲ ਜੋ ਨਸ਼ੇ ਦੀ ਲੱਤ ਲੱਗੇਗੀ ਤੇ ਪਰਿਵਾਰਾਂ ਤੇ ਭਾਰੀ ਆਰਥਿਕ ਬੋਝ ਪਵੇਗਾ, ਉਸ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ? ਅਮਰੀਕਾ ਵਿੱਚ ਵਿਕ ਰਹੀ ਲੀਗਲ 1 ਗਰਾਮ ਭੰਗ ਦੀ ਕੀਮਤ 5-15 ਅਮਰੀਕਨ ਡਾਲਰ ਤੱਕ ਹੈ, ਇਸਦੀ ਕੀਮਤ ਇਸ ਵਿਚਲੇ ਨਸ਼ੇ ਦੀ ਮਾਤਰਾ ਅਨੁਸਾਰ ਹੈ। ਨਵੇਂ ਕਨੂੰਨ ਮੁਤਾਬਿਕ ਇੱਕ ਵਿਅਕਤੀ ਰੋਜ਼ਾਨਾ 30 ਗਰਾਮ ਭਾਵ 150-450 ਅਮਰੀਕਨ ਡਾਲਰ ਦੀ ਭੰਗ ਖਰੀਦ ਸਕਦਾ ਹੈ। ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਭੰਗ ਦੀ ਖਰੀਦ ਦਾ ਪਰਿਵਾਰਾਂ ਦੀ ਆਰਥਿਕਤਾ ਤੇ ਕਿਤਨਾ ਮਾਰੂ ਪ੍ਰਭਾਵ ਪਵੇਗਾ। ਜ਼ੁਰਮ ਘਟਾਉਣ ਅਤੇ ਸਿਹਤ ਪੱਖੋਂ ਭੰਗ ਦੀ ਖੁੱਲ੍ਹ ਦੇਣਾ ਟੈਂਪਰੇਰੀ ਹੱਲ ਤਾਂ ਹੋ ਸਕਦਾ ਹੈ, ਪਰ ਪੱਕਾ ਇਲਾਜ ਨਹੀਂ ਮੰਨਿਆ ਜਾ ਸਕਦਾ? ਪਰ ਇਸਦੇ ਉਲਟ ਮਨੁੱਖ ਦੇ ਦਿਮਾਗ ਅਤੇ ਉਸਦੇ ਰੋਜ਼ਾਨਾ ਜੀਵਨ ਅਤੇ ਕੰਮ ਤੇ ਪੈਣ ਵਾਲੇ ਪ੍ਰਭਾਵਾਂ ਨੂੰ ਵੀ ਅਣਗੌਲਿਆਂ ਕੀਤਾ ਜਾ ਰਿਹਾ ਹੈ। ਅਸਲ ਵਿੱਚ ਜਿਥੇ ਸਰਮਾਏਦਾਰ ਸਰਕਾਰਾਂ ਦਾ ਮੁੱਖ ਮਕਸਦ ਟੈਕਸ ਇਕੱਠੇ ਕਰਨੇ ਤੇ ਆਪਣੇ ਹਿੱਤਾਂ ਲਈ ਵਰਤਣੇ ਹਨ, ਉਥੇ ਵੱਡੀਆਂ ਕਾਰਪੋਰੇਸ਼ਨਾਂ ਦਾ ਮੁੱਖ ਮਕਸਦ ਸਿਰਫ ਵੱਧ ਤੋਂ ਵੱਧ ਮੁਨਾਫਾ ਕਮਾਉਣਾ ਹੀ ਹੈ। ਉਨ੍ਹਾਂ ਵਲੋਂ ਲੋਕਾਂ ਦੀ ਸਿਹਤ, ਹੈਲਥ ਕੇਅਰ, ਐਜੂਕੇਸ਼ਨ, ਸਮਾਜ ਅਤੇ ਪਰਿਵਾਰਾਂ ਤੇ ਪੈਣ ਵਾਲੇ ਘਾਤਕ ਪ੍ਰਭਾਵਾਂ ਨੂੰ ਅੱਖੋਂ-ਪਰੋਖੇ ਕੀਤਾ ਜਾ ਰਿਹਾ ਹੈ। ਜਿਸ ਤਰ੍ਹਾਂ ਸ਼ਰਾਬ ਪੀ ਕੀ ਗੱਡੀ ਚਲਾਉਣੀ ਖਤਰਨਾਕ ਹੈ, ਭੰਗ ਖਾ ਕੇ ਗੱਡੀ ਚਲਾਉਣੀ ਹੋਰ ਵੀ ਜ਼ਿਆਦਾ ਖਤਰਨਾਕ ਹੈ। ਭੰਗ ਦਾ ਵੱਖਰੇ ਢੰਗ ਨਾਲ ਦਿਮਾਗ ਤੇ ਸ਼ਰਾਬ ਨਾਲੋਂ ਵੱਧ ਮਾਰੂ ਅਸਰ ਪੈਂਦਾ ਹੈ। ਇੱਕ ਅਮਰੀਕਨ ਸੰਸਥਾ 'ਨੈਸ਼ਨਲ ਇੰਸਟੀਚਿਊਟ ਆਫ ਅਲਕੋਹਲ ਅਬਿਊਜ਼ ਐਂਡ ਅਲਕੋਲਿਜ਼ਮ' ਦੇ ਸਰਵੇਖਣਾਂ ਅਨੁਸਾਰ ਨਾਰਥ ਅਮਰੀਕਾ ਵਿੱਚ ਬੀਮਾਰੀਆਂ ਰਾਹੀਂ ਮੌਤਾਂ ਦੇ ਕਾਰਨਾਂ ਵਿੱਚ ਸ਼ਰਾਬ ਤੀਜਾ ਵੱਡਾ ਕਾਰਨ ਹੈ। ਇਸੇ ਸੰਸਥਾ ਦੀ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ ਹਰ ਸਾਲ 33 ਲੱਖ ਬੰਦੇ ਸ਼ਰਾਬ ਕਾਰਨ ਮਰਦੇ ਹਨ। ਘਰੇਲੂ ਹਿੰਸਾ, ਔਰਤਾਂ ਨਾਲ ਬਲਾਤਕਾਰ, ਤਲਾਕ, ਕਤਲ ਤੇ ਹੋਰ ਜ਼ੁਰਮਾਂ ਆਦਿ ਵਿੱਚ ਨਸ਼ਿਆਂ ਦਾ ਬਹੁਤ ਵੱਡਾ ਰੋਲ ਹੈ। ਅਸਲ ਵਿੱਚ ਲੋਕ ਵਿਰੋਧੀ ਸਰਕਾਰਾਂ ਦਾ ਇਹ ਖਾਸਾ ਹੈ ਕਿ ਉਹ ਲੋਕਾਂ ਦੀਆਂ ਸਮੱਸਿਆਵਾਂ ਹੱਲ ਕਰਨ ਦੀ ਥਾਂ, ਉਨ੍ਹਾਂ ਵਿਚੋਂ ਵੀ ਟੈਕਸ ਤੇ ਮੁਨਾਫੇ ਭਾਲਦੀਆਂ ਹਨ। ਉਹ ਨਹੀਂ ਚਾਹੁੰਦੀਆਂ ਕਿ ਲੋਕ ਆਪਣੇ ਮਸਲਿਆਂ ਅਤੇ ਇਨ੍ਹਾਂ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਜਾਣੂ ਹੋਣ। ਲੋਕ ਆਪਣੇ ਹੱਕਾਂ ਲਈ ਜਾਗਣ। ਉਹ ਸਾਨੂੰ ਨਸ਼ਿਆਂ ਵਿੱਚ ਪਾ ਕੇ ਸਾਡੇ ਦਿਮਾਗ ਬੋਦੇ ਕਰਨਾ ਚਾਹੁੰਦੀਆਂ ਹਨ। ਸਰਕਾਰਾਂ ਨੂੰ ਚਾਹੀਦਾ ਹੈ ਕਿ ਨਸ਼ਿਆਂ ਨੂੰ ਸਰਕਾਰੀ ਮਾਨਤਾ ਦੇਣ ਦੀ ਥਾਂ ਇਸਨੂੰ ਘਟਾਉਣ ਅਤੇ ਲੋਕਾਂ ਨੂੰ ਇਨ੍ਹਾਂ ਦੇ ਮਾਰੂ ਪ੍ਰਭਾਵਾਂ ਤੋਂ ਜਾਣੂ ਕਰਾਉਣ ਲਈ ਯਤਨ ਕਰਨ, ਪਰ ਜੇ ਸਰਕਾਰਾਂ ਤੇ ਸਰਮਾਏਦਾਰਾਂ ਦੇ ਹਿੱਤ ਲੋਕਾਂ ਨੂੰ ਨਸ਼ਈ ਬਣਾਉਣ ਵਿੱਚ ਹਨ ਤਾਂ ਉਹ ਕਿਉਂ ਲੋਕ ਪੱਖੀ ਫੈਸਲੇ ਲੈਣਗੀਆਂ? ਇਸ ਲਈ ਲੋਕਾਂ ਨੂੰ ਹੀ ਜਾਗਣਾ ਪਵੇਗਾ?






# ਪ੍ਰੌਗਰੈਸਿਵ ਨਾਟਕ ਮੇਲਾ ਡੈਲਟਾ 'ਚ 24 ਜੂਨ ਨੂੰ

ਸਰੀ, (ਪਰਮਿੰਦਰ ਕੌਰ ਸਵੈਚ) : ਪ੍ਰੌਗਰੈਸਿਵ ਆਰਟ ਕਲੱਬ ਸਰੀ ਵਲੋਂ 24 ਜੂਨ 2018 ਦਿਨ ਐਤਵਾਰ ਨੂੰ ਦਿਨ ਦੇ 2:00 ਵਜੇ ਨੌਰਥ ਡੈਲਟਾ ਹਾਇਰ ਸੰਕੈਡਰੀ ਸਕੂਲ (11447, 82 ਐਵੇਨਿਊ ਡੈਲਟਾ) ਵਿੱਚ ਪ੍ਰੌਗਰੈਸਿਵ ਨਾਟਕ ਮੇਲਾ ਕਰਵਾਇਆ ਜਾ ਰਿਹਾ ਹੈ। ਇਸ ਨਟਾਕ ਮੇਲੇ ਵਿੱਚ ਕਲੱਬ ਦੀ ਲੋਕਲ ਟੀਮ ਵਲੋਂ ਦੋ ਨਾਟਕ, ਪ੍ਰੌਗਰੈਸਿਵ ਗਿੱਧਾ, ਅਗਾਂਹਵਧੂ ਗੀਤ ਸੰਗੀਤ ਨਾਲ ਮਨੋਰੰਜਨ ਭਰਪੂਰ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ।



ਸਮਾਗਮ ਦੀ ਟਿਕਟ 10 ਡਾਲਰ ਰੱਖੀ ਗਈ ਜਦ ਕਿ 8 ਸਾਲ ਤੋਂ ਥੱਲੇ ਬੱਚੇ ਫਰੀ ਹਨ। ਇਸ ਸਮਾਗਮ ਦੀ ਪਹਿਲੀ ਪੇਸ਼ਕਾਰੀ ਪਾਲੀ ਭੁਪਿੰਦਰ ਦਾ ਨਾਟਕ 'ਮਿੱਟੀ ਦਾ ਬਾਵਾ' ਹੋਵੇਗਾ ਜੋ ਪ੍ਰੋ. ਜਸਕਰਨ ਦੀ ਨਿਰਦੇਸ਼ਨਾ ਹੇਠ ਤਿਆਰ ਕੀਤਾ ਗਿਆ ਹੈ। ਇਸ ਨਾਟਕ ਵਿੱਚ ਦੁਨੀਆਂ ਵਿੱਚ ਆਦਿ ਵਾਸੀਆਂ ਦੀ ਧਰਤੀ ਲਈ ਹੋ ਰਹੀਆਂ ਜੰਗਾਂ ਜੋ ਹੱਦਾਂ, ਸਰਹੱਦਾਂ ਦੀਆਂ ਲੀਕਾਂ ਵਾਹ ਕੇ ਮਨੁੱਖਤਾ ਵਿੱਚ ਵੰਡੀਆਂ ਪਾ ਰਹੀਆਂ ਹਨ, ਨੂੰ ਮਿਟਾਉਣ ਤੇ ਇਨਸਾਨੀ ਸਾਂਝੀਵਾਲਤਾ ਤੇ ਪਿਆਰ ਦਾ ਸੁਨੇਹਾ ਲੇਖਕ ਨੇ ਨਾਟਕ ਵਿਧਾ ਰਾਹੀਂ ਬਾਖੂਬੀ ਨਿਭਾਇਆ ਹੈ। ਦੂਸਰਾ ਨਾਟਕ 'ਤੇਈਆ ਵੋਟਾਂ ਦਾ' ਪਰਮਿੰਦਰ ਸਵੈਚ ਵਲੋਂ ਲਿਖਿਆ ਤੇ ਨਿਰਦੇਸ਼ਤ ਕੀਤਾ ਗਿਆ ਹੈ। ਇਸ ਵਿੱਚ ਸਾਡੇ ਲੋਕਤੰਤਰ ਢਾਂਚੇ ਵਿੱਚ ਵੋਟ-ਪ੍ਰਣਾਲੀ ਦੇ ਕੋਝੇ ਮਜ਼ਾਕ ਰਾਹੀਂ ਲੋਕਾਂ ਦੀਆਂ ਦਿਨੋ ਦਿਨ ਹਾਲਤਾਂ ਬਦ ਤੋਂ ਬਦਤਰ ਹੋ ਰਹੀਆਂ ਹਨ ਪਰ ਅਸੀਂ ਇਸ ਝਾਂਸੇ ਵਿੱਚ ਕਿਵੇਂ ਗੁੰਮਰਾਹ ਹੋ ਰਹੇ ਹਾਂ, ਦਾ ਪਰਦਾਫਾਸ਼ ਕੀਤਾ ਗਿਆ ਹੈ। ਨਾਟਕ ਟੀਮ ਵਿੱਚ ਪਰਨੀਤ ਪੁਰੀ, ਯੁਵਰਾਜ (ਜਸ਼ਨ), ਕੁਲਦੀਪ ਟੋਨੀ, ਨਰਿੰਦਰ ਮੰਗੂਵਾਲ਼, ਕੇ.ਪੀ.ਸਿੰਘ, ਹਰਪ੍ਰੀਤ ਸਿੰਘ, ਪ੍ਰਿੰਸ ਗੋਸਵਾਮੀ, ਸੰਤੋਖ ਢੇਸੀ, ਮਨਜੀਤ ਲੱਧੜ, ਨਿਰਮਲ ਕਿੰਗਰਾ, ਇਕਬਾਲ ਪੁਰੇਵਾਲ, ਪ੍ਰੋ. ਝਸਕਰਨ, ਪਰਮਿੰਦਰ ਸਵੈਚ ਅਤੇ ਜਸਮੀਨ ਸਵੈਚ ਨੇ ਸ਼ਾਮਲ ਹਨ। ਇਸ ਮੇਲੇ ਦੀ ਆਕਰਸ਼ਕ ਆਈਟਮ ਪ੍ਰੌਗਰੈਸਿਵ ਬੋਲੀਆਂ ਦਾ ਲੋਕ ਨਾਚ ਗਿੱਧਾ ਹੈ। ਇਸ ਗਿੱਧੇ ਦੀ ਵਿਲੱਖਣਤਾ ਇਹ ਹੈ ਕਿ ਬਖ਼ਸ਼ ਸੰਘਾ, ਰਾਮ ਸਰੂਪ ਸ਼ਰਮਾ ਤੇ ਪਰਮਿੰਦਰ ਸਵੈਚ ਵਲੋਂ ਲਿਖੀਆਂ ਇਹ ਬੋਲੀਆਂ ਪੁਰਾਣੀਆਂ ਕਦਰਾਂ ਕੀਮਤਾਂ ਤੋਂ ਉਪਰ ਉੱਠ ਕੇ ਰਿਸ਼ਤਿਆਂ ਦੀਆਂ ਤੰਦਾਂ ਨੂੰ ਜੋੜਨ, ਪਿਆਰਨ ਤੇ ਸਾਂਝਾ ਦੀਆਂ ਬਾਤਾਂ ਪਾਉਣਗੀਆਂ ਅਤੇ ਇੱਥੋਂ ਦੀਆਂ ਔਰਤਾਂ ਕਿਵੇਂ ਜ਼ਿੰਦਗੀ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੁੰਦਿਆਂ ਆਪਣੇ ਹੱਕਾਂ ਪ੍ਰਤੀ ਜਾਗਰੂਕਤਾ ਦਾ ਹੋਕਾ ਦਿੰਦੀਆਂ ਹਨ। ਲੱਚਰ ਸਭਿਆਚਾਰ ਜੋ ਸਾਡੀ ਨੌਜਵਾਨ ਪੀੜ੍ਹੀ ਨੂੰ ਗੁੰਮਰਾਹ ਕਰਨ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ, ਉਸਦੇ ਬਦਲ ਦੇ ਪ੍ਰਮਾਣ ਵਜੋਂ ਬਹੁਤ ਹੀ ਸੁਚੇਤ, ਸਭਿਆਚਾਰਕ, ਸੁਚਾਰੂ ਤੇ ਅਗਾਂਹਵਧੂ, ਮਿਆਰੀ ਸੋਚ ਨੂੰ ਲੋਕਾਂ ਵਿੱਚ ਲਿਜਾਣ ਲਈ ਪ੍ਰੌਗਰੈਸਿਵ ਆਰਟ ਕਲੱਬ ਦੀ ਪੂਰੀ ਟੀਮ ਆਪਣੀ ਵਚਨਵੱਧਤਾ ਦਾ ਸਬੂਤ ਦੇਣ ਜਾ ਰਹੀ ਹੈ। ਇਸ ਪ੍ਰੋਗਰਾਮ ਵਿੱਚ ਜਿੱਥੇ ਗੰਭੀਰ ਮਸਲਿਆਂ ਦੀ ਗੱਲ ਹੋਵੇਗੀ ਉੱਥੇ ਮਨੋਰੰਜਨ ਲਈ ਸਾਫ਼ ਸੁਥਰਾ ਵਾਤਾਵਰਣ ਪੈਦਾ ਕਰਨ ਦੀ ਵੀ ਕੋਸ਼ਿਸ਼ ਹੋਵੇਗੀ ਕਿ ਸਾਡੇ ਪਰਿਵਾਰਾਂ ਦੇ ਪਰਿਵਾਰ ਇਹੋ ਜਿਹੇ ਸਾਰਥਿਕ ਪ੍ਰੋਗਰਾਮਾਂ ਨੂੰ ਰੂਹ ਨਾਲ ਮਾਣ ਸਕਣ। ਹੋਰ ਜਾਣਕਾਰੀ ਜਾਂ ਟਿਕਟਾਂ ਲਈ

ਪਰਮਿੰਦਰ ਸਵੈਚ (604-760-4794) ਸੰਤੋਖ ਢੇਸੀ (604-339 -7439) ਇਕਬਾਲ ਪੁਰੇਵਾਲ (604-720-1652) ਮਨਜੀਤ ਲੱਧੜ (778-986-6509) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸ਼ਹੀਦ ਭਗਤ ਸਿੰਘ ਯਾਦਗਾਰੀ ਦੌੜ ਸਰੀ 'ਚ 10 ਜੂਨ ਨੂੰ

ਸਰੀ, (ਪਰਮਿੰਦਰ ਸਵੈਚ) : ਕੈਨੇਡੀਅਨ ਸ਼ਹੀਦ ਭਗਤ ਸਿੰਘ ਮੈਮੋਰੀਅਲ ਸੁਸਾਇਟੀ ਵਲੋਂ 9ਵੀਂ ਸਲ਼ਾਨਾ ਵਾਕ 10 ਜੂਨ 2018 ਨੂੰ ਬੇਅਰ ਕਰੀਕ ਪਾਰਕ ਸਰ੍ਹੀ (ਬ੍ਰਿਟਿਸ਼ ਕੋਲੰਬੀਆ) ਵਿੱਚ ਜਾ ਰਹੀ ਹੈ ਜਿਸ ਵਿੱਚ 5 ਕਿਲੋਮੀਟਰ ਦੌੜ ਹੋਵੇਗੀ ਅਤੇ ਤੇ 3 ਕਿਲੋਮੀਟਰ ਦਾ ਤੁਰਨਾ ਹੋਵੇਗਾ। ਕਮੇਟੀ ਵਲੋਂ ਸਾਰੇ ਅਗਾਂਹਵਧੂ ਲੋਕਾਂ ਨੂੰ ਕੀਤੀ ਗਈ ਹੈ ਕਿ ਉਹ ਆਪ ਅਤੇ ਆਪਣੇ ਬੱਚਿਆਂ ਨੂੰ ਇਸ ਦੌੜ ਜਾਂ ਤੁਰਨ ਵਿੱਚ ਸ਼ਾਮਲ ਹੋਣ ਲਈ ਛੇਤੀ ਤੋਂ ਛੇਤੀ ਰਜਿਸਟਰ ਕਰਵਾਉਣ ਤਾਂ ਕਿ ਸਾਨੂੰ ਸ਼ਹੀਦ ਭਗਤ ਸਿੰਘ ਦੇ ਲੋਗੋ ਵਾਲੀਆਂ ਟੀ-ਸ਼ਰਟਾਂ ਬਣਾਉਣ ਦੇ ਅਨੁਮਾਨ ਦਾ ਪਤਾ ਲੱਗ ਸਕੇ।

ਇਹ ਦੌੜ ਕਰਵਾਉਣ ਦਾ ਮੁੱਖ ਮਕਸਦ ਕੈਨੇਡੀਅਨ ਕਮਿਊਨਿਟੀ ਵਿੱਚ ਬੱਚਿਆਂ ਦੇ ਗੈਂਗਵਾਰ ਤੇ ਡਰੱਗ ਦੇ ਰੁਝਾਨ ਨੂੰ ਦੇਖਦੇ ਹੋਏ, ਉਹਨਾਂ ਨੂੰ ਉਸ ਪਾਸੇ ਤੋਂ ਹਟਾ ਕੇ ਜ਼ਿੰਦਗੀ ਵਿੱਚ ਸਹੀ ਸੇਧ ਵੱਲ ਲਿਜਾਣ ਲਈ ਤੇ ਇਕੱਠੇ ਹੋ ਕੇ ਭਾਈਚਾਰਕ ਸਾਂਝ ਜੋ ਮਨੁੱਖਤਾ ਦੀਆਂ ਤੰਦਾਂ ਨੂੰ ਇੱਕਸੁਰ ਕਰਦੀ ਹੈ ਦੀ ਭਾਵਨਾ ਉਜਾਗਰ ਕਰਨ ਦਾ ਉਪਰਾਲਾ ਹੈ। ਉਹਨਾਂ ਨੂੰ ਆਪਣੇ ਇਤਿਹਾਸਕ ਵਿਰਸੇ ਬਾਰੇ ਜਾਣਕਾਰੀ ਦਿੰਦੇ ਹੋਏ ਕਿ ਸ਼ਹੀਦ ਭਗਤ ਸਿੰਘ ਅਜਿਹੇ ਹੀਰੋ ਸਨ ਜਿਨ੍ਹਾਂ ਨੇ ਆਪਣੇ ਦੇਸ਼, ਕੌਮ ਤੇ ਮਨੁੱਖਤਾ ਦੀ ਬਿਹਤਰੀ ਲਈ 23 ਸਾਲ ਦੀ ਉਮਰ ਵਿੱਚ ਵਿਲੱਖਣ ਵਿਚਾਰਧਾਰਾ ਹੀ ਨਹੀਂ ਦਿੱਤੀ ਸਗੋਂ ਆਪਣੀ ਜ਼ਿੰਦਗੀ ਦੀ ਕੁਰਬਾਨੀ ਵੀ ਦੇ ਦਿੱਤੀ ਅਤੇ ਨੌਜਵਾਨਾਂ ਨੂੰ ਵੀ ਸਮੇਂ ਸਮੇਂ ਤੇ ਸਹੀ ਰਾਹ ਤੇ ਚੱਲਣ ਲਈ ਅਗਵਾਈ ਵੀ ਕੀਤੀ ਤੇ ਅਜਿਹਾ ਸਾਹਿਤ ਵੀ ਰਚਿਆ ਜੋ ਰਹਿੰਦੀ ਦੁਨੀਆਂ ਤੱਕ ਲੋਕ ਯਾਦ ਰੱਖਣਗੇ। ਪਿਛਲੇ ਦਿਨੀਂ ਸੁਸਾਇਟੀ ਦੀ ਮੀਟਿੰਗ ਪ੍ਰੌਗਰੈਸਿਵ ਕਲਚਰਲ ਸੈਂਟਰ ਵਿੱਚ ਹੋਈ ਜਿਸ ਵਿੱਚ ਸਾਰੇ ਦੇ ਸਾਰੇ ਵਲੰਟੀਅਰਾਂ ਨੇ ਆਪਣੇ ਆਪਣੇ ਕੰਮ ਸੰਭਾਲਣ ਦਾ ਵਾਅਦਾ ਕੀਤਾ ਤੇ ਮੁਹਿੰਮ ਨੂੰ ਤੇਜ਼ ਕਰਨ ਦੇ ਸਾਰੇ ਉਪਰਾਲਿਆਂ ਨੂੰ ਵਰਤਣ ਲਈ ਤੇ ਇਸ ਵਾਰ ਲੋਕਾਂ ਦੀ ਸ਼ਮੂਲੀਅਤ ਵਿੱਚ ਵਾਧਾ ਕਰਨ ਲਈ ਆਪਣੇ ਆਪਣੇ ਵਡਮੁੱਲੇ ਵਿਚਾਰ ਪੇਸ਼ ਕੀਤੇ। ਇਸ ਮੀਟਿੰਗ ਵਿੱਚ ਵਿਚਾਰ ਆਏ ਕਿ ਆਪਣੀ ਆਪਣੀ ਜਾਣ ਪਛਾਣ ਵਿੱਚ ਈਵੈਂਟ ਦੀ ਗੱਲ ਕੀਤੀ ਜਾਵੇ, ਮਿਲ ਕੇ ਫਾਰਮ ਭਰਵਾਏ ਜਾਣ ਜਾਂ ਫੋਨਾਂ ਤੇ ਗੱਲ ਕੀਤੀ ਜਾਵੇ। ਇਸ ਈਵੈਂਟ ਦੇ ਪ੍ਰਚਾਰ ਲਈ ਹਰ ਕਿਸਮ ਦਾ ਪ੍ਰਿੰਟਿਡ, ਟੀ. ਵੀ. ਅਤੇ ਰੇਡਿਓ ਦੇ ਸੰਚਾਰ ਮਾਧਿਅਮ ਨੂੰ ਵਰਤ ਕੇ ਸ਼ਹੀਦ ਭਗਤ ਸਿੰਘ ਤੇ ਉਸਦੇ ਸਾਥੀਆਂ ਦੀ ਮਨੁੱਖਤਾ ਪ੍ਰਤੀ ਸੋਚ ਨੂੰ ਕੈਨੇਡਾ ਦੀ ਜੰਮਪਲ ਪੀੜ੍ਹੀ ਤੱਕ ਪਹੁੰਚਾਉਣ ਲਈ ਹਰ ਤਰ੍ਹਾਂ ਦੀ ਕੋਸ਼ਿਸ਼ ਹਰ ਇੱਕ ਮੈਂਬਰ ਵਲੋਂ ਕੀਤੀ ਜਾਵੇਗੀ। ਨੌਜਵਾਨ ਬੱਚਿਆਂ ਵਲੋਂ ਸੌਕਰ ਕਲੱਬਾਂ ਨਾਲ ਤਾਲ ਮੇਲ ਕਰਨ, ਅੰਗਰੇਜ਼ੀ ਵਿੱਚ ਲੀਫਲੈੱਟ ਲਿਖਣ ਅਤੇ ਫੇਸ-ਬੁੱਕ ਤੇ ਵਟਸ ਐਪ ਵਰਗੇ ਇਲੈਕਟ੍ਰਿਕ ਮੀਡੀਏ ਰਾਹੀਂ ਭਗਤ ਸਿੰਘ ਦੀ ਵਿਚਾਰਧਾਰਾ ਤੇ ਦੌੜ ਵਿੱਚ ਹਿੱਸਾ ਲੈਣ ਲਈ ਫਾਰਮ ਭਰਵਾਉਣ ਦੇ ਪ੍ਰਚਾਰ ਨੂੰ ਬਾਖੂਬੀ ਨਿਭਾਉਣ ਦੀ ਹਾਮੀ ਭਰੀ ਗਈ।

ਇਸ ਦੌੜ ਵਿੱਚ ਹਿੱਸਾ ਲੈਣ ਲਈ ਰਜਿਸਟ੍ਰੇਸ਼ਨ 10 ਡਾਲਰ ਦੇ ਕੇ ਫਾਰਮ ਭਰ ਕੇ ਪਹਿਲਾਂ ਵੀ ਕਰਵਾਈ ਜਾ ਸਕਦੀ ਹੈ ਅਗਰ ਉਸ ਦਿਨ ਕਰਨੀ ਹੋਵੇ ਤਾਂ 8 ਵਜੇ ਪਹੁੰਚਣਾ ਪਵੇਗਾ। 6 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਰਜਿਸਟ੍ਰੇਸ਼ਨ ਹੋਵੇਗੀ ਪਰ ਫੀਸ ਕੋਈ ਨਹੀਂ ਲਈ ਜਾਵੇਗੀ ਪਰ ਫਰੀ ਟੀ-ਸ਼ਰਟ ਦਿੱਤੀ ਜਾਵੇਗੀ। ਇਸ ਤੋਂ ਬਾਅਦ 9 ਵਜੇ ਛੋਟੇ ਬੱਚਿਆਂ ਦੀਆਂ ਦੌੜਾਂ ਕਰਵਾਈਆਂ ਜਾਣਗੀਆਂ ਜਿਸ ਵਿੱਚ 12 ਸਾਲ ਅਤੇ ਉਸ ਤੋਂ ਥੱਲੇ ਲਈ 400 ਮੀਟਰ ਦੀ ਦੌੜ, 9 ਸਾਲ ਤੇ ਉਸ ਤੋਂ ਥੱਲੇ ਲਈ 200 ਮੀਟਰ ਦੀ ਦੌੜ ਅਤੇ 6 ਸਾਲ ਅਤੇ ਉਸਤੋਂ ਥੱਲੇ ਲਈ 50 ਮੀਟਰ ਦੀ ਦੌੜ ਕਰਵਾਈ ਜਾਵੇਗੀ ਤੇ ਬੱਚਿਆਂ ਦਾ ਮੈਡਲਾਂ ਨਾਲ ਸਨਮਾਨ ਕੀਤਾ ਜਾਵੇਗ। ਯਾਦ ਰਹੇ ਇਸ ਈਵੈਂਟ ਦੀ 5 ਕਿਲੋਮੀਟਰ ਦੌੜ ਤੇ 3 ਕਿਲੋਮੀਟਰ ਵਾਕ ਵਿੱਚ ਨੌਜਵਾਨ, ਆਦਮੀ, ਔਰਤਾਂ ਤੇ ਬਜ਼ੁਰਗ ਹਿੱਸਾ ਲੈ ਸਕਦੇ ਹਨ। ਇਹ 10 ਵਜੇ ਸ਼ੁਰੂ ਹੋਵੇਗੀ ਅਤੇ ਵੱਖ ਵੱਖ ਕੈਟਾਗਰੀਆਂ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਨੰਬਰ ਤੇ ਆਉਣ ਵਾਲਿਆਂ ਦਾ ਸਨਮਾਨ ਕਰਨ ਲਈ ਟਰਾਫੀਆਂ ਦਿੱਤੀਆਂ ਜਾਣਗੀਆਂ। ਇਸ ਦੌੜ ਵਿੱਚ ਖਰਚਿਆਂ ਤੋਂ ਇਲਾਵਾ ਕੁੱਝ ਫੰਡ ਸਰ੍ਹੀ ਫੂਡ ਬੈਂਕ ਨੂੰ ਦਿੱਤੇ ਜਾਣਗੇ। ਇਸ ਦੇ ਨਾਲ ਅਸੀਂ ਲੋਕਾਂ ਨੂੰ ਇਹ ਵੀ ਅਪੀਲ ਕਰਦੇ ਹਾਂ ਕਿ ਉਹ ਡੱਬਾ ਬੰਦ ਫੂਡ ਜ਼ਰੂਰ ਲੈ ਕੇ ਆਉਣ, ਉਹ ਵੀ ਸਰ੍ਹੀ ਫੂਡ ਬੈਂਕ ਨੂੰ ਦੇਣ ਦਾ ਉਪਰਾਲਾ ਕਰ ਰਹੇ ਹਾਂ। ਅਗਰ ਤੁਸੀਂ ਰਜਿਸਟ੍ਰੇਸ਼ਨ ਪਹਿਲਾਂ ਕਰਵਾ ਚੁੱਕੇ ਹੋ ਤਾਂ ਤੁਸੀਂ ਟੀ-ਸ਼ਰਟਾਂ ਪਹਿਲਾਂ ਵੀ ਪ੍ਰੋਗਰੈਸਿਵ ਕਲਚਰਲ ਸੈਂਟਰ (#126 7536-130st Surrey B. C) ਤੋਂ 8 ਜੂਨ ਨੂੰ 2 ਵਜੇ ਤੋਂ 8 ਵਜੇ ਤੱਕ ਅਤੇ 9 ਜੂਨ ਨੂੰ 12 ਵਜੇ ਤੋਂ 5 ਵਜੇ ਤੱਕ ਲੈ ਸਕਦੇ ਹੋ। ਹੋਰ ਜਾਣਕਾਰੀ ਲਈ ਪਰਮਿੰਦਰ ਸਵੈਚ (604-760-4794) ਹਰਭਜਨ ਚੀਮਾ (604-377-2415) ਇਕਬਾਲ ਪੁਰੇਵਾਲ (604-720-1652) ਸੰਤੋਖ ਢੇਸੀ (604-339-7439) ਸੁਰਜੀਤ ਗਿੱਲ (604-240-8002) ਕਿਰਪਾਲ ਬੈਂਸ (604- 518-7676) ਨਾਲ਼ ਸੰਪਰਕ ਕੀਤਾ ਜਾ ਸਕਦਾ ਹੈ।




# ਹਰਿਆਣੇ ਦੀ ਨਗਰਪਾਲਿਕਾ, ਨਗਰ ਨਿਗਮ ਅਤੇ ਨਗਰ ਪ੍ਰੀਸ਼ਦਾਂ ਦੇ ਹਜ਼ਾਰਾਂ ਮੁਲਾਜ਼ਮ ਹੜਤਾਲ ਉੱਤੇ !





ਪੂਰੇ ਹਰਿਆਣੇ ਵਿੱਚ ਹੀ ਨਗਰਪਾਲਿਕਾ-ਨਗਰਨਿਗਮ ਅਤੇ ਨਗਰਪਰੀਸ਼ਦਾਂ ਨਾਲ਼ ਜੁੜੇ ਹਜ਼ਾਰਾਂ ਮੁਲਾਜ਼ਮ ਹੜਤਾਲ ਉੱਤੇ ਚਲੇ ਗਏ ਹਨ। ਇਹ ਰਿਪੋਰਟ ਲਿਖੇ ਜਾਣ ਤੱਕ ਹੜਤਾਲ ਲਗਾਤਾਰ ਜਾਰੀ ਹੈ। ਸਬੰਧਤ ਵਿਭਾਗ ਦੀ ਮੰਤਰੀ ਕਵਿਤਾ ਜੈਨ ਲੰਮੀ ਚਾਦਰ ਤਾਣ ਸੌਂ ਰਹੀ ਹੈ ਅਤੇ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਹੜਤਾਲ ਦੀ ਸ਼ੁਰੂਆਤ ਦੇ ਕਈ ਦਿਨਾਂ ਤੱਕ ਇਜ਼ਰਾਇਲ ਦੌਰੇ ਉੱਤੇ ਸਨ ਜਿੱਥੇ ਉਹ ਬੈਂਗਣ ਦੀ ਖੇਤੀ ਦੇ ਗੁਰ ਸਿੱਖ ਰਹੇ ਸਨ ਅਤੇ ਨਿਵੇਸ਼ਕਾਂ ਨੂੰ ਲੁਭਾਣ ਦੀ ਕੋਸ਼ਿਸ਼ ਵਿੱਚ ਲੱਗੇ ਸਨ! ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਨਾ ਤਾਂ ਮੰਤਰੀ ਕਵਿਤਾ ਜੈਨ ਅਤੇ ਨਾ ਹੀ ਮਨੋਹਰ ਲਾਲ ਖੱਟਰ ਦੀ ਸਿਹਤ ਉੱਤੇ ਕੁੱਝ ਅਸਰ ਹੋ ਰਿਹਾ ਹੈ। ਸ਼ਹਿਰਾਂ ਵਿੱਚ ਗੰਦਗੀ ਦੇ ਢੇਰ ਹਨ, ਨਾਗਰਿਕ ਬੇਚੈਨ ਹਨ ਅਤੇ ਮੁਲਾਜ਼ਮ ਬੇਬਸ ਅਤੇ ਲਾਚਾਰ ਹਨ।

ਹਰਿਆਣਾ ਦੀਆਂ ਨਗਰਪਾਲਿਕਾਵਾਂ-ਨਗਰਨਿਗਮਾਂ ਅਤੇ ਨਗਰਪ੍ਰੀਸ਼ਦਾਂ ਵਿੱਚ ਲਗਭਗ 30-32 ਹਜ਼ਾਰ ਮੁਲਾਜ਼ਮ ਹਨ। ਇਹਨਾਂ ਮੁਲਾਜ਼ਮਾਂ ਵਿੱਚ ਪੱਕੇ ਮੁਲਾਜ਼ਮਾਂ ਦੀ ਗਿਣਤੀ ਬਹੁਤ ਘੱਟ ਹੈ ਜ਼ਿਆਦਾਤਰ ਕੱਚੇ, ਡੀਸੀ ਰੇਟ ਉੱਤੇ, ਐਡ ਹਾਕ ਉੱਤੇ ਅਤੇ ਠੇਕੇ ਉੱਤੇ ਹਨ। ਇਹ ਮੁਲਾਜ਼ਮ ਵੱਖ-ਵੱਖ ਤਰਾਂ ਦੇ ਕੰਮਾਂ ਨੂੰ ਸੰਭਾਲਦੇ ਹਨ। ਇਹਨਾਂ ਵਿੱਚ ਵੱਖ-ਵੱਖ ਤਰ੍ਹਾਂ ਦੇ ਮੁਲਾਜ਼ਮ ਹਨ ਜਿਵੇਂ ਸਫ਼ਾਈ ਕਾਮੇ, ਮਾਲੀ, ਨਕਲਨਵੀਸ, ਬੇਲਦਾਰ, ਚੌਂਕੀਦਾਰ, ਚਪੜਾਸੀ, ਅੱਗ ਬੁਝਾਉਣ ਦਾ ਕੰਮ ਕਰਨ ਵਾਲ਼ੇ, ਸਿਹਤ ਮੁਲਾਜ਼ਮ, ਬਿਜਲੀ ਕਾਮੇ, ਆਪਰੇਟਰ ਆਦਿ। ਮੁਲਾਜ਼ਮ ਜ਼ਿਆਦਾ ਕੁੱਝ ਨਹੀਂ ਮੰਗ ਰਹੇ ਹਨ ਉਨ੍ਹਾਂ ਦੀ ਮੰਗ ਸਿਰਫ ਇਹੀ ਹੈ ਕਿ ਹਰਿਆਣੇ ਦੀ ਭਾਜਪਾ ਸਰਕਾਰ ਨੇ ਆਪਣੇ ਚੋਣ ਐਲਾਨਨਾਮੇ ਵਿੱਚ ਮੁਲਾਜ਼ਮਾਂ ਲਈ ਜੋ ਵਾਅਦੇ ਕੀਤੇ ਸਨ ਉਨ੍ਹਾਂ ਨੂੰ ਉਹ ਪੂਰੇ ਕਰ ਦੇਵੇ।

ਯਾਦ ਹੋਵੇਗਾ ਕਿ ਕੇਂਦਰ ਦੀ ਤਰ੍ਹਾਂ ਸੂਬਾ ਪੱਧਰ ਉੱਤੇ ਵੀ ਭਾਜਪਾ ਨੇ ਲੋਕਾਂ ਨਾਲ਼ ਲੋਕਲੁਭਾਉ ਵਾਅਦੇ ਕੀਤੇ ਸਨ। ਸਰਕਾਰ ਬਣਨ ਤੋਂ ਚਾਰ ਸਾਲ ਬਾਅਦ ਚੁਣ ਐਲਾਨਨਾਮੇ ਘਪਲੇਬਾਜ਼ੀਆਂ ਨਾਲ਼ ਭਰੇ ਹੋਏ ਪੁਲਿੰਦੇ ਪ੍ਰਤੀਤ ਹੋ ਰਹੇ ਹਨ। ਹੁਣ ਜਦ ਕਿ ਹਰਿਆਣਾ ਵਿੱਚ ਸਰਕਾਰ ਨੂੰ ਬਣੇ 4 ਸਾਲ ਹੋ ਚੱਲੇ ਹਨ ਤਾਂ ਆਮ ਲੋਕਾਂ ਦਾ ਸਰਕਾਰ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀਆਂ ਉੱਤੇ ਸਵਾਲ ਖੜੇ ਕਰਨਾ ਲਾਜ਼ਮੀ ਹੈ। ਭਾਜਪਾ ਨੇ ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਤਨਖਾਹ ਵਧਾਉਣ, ਸਹੂਲਤਾਂ ਦੇਣ, ਹਰ ਸਾਲ ਲੱਖਾਂ ਨਵੇਂ ਰੁਜ਼ਗਾਰ ਪੈਦਾ ਕਰਨ ਵਰਗੇ ਅਣਗਿਣਤ ਵਾਅਦੇ ਮੁਲਾਜ਼ਮਾਂ ਸਾਹਮਣੇ ਕੀਤੇ ਸਨ। ਪਰ ਹੁਣ ਭਾਜਪਾ ਦੇ ਲੀਡਰ ਕੰਨ ਵਿੱਚ ਰੂੰ ਤੇਲ ਪਾਕੇ ਸੌਂ ਰਹੇ ਹਨ। ਕੀਤੇ ਗਏ ਵਾਅਦੇ ਪੂਰੇ ਕਰਨਾ ਤਾਂ ਦੂਰ ਮੁਲਾਜ਼ਮਾਂ ਦੀ ਆਰਥਕ ਹਾਲਤ ਹੋਰ ਵੀ ਖਸਤਾ ਕਰਨ 'ਤੇ ਉਤਾਰੋ ਵਿਖਾਈ ਦੇ ਰਹੀ ਹੈ। ਹਰ ਵਿਭਾਗ ਨੂੰ ਹੌਲ਼ੀ- ਹੌਲ਼ੀ ਠੇਕੇਦਾਰਾਂ ਦੇ ਹੱਥਾਂ ਵਿੱਚ ਦਿੱਤਾ ਜਾ ਰਿਹਾ ਹੈ। ਹਰਿਆਣਾ ਲੋਕ ਸੇਵਾ ਚੋਣ ਕਮਿਸ਼ਨ ਤੋਂ ਲੈ ਕੇ ਸਾਰੇ ਵਿਭਾਗਾਂ ਵਿੱਚ ਘਪਲਿਆਂ-ਘੋਟਾਲਿਆਂ ਦਾ ਬੋਲਬਾਲਾ ਹੈ। ਹਰ ਜਗ੍ਹਾ ਦੀ ਤਰ੍ਹਾਂ ਹਰਿਆਣਾ ਵਿੱਚ ਨਗਰਨਿਗਮ, ਨਗਰਪਾਲਿਕਾ ਅਤੇ ਨਗਰਪਰੀਸ਼ਦ ਤਹਿਤ ਆਉਣ ਵਾਲ਼ੇ ਸਫਾਈ ਕਾਮਿਆਂ ਦੀ ਹਾਲਤ ਸਭ ਤੋਂ ਖਸਤਾ ਹੈ ।

ਬਿਗੁਲ ਦੀ ਟੀਮ ਦੇ ਮੈਂਬਰ ਪਿਛਲੇ ਕਈ ਦਿਨਾਂ ਤੋਂ ਰੋਹਤਕ ਵਿੱਚ ਹੜਤਾਲ 'ਤੇ ਬੈਠੇ ਮੁਲਾਜ਼ਮਾਂ ਵਿਚਕਾਰ ਜਾ ਰਹੇ ਹਨ। ਇਸ ਦੌਰਾਨ ਕਈ ਵਾਰੀ ਹੜਤਾਲੀ ਸਭਾ ਵਿੱਚ ਬਿਗੁਲ ਮਜ਼ਦੂਰ ਦਸਤਾ ਵੱਲੋਂ ਆਪਣੀ ਗੱਲ ਵੀ ਰੱਖੀ ਗਈ ਅਤੇ ਹੜਤਾਲ ਦੀ ਹਮਾਇਤ ਕੀਤੀ ਗਈ। ਰੂਬਰੂ ਗੱਲਬਾਤ ਦੌਰਾਨ ਸਫਾਈ ਕਰਮਿਆਂ ਨੇ ਕਈ ਅੰਦਰ ਦੀਆਂ ਗੱਲਾਂ ਸਾਹਮਣੇ ਰੱਖੀਆਂ। ਇੱਕ ਠੇਕੇਦਾਰ ਤਹਿਤ ਕੰਮ ਕਰਨ ਵਾਲ਼ੇ ਸਫਾਈ ਕਾਮੇ ਨੇ ਨਾਮ ਨਾ ਦੱਸਣ ਦੀ ਸ਼ਰਤ ਉੱਤੇ ਦੱਸਿਆ ਕਿ ਠੇਕੇਦਾਰ ਮਨਮਰਜ਼ੀ ਨਾਲ਼ ਪੈਸੇ ਕੱਟਕੇ ਤਨਖਾਹ ਦਿੰਦਾ ਹੈ। ਠੇਕੇਦਾਰ ਤਹਿਤ ਕੰਮ ਕਰਨ ਵਾਲ਼ੇ ਸਫਾਈ ਕਾਮੇ ਨੂੰ ਕੁੱਲ ਦੋ ਦਿਨ ਦਾ ਅਰਾਮ ਮਿਲ਼ਦਾ ਹੈ ਜਦ ਕਿ ਅਸਲ ਵਿੱਚ ਹਫ਼ਤਾਵਾਰ ਛੁੱਟੀ ਹੋਣੀ ਚਾਹੀਦੀ ਹੈ। 2 ਦਿਨ ਤੋਂ ਜ਼ਿਆਦਾ ਜੇਕਰ ਕੋਈ ਸਫਾਈ ਕਾਮਾਂ ਕੰਮ ਉੱਤੇ ਨਹੀਂ ਜਾਂਦਾ ਤਾਂ ਠੇਕੇਦਾਰ 300 ਦੇ ਹਿਸਾਬ ਨਾਲ਼ ਹਰ ਇੱਕ ਦਿਨ ਦੀ ਰਕਮ ਆਪਣੀ ਜੇਬ ਵਿੱਚ ਪਾ ਲੈਂਦਾ ਹੈ! ਉੱਥੇ ਹੀ ਵਿਭਾਗ ਵਿੱਚ 14-15 ਸਾਲ ਤੋਂ ਵੀ ਜ਼ਿਆਦਾ ਸਮੇਂ ਤੋਂ ਬਹੁਤ ਸਾਰੇ ਕੱਚੇ ਮੁਲਾਜ਼ਮ ਕੰਮ ਕਰ ਰਹੇ ਹਨ। ਸਥਾਈ ਤਰਾਂ ਦੇ ਕੰਮ ਵਿੱਚ ਠੇਕੇਦਾਰੀ ਪ੍ਰਬੰਧ ਅਤੇ ਕੱਚੇ ਕੰਮ ਨੂੰ ਖੁਦ ਭਾਰਤ ਦੇ ਸੰਵਿਧਾਨ ਦੀ 1971 ਧਾਰਾ ਰੱਦ ਕਰਦੀ ਹੈ ਪਰ ਇੱਥੇ ਧੜੱਲੇ ਨਾਲ਼ ਇਸ ਕਨੂੰਨ ਦੀ ਧੱਜੀਆਂ ਖੁਦ ਸਰਕਾਰਾਂ ਉਡਾਉਂਦੀਆਂ ਹਨ। ਇੱਕ ਪਾਸੇ ਅਦਾਲਤ ਇੱਕੋ ਜਿਹੇ ਕੰਮ ਲਈ ਇੱਕੋ ਜਿਹੀ ਤਨਖਾਹ ਦੀ ਗੱਲ ਕਰਦਾ ਹੈ ਦੂਜੇ ਪਾਸੇ ਇੱਕੋ ਜਿਹੇ ਕੰਮ ਕਰਨ ਵਾਲ਼ੇ ਮਜ਼ਦੂਰਾਂ ਦੀ ਕਮਾਈ ਅਤੇ ਸਹੂਲਤਾਂ ਵਿੱਚ ਜ਼ਮੀਨ-ਅਸਮਾਨ ਦਾ ਫਰਕ ਹੁੰਦਾ ਹੈ।

ਹਰਿਆਣਾ ਵਿੱਚ ਸਫਾਈ ਕਮਿਆਂ ਨੂੰ ਝਾੜੂ ਭੱਤੇ ਦੇ ਨਾਮ 'ਤੇ 5 ਰੁਪਏ ਫੜਾ ਦਿੱਤੇ ਜਾਂਦੇ ਹਨ, ਹੁਣ ਇਹ ਸੋਚਣ ਵਾਲ਼ੀ ਗੱਲ ਹੈ ਕਿ 5 ਰੁਪਏ ਵਿੱਚ ਅੱਜ ਦੇ ਸਮੇਂ ਕੀ ਆਉਂਦਾ ਹੈ! ਭਾਜਪਾ ਇੱਕ ਪਾਸੇ ਸਵਦੇਸ਼ੀ ਦਾ ਰਾਗ ਅਲਾਪਦੀ ਨਹੀਂ ਥੱਕਦੀ ਦੂਜੇ ਪਾਸੇ ਸਫਾਈ ਤੱਕ ਦਾ ਠੇਕਾ ਵਿਦੇਸ਼ੀ ਕੰਪਨੀਆਂ ਨੂੰ ਦੇ ਰਹੀ ਹੈ। ਇਹ ਕੰਪਨੀਆਂ ਦੇਸੀ ਠੇਕੇਦਾਰਾਂ ਨਾਲ਼ ਗੰਢ-ਤੁੱਪ ਕਰਕੇ ਨਾ ਸਿਰਫ ਕਾਮਿਆਂ ਦਾ ਮਨਮਰਜ਼ੀ ਦੀ ਲੁੱਟ ਕਰਦੀ ਹੈ ਸਗੋਂ ਨਾਗਰਿਕਾਂ ਤੋਂ ਵੀ ਮਨਮਰਜ਼ੀ ਨਾਲ਼ ਪੈਸੇ ਕਢਵਾਉਂਦੀ ਹੈ। ਸਮਾਰਟ ਸਿਟੀ ਵਿਕਸਤ ਕਰਨ ਦੀ ਯੋਜਨਾ ਵੀ ਪੂਰੀ ਤਰਾਂ ਨਾਲ਼ ਹਰ ਚੀਜ਼ ਨੂੰ ਵਿਕਾਊ ਮਾਲ ਵਿੱਚ ਤਬਦੀਲ ਕਰਨ ਦੀ ਯੋਜਨਾ ਹੈ। ਹਰਿਆਣੇ ਦੀ ਨਗਰਪਾਲਿਕਾ, ਨਗਰਪ੍ਰੀਸ਼ਦਾਂ ਅਤੇ ਨਗਰਨਿਗਮਾਂ ਤਹਿਤ ਯਾਨੀ ਸੂਬੇ ਦੇ 80 ਸ਼ਹਿਰਾਂ ਅਤੇ 6,754 ਪਿੰਡਾਂ ਵਿੱਚ ਲਗਭਗ 25 ਹਜ਼ਾਰ ਸਫਾਈ ਕਮੇ ਕੰਮ ਕਰਦੇ ਹਨ। ਹਰਿਆਣਾ ਸੂਬੇ ਦੀ ਢਾਈ ਕਰੋੜ ਅਬਾਦੀ ਦੇ ਲਿਹਾਜ਼ ਨਾਲ਼ ਅਬਾਦੀ ਦੇ ਅਨੁਪਾਤ ਵਿੱਚ 62 ਹਜ਼ਾਰ ਸਫਾਈ ਕਾਮੇ ਹੋਣੇ ਚਾਹੀਦੇ ਹਨ। ਸਰਕਾਰ ਦੇ ਸਵੱਛ ਭਾਰਤ ਅਭਿਆਨ ਦੇ ਢੋਂਗ ਦੀ ਅਸਲੀਅਤ ਇੱਥੇ ਲੋਕਾਂ ਸਾਹਮਣੇ ਆ ਜਾਂਦੀ ਹੈ। ਸਾਫ਼-ਸੁਥਰੀ ਜਗਾ ਉੱਤੇ ਝਾੜੂ ਲੈ ਕੇ ਫ਼ੋਟੋ ਖਿਚਾ ਲੈਣਾ ਇੱਕ ਗੱਲ ਹੈ ਅਤੇ ਹਰ ਰੋਜ਼ ਗੰਦਗੀ, ਮੁਸ਼ਕ, ਸੜਾਂਦ ਨਾਲ਼ ਜੂਝ ਰਹੇ ਕਮਿਆਂ ਨੂੰ ਮੁੱਢਲੀਆਂ ਸਹੂਲਤਾਂ ਦੇਣਾ ਦੂਜੀ ਗੱਲ ਹੈ। ਬਿਨਾਂ ਦਸਤਾਨਿਆਂ, ਮਾਸਕ, ਬੂਟ, ਸੁਰੱਖਿਆ ਸਾਧਨ ਕਾਰਨ ਕਿੰਨੇ ਹੀ ਕਾਮੇ ਬਿਮਾਰੀ ਦਾ ਸ਼ਿਕਾਰ ਹੁੰਦੇ ਹਨ ਅਤੇ ਬਿਨਾਂ ਜਰੂਰੀ ਸੁਰੱਖਿਆ ਸਾਧਨਾਂ ਦੇ ਕਿੰਨੇ ਹੀ ਜ਼ਹਿਰੀਲੀ ਗੈਸ ਕਾਰਨ ਆਪਣੀ ਜਾਨ ਤੋਂ ਹੀ ਹੱਥ ਧੋ ਬੈਠਦੇ ਹਨ ।

ਸਫਾਈ ਕਾਮਿਆਂ ਤੋਂ ਇਲਾਵਾ ਨਿਗਮ ਵਿੱਚ ਕੰਮ ਕਰਨ ਵਾਲ਼ੇ ਮਾਲੀ, ਨਕਲਨਵੀਸ, ਬੇਲਦਾਰ, ਚੌਂਕੀਦਾਰ, ਚਪੜਾਸੀ, ਅੰਗ ਬੁਝਾਉਣ ਦਾ ਕੰਮ ਕਰਨ ਵਾਲ਼ੇ, ਸਿਹਤ ਕਾਮੇ, ਬਿਜਲੀ, ਅਪਰੇਟਰ ਆਦਿ ਦੇ ਹਲਾਤ ਵੀ ਭੈੜੇ ਹਨ। ਜ਼ਿਆਦਾਤਰ ਜਾਂ ਤਾਂ ਡੀਸੀ ਰੇਟ ਉੱਤੇ ਐਡਹਾਕ 'ਤੇ ਕੰਮ ਕਰਦੇ ਹਨ ਜਾਂ ਫੇਰ ਠੇਕੇਦਾਰੀ ਪ੍ਰਬੰਧ ਤਹਿਤ। ਅੱਜ ਵੋਟ ਬਟੋਰੂ ਪਾਰਟੀਆਂ ਅਤੇ ਠੱਗਾਂ, ਲੁਟੇਰਿਆਂ ਵਿੱਚ ਕੋਈ ਫਰਕ ਨਹੀਂ ਰਹਿ ਗਿਆ ਹੈ। ਚੋਣਾਂ ਤੋਂ ਪਹਿਲਾਂ ਚੋਣ ਜੁਮਲੇਜ਼ਾਜ਼ੀ ਅਤੇ ਫੇਰ ਉਨਾਂ ਜੁਮਲਿਆਂ ਨੂੰ ਆਪਣੇ ਕੰਨਾਂ ਵਿੱਚ ਤੁੰਨ ਲਵੋ ਅਤੇ ਸਰਕਾਰ ਬਣਨ ਤੋਂ ਬਾਅਦ ਦਿਲ ਖੋਲਕੇ ਲੋਟੂ ਨੀਤੀਆਂ ਨੂੰ ਲਾਗੂ ਕਰੋ। ਫੇਰ ਲੋਕਾਂ ਨੂੰ ਜਾਤ-ਧਰਮ-ਰਾਖਵੇਂਕਰਨ ਦੇ ਨਾਮ ਉੱਤੇ ਲੜਾਓ!
















# ਜੇਬਾਂ ਤੇ ਡਾਕਾ, ਐਕਸੀਡੈਂਟ ਘੱਟ, ਆਟੋ-ਇੰਸ਼ੋਰੈਂਸ ਮਹਿੰਗੀ



ਇੰਗਲਿਸ਼ ਰਚਨਾ - ਮਾਰਟਿਨ ਰੈਗ ਕੋਹਨ
ਪੰਜਾਬੀ ਅਨੁਵਾਦ ਡਾ: ਹਰਦੀਪ ਸਿੰਘ

*(ਓਂਟਾਰੀਓ ਪਰੋਵਿੰਸ ਦੀ ਆਟੋ-ਇੰਸ਼ੋਰੈਂਸ ਅੱਤ ਦੀ ਮਹਿੰਗੀ ਹੋ ਰਹੀ ਹੈ ਅਤੇ ਲੋਕਾਂ ਵਿੱਚ ਇਹ ਭਰਮ ਫੈਲਾਇਆ ਗਿਆ ਹੈ ਕਿ ਇਥੋਂ ਦੀਆਂ ਸੜਕਾਂ ਭੀੜ ਭੜੱਕੇ ਵਾਲੀਆਂ ਹਨ ਅਤੇ ਡਰਾਇਵਰ ਵੀ ਮਾੜੇ ਹਨ ਇਸ ਕਰਕੇ ਗੱਡੀਆਂ ਦੀ ਇੰਸ਼ੋਰੈਂਸ ਫੀਸ ਲੋਕਾਂ ਦੇ ਪੇ ਚੈਕ ਦਾ ਵੱਡਾ ਹਿੱਸਾ ਖਾ ਰਹੀ ਹੈ। ਪਰ ਇਥੋਂ ਦੇ ਮਸ਼ਹੂਰ ਪੱਤਰਕਾਰ ਮਾਰਟਿਨ ਰੈਗ ਕੋਹਨ ਦੁਆਰਾ ਅਖਬਾਰ 'ਦ ਸਟਾਰ' ਵਿੱਚ ਤੱਥਾਂ ਨਾਲ ਪੇਸ਼ ਕੀਤੀ ਇਹ ਰਿਪੋਰਟ ਇਸ ਦੇ ਉਲਟ ਦੱਸਦੀ ਹੈ ਕਿ ਜ਼ਿਆਦਾ ਟਰੈਫਿਕ ਵਾਲੀਆਂ ਸੜਕਾਂ ਦੇ ਬਾਵਜੂਦ ਇਥੋਂ ਦੇ ਲੋਕਾਂ ਦੀ ਡਰਾਇਵਰੀ ਇੰਨੀ ਸ਼ਾਨਦਾਰ ਹੈ ਕਿ ਇਸ ਪਰੋਵਿੰਸ ਵਿੱਚ ਐਕਸੀਡੈਂਟ ਰੇਟ ਕੈਨੇਡਾ ਅਤੇ ਅਮਰੀਕਾ ਦੇ ਦੂਜੇ ਏਰੀਆਂ ਨਾਲੋਂ ਘੱਟ ਹੈ-ਇਸ ਰਚਨਾ ਦਾ ਪੰਜਾਬੀ ਅਨੁਵਾਦ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ)*

ਐਕਸੀਡੈਂਟ ਅਤੇ ਸਰੀਰਕ ਸੱਟਾਂ ਦੀ ਰਿਪੋਰਟ ਦੇ ਡਾਟੇ ਮੁਤਾਬਿਕ ਓਂਟਾਰੀਓ ਪਰੋਵਿੰਸ ਦੇ ਡਰਾਇਵਰ ਇਸ ਮਹਾਂਦੀਪ ਦੇ ਸਭ ਤੋਂ ਵਧੀਆ ਡਰਾਇਵਰ ਹਨ। ਇਥੋਂ ਦੇ ਕੁਲ ਦਸ ਮਿਲੀਅਨ ਪਸੈਂਜ਼ਰਾਂ ਅਤੇ ਡਰਾਈਵਰਾਂ ਲਈ ਇਹ ਰਾਹਤ ਵਾਲੀ ਜਾਣਕਾਰੀ ਹੈ ਪਰ ਫਿਰ ਵੀ ਸਾਡੇ ਲਈ ਗੱਡੀਆਂ ਦੀ ਇੰਸ਼ੋਰੈਂਸ ਦਾ ਰੇਟ ਪੂਰੇ ਕੈਨੇਡਾ ਵਿੱਚ ਸਭ ਤੋਂ ਮਹਿੰਗਾ- (ਸਾਲ 2015) ਔਸਤ ਦਰ ਅਨੁਸਾਰ 1458 ਡਾਲਰ ਸਲਾਨਾ ਹੈ। ਇਹ ਕਿਉਬੈਕ ਪਰੋਵਿੰਸ ਨਾਲੋਂ ਦੁਗਣਾ ਅਤੇ ਦੇਸ਼ ਦੀ ਨੈਸ਼ਨਲ ਰੇਟ ਨਾਲੋਂ 55 ਪ੍ਰਤੀਸ਼ਤ ਜਿਆਦਾ ਹੈ ਕਿ ਇਹ ਲੋਕਾਂ ਦੀਆਂ ਜੇਬਾਂ 'ਤੇ ਹਾਈਵੇ ਡਾਕਾ ਨਹੀਂ? - ਕਿ ਅਸੀਂ ਕਈ ਬਿਲੀਅਨ ਡਾਲਰ ਵਾਧੂ ਪ੍ਰੀਮੀਅਮ ਭਰ ਰਹੇ ਹਾਂ? ਉਹ ਵੀ ਕਈ ਸਾਲਾਂ ਤੋਂ ਲਗਾਤਾਰ ਵਾਧੇ ਨਾਲ। ਸਾਡੇ ਪੋਲੀਟੀਸ਼ਿਅਨ ਤਾਂ ਲਾਗਾਤਾਰ ਮਹਿੰਗੀ ਹੋ ਰਹੀ ਕਾਰ ਇੰਸ਼ੋਰੈਂਸ ਦਾ ਸਾਰਾ ਦੋਸ਼ ਟੋਅ-ਟਰੱਕ ਫਰਮਾਂ ਸਿਰ ਧਰ ਦਿੰਦੇ ਹਨ ਕਿ ਉਹ ਸਾਡੀਆਂ ਐਕਸੀਡੈਂਟ ਗੱਡੀਆਂ ਕਰੱਪਟ ਵਰਕਸ਼ਾਪ ਗੈਰਾਜ਼ਾਂ ਵਾਲਿਆਂ ਕੋਲ ਲੈ ਜਾਂਦੇ ਹਨ ਜਿਥੇ ਇਨ੍ਹਾਂ ਨੂੰ ਕਮਿਸ਼ਨਾਂ ਮਿਲਦਾ ਹੈ -ਅਤੇ ਇਹ ਕੁਝ ਲਾਲਚੀ ਹੈਲ਼ਥ ਕਲੀਨਿਕਾਂ ਤੇ ਵੀ ਦੋਸ਼ ਧਰਦੇ ਹਨ ਜਿਹੜੇ ਸਰੀਰਕ ਸੱਟਾਂ ਦਾ ਵੱਧ-ਤੋਂ-ਵੱਧ ਬਿਲ ਵਸੂਲ ਕਰ ਲ਼ੈਂਦੇ ਹਨ। ਪਰ, ਇਹ ਸਾਰਾ ਸਿਸਟਮ ਹੀ ਕ੍ਰਿਮੀਨਲ ਅਤੇ ਕਾਨੂੰਨੀ ਮੁਨਾਫੇ ਨਾਲ ਗ੍ਰਸਿਆ ਹੈ। ਇਹੀ ਇਸ ਲੇਖ ਦਾ ਸਾਰ ਤੱਤ ਹੈ।

ਆਟੋ-ਇੰਸ਼ੋਰੈਂਸ ਸਿਸਟਮ ਰਾਹੀਂ ਕਈ ਬਿਲੀਅਨ ਡਾਲਰ ਵਸੂਲ ਕੇ ਸਾਰਾ ਲਹੂ ਇਕੱਲੇ ਕ੍ਰਿਮੀਨਲ ਹੀ ਨਹੀਂ ਨਿਚੋੜ ਰਹੇ ਸਗੋਂ ਕਾਨੂੰਨੀ ਅਨਸਰ ਵੀ। ਮਸਲਾ ਕਾਨੂੰਨ ਦੀ ਅਣਹੋਂਦ ਦਾ ਨਹੀਂ ਸਗੋਂ ਕਾਨੂੰਨੀ ਲਿਟੀਗੇਸ਼ਨ ਦੀ ਬਹੁਤਾਤ ਦਾ ਹੈ। ਮਤਲਬ, ਬਹੁਤ ਸਾਰੇ ਐਡਵੋਕੇਟ, ਐਕਸੀਡੈਂਟ-ਪ੍ਰਭਾਵਿਤ ਗ੍ਰਾਹਕਾਂ ਦੇ ਇਸ ਇੰਸ਼ੋਰੈਂਸ ਸਿਸਟਮ ਵਿਚੋਂ ਡਾਲਰਾਂ ਨਾਲ ਆਪਣੀਆ ਜੇਬਾਂ ਭਰ ਰਹੇ ਹਨ। ਐਡਵੋਕੇਟਾਂ ਨੂੰ ਸਿਰਫ ਐਡਵੋਕੇਟ ਹੋਣ ਦੇ ਨਾਤੇ ਹੀ ਦੋਸ਼ ਦੇਣਾ ਠੀਕ ਨਹੀਂ ਸਗੋਂ ਉਨ੍ਹਾਂ ਨੂੰ ਇਸ ਗੱਲ ਦੀ ਇਜ਼ਾਜ਼ਤ ਦੇਣ ਵਾਲੇ ਹੀ ਦੋਸ਼ੀ ਹਨ। ਇਕੱਲੇ ਅਸੀਂ ਹੀ ਹਾਂ ਜਿਹੜੇ ਇਸ ਦਾ ਹਰਜ਼ਾਨਾ ਭੁਗਤ ਰਹੇ ਹਾਂ।

ਯਾਦ ਰਹੇ-ਆਟੋ-ਇੰਸ਼ੋਰੈਂਸ ਦਾ ਖਰਚਾ ਸਾਡੀ ਮਰਜ਼ੀ ਦਾ ਨਹੀਂ ਹੈ-ਇਹ ਕਾਨੂੰਨੀ ਤੌਰ 'ਤੇ ਲਾਜ਼ਮੀ ਹੈ ਅਤੇ ਸਾਡੀ ਚੁਣੀ ਸਰਕਾਰ ਦੁਆਰਾ ਇਹ ਸਾਰਾ ਪ੍ਰਬੰਧ ਨਿੱਜੀ ਕੰਪਨੀਆਂ ਨੂੰ ਆਉਟ-ਸੋਰਸ ਕੀਤਾ ਗਿਆ ਹੈ। ਇਹੀ ਨਤੀਜਾ ਹੈ ਇਸ ਕਾਨੂੰਨੀ ਅਨਾਰਕੀ ਦਾ-ਕਲੇਮ ਲੈਣ ਲਈ ਪ੍ਰੇਸ਼ਾਨ ਐਕਸੀਡੈਂਟ-ਪ੍ਰਭਾਵਿਤ ਲੋਕ, ਮੁਨਾਫੇ ਅਧਾਰਿਤ ਕੰਮ ਕਰਦੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਕਾਨੂੰਨੀ ਟੱਕਰ ਲਈ ਅਜਿਹੀਆਂ ਲੀਗਲ ਫਰਮਾਂ ਦਾ ਸਹਾਰਾ ਲੈਂਦੇ ਹਨ ਜਿਹੜੀਆਂ ਐਕਸੀਡੈਂਟ ਕੇਸਾਂ ਦੀ ਭਾਲ ਵਿੱਚ ਰਹਿੰਦੀਆਂ ਹਨ ਅਤੇ ਇਵਜ਼ਾਨੇ ਵਿੱਚ ਐਕਸੀਡੈਂਟ-ਸ਼ਿਕਾਰ ਤੋਂ ਮੋਟੀਆ ਫੀਸਾਂ ਲੈਂਦੇ ਹਨ। ਇੱਕ ਅਜਿਹਾ ਮਾੜਾ ਸਿਸਟਮ ਜਿਹੜਾ ਕੁਦਰਤੀ ਇਨਸਾਫ ਨੂੰ ਢਾਹ ਲਾਉਂਦਾ ਹੈ।




ਪਿਛਲੇ ਸਾਲ, 'ਟੋਰਾਂਟੋ ਸਟਾਰ' ਅਖਬਾਰ ਦੇ ਪੱਤਰਕਾਰਾਂ ਮਾਇਕਲ ਹੈਨਰੀ ਅਤੇ ਕੇਨੀਓਨ ਵਾਲੇਸ ਨੇ ਇੱਕ ਇਨਵੈਸਟੀਗੇਸ਼ਨ ਰਾਹੀਂ ਦੱਸਿਆ ਸੀ ਕਿ ਐਕਸੀਡੈਂਟ-ਪ੍ਰਭਾਵਿਤ ਲੋਕਾਂ ਨਾਲ ਇਹ ਵਕੀਲ ਕਿਸ ਤਰ੍ਹਾਂ ਦੇ ਗਲਤ ਹੱਥਕੰਡੇ ਵਰਤਦੇ ਹਨ ਜਿਹੜੇ ਇਨ੍ਹਾਂ ਕੋਲ ਕਲੇਮ ਲੈਣ ਦੀ ਸਹਾਇਤਾ ਲਈ ਆਉਂਦੇ ਹਨ। ਕਿਉਂਨਸ ਪਾਰਕ ਦੇ ਇਸ ਬਸੰਤ ਰੁੱਤ ਸ਼ੈਸ਼ਨ ਵਿੱਚ ਇਸ ਮਸਲੇ ਤੇ ਬਾਹਰਲੇ ਮਾਹਿਰ 'ਡੇਵਿਡ ਮਾਰਸ਼ਲ' ਦੀ ਰਿਪੋਰਟ ਵੀ ਇਸ ਸਿਸਟਮ ਦੇ ਦੋਸ਼ਾਂ ਨੂੰ ਦੱਸਦੀ ਹੈ ਜਿਸ ਵਿੱਚ ਉਸਨੇ ਦਰਜ ਕੀਤਾ ਕਿ ਕਿਸ ਤਰ੍ਹਾਂ ਇਸ ਸਿਸਟਮ ਵਿੱਚ ਸੁਧਾਰਾਂ ਦੀਆਂ ਕੋਸ਼ਿਸ਼ਾਂ ਨੂੰ ਵੀ ਨਾਕਾਰਾ ਕੀਤਾ ਗਿਆ। ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਲਿਬਰਲ ਸਰਕਾਰ ਨੇ ਇਸ ਰਿਪੋਰਟ ਨੂੰ ਦਬਾਉਣ ਲਈ ਆਪਣੀ ਪੂਰੀ ਵਾਹ ਲਾਈ।

ਚਾਰ ਸਲਾਨਾ ਬਜਟ ਪਹਿਲਾਂ, ਸਾਲ 2011-14 ਦੌਰਾਨ ਘੱਟ ਗਿਣਤੀ ਸਰਕਾਰ ਵੱਲੋਂ, ਐਨ.ਡੀ.ਪੀ. ਪਾਰਟੀ ਦੇ ਦਬਾਅ ਕਰਕੇ, ਆਟੋ-ਇੰਸ਼ੋਰੈਂਸ ਦੇ ਰੇਟ ਨੂੰ 15 ਪ੍ਰਤੀਸ਼ਤ ਘਟਾਉਣ ਦਾ ਟੀਚਾ ਮਿਥਿਆ ਗਿਆ ਸੀ। ਪਰ ਲਿਬਰਲ ਸਰਕਾਰ ਨੇ ਇਸ ਨੂੰ ਸਿਰਫ 8 ਪ੍ਰਤੀਸ਼ਤ ਹੀ ਘਟਾਇਆ।

ਡੇਵਿਡ ਮਾਰਸ਼ਲ ਨੇ ਇਸ ਆਟੋ-ਇੰਸ਼ੋਰੈਂਸ ਦੇ ਇਸ ਸਿਸਟਮ ਵਿੱਚ ਖਿਡਾਰੀ ਧਿਰਾਂ ਵੱਲੋਂ ਧਨ ਵਸੂਲੀ ਬਾਰੇ ਕੁਝ ਕੁ ਸ਼ਬਦ ਹੀ ਨਹੀਂ ਕਹੇ ਸਗੋਂ ਕਿਹਾ ; "ਐਕਸੀਡੈਂਟ-ਪ੍ਰਭਾਵਿਤ ਲੋਕਾਂ ਦੇ ਇਲਾਜ਼ ਦੀ ਬਜਾਏ, ਇੰਸ਼ੋਰੈਂਸ ਕਲੇਮ ਦੀ ਤੀਜਾ ਹਿੱਸਾ ਤਕਰੀਬਨ 1.4 ਬਿਲੀਅਨ ਡਾਲਰ ਰਕਮ, ਸਬੰਧਤ ਮਾਹਿਰਾਂ ਦੇ ਰਾਵਾਂ ਦੇ ਮੁਕਾਬਲੇ, ਵਕੀਲਾਂ ਦੀ ਫੀਸ ਅਤੇ ਇੰਸ਼ੋਰੈਂਸ ਕੰਪਨੀ ਦੇ ਖਰਚੇ ਵਿੱਚ ਹੀ ਲੈ ਲਈ ਜਾਂਦੀ ਹੈ" ਮਾਰਸ਼ਲ ਅੱਗੇ ਲਿਖਦੇ ਹਨ। ਵਕੀਲਾਂ ਨੂੰ ਇਸ ਗੱਲ ਪ੍ਰਤੀ ਪਾਰਦਰਸ਼ਤਾ ਲਈ ਜ਼ੁੰਮੇਵਾਰ ਬਣਾਉਣਾ ਚਾਹੀਦਾ ਹੈ ਕਿ ਉਹ ਆਪਣੀ ਫੀਸ ਦਾ ਕਿਵੇਂ ਪ੍ਰਚਾਰ ਕਰਦੇ ਹਨ ਜਾਂ ਕਿਸ ਤਰ੍ਹਾਂ ਵਸੂਲਦੇ ਹਨ"।

ਓਂਟਾਰੀਓ ਦੇ ਐਕਸੀਡੈਂਟ ਪੈਰਵੀ ਵਕੀਲਾਂ ਦੀਆਂ ਧਾੜ੍ਹਾਂ ਵਿਖਾਵਾ ਕਰਦੀਆਂ ਹਨ ਕਿ ਉਹ ਤਾਂ ਲੋਕਾਂ ਦੀ ਸਿਰਫ ਗਰੀਬ ਲੋਕਾਂ ਦੀ ਮਦਦ ਕਰਦੇ ਹਨ, ਜਿਹੜੇ ਮਜ਼ਬੂਤ ਆਟੋ-ਇੰਸ਼ੋਰੈਂਸ ਕੰਪਨੀਆਂ ਨਾਲ ਕਾਨੂੰਨੀ ਲੜਾਈ ਦਾ ਖਰਚਾ ਨਹੀਂ ਝੱਲ ਸਕਦੇ। ਪਰ ਵੱਡੇ ਵਾਅਦੇ ਕਰਨ ਵਾਲੀ ਲਿਟੀਗੇਸ਼ਨ ਆਪਣੇ ਆਪ ਇੱਕ ਸਮੱਸਿਆ ਹੈ, ਸਮੱਸਿਆ ਦਾ ਹੱਲ ਨਹੀਂ।

ਐਕਸੀਡੈਂਟ-ਪ੍ਰਭਾਵਿਤ ਲੋਕ ਇਸ ਸਿਸਟਮ ਵਿੱਚ ਸਿਰਫ ਹਰਾ-ਚਾਰਾ ਹੀ ਬਣ ਜਾਂਦੇ ਹਨ ਜਦਕਿ ਕੈਸ਼ ਬਾਦਸ਼ਾਹ ਹੋ ਨਿਬੜਦਾ ਹੈ। ਵਕੀਲ ਅਤੇ ਆਟੋ-ਇੰਸ਼ੋਰੈਂਸ ਕੰਪਨੀਆਂ ਉਚੇਰੇ ਜੀਵਨ-ਪੱਧਰ ਦੀ ਪ੍ਰਾਪਤੀ ਤੇ ਧਿਆਨ ਕੇਂਦਰਤ ਕਰਨ ਦੀ ਬਜਾਏ ਕੈਸ਼ ਪ੍ਰਾਪਤੀ ਲਈ ਸਿਰ-ਧੜ੍ਹ ਦੀ ਲੜਾਈ ਲੜਦੇ ਹਨ।

**ਕਾਨੂੰਨੀ ਭੇੜ੍ਹ ਬਨਾਮ ਪੁਨਰਵਾਸ :** ਇਸ ਰਿਪੋਰਟ ਦੋਗਲੀ ਕਿਸਮ ਦੀਆਂ ਰਾਵਾਂ ਵਾਲੀਆਂ ਮਾਹਿਰ ਰਿਪੋਰਟਾਂ ਦੀ ਬਜ਼ਾਏ ਅਜ਼ਾਦ ਅਸੈਸਰਾਂ ਵਲੋਂ ਹੋਰ ਫੈਸਲਾਕੁਨ ਹੈਲਥ ਰਿਪੋਰਟਾਂ ਲੈਣ ਦੇ ਪ੍ਰਬੰਧ ਦਾ ਸੱਦਾ ਦਿੰਦੀ ਹੈ ਜਿਸ ਨਾਲ ਮਹਿੰਗੇ ਕਾਨੂੰਨੀ ਭੇੜ੍ਹ ਤੋਂ ਬਚਾਅ ਹੋਵੇ ਅਤੇ 'ਕੈਸ਼ ਨਹੀਂ ਕੇਅਰ' ਤੇ ਜ਼ੋਰ ਦਿੱਤਾ ਜਾ ਸਕੇ-ਜਿਸ ਦਾ ਮਕਸਦ ਹਾਂ-ਪੱਖੀ ਨਤੀਜਾ ਹੋਵੇ ਨਾ ਕਿ ਕਲੇਮ ਦੀ ਪੇਮੈਂਟ ਰੋਕਣ ਦਾ।

ਮਾਰਸ਼ਲ ਦੀ ਰਿਪੋਰਟ ਦੱਸਦੀ ਹੈ ਕਿ ਕਿਸ ਤਰ੍ਹਾਂ ਐਕਸੀਡੈਂਟ-ਪ੍ਰਭਾਵਿਤ ਲੋਕਾਂ ਦਾ ਸ਼ੋਸ਼ਣ ਮੁਨਾਫਾ ਅਧਾਰਿਤ ਇੰਸ਼ੋਰੈਂਸ ਕੰਪਨੀਆਂ ਵਲੋਂ ਹੁੰਦਾ ਹੈ ਅਤੇ ਕਲੇਮ ਦੀ ਰਕਮ ਵਿੱਚੋਂ ਵੀ ਚੋਖੀ ਕਟੌਤੀ ਵਸੂਲ ਕੇ ਵਕੀਲਾਂ ਦੁਆਰਾ ਮੁੜ-ਸ਼ੋਸ਼ਣ ਕੀਤਾ ਜਾਂਦਾ ਹੈ। ਸਟਾਰ ਅਖਬਾਰ ਦੀ ਇੰਨਵੇਸਟੀਗੇਟਿਵ ਵਿੱਚ ਦਰਜ ਕੀਤਾ ਗਿਆ ਕਿ ਇੱਕ ਕਲੇਮ ਸੈਟਲਮੈਂਟ ਕੇਸ ਵਿੱਚ ਤਾਂ ਐਕਸੀਡੈਂਟ-ਪ੍ਰਭਾਵਿਤ ਨੂੰ ਸਿਰਫ 25 ਪ੍ਰਤੀਸ਼ਤ ਰਕਮ ਹੀ ਪ੍ਰਾਪਤ ਹੋਈ।

ਮਾਰਸ਼ਲ ਨੇ ਆਪਣੀ ਰਿਪੋਰਟ ਵਿੱਚ ਇਸ ਗੱਲ ਤੇ ਪਾਬੰਦੀ ਲਾਉਣ ਦਾ ਸੱਦਾ ਦਿੱਤਾ ਕਿ ਜਿਸ ਤਰ੍ਹਾਂ ਵਕੀਲ ਇੱਕ ਦੂਜੇ ਨੂੰ ਅਜਿਹੇ ਕੇਸਾਂ ਦੇ ਰੈਫਰ ਕਰਨ ਲਈ ਰਕਮ ਦਿੰਦੇ ਹਨ ਜਿਸਦਾ ਨਤੀਜਾ ਫੀਸਾਂ ਵਿੱਚ ਵਾਧਾ ਹੋ ਨਿਬੜਦਾ ਹੈ। ਉਸ ਨੇ ਸੈਟਲਮੈਂਟ ਚੈਕਾਂ ਨੂੰ ਵਕੀਲਾਂ ਅਤੇ ਐਕਸੀਡੈਂਟ-ਪ੍ਰਭਾਵਿਤ ਦੇ ਨਾਮ 'ਤੇ ਜਾਂਇਟ ਲਿਖੇ ਜਾਣ ਤੇ ਵੀ ਪਾਬੰਦੀ ਦੀ ਮੰਗ ਕੀਤੀ। ਕਲੇਮੈਂਟ ਨੂੰ ਲਿਖ ਕੇ ਦੱਸਿਆ ਜਾਣਾ ਚਾਹੀਦਾ ਹੈ ਕਿ ਚੈਕ ਮਿਲਣ ਤੇ ਵਕੀਲ ਨੂੰ ਕਿੰਨੀ ਫੀਸ ਚਾਹੀਦੀ ਹੈ-ਜਿਹੜੀ ਰਾਇ ਜੱਚਦੀ ਵੀ ਹੈ ਅਤੇ ਸਿਆਣੇ ਲੋਕਾਂ ਤੱਕ ਪਹੁੰਚਣੀ ਚਾਹੀਦੀ ਹੈ। ਚਾਹੇ ਕਾਨੂੰਨ ਇਸ ਬਾਰੇ ਇਜ਼ਾਜ਼ਤ ਦਿੰਦਾ ਹੀ ਹੋਵੇ ਪਰ ਵਕੀਲਾਂ ਵੱਲੋਂ ਅਗਾਉਂ ਫੀਸ ਦੱਸੇ ਜਾਣਾ ਚੰਗਾ ਹੀ ਹੋਵੇਗਾ। ਨਿਚਲੇ ਦਰਜੇ ਦੇ ਆਟੋ-ਇੰਸ਼ੋਰੈਂਸ ਸਿਸਟਮ ਲਈ ਸਾਰੀਆਂ ਪਾਰਟੀਆਂ ਦੇ ਸਿਆਸਤਦਾਨਾਂ ਨੂੰ ਨਵੇਂ ਬਹਾਨੇ ਨਹੀਂ ਲੱਭਣੇ ਚਾਹੀਦੇ-ਸਗੋਂ ਅਗਲੀਆਂ ਚੋਣਾਂ ਲਈ ਇਨ੍ਹਾਂ ਸਭ ਦੇ ਸਿਰ ਜ਼ੁੰਮੇਵਾਰੀ ਧਰਨੀ ਚਾਹੀਦੀ ਹੈ।

ਰਿਪੋਰਟ ਦੇ ਅੰਤ ਵਿੱਚ ਡੇਵਿਡ ਮਾਰਸ਼ਲ ਲਿਖਦੇ ਹਨ ਕਿ ਕੋਈ ਵੀ ਇੱਕ ਹੁਕਮਰਾਨ ਸਿਆਸੀ ਪਾਰਟੀ ਇਸ ਘਟੀਆ ਪ੍ਰਬੰਧ ਕਾਇਮ ਕਰਨ ਦੀ ਜ਼ੁੰਮੇਵਾਰੀ ਨਹੀਂ ਲੈਂਦੀ। ਇਹ ਵੀ ਬਿਲਕੁਲ ਸਹੀ ਹੈ ਕਿਉਂਕਿ ਇਸ ਨੂੰ ਕਾਇਮ ਕਰਨ ਲਈ ਸਾਰੀਆਂ ਪਾਰਟੀਆਂ ਹੀ ਜ਼ੁੰਮੇਵਾਰ ਹਨ। ਸਾਰੀਆਂ ਵੱਡੀਆਂ ਪਾਰਟੀਆਂ ਨੇ ਅਜਿਹਾ ਸਿਸਟਮ ਬਣਾਇਆ ਜਿਸ ਵਿੱਚ ਇੰਸ਼ੋਰੈਂਸ ਕੰਪਨੀਆਂ ਆਪਣੇ ਗ੍ਰਾਹਕਾਂ ਦੇ ਉਲਟ ਚਲਦੀਆਂ ਹਨ, ਵਕੀਲ ਇਸ ਝਗੜੇ ਗਲਤ-ਫਹਿਮੀਆਂ ਤੋਂ ਕਮਾਈ ਕਰ ਰਹੇ ਹਨ। ਲਿਬਰਲ ਅਤੇ ਟੌਰੀ ਦੋਨੋਂ ਹੀ ਸਿਆਸੀ ਪਾਰਟੀਆਂ ਆਟੋ-ਇੰਸ਼ੋਰੈਂਸ ਕੰਪਨੀਆਂ ਤੋਂ ਲਗਾਤਾਰ ਫੰਡ ਲੈਂਦੇ ਰਹੇ ਹਨ-ਚਾਹੇ ਹੁਣ ਪਾਬੰਦੀ ਲਗ ਗਈ ਹੈ। ਇਸ ਸਿਸਟਮ ਦਾ ਖਮਿਆਜ਼ਾ ਅਸੀਂ ਸਾਰੇ ਭੁਗਤ ਰਹੇ ਹਾਂ- ਐਕਸੀਡੈਂਟ ਪ੍ਰਭਾਵਿਤ ਲੋਕ, ਡਰਾਇਵਰ ਅਤੇ ਸਵਾਰੀਆਂ।

**ਅਖਬਾਰ 'ਦ ਸਟਾਰ' ਤੋਂ ਧੰਨਵਾਦ ਸਹਿਤ**









# ਖੱਬੇ-ਪੱਖੀ ਇਨਕਲਾਬੀ ਧਿਰਾਂ ਹੀ ਭਾਰਤ ਵਿੱਚ ਲੋਕ ਪੱਖੀ ਬਦਲ ਪੇਸ਼ ਕਰ ਸਕਦੀਆਂ ਹਨ!

*ਬੂਟਾ ਸਿੰਘ ਨਵਾਂ ਸ਼ਹਿਰ, ਜੋ ਕਿ ਮਨੁੱਖੀ ਹੱਕਾਂ ਦੇ ਕਾਰਕੁੰਨ, 'ਲੋਕ ਕਾਫਲਾ' ਰਸਾਲੇ ਦੇ ਸੰਪਾਦਕ, ਲੇਖਕ, ਬੁੱਧੀਜੀਵੀ, 23 ਕਿਤਾਬਾਂ ਦੇ ਅਨੁਵਾਦਕ ਹਨ, ਪਿਛਲੇ ਦਿਨੀਂ ਉਨ੍ਹਾਂ ਦੀ ਕਨੇਡਾ ਫੇਰੀ ਮੌਕੇ ਕੈਲਗਰੀ ਵਿੱਚ 'ਸਿੱਖ ਵਿਰਸਾ-ਮਾਸਿਕ ਰਸਾਲੇ' ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨਾਲ ਹੋਈ ਖੁੱਲ੍ਹੀ ਗੱਲਬਾਤ ਵਿੱਚੋਂ ਕੁਝ ਅੰਸ਼ ਪਾਠਕਾਂ ਲਈ ਪੇਸ਼ ਕਰ ਰਹੇ ਹਾਂ।*



**? ਬੂਟਾ ਸਿੰਘ ਜੀ, ਸਭ ਤੋਂ ਪਹਿਲਾਂ ਤੁਸੀਂ ਆਪਣੇ ਬਾਰੇ ਪਾਠਕਾਂ ਨੂੰ ਕੁਝ ਜਾਣਕਾਰੀ ਦਿਉ?**

–ਮੇਰਾ ਪਿੰਡ ਨਵਾਂ ਸ਼ਹਿਰ ਕੋਲ ਮਹਿਮੂਦਪੁਰ ਹੈ। ਮੇਰਾ ਪਰਿਵਾਰ ਦੇਸ਼ ਭਗਤ ਪਰਿਵਾਰ ਵਿਰਾਸਤ ਵਾਲਾ ਪਰਿਵਾਰ ਹੈ। ਮੇਰੇ ਤਾਇਆ ਜੀ ਕਾਮਰੇਡ ਨਸੀਬ ਚੰਦ ਮਹਿਮੂਦਪੁਰ ਅਰਜਨਟਾਈਨਾ ਵਿਚ ਗ਼ਦਰ ਪਾਰਟੀ ਨਾਲ ਜੁੜੇ। ਉਹਨਾਂ ਨੇ ਗ਼ਦਰ/ਕਿਰਤੀ ਪਾਰਟੀ ਵਿਚ ਕੰਮ ਕਰਦਿਆਂ ਦੇਸ਼ ਦੀ ਆਜ਼ਾਦੀ ਵਿੱਚ ਆਪਣਾ ਯੋਗਦਾਨ ਪਾਇਆ ਅਤੇ 1947 ਤੋਂ ਬਾਅਦ ਵੀ ਉਹ ਕੁਲਵਕਤੀ ਬਣਕੇ ਕਮਿਊਨਿਸਟ ਲਹਿਰ ਤੇ ਹੋਰ ਸਮਾਜਿਕ ਜਥੇਬੰਦੀਆਂ ਵਿਚ ਅਖ਼ੀਰ ਤੱਕ ਕੰਮ ਕਰਦੇ ਰਹੇ। ਮੇਰੇ ਤੇ ਬਚਪਨ ਤੋਂ ਹੀ ਉਨ੍ਹਾਂ ਦੀ ਸ਼ਖਸੀਅਤ ਦਾ ਡੂੰਘਾ ਪ੍ਰਭਾਵ ਰਿਹਾ। ਇਸ ਪ੍ਰਭਾਵ ਹੇਠ ਹੀ ਮੈਂ ਬਚਪਨ ਵਿਚ ਹੀ ਖੱਬੇ ਪੱਖੀ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜਿਆ ਤੇ ਹੁਣ ਤੱਕ ਵੱਖ-ਵੱਖ ਢੰਗਾਂ ਨਾਲ ਕੰਮ ਕਰ ਰਿਹਾ ਹਾਂ। ਅਸੀਂ ਪਿਛਲੇ ਕੁਝ ਸਾਲਾਂ ਤੋਂ '**ਲੋਕ ਕਾਫਲਾ**' ਦੋ-ਮਾਸਿਕ ਰਸਾਲਾ ਪਬਲਿਸ਼ ਕਰ ਰਹੇ ਹਾਂ। ਇਸ ਤੋਂ ਪਹਿਲਾਂ ਅਸੀਂ '**ਸੁਲਗਦੇ ਪਿੰਡ**' ਰਸਾਲਾ ਵੀ ਪਬਲਿਸ਼ ਕਰਦੇ ਰਹੇ ਹਾਂ ਅਤੇ ਮੈਂ ਹੋਰ ਅਗਾਂਹਵਧੂ ਰਸਾਲਿਆਂ ਦੇ ਸੰਪਾਦਨ ਵਿਚ ਵੀ ਸ਼ਾਮਲ ਰਿਹਾ ਹਾਂ। ਮੈਂ ਜਮਹੂਰੀ ਅਧਿਕਾਰਾਂ ਦੀ ਲਹਿਰ ਵਿਚ ਵੀ ਕੰਮ ਕਰਦਾ ਹਾਂ। ਅਸੀਂ ਪਿਛਲੇ ਕਈ ਸਾਲਾਂ ਤੋਂ ਗ਼ਦਰੀ ਦੇਸ਼ ਭਗਤ ਤੇ ਸ਼ਹੀਦ, ਬਾਬਾ ਬੂਝਾ ਸਿੰਘ ਦੀ ਯਾਦ ਵਿੱਚ ਬਣਾਏ '**ਬਾਬਾ ਬੂਝਾ ਸਿੰਘ ਪ੍ਰਕਾਸ਼ਨ**' ਰਾਹੀਂ ਅਨੇਕਾਂ ਕਿਤਾਬਾਂ ਛਾਪ ਚੁੱਕੇ ਹਾਂ। ਅਸੀਂ ਹੁਣ ਤੱਕ ਅੰਗਰੇਜ਼ੀ ਵਿਚ ਛਪੀਆਂ ਸੰਸਾਰ ਪੱਧਰ ਦੀਆਂ ਕਿਤਾਬਾਂ ਸਮੇਤ 23 ਕਿਤਾਬਾਂ ਦਾ ਪੰਜਾਬੀ ਅਨੁਵਾਦ ਕਰ ਚੁੱਕੇ ਹਾਂ। ਜਿਨ੍ਹਾਂ ਵਿੱਚ ਨੇਓਮੀ ਕਲਾਇਨ ਦੀ '**ਸਦਮਾ ਮੱਤ**', ਰਾਣਾ ਅਯੂਬ ਦੀ '**ਗੁਜਰਾਤ ਫਾਈਲਜ਼**', ਜੌਹਨ ਪਰਕਿਨਜ਼ ਦੀ '**ਇਕ ਆਰਥਕ ਹਤਿਆਰੇ ਦਾ ਇਕਬਾਲੀਆ ਬਿਆਨ**', ਅਰੁੰਧਤੀ ਰਾਏ ਦੀ '**ਜਮਹੂਰੀਅਤ ਕਟਹਿਰੇ ਵਿੱਚ**' ਅਤੇ '**ਆਪਣੇ ਹੀ ਲੋਕਾਂ ਖ਼ਿਲਾਫ਼ ਜੰਗ**', ਤੀਸਤਾ ਸੀਤਲਵਾੜ ਦੀ '**ਸੰਵਿਧਾਨ ਦੀ ਜਾਂਬਾਜ਼ ਮੁਹਾਫ਼ਿਜ਼**', ਜਾਨ ਮਿਰਡਲ ਦੀ '**ਭਾਰਤ ਵਿੱਚ ਇਨਕਲਾਬ ਦੀ ਦਸਤਕ**', ਆਦਿ ਪ੍ਰਮੁੱਖ ਟਾਈਟਲ ਹਨ। ਇਸ ਤੋਂ ਇਲਾਵਾ ਮੇਰੇ ਲੇਖ ਕਈ ਅਖਬਾਰਾਂ-ਰਸਾਲਿਆਂ ਵਿੱਚ ਅਕਸਰ ਛਪਦੇ ਰਹਿੰਦੇ ਹਨ, ਜਿਨ੍ਹਾਂ ਵਿੱਚ ਲੋਕ ਕਾਫਲਾ, ਪੰਜਾਬ ਟਾਈਮਜ਼ ਯੂ.ਐੱਸ.ਏ., ਨਵਾਂ ਜਮਾਨਾ, ਸਿੱਖ ਵਿਰਸਾ, ਸਰੋਕਾਰਾਂ ਦੀ ਆਵਾਜ਼, ਪੰਜਾਬੀ ਟ੍ਰਿਬਿਊਨ ਆਦਿ ਪ੍ਰਮੁੱਖ ਹਨ।

**?ਤੁਹਾਡੀ ਕਨੇਡਾ ਫੇਰੀ ਦਾ ਮੁੱਖ ਮਕਸਦ ਕੀ ਸੀ?**

–ਇਸ ਵਾਰ ਮੈਂ ਅਤੇ ਤੀਸਤਾ ਸੀਤਲਵਾੜ, '**ਰੈਡੀਕਲ ਦੇਸੀ**' ਰਸਾਲੇ ਦੇ ਸੰਪਾਦਕ, ਬੇਬਾਕ ਪੱਤਰਕਾਰ ਤੇ ਰੇਡੀਉ ਹੋਸਟ, ਗੁਰਪ੍ਰੀਤ ਸਿੰਘ ਅਤੇ '**ਮਹਿਕ ਪੰਜਾਬ ਦੀ**' ਟੀ ਵੀ ਪ੍ਰੋਗਰਾਮ ਦੇ ਸੰਚਾਲਕ ਕਮਲਜੀਤ ਸਿੰਘ ਥਿੰਦ ਦੇ ਸੱਦੇ ਤੇ ਕਨੇਡਾ ਆਏ ਸੀ। ਇਨ੍ਹਾਂ ਦੋਨਾਂ ਅਦਾਰਿਆਂ ਵਲੋਂ ਸਰੀ ਵਿੱਚ ਜ਼ਲਿਆਂਵਾਲਾ ਬਾਗ ਦੀ ਇਤਿਹਾਸਕ ਘਟਨਾ ਨੂੰ ਸਮਰਪਿਤ ਇੱਕ ਸੈਮੀਨਾਰ ਦਾ ਅਯੋਜਨ ਕੀਤਾ ਗਿਆ ਸੀ। ਜਿਥੇ ਅਸੀਂ ਬੁਲਾਰਿਆਂ ਦੇ ਤੌਰ ਤੇ ਸ਼ਾਮਿਲ ਹੋਏ ਅਤੇ ਇਸ ਮੌਕੇ ਮੇਰੇ ਵਲੋਂ **ਤੀਸਤਾ ਸੀਤਲਵਾੜ** ਦੀ ਪੰਜਾਬੀ ਅਨੁਵਾਦਤ ਕਿਤਾਬ: 'ਸੰਵਿਧਾਨ ਦੀ ਜਾਂਬਾਜ਼ ਮੁਹਾਫ਼ਿਜ਼' ਵੀ ਰਿਲੀਜ਼ ਕੀਤੀ ਗਈ। ਇਥੇ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਤੀਸਤਾ ਦੇ ਦਾਦਾ ਚਿਮਨ ਲਾਲ ਸੀਤਲਵਾੜ, ਉਘੇ ਕਨੂੰਨਦਾਨ ਸਨ ਅਤੇ ਉਨ੍ਹਾਂ ਅੰਗਰੇਜ਼ ਸਰਕਾਰ ਵਲੋਂ ਬਣਾਏ ਹੰਟਰ ਕਮਿਸ਼ਨ ਦੇ ਮੈਂਬਰ ਦੀ ਹੈਸੀਅਤ ਵਿਚ ਜਲ੍ਹਿਆਂਵਾਲਾ ਬਾਗ਼ ਦੇ ਦੋਸ਼ੀ ਜਨਰਲ ਡਾਇਰ ਦੀ ਕਰਾਸ ਐਗਜ਼ਾਮੀਨੇਸ਼ਨ ਕਰਕੇ, ਉਸਨੂੰ ਇਹ ਸਵੀਕਾਰ ਲਈ ਮਜਬੂਰ ਕੀਤਾ ਸੀ ਕਿ ਜੱਲਿਆਂਵਾਲਾ ਬਾਗ਼ ਕਤਲੇਆਮ, ਲੋਕਾਂ ਨੂੰ ਸਬਕ ਸਿਖਾਉਣ ਲਈ ਮਿਥ ਕੇ ਕੀਤਾ ਘਿਨਾਉਣਾ ਕਾਰਾ ਸੀ। ਇਸ ਤੋਂ ਇਲਾਵਾ ਮੇਰੇ ਕੈਲਗਰੀ ਤੇ ਵਿਨੀਪੈਗ ਵਿੱਚ ਵੀ ਲੈਕਚਰ ਹਨ।

**?ਅੱਜ ਜਦੋਂ ਇੰਡੀਆ ਵਿੱਚ ਆਰ ਐਸ ਐਸ ਦੀ ਅਗਵਾਈ ਵਿੱਚ ਫਿਰਕੂ ਤਾਕਤਾਂ ਫਾਸ਼ੀਵਾਦੀ ਏਜੰਡੇ ਰਾਹੀਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ ਤੇ ਹਮਲੇ ਕਰ ਰਹੀਆਂ ਹਨ। ਇੱਕ ਸਹਿਮ ਦਾ ਮਾਹੌਲ ਹੈ। ਇਸ ਮੌਕੇ ਸੈਕੂਲਰ ਤੇ ਖੱਬੇ ਪੱਖੀ ਧਿਰਾਂ ਦੀ ਕੀ ਪੁਜੀਸ਼ਨ ਹੈ?**

–ਜਿਥੋਂ ਤੱਕ ਖੱਬੇ ਪੱਖੀ ਪਾਰਟੀਆਂ ਦਾ ਸਬੰਧ ਹੈ, ਮੈਂ ਦੱਸਣਾ ਚਾਹੁੰਦਾ ਹਾਂ ਕਿ ਖੱਬੇ ਪੱਖੀ ਧਿਰਾਂ ਵਿੱਚ ਦੋ ਧਾਰਾਵਾਂ ਪ੍ਰਮੁੱਖ ਹਨ, ਇੱਕ ਸੀ ਪੀ ਆਈ ਜਾਂ ਸੀ ਪੀ ਐਮ ਵਰਗੀਆਂ ਕਈ ਪਾਰਟੀਆਂ ਹਨ, ਜੋ ਲੰਬੇ ਸਮੇਂ ਤੋਂ ਲੋਕ ਇਨਕਲਾਬ ਦਾ ਰਾਹ ਛੱਡ ਕੇ ਭਾਰਤੀ ਪਾਰਲੀਮੈਂਟਰੀ ਸਿਸਟਮ ਵਿੱਚ ਕੰਮ ਕਰਦੀਆਂ ਹਨ। ਉਨ੍ਹਾਂ ਦਾ ਮੁੱਖ ਏਜੰਡਾ ਚੋਣਾਂ ਲੜ ਕੇ ਮੁੱਖਧਾਰਾ ਦੀਆਂ ਲੋਕ ਵਿਰੋਧੀ ਪਾਰਟੀਆਂ ਨਾਲ ਗੱਠਜੋੜ ਕਰਕੇ ਸਰਕਾਰਾਂ ਬਣਾਉਣਾ ਜਾਂ ਸਰਕਾਰਾਂ ਵਿੱਚ ਸ਼ਾਮਿਲ ਹੋਣਾ ਰਿਹਾ ਹੈ। ਇਸ ਕਰਕੇ ਇਨ੍ਹਾਂ ਦਾ ਲੋਕਾਂ ਵਿੱਚ ਆਧਾਰ ਤੇਜ਼ੀ ਨਾਲ ਖ਼ਤਮ ਹੋ ਰਿਹਾ ਹੈ। ਇਨ੍ਹਾਂ ਦੀ ਇਸ ਰਾਜਨੀਤੀ ਕਰਕੇ ਲੋਕਾਂ ਵਿੱਚ ਮਾਰਕਸਵਾਦੀ ਜਾਂ ਖੱਬੇ ਪੱਖੀ ਵਿਚਾਰਧਾਰਾ ਪ੍ਰਤੀ ਬੇਵਿਸ਼ਵਾਸੀ ਤੇ ਨਿਰਾਸ਼ਤਾ ਪੈਦਾ ਹੋਈ ਹੈ। ਇਸਦੇ ਉਲਟ ਖੱਬੇਪੱਖੀ ਵਿਚਾਰਧਾਰਾ ਦੀ ਲੋਕ ਪੱਖੀ ਇਨਕਲਾਬੀ ਪਹੁੰਚ ਨੂੰ ਸਮਰਪਿਤ ਕੁਝ ਜਥੇਬੰਦੀਆਂ ਜਾਂ ਪਾਰਟੀਆਂ ਹਨ, ਜਿਨ੍ਹਾਂ ਦੀ ਅਗਵਾਈ ਨਕਸਲੀ/ਮਾਓਵਾਦੀ ਇਨਕਲਾਬੀ ਕਰ ਰਹੇ ਹਨ। ਇਨ੍ਹਾਂ ਵਿਚੋਂ ਪ੍ਰਮੁੱਖ ਤਾਕਤਵਰ ਜਥੇਬੰਦੀ ਸੀ ਪੀ ਆਈ-ਮਾਓਵਾਦੀ ਹੈ, ਜੋ ਅਜੇ ਵੀ ਲੋਕਾਂ ਵਿੱਚ ਇਨਕਲਾਬ ਦਾ ਏਜੰਡਾ ਲੈ ਕੇ ਮਜ਼ਬੂਤੀ ਨਾਲ ਚੱਲ ਰਹੀ ਹੈ। ਉਹ ਲੋਕਾਂ ਨੂੰ ਸਰਕਾਰਾਂ ਦੀਆਂ ਲੋਕ ਮਾਰੂ ਨੀਤੀਆਂ ਖ਼ਿਲਾਫ਼ ਲਾਮਬੰਦ ਵੀ ਕਰਦੇ ਹਨ ਤੇ ਜੁਝਾਰੂ ਟਾਕਰਾ ਸੰਘਰਸ਼ ਵੀ ਕਰ ਰਹੇ ਹਨ। ਮਾਓਵਾਦੀ ਟਾਕਰਾ ਸੰਘਰਸ਼ ਮੁੱਖ ਤੌਰ 'ਤੇ ਜੰਗਲੀ-ਪਹਾੜੀ ਖੇਤਰਾਂ ਦੇ ਆਦਿਵਾਸੀਆਂ ਵਿਚ ਮਜ਼ਬੂਤ ਹਨ। ਮੈਦਾਨੀ ਤੇ ਸ਼ਹਿਰੀ ਇਲਾਕਿਆਂ ਵਿਚ ਉਹ ਆਪਣਾ ਫੈਲਾਅ ਕਰਨ ਲਈ ਯਤਨਸ਼ੀਲ ਹਨ। ਉਹਨਾਂ ਨੇ ਕੇਂਦਰੀ ਭਾਰਤ ਦੇ ਜੰਗਲੀ ਖੇਤਰਾਂ ਵਿਚ ਲੋਕ ਸੱਤਾ ਦਾ ਮੁੱਢਲਾ ਨਮੂਨਾ ਸਿਰਜਿਆ ਹੈ। ਪਰ ਉਨ੍ਹਾਂ ਦਾ ਲੋਕਾਂ ਵਿੱਚ ਅਜੇ ਐਨਾ ਵਿਆਪਕ ਅਧਾਰ ਨਹੀਂ ਹੈ ਕਿ ਦੇਸ਼ ਦੇ ਪੈਮਾਨੇ 'ਤੇ ਪਿਛਾਖੜੀ ਰਾਜਸੀ ਤਾਕਤਾਂ ਦੀ ਜਕੜ ਨੂੰ ਤੋੜ ਸਕਣ। ਜਿਸਦਾ ਮੁੱਖ ਕਾਰਨ ਇਹ ਵੀ ਹੈ ਕਿ ਇੰਡੀਅਨ ਸਟੇਟ ਵਲੋਂ ਹਰ ਤਰ੍ਹਾਂ ਦੇ ਵਿਰੋਧ ਨੂੰ ਕਾਲੇ ਕਨੂੰਨਾਂ ਤੇ ਸਟੇਟ ਮਸ਼ੀਨਰੀ ਰਾਹੀਂ ਫਾਸ਼ੀਵਾਦੀ ਢੰਗਾਂ ਨਾਲ ਦਬਾਇਆ ਤੇ ਕੁਚਲਿਆ ਜਾਂਦਾ ਹੈ। ਮੌਜੂਦਾ ਇੰਡੀਅਨ ਸਟੇਟ ਅਤੇ ਸੰਵਿਧਾਨ ਵਲੋਂ ਲੋਕਾਂ ਨੂੰ ਵੋਟਾਂ ਰਾਹੀਂ ਆਪਣੇ ਨੁਮਾਇੰਦੇ ਚੁਣਨ ਦਾ ਰਸਮੀ ਅਧਿਕਾਰ ਜ਼ਰੂਰ ਹੈ, ਪਰ ਸਾਰੀਆਂ ਹੀ ਪਾਰਲੀਮੈਂਟਰੀ ਪਾਰਟੀਆਂ ਮੌਜੂਦਾ ਪ੍ਰਬੰਧ ਨੂੰ ਸਲਾਮਤ ਰੱਖਣ ਲਈ ਕੰਮ ਕਰ ਰਹੀਆਂ ਹਨ। ਰਵਾਇਤੀ ਕਮਿਊਨਿਸਟ ਲੋਕਾਂ ਦਾ ਜੀਵਨ ਬਦਲਣ ਜਾਂ ਬਰਾਬਰਤਾ ਦਾ ਸਮਾਜ ਸਿਰਜਣ ਦਾ ਏਜੰਡਾ ਤਿਆਗ ਚੁੱਕੇ ਹਨ। ਇਹ ਕੰਮ ਸਿਰਫ਼ ਕੁਝ ਇਨਕਲਾਬੀ ਮਾਓਵਾਦੀ ਧਿਰਾਂ ਹੀ ਕਰ ਰਹੀਆਂ ਹਨ, ਭਾਵੇਂ ਕਿ ਉਨ੍ਹਾਂ ਕੋਲ ਤਾਕਤ ਤੇ ਸਮਰੱਥਾ ਬਹੁਤ ਸੀਮਤ ਹੈ। ਮੇਰਾ ਇਹ ਮੰਨਣਾ ਹੈ ਕਿ ਘੱਟ ਗਿਣਤੀ ਭਾਈਚਾਰਿਆਂ, ਦਲਿਤਾਂ, ਆਦਿਵਾਸੀਆਂ ਦੀਆਂ ਸਮੱਸਿਆਵਾਂ ਤੇ ਮਸਲਿਆਂ ਲਈ ਇਕੱਠੇ ਹੋ ਕੇ ਲੜਨ ਲਈ ਇਹ ਇਨਕਲਾਬੀ ਤੇ ਜਮਹੂਰੀ ਧਿਰਾਂ ਹੀ ਸਾਂਝਾ ਪਲੈਟਫਾਰਮ ਤਿਆਰ ਕਰ ਸਕਦੀਆਂ ਹਨ। ਜੋ ਕਿ ਕਿਸੇ ਹੱਦ ਤੱਕ ਉਹ ਕਰਨ ਦਾ ਯਤਨ ਕਰ ਰਹੀਆਂ ਹਨ।


ਜੇ ਅਸੀਂ ਪੰਜਾਬ ਦੇ ਸੰਦਰਭ ਵਿੱਚ ਵੀ ਦੇਖਦੇ ਹਾਂ ਤਾਂ ਕਿਸਾਨਾਂ, ਮਜਦੂਰਾਂ ਜਾਂ ਦਲਿਤਾਂ ਦੇ ਆਰਥਿਕ, ਸਮਾਜਿਕ ਜਾਂ ਮਨੁੱਖੀ ਹੱਕਾਂ ਦੇ ਮਸਲਿਆਂ ਲਈ ਜੇ ਕੋਈ ਜਥੇਬੰਦਕ ਸੰਘਰਸ਼ ਕਰਦਾ ਹੈ ਤਾਂ ਇਹ ਖੱਬੇਪੱਖੀ ਇਨਕਲਾਬੀ ਧਿਰਾਂ ਹੀ ਹਨ। ਰਵਾਇਤੀ ਪਾਰਟੀਆਂ ਆਪਣੇ ਪਾਰਟੀ ਦਾਇਰੇ ਅਤੇ ਮੁੱਖਧਾਰਾ ਦੀਆਂ ਸੀਮਾਵਾਂ ਵਿੱਚ ਰਹਿਕੇ ਵੋਟਾਂ ਨੇੜੇ ਖ਼ਾਨਾਪੂਰਤੀ ਲਈ ਕਦੇ ਕਦਾਈਂ ਸੰਘਰਸ਼ ਅਤੇ ਸਿਆਸੀ ਐਜੀਟੇਸ਼ਨ ਕਰਦੀਆਂ ਹਨ, ਜ਼ਿਆਦਾਤਰ ਇਹ ਬਿਆਨਬਾਜ਼ੀ ਤੱਕ ਹੀ ਸੀਮਤ ਰਹਿੰਦੀਆਂ ਹਨ। ਜਦਕਿ ਲੋਕਾਂ ਦੀਆਂ ਸਮੱਸਿਆਵਾਂ ਤੇ ਜੀਵਨ ਪੱਧਰ ਉਚਾ ਚੁੱਕਣ ਲਈ ਕੋਈ ਇਨਕਲਾਬੀ ਜਾਂ ਅਗਾਂਹਵਧੂ ਏਜੰਡਾ ਉਨ੍ਹਾਂ ਕੋਲ ਨਹੀਂ ਹੈ। ਇਹ ਕੰਮ ਸਿਰਫ਼ ਖੱਬੇਪੱਖੀ ਇਨਕਲਾਬੀ ਧਿਰਾਂ ਹੀ ਕਰ ਸਕਦੀਆਂ ਹਨ। ਪਰ ਉਨ੍ਹਾਂ ਦਾ ਅਜੇ ਜਨਤਕ ਆਧਾਰ ਵੀ ਕਮਜ਼ੋਰ ਹੈ ਅਤੇ ਸਾਧਨ ਵੀ ਬਹੁਤ ਘੱਟ ਹਨ, ਇਸ ਕਰਕੇ ਉਨ੍ਹਾਂ ਦੀ ਸਿਆਸੀ ਦਖ਼ਲਅੰਦਾਜ਼ੀ ਸੀਮਤ ਰਹਿ ਰਹੀ ਹੈ।


**?ਪੰਜਾਬ ਦੇ ਮੌਜੂਦਾ ਹਾਲਾਤ ਕੀ ਹਨ? ਕੀ ਅਕਾਲੀਆਂ ਦੇ 10 ਸਾਲ ਦੇ ਦੇ ਰਾਜ ਤੋਂ ਬਾਅਦ ਕਾਂਗਰਸ ਦੀ ਸਰਕਾਰ ਆਉਣ ਨਾਲ ਪੰਜਾਬ ਦੀ ਰਾਜਨੀਤੀ ਵਿੱਚ ਕੁਝ ਬਦਲਾਅ ਆਇਆ ਹੈ?**

–ਅਕਾਲੀਆਂ ਦੇ 10 ਸਾਲ ਦੇ ਲੋਕ ਵਿਰੋਧੀ, ਗੁੰਡਾ-ਗਰਦੀ ਤੇ ਧੱਕੇਸ਼ਾਹੀ ਵਾਲੇ ਰਾਜ ਖ਼ਿਲਾਫ਼ ਲੋਕਾਂ ਦੇ ਰੋਹ ਨੂੰ ਮੁੱਖ ਰੱਖ ਕੇ ਕਾਂਗਰਸ ਵਲੋਂ ਜੋ ਬਦਲਵਾਂ ਚੋਣ ਏਜੰਡਾ ਪੇਸ਼ ਕੀਤਾ ਗਿਆ ਸੀ, ਇੱਕ ਸਾਲ ਬੀਤਣ ਬਾਅਦ, ਕੈਪਟਨ ਸਰਕਾਰ ਖ਼ਾਨਾਪੂਰਤੀ ਤੋਂ ਵੱਧ ਕੁਝ ਨਹੀਂ ਕਰ ਸਕੀ। ਰੇਤ-ਬਜਰੀ, ਟਰਾਂਸਪੋਰਟ ਦੇ ਮਾਫ਼ੀਏ, ਕਿਸਾਨਾਂ-ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ, ਕਰਜਿਆਂ ਦੀ ਮੁਆਫ਼ੀ ਤੋਂ ਲੈ ਕੇ ਨਸ਼ਿਆਂ ਦੇ ਤਸਕਰਾਂ ਤੱਕ ਕਿਸੇ ਮਸਲੇ ਤੇ ਕੋਈ ਠੋਸ ਕਾਰਵਾਈ ਨਹੀਂ ਹੋਈ। ਤਕਰੀਬਨ ਸਾਰਾ ਨਿਜ਼ਾਮ, ਉਸੇ ਤਰ੍ਹਾਂ ਚੱਲ ਰਿਹਾ ਹੈ। ਬਾਦਲ ਸਰਕਾਰ ਦੇ ਸਮੇਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ, ਔਰਤਾਂ ਖ਼ਿਲਾਫ਼ ਹਿੰਸਾ, ਬਲਾਤਕਾਰ, ਨਸ਼ੇ, ਗੈਂਗਵਾਰ, ਬੇਰੁਜ਼ਗਾਰੀ, ਸਰਕਾਰੀ ਗੁੰਡਾਗਰਦੀ ਆਦਿ ਸਾਰੇ ਮਸਲੇ ਉਵੇਂ ਹੀ ਖੜੇ ਹਨ। ਅਸਲ ਵਿੱਚ ਲੋਕਾਂ ਦੇ ਮਸਲਿਆਂ ਨੂੰ ਹੱਲ ਕਰਨ ਦਾ ਨਾਹਰਾ ਦੇ ਕੇ ਵੋਟਾਂ ਬਟੋਰੀਆਂ ਗਈਆਂ, ਪਰ ਉਨ੍ਹਾਂ ਨੂੰ ਹੱਲ ਕਰਨ ਦਾ ਨਾ ਹੀ ਉਨ੍ਹਾਂ ਕੋਲ ਕੋਈ ਏਜੰਡਾ ਹੈ ਤੇ ਨਾ ਹੀ ਇੱਛਾ ਸ਼ਕਤੀ ਹੈ। ਇਸਦਾ ਸਾਰਾ ਧਿਆਨ ਲੋਕ ਮਸਲੇ ਉਠਾਉਣ ਵਾਲੀਆਂ ਜਥੇਬੰਦੀਆਂ ਨੂੰ ਦਬਾਉਣ ਅਤੇ ਕੁਚਲਣ ਉੱਪਰ ਕੇਂਦਰਤ ਹੈ। ਬਾਦਲ ਸਰਕਾਰ ਵਲੋਂ ਪੇਸ਼ ਕੀਤੇ '**ਪਕੋਕਾ**' (ਫੁਨਜੳਬ ਛੋਨਟਰੋਲ ੋਡ ੌਰਗੳਨਸਿੲਦ ਛਰਮਿੲ ਅਚਟ) ਵਰਗੇ ਲੋਕ ਵਿਰੋਧੀ ਕਾਨੂੰਨ ਨੂੰ ਹੁਣ ਕੈਪਟਨ ਸਰਕਾਰ ਵਲੋਂ ਪਾਸ ਕੀਤਾ ਜਾ ਰਿਹਾ ਹੈ, ਜਿਸਦਾ ਕਾਂਗਰਸ ਪਹਿਲਾਂ ਵਿਰੋਧ ਕਰਦੀ ਸੀ। ਇਹ ਕਨੂੰਨ ਵੀ ਹੋਰ ਕਾਲੇ ਕਨੂੰਨਾਂ ਵਾਂਗ ਸੰਘਰਸ਼ਸ਼ੀਲ ਲੋਕਾਂ ਨੂੰ ਦਬਾਉਣ ਲਈ ਵਰਤਿਆ ਜਾਵੇਗਾ। ਕੈਪਟਨ ਸਰਕਾਰ ਦਾ ਲੋਕ ਵਿਰੋਧੀ ਏਜੰਡਾ ਇੱਕ ਸਾਲ ਵਿੱਚ ਹੀ ਪੂਰੀ ਤਰ੍ਹਾਂ ਨੰਗਾ ਹੋ ਚੁੱਕਾ ਹੈ ਤੇ ਉਨ੍ਹਾਂ ਦੇ ਚੋਣ ਵਾਅਦੇ ਸਿਰਫ਼ ਜੁਮਲੇਬਾਜ਼ੀ ਸਾਬਿਤ ਹੋਏ ਹਨ। ਪੰਜਾਬ ਵਿੱਚ ਵੀ ਤੇ ਦੇਸ਼ ਭਰ ਵਿੱਚ ਵੀ ਬਸਤੀਵਾਦੀ ਅੰਗਰੇਜ਼ਾਂ ਵਲੋਂ ਬਣਾਏ ਕਾਨੂੰਨ, ਖ਼ਾਸ ਕਰਕੇ ਰਾਜ ਧ੍ਰੋਹ ਅਤੇ ਸਟੇਟ ਵਿਰੁੱਧ ਜੰਗ ਛੇੜਨ ਵਰਗੀਆਂ ਜਾਬਰ ਕਾਨੂੰਨੀ ਧਾਰਾਵਾਂ ਰਾਹੀਂ ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁਚਲਿਆ ਜਾ ਰਿਹਾ ਹੈ। ਪਿਛਲੇ 70 ਸਾਲਾਂ ਵਿੱਚ ਲੋਕ ਸੰਘਰਸ਼ਾਂ ਨੂੰ ਕੁਚਲਣ ਲਈ ਅੰਗਰੇਜ਼ਾਂ ਤੋਂ ਵੀ ਸਖਤ ਤੇ ਜਾਬਰਾਨਾਂ ਕਨੂੰਨ ਬਣਾਏ ਗਏ ਹਨ ਤੇ ਵਰਤੇ ਜਾ ਰਹੇ ਹਨ। ਜੋ ਇਨ੍ਹਾਂ ਅਖਾਉਤੀ ਲੋਕਤੰਤਰੀ ਸਿਆਸੀ ਤਾਕਤਾਂ ਦੇ ਫਾਸ਼ੀ ਇਰਾਦਿਆਂ ਨੂੰ ਸਪੱਸ਼ਟ ਕਰਦੇ ਹਨ।

**? ਪਿਛਲੇ ਸਮੇਂ ਵਿੱਚ ਪੰਜਾਬ ਵਿੱਚ 'ਆਪ' (ਆਮ ਆਦਮੀ ਪਾਰਟੀ) ਦਾ ਪ੍ਰਭਾਵ ਕਾਫੀ ਦੇਖਣ ਨੂੰ ਮਿਲਦਾ ਰਿਹਾ? ਵਿਦੇਸ਼ਾਂ ਵਿਚੋਂ ਵੀ ਪੰਜਾਬੀਆਂ ਉਨ੍ਹਾਂ ਤੋਂ ਕਾਫੀ ਆਸਾਂ ਸਨ? ਪਰ ਚੋਣਾਂ ਵਿੱਚ ਉਨ੍ਹਾਂ ਦੀ ਹਾਰ ਦੇ ਕੀ ਕਾਰਨ ਬਣੇ?**

–ਸਿਆਸੀ ਤੌਰ ਤੇ ਜਾਗਰੂਕ ਜਾਂ ਖੱਬੇ-ਪੱਖੀ ਇਨਕਲਾਬੀ ਧਿਰਾਂ ਨੂੰ ਤਾਂ ਪਹਿਲਾਂ ਹੀ ਸਪੱਸ਼ਟ ਸੀ ਕਿ 'ਆਪ' ਵੀ ਦੂਜੀਆਂ ਰਵਾਇਤੀ ਪਾਰਟੀਆਂ ਵਰਗੀ ਹੀ ਇੱਕ ਪਾਰਟੀ ਹੈ। ਇਸ ਕੋਲ ਮੌਜੂਦਾ ਲੋਕ ਵਿਰੋਧੀ ਨਿਜ਼ਾਮ ਨੂੰ ਬਦਲਣ ਜਾਂ ਮੌਜੂਦਾ ਇੰਡੀਅਨ ਸਟੇਟ ਦੀਆਂ ਪਾਲਸੀਆਂ ਵਿੱਚ ਕੋਈ ਵੱਡੀ ਤਬਦੀਲੀ ਦਾ ਪ੍ਰੋਗਰਾਮ ਨਹੀਂ ਹੈ। ਪਰ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਅਕਾਲੀ ਦਲ, ਕਾਂਗਰਸੀ ਜਾਂ ਭਾਜਪਾ ਤੋਂ ਵੀ ਲੋਕਾਂ ਦਾ ਮੋਹ ਬੁਰੀ ਤਰ੍ਹਾਂ ਭੰਗ ਹੋ ਚੁੱਕਾ ਹੈ। ਇਸਦੇ ਉਲਟ ਲੋਕ ਪੱਖੀ, ਜਮਹੂਰੀ ਤੇ ਇਨਕਲਾਬੀ ਧਿਰਾਂ ਵੀ ਲੋੜ ਅਨੁਸਾਰ ਜਥੇਬੰਦਕ ਤੌਰ ਤੇ ਮਜ਼ਬੂਤ ਜਾਂ ਲੋਕ ਪੱਖੀ ਸਿਆਸੀ ਬਦਲ ਪੇਸ਼ ਕਰਨ ਦੇ ਸਮਰੱਥ ਨਹੀਂ ਹਨ। ਅਜਿਹੇ ਵਿੱਚ ਕੁਰੱਪਸ਼ਨ ਦਾ ਮੁੱਦਾ ਲੈ ਕੇ ਉਭਰੀ ਇਸ ਪਾਰਟੀ ਤੋਂ ਲੋਕਾਂ ਤੇ ਖ਼ਾਸਕਰ ਪੰਜਾਬੀਆਂ ਨੇ ਬਹੁਤ ਵੱਡੀਆਂ ਉਮੀਦਾਂ ਲਗਾ ਲਈਆਂ ਸਨ ਤੇ ਲੋਕਾਂ ਨੇ ਭਾਰੀ ਸਮਰਥਨ ਵੀ ਦਿੱਤਾ। ਪਰ ਲੋਕਾਂ ਵਲੋਂ 'ਆਪ' ਨੂੰ ਆਸ ਤੋਂ ਵੱਧ ਮਿਲੇ ਹੁੰਗਾਰੇ ਨੂੰ ਸਾਂਭ ਸਕਣਾ ਇਸ ਦੀ ਲੀਡਰਸ਼ਿਪ ਦੇ ਵੱਸ

Century 21
Green Realty Inc. Brokerage
Sohan Mann
Sales Representative

Dir: 416-564-1699
Off: 905-565-9565
6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
www.SohanMann.com

AMAN SIDHU MBA
C.E.O.
DIAMOND
INSURANCE GROUP

ATUO | HOME | BUSINESS
COMMERCIAL | LIFE | FIEET DISABILITY
12577 Airport Rd. Caledon, ON, L7C 2X4
905 951 0029 x 106 D: 647 282 4606 F: 888 878 2828
sidhu@pbnet.ca www.diamondinsurancegroup.ca

ਦੀ ਗੱਲ ਨਹੀਂ ਸੀ। ਉਨ੍ਹਾਂ ਆਪਣੀ ਤਾਕਤ ਨੂੰ ਬਹੁਤ ਵਧਾ ਕੇ ਦੇਖਿਆ ਅਤੇ ਰਵਾਇਤੀ ਪਾਰਟੀਆਂ ਦੀ ਤਾਕਤ ਤੇ ਸਿਆਸੀ ਮਕਾਰੀ ਨੂੰ ਘਟਾ ਕੇ ਦੇਖਿਆ, ਜਿਸਦੇ ਨਤੀਜੇ ਵਜੋਂ ਉਹ ਰਵਾਇਤੀ ਪਾਰਟੀਆਂ ਖ਼ਾਸਕਰ ਅਕਾਲੀਆਂ ਤੇ ਕਾਂਗਰਸ ਦੇ ਸਿਆਸੀ ਦਾਉ ਪੇਚਾਂ ਤੇ ਕਲਾਬਾਜੀਆਂ ਅੱਗੇ ਚਿੱਤ ਹੋ ਗਏ। 'ਆਪ' ਦੀ ਹਾਰ ਦਾ ਇੱਕ ਪੱਖ ਇਹ ਵੀ ਸੀ – ਲੀਡਰਾਂ ਵਿੱਚ ਅਹੁਦਿਆਂ ਅਤੇ ਸੱਤਾ ਲਈ ਬੇਲਗਾਮ ਸਿਆਸੀ ਲਾਲਸਾ, ਸਵਾਲ ਉਠਾਉਣ ਵਾਲਿਆਂ ਨੂੰ ਤਾਨਾਸ਼ਾਹ ਤਰੀਕਿਆਂ ਨਾਲ ਬਾਹਰ ਧੱਕਣਾ, ਆਗੂਆਂ ਦਾ ਮਨਮਾਨੀ ਤੇ ਤਾਨਾਸ਼ਾਹੀ ਕਾਰਵਿਹਾਰ, ਸਿਰਫ਼ ਚੋਣਾਂ ਜਿੱਤਣ ਦੇ ਪੱਖ ਤੋਂ ਦੂਜੀਆਂ ਪਾਰਟੀਆਂ ਵਿੱਚੋਂ ਆਉਣ ਵਾਲੇ ਦਲਬਦਲੂਆਂ ਨੂੰ ਬਿਨਾਂ ਕਿਰਦਾਰ ਦੇਖੇ ਟਿਕਟਾਂ ਵੰਡਣੀ ਦੀ ਮੌਕਾਪ੍ਰਸਤੀ, ਪਾਰਟੀ ਦੇ ਮਿਹਨਤੀ ਵਰਕਰਾਂ ਨੂੰ ਅੱਖੋਂ ਪਰੋਖੇ ਕਰਨਾ ਅਤੇ ਲੀਡਰਾਂ ਤੇ ਵਰਕਰਾਂ ਵਿੱਚ ਆਪਸੀ ਖਿਚੋਤਾਣ। ਆਮ ਆਦਮੀ ਪਾਰਟੀ ਸਿਆਸੀ ਲੀਡਰਾਂ ਜਾਂ ਅਫਸਰਸ਼ਾਹੀ ਦੀ ਛੋਟੇ ਪੱਧਰ ਦੀ ਕੁਰਪਸ਼ਨ ਦੀ ਗੱਲ ਤਾਂ ਕਰਦੀ ਸੀ, ਪਰ ਅਸਲੀ ਕੁਰੱਪਸ਼ਨ ਜੋ ਕਿ ਵੱਡੀਆਂ ਕਾਰਪੋਰੇਸ਼ਨਾਂ ਵਲੋਂ **'ਨਿਊ ਲਿਬਰਲਾਈਜ਼ੇਸ਼ਨ ਮਾਡਲ'** ਜਾਂ **'ਦੁਨੀਆਂ ਖੁੱਲ੍ਹੀ ਮੰਡੀ'** ਦੇ ਮਾਡਲ ਹੇਠ ਲਿਆਂਦੀ ਗਈ ਹੈ, ਉਸ ਬਾਰੇ ਪੂਰੀ ਤਰ੍ਹਾਂ ਚੁੱਪ ਹੈ। ਉਨ੍ਹਾਂ ਦਾ ਨਜ਼ਰੀਆ ਵੀ ਰਵਾਇਤੀ ਪਾਰਟੀਆਂ ਵਾਲਾ ਹੀ ਹੈ। ਇਸ ਪਾਰਟੀ ਦਾ ਮੂਲ਼ ਖ਼ਾਸਾ, ਦੂਜੀਆਂ ਰਵਾਇਤੀ ਪਾਰਟੀਆਂ ਵਰਗਾ ਹੀ ਹੈ, ਇਹ ਸਿਰਫ ਕੁਰਪਸ਼ਨ ਦਾ ਮੁੱਦਾ ਉਭਾਰ ਕੇ ਸੱਤ੍ਹਾ ਤੇ ਕਾਬਜ਼ ਹੋਣਾ ਚਾਹੁੰਦੇ ਹਨ।

? **ਇੰਡੀਆ ਦੀ ਮੌਜੂਦਾ ਮੋਦੀ ਸਰਕਾਰ, ਜਿਸ ਢੰਗ ਨਾਲ ਆਰ ਐਸ ਐਸ ਦਾ ਹਿੰਦੂਤਵ ਅਤੇ ਹਿੰਦੂ ਰਾਸ਼ਟਰ ਦਾ ਏਜੰਡਾ ਲੈ ਕੇ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਕੀ ਤੁਹਾਨੂੰ ਲਗਦਾ ਹੈ ਕਿ ਹਿੰਦੂਤਵੀ ਤਾਕਤਾਂ ਭਾਰਤ ਵਰਗੇ ਬਹੁ ਕੌਮੀ, ਬਹੁ ਭਾਸ਼ਾਈ, ਬਹੁ ਸੱਭਿਆਚਾਰੀ, ਬਹੁ ਧਰਮੀ ਦੇਸ਼ ਵਿੱਚ ਇੱਕੋ ਧਰਮ ਦੇ ਰਾਜ ਦਾ ਏਜੰਡਾ ਲਾਗੂ ਕਰ ਸਕਣਗੀਆਂ ?**

–ਆਰ ਐਸ ਐਸ ਨੇ ਆਪਣਾ ਏਜੰਡਾ ਕਦੇ ਲੁਕੋ ਕੇ ਨਹੀਂ ਰੱਖਿਆ, ਉਹ ਸ਼ੁਰੂ ਤੋਂ ਬੜੇ ਯੋਜਨਾਬੱਧ ਢੰਗ ਨਾਲ ਜੁੱਟੀ ਹੋਈ ਹੈ। 1947 ਵਿੱਚ ਵੀ ਉਹ ਤਿਰੰਗੇ ਝੰਡੇ ਦਾ ਵਿਰੋਧ ਇਹ ਕਹਿ ਕੇ ਕਰਦੇ ਸਨ ਕਿ ਸਾਡੇ ਕੋਲ ਪਹਿਲਾਂ ਹੀ ਭਗਵਾਂ ਝੰਡਾ ਹੈ, ਇਸੇ ਤਰ੍ਹਾਂ ਉਹ ਭਾਰਤੀ ਸੰਵਿਧਾਨ ਬਣਾਏ ਜਾਣ ਦਾ ਇਹ ਕਹਿ ਕੇ ਵਿਰੋਧ ਕਰਦੇ ਸਨ ਕਿ ਸਾਡੇ ਕੋਲ ਮਨੂੰ ਸਮ੍ਰਿਤੀ ਰੂਪੀ ਸੰਵਿਧਾਨ ਹੈ। ਹੁਣ ਉਨ੍ਹਾਂ ਕੋਲ ਸੱਤਾ ਉੱਪਰ ਕਾਬਜ ਭਾਜਪਾ ਦੀ ਰਾਜਕੀ ਤਾਕਤ ਹੈ, ਜਿਸ ਰਾਹੀਂ ਉਹ ਸੰਵਿਧਾਨ ਬਦਲਣ ਤੇ ਜੁਡੀਸ਼ਰੀ ਸਮੇਤ ਸਭ ਪਾਸੇ ਕਾਬਜ ਹੋ ਰਹੇ ਹਨ। ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਆਦਿ ਵਾਸੀਆਂ ਅਤੇ ਔਰਤਾਂ ਤੇ ਹਮਲੇ ਕਰਕੇ ਜਿਥੇ ਲੋਕਾਂ ਵਿੱਚ ਧਰਮ ਦੇ ਨਾਮ ਤੇ ਦਰਾੜ ਪਾਈ ਜਾ ਰਹੀ ਹੈ, ਉਥੇ ਇੱਕ ਸਹਿਮ ਦਾ ਫਾਸ਼ੀਵਾਦੀ ਮਾਹੌਲ ਸਿਰਜਿਆ ਜਾ ਰਿਹਾ ਹੈ। ਪੱਤਰਕਾਰਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਜਮਹੂਰੀ ਅਧਿਕਾਰਾਂ ਦੇ ਕਾਰਕੁੰਨਾਂ ਤੇ ਵੀ ਹਮਲੇ ਹੋ ਰਹੇ ਹਨ। ਔਰਤਾਂ ਤੇ ਹਿੰਸਾ ਅਤੇ ਬਲਾਤਕਾਰ ਵਰਗੇ ਜੁਰਮਾਂ ਨੂੰ ਘੱਟ ਗਿਣਤੀਆਂ, ਖਾਸਕਰ ਮੁਸਲਮਾਨ ਤੇ ਇਸਾਈਆਂ ਨੂੰ ਦਬਾਉਣ ਲਈ ਬਾਕਾਇਦਾ ਹਥਿਆਰ ਵਜੋਂ ਵਰਤਿਆ ਜਾ ਰਿਹਾ ਹੈ। ਇਸ ਲਈ ਸਿਰਫ਼ ਆਰ ਐਸ ਐਸ ਦੀਆਂ ਹਿੰਦੂਤਵੀ ਫੋਰਸਾਂ ਹੀ ਜ਼ਿੰਮੇਵਾਰ ਨਹੀਂ ਹਨ, ਕਾਂਗਰਸ ਜਿਸਨੇ 'ਆਜ਼ਾਦੀ' ਤੋਂ ਬਾਅਦ ਲੰਬਾ ਸਮਾਂ ਰਾਜ ਕੀਤਾ, ਉਸਨੇ ਵੀ ਸੈਕੂਲਰਜਿਮ ਦੇ ਬੁਰਕੇ ਹੇਠ ਆਪਣੀ ਵੋਟ ਰਾਜਨੀਤੀ ਤਹਿਤ ਅਜਿਹੀਆਂ ਤਾਕਤਾਂ ਨੂੰ ਸ਼ਹਿ ਦਿੱਤੀ ਅਤੇ ਇਹਨਾਂ ਦੇ ਵਧਣ–ਫੁੱਲਣ ਲਈ ਜ਼ਮੀਨ ਤਿਆਰ ਕੀਤੀ। ਕਾਂਗਰਸ ਵੀ ਬਹੁ ਗਿਣਤੀ ਭਾਈਚਾਰੇ ਨੂੰ ਖੁਸ਼ ਕਰਨ ਦੀ ਰਾਜਨੀਤੀ ਕਰਦੀ ਰਹੀ ਅਤੇ ਉਨ੍ਹਾਂ ਦੇ ਰਾਜ ਵਿੱਚ ਹੀ ਸਿੱਖਾਂ ਘੱਟਗਿਣਤੀ ਦਾ 1984 ਵਿੱਚ ਕਤਲੇਆਮ ਹੋਇਆ ਅਤੇ 1992 ਵਿੱਚ ਬਾਬਰੀ ਮਸਜਿਦ ਢਾਹੀ ਗਈ। 2002 ਦੇ ਗੁਜਰਾਤ ਕਤਲੇਆਮ ਤੋਂ ਬਾਅਦ 10 ਸਾਲ ਕਾਂਗਰਸ ਸਰਕਾਰ ਰਹੀ, ਪਰ ਉਨ੍ਹਾਂ ਇਨਸਾਫ਼ ਦੇਣ ਲਈ ਕੁਝ ਨਹੀਂ ਕੀਤਾ। ਕਾਂਗਰਸ 1947 ਤੋਂ ਭਾਰਤ ਵਿੱਚ ਸਭ ਤੋਂ ਲੰਬਾ ਸਮਾਂ ਰਾਜ ਕਰਕੇ ਵੀ ਮੁਲਕ ਨੂੰ ਸੈਕੂਲਰ ਸਟੇਟ ਸਥਾਪਿਤ ਨਹੀਂ ਕਰ ਸਕੀ। ਜਿਸਦਾ ਨਤੀਜਾ ਸਭ ਦੇ ਸਾਹਮਣੇ ਹੈ। ਇਹ ਹਿੰਦੂ ਝੁਕਾਅ ਅਤੇ ਉੱਚ ਜਾਤੀਆਂ ਦੇ ਬੋਲਬਾਲੇ ਵਾਲਾ ਸਟੇਟ ਹੈ।

ਪਰ ਉਲਟ ਹਾਲਾਤਾਂ ਦੇ ਬਾਵਜੂਦ ਵੀ ਧਰਮ ਨਿਰਪੱਖ, ਖੱਬੇ ਪੱਖੀ, ਜਮਹੂਰੀ, ਦਲਿਤ ਜਥੇਬੰਦੀਆਂ ਆਦਿ ਸੰਘਰਸ਼ ਕਰ ਰਹੀਆਂ ਹਨ। ਹਿੰਦੂਤਵੀ ਤਾਕਤਾਂ ਲਈ ਭਾਰਤ ਵਰਗੇ ਦੇਸ਼ ਵਿੱਚ ਆਪਣਾ **'ਹਿੰਦੂ ਰਾਸ਼ਟਰ'** ਦਾ ਏਜੰਡਾ ਲਾਗੂ ਕਰਨਾ, ਇਤਨਾ ਆਸਾਨ ਨਹੀਂ ਹੈ। ਪਰ ਜੇ ਉਹ ਕਰਦੇ ਹਨ ਤਾਂ ਸਮੂਹ ਇਨਸਾਨੀਅਤ ਪ੍ਰੇਮੀ ਤਾਕਤਾਂ ਹੋਰ ਵੀ ਸ਼ਿੱਦਤ ਨਾਲ ਇਸਦਾ ਟਾਕਰਾ ਕਰਨਗੀਆਂ। ਬੇਸ਼ਕ ਦੇਸ਼ ਨੂੰ ਘਾਤਕ ਹਾਲਾਤ ਵਿੱਚੋਂ ਗੁਜ਼ਰਨਾ ਪਵੇਗਾ। ਆਖ਼ਿਰਕਾਰ ਦੁਨੀਆ ਭਰ ਵਿਚ ਹਰ ਥਾਂ ਹੀ ਫਾਸ਼ੀਵਾਦੀ ਤਾਕਤਾਂ ਨੂੰ ਮੂੰਹ ਦੀ ਖਾਣੀ ਪਈ ਹੈ ਅਤੇ ਧਰਮਨਿਰਪੱਖ, ਜਮਹੂਰੀ, ਅਗਾਂਹਵਧੂ ਮੁੱਲਾਂ ਦੀ ਜਿੱਤ ਹੋਈ ਹੈ।

? **ਇਸ ਵਕਤ ਦੁਨੀਆਂ ਭਰ ਵਿੱਚ ਸਰਮਾਏਦਾਰੀ ਤਾਕਤਾਂ ਭਾਰੂ ਹਨ, ਭਾਵੇਂ ਕਿ ਉਹ ਆਰਥਿਕ ਮੰਦਵਾੜੇ ਦਾ ਸ਼ਿਕਾਰ ਹਨ? ਨਵੀਂ ਟੈਕਨਾਲੋਜੀ ਨਾਲ ਵਧ ਰਹੀ ਬੇਰੁਜ਼ਗਾਰੀ ਨਾਲ ਲੋਕਾਂ ਵਿੱਚ ਸਰਮਾਏਦਾਰੀ ਪ੍ਰਤੀ ਰੋਸ ਵੀ ਫੈਲ ਰਿਹਾ ਹੈ? ਕੀ ਤੁਹਾਨੂੰ ਲਗਦਾ ਹੈ ਕਿ ਹੁਣ ਸਰਮਾਏਦਾਰੀ ਆਪਣੇ ਅੰਤਿਮ ਪੜ੍ਹਾਅ ਵੱਲ ਜਾ ਰਹੀ ਹੈ?**

–ਸੋਵੀਅਤ ਯੂਨੀਅਨ ਦੇ ਟੁੱਟਣ ਅਤੇ ਪੂਰਬੀ ਯੂਰਪ ਵਿੱਚ ਸਮਾਜਵਾਦੀ ਤਾਕਤਾਂ ਦੇ ਕਮਜ਼ੋਰ ਹੋਣ ਨਾਲ ਸਰਮਾਏਦਾਰੀ ਨਿਜ਼ਾਮ ਨੇ ਦੁਨੀਆਂ ਨੂੰ ਇਹ ਪ੍ਰਭਾਵ ਦਿੱਤਾ ਸੀ ਕਿ ਸਰਮਾਏਦਾਰੀ ਅਜਿੱਤ ਹੈ। ਪਰ ਪਿਛਲੇ ਇੱਕ ਦਹਾਕੇ ਤੋਂ ਦੁਨੀਆਂ ਦੀ ਸੁਪਰ ਪਾਵਰ ਮੰਨੇ ਜਾਂਦੇ ਅਮਰੀਕਾ ਸਮੇਤ ਸਾਰੇ ਪੱਛਮੀ ਸਰਮਾਏਦਾਰ ਦੇਸ਼ ਆਰਥਿਕ ਮੰਦਵਾੜੇ ਦਾ ਸ਼ਿਕਾਰ ਹਨ। ਉਨ੍ਹਾਂ ਦਾ ਗਲੋਬਲ ਖੁੱਲ੍ਹੀ ਮੰਡੀ ਦਾ ਨਿਊ ਲਿਬਰਲਾਈਜੇਸ਼ਨ ਮਾਡਲ ਫੇਲ੍ਹ ਹੋਇਆ ਹੈ। ਅਸਲ ਵਿੱਚ ਸਰਮਾਏਦਾਰੀ ਪ੍ਰਬੰਧ ਸਿਰਫ਼ ਮੁਨਾਫ਼ੇ ਅਧਾਰਿਤ ਹੋਣ ਕਰਕੇ ਲੋਕ ਵਿਰੋਧੀ, ਸਮਾਜ ਵਿਰੋਧੀ, ਮਨੁੱਖਤਾ ਵਿਰੋਧੀ, ਕੁਦਰਤ ਵਿਰੋਧੀ, ਚੌਗਿਰਦਾ ਵਿਰੋਧੀ ਲੋਟੂ ਵਿਨਾਸ਼ਕਾਰੀ ਪ੍ਰਬੰਧ ਹੈ। ਇਨ੍ਹਾਂ ਦੀ ਮੁਨਾਫ਼ੇ ਦੀ ਹਵਸ ਕਾਰਨ ਨਵੀਂ ਟੈਕਨਾਲੋਜੀ ਮਨੁੱਖਤਾ ਵਿਰੁੱਧ ਵਰਤੀ ਜਾ ਰਹੀ ਹੈ। ਟੈਕਨਾਲੋਜੀ ਸਮੂਹ ਮਨੁੱਖਤਾ ਦੀ ਤਾਕਤ ਬਣਨੀ ਚਾਹੀਦੀ ਸੀ, ਜਿਸ ਨਾਲ ਮਨੁੱਖੀ ਜ਼ਿੰਦਗੀ ਹੋਰ ਸੌਖੀ ਹੁੰਦੀ, ਪਰ ਸਰਮਾਏਦਾਰੀ ਨੇ ਇਸਨੂੰ ਲੋਕਾਂ ਦੇ ਵਿਰੋਧ ਵਿੱਚ ਖੜਾ ਕਰ ਦਿੱਤਾ ਹੈ। ਕਿਥੇ ਅੱਜ ਤੋਂ 100 ਸਾਲ ਪਹਿਲਾਂ, ਜਦੋਂ ਟੈਕਨਾਲੋਜੀ ਅਜੇ ਬਹੁਤ ਘੱਟ ਵਿਕਸਤ ਹੋਈ ਸੀ, ਲੋਕਾਂ ਨੇ ਸੰਘਰਸ਼ ਕਰਕੇ ਕੰਮ ਦੇ 8 ਘੰਟੇ ਕਰਾਏ ਸਨ, ਹੁਣ ਜਦੋਂ ਟੈਕਨਾਲੋਜੀ ਇਤਨੀ ਵਿਕਸਤ ਹੋ ਗਈ ਹੈ ਤਾਂ ਕੰਮ ਦੇ ਘੰਟੇ ਘਟ ਕੇ 4–5 ਹੋਣੇ ਚਾਹੀਦੇ ਸਨ ਤਾਂ ਕਿ ਹਰ ਮਨੁੱਖ ਆਪਣਾ ਤੇ ਸਮਾਜ ਦਾ ਬੌਧਿਕ–ਸੱਭਿਆਚਾਰਕ ਵਿਕਾਸ ਕਰ ਸਕਦਾ। ਪਰ ਅੱਜ ਵੀ ਲੋਕਾਂ ਨੂੰ ਘੱਟੋਘੱਟ 8–12 ਘੰਟੇ ਕੰਮ ਕਰਨਾ ਪੈਂਦਾ ਹੈ ਤੇ ਘੋਰ ਲੁੱਟ ਦੇ ਨਿਜ਼ਾਮ ਵਿਚ ਮਨੁੱਖ ਵੀ ਜਿੰਦਾ ਰਹਿਣ ਲਈ ਮਸ਼ੀਨ ਬਣਦਾ ਜਾ ਰਿਹਾ ਹੈ। ਗਰੀਬ ਤੇ ਅਮੀਰ ਦਾ ਪਾੜਾ ਦਿਨੋ ਦਿਨ ਤੇਜ਼ੀ ਨਾਲ ਵਧ ਰਿਹਾ ਹੈ। ਸਰਮਾਏਦਾਰੀ ਨਿਜ਼ਾਮ ਨੇ ਟੈਕਨਾਲੋਜੀ ਨੂੰ ਆਪਣੇ ਸੁਪਰ ਮੁਨਾਫ਼ੇ ਵਧਾਉਣ ਲਈ ਵਰਤ ਕੇ ਇਸਨੂੰ ਮਨੁੱਖ ਦੇ ਵਿਰੋਧ ਵਿੱਚ ਉਲਟ ਦਿਸ਼ਾ ਦੇ ਦਿੱਤੀ ਹੈ। ਜਿਸ ਨਾਲ ਜਿਥੇ ਦੁਨੀਆਂ ਭਰ ਵਿੱਚ ਬੇਰੁਜ਼ਗਾਰੀ ਵਧ ਰਹੀ ਹੈ, ਉਥੇ ਸਾਰੀ ਦੁਨੀਆਂ ਆਰਥਿਕ ਮੰਦਵਾੜੇ ਦਾ ਸ਼ਿਕਾਰ ਹੋ ਰਹੀ ਹੈ। ਸਰਮਾਏਦਾਰੀ ਸਿਸਟਮ ਦਾ ਇਹ ਵਰਤਾਰਾ ਹੀ ਇਸਦੇ ਅੰਤ ਦਾ ਕਾਰਨ ਬਣੇਗਾ।

? **ਜਿਸ ਤਰ੍ਹਾਂ ਸਰਮਾਏਦਾਰੀ ਦੀ ਮੁਨਾਫ਼ਿਆਂ ਦੀ ਹਵਸ ਨੇ, ਜਿਥੇ ਗਰੀਬ-ਅਮੀਰ ਦਾ ਪਾੜਾ ਵਧਾਇਆ ਹੈ, ਉਥੇ ਦੁਨੀਆਂ ਆਰਥਿਕ ਸੰਕਟ ਨਾਲ ਜੂਝ ਰਹੀ ਹੈ। ਅਜਿਹੇ ਵਿੱਚ ਜੇ ਸਰਮਾਏਦਾਰੀ ਨਿਜ਼ਾਮ ਢਹਿ ਢੇਰੀ ਹੋ ਜਾਂਦਾ ਹੈ ਜਾਂ ਲੋਕ ਵਿਰੋਧ ਵਿੱਚ ਉਠ ਖੜਦੇ ਹਨ ਤਾਂ ਕੀ ਸਮਾਜਵਾਦੀ ਜਾਂ ਮਾਰਕਸਵਾਦੀ ਤਾਕਤਾਂ, ਇਸਦੀ ਥਾਂ ਲੈਣ ਲਈ ਤਿਆਰ ਹਨ?**

–ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੂੰਜੀਵਾਦੀ ਸਿਸਟਮ ਵੱਡੇ ਸੰਕਟ ਦਾ ਸ਼ਿਕਾਰ ਹੈ। ਪਰ ਇਸਦੇ ਉਲਟ ਸਮਾਜਵਾਦੀ ਜਾਂ ਮਾਰਕਸਵਾਦੀ ਤਾਕਤਾਂ ਵੀ ਅਜੇ ਇਸ ਹਾਲਤ ਵਿੱਚ ਨਹੀਂ ਹਨ ਕਿ ਇਸਦੀ ਥਾਂ ਭਰ ਸਕਣ। ਇਸ ਬਾਰੇ ਮੇਰਾ ਵਿਚਾਰ ਹੈ ਕਿ ਸੋਵੀਅਤ ਰੂਸ, ਈਸਟ ਯੂਰਪ, ਚੀਨ ਆਦਿ ਵਿੱਚ ਆਏ ਉਲਟ ਇਨਕਲਾਬਾਂ ਤੇ ਸਮਾਜਵਾਦ ਦੇ ਤਜ਼ਰਬਿਆਂ ਤੋਂ ਸਬਕ ਲੈਣ ਅਤੇ ਸਮਾਜਿਕ ਤਬਦੀਲੀ ਦੀ ਜੱਦੋਜਹਿਦ ਨੂੰ ਮਜ਼ਬੂਤ ਬਣਾਉਣ ਲਈ ਹੋਰ ਵੀ ਸੁਹਿਰਦਤਾ ਨਾਲ ਕੰਮ ਕਰਨ ਦੀ ਲੋੜ ਹੈ। ਸਮਾਜਵਾਦ ਵਿਚ ਹੀ ਮਨੁੱਖਤਾ ਦਾ ਭਵਿੱਖ ਹੈ। ਪੂੰਜੀਵਾਦੀ ਸਿਸਟਮ ਵਲੋਂ ਜੋ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਹ ਅਜਿੱਤ ਹੈ ਤੇ ਉਹ ਹੀ ਅਸਲੀ ਸਿਸਟਮ ਹੈ, ਜੋ ਦੁਨੀਆਂ ਦੀ ਅਗਵਾਈ ਕਰ ਸਕਦਾ ਹੈ ਤੇ ਸਮਾਜਵਾਦ ਕਾਮਯਾਬ ਨਹੀਂ ਹੋ ਸਕਦਾ, ਅਜਿਹੇ ਕੂੜ ਪ੍ਰਚਾਰ ਨੂੰ ਪ੍ਰਭਾਵਸ਼ਾਲੀ ਰੂਪ ਵਿਚ ਕਾਟ ਕਰਨ ਲਈ ਜਥੇਬੰਦ ਯਤਨ ਕਰਨ ਦੀ ਲੋੜ ਹੈ। ਇਸ ਵਕਤ ਇਕ ਵਾਰ ਫਿਰ ਸੰਸਾਰ ਸਰਮਾਏਦਾਰੀ ਆਪਣੇ ਸੰਕਟ ਵਿਚੋਂ ਉਭਰਨ ਲਈ ਨਸਲਵਾਦ, ਕੱਟੜਵਾਦ ਅਤੇ ਪਿਛਾਖੜੀ ਜੰਗਾਂ ਦਾ ਸਹਾਰਾ ਲਈ ਹੈ, ਇਹ ਉਸਦਾ ਆਖ਼ਰੀ ਹਥਿਆਰ ਹੁੰਦਾ ਹੈ, ਜਿਸ ਰਾਹੀਂ ਉਹ ਚਲਾਕੀ ਨਾਲ ਸੰਕਟ ਵਿੱਚੋਂ ਨਿਕਲ ਜਾਂਦੀ ਹੈ ਤੇ ਵਕਤੀ ਤੌਰ 'ਤੇ ਕਾਮਯਾਬ ਹੋ ਜਾਂਦੀ ਹੈ। ਸਾਮਰਾਜਵਾਦ ਦੀਆਂ ਅਜਿਹੀਆਂ ਚਾਲਾਂ ਨੂੰ ਸਮਝਣ ਦੀ ਵੀ ਲੋੜ ਹੈ ਹਰ ਇਨਸਾਨੀਅਤ ਪ੍ਰੇਮੀ ਮਨੁੱਖਤਾ ਦੇ ਭਲੇ ਲਈ ਸਮਾਜਵਾਦੀ ਜੱਦੋਜਹਿਦ ਨਾਲ ਜੁੜਕੇ ਸ਼ਿੱਦਤ ਨਾਲ ਕੰਮ ਕਰਨਾ ਚਾਹੀਦਾ ਹੈ ਤਾਂ ਹੀ ਅਸੀਂ ਸਰਮਾਏਦਾਰੀ ਦੇ ਲੋਟੂ ਪ੍ਰਬੰਧ ਨੂੰ ਹਰਾਉਣ ਲਈ ਲੋੜੀਂਦੀ ਤਾਕਤ ਜੁਟਾ ਸਕਦੇ ਹਾਂ ਤੇ ਬਰਾਬਰਤਾ ਵਾਲਾ ਸਮਾਜ ਸਿਰਜ ਸਕਦੇ ਹਾਂ।

---

ਅਮਨਦੀਪ ਹਾਂਸ

# ਅਸੱਭਿਅਕ ਸਮਾਜ ਦੀਆਂ ਸੱਭਿਅਕ ਧੀਆਂ

ਬਾਬਾ ਨਜਮੀ ਸਾਹਿਬ ਕਹਿੰਦੇ ਨੇ:

ਇੰਝ ਭਰੇ ਨੇ ਬਕਸੇ ਕੁੰਡੇ ਵੱਜਦੇ ਨਈਂ
ਫਿਰ ਵੀ ਸ਼ਹਿਰ ਦੇ ਲੋਕੀਂ ਸਿਰ ਨੂੰ ਕੱਜਦੇ ਨਈਂ
ਲਿੱਬੜੇ ਵੀ ਕਈ ਚਿਹਰੇ ਚੰਗੇ ਲੱਗਦੇ ਨੇ
ਕਈਆਂ ਨੂੰ ਲਿਸ਼ਕਾਈਏ ਫਿਰ ਵੀ ਸਜਦੇ ਨਈਂ..

ਲਿਸ਼ਕੇ ਪੁਸ਼ਕੇ ਪਰ ਅੰਦਰੋਂ ਕੂੜ ਭਰੇ ਸਮਾਜ ਵਿੱਚ ਪਹਾੜ ਜਿੰਨੇ ਦੁੱਖ ਜਰ ਰਹੀਆਂ ਦੋ ਧੀਆਂ ਦੀ ਗੱਲ ਕਰਦੇ ਹਾਂ..

ਅੰਮ੍ਰਿਤਸਰ ਮਜੀਠਾ ਰੋਡ 'ਤੇ ਰਾਮ ਨਗਰ ਕਲੋਨੀ ਵਿੱਚ ਸਥਿਤ ਹੈ ਮੰਦਰ ਵਾਲੀ ਗਲੀ, ਜਿੱਥੇ ਇਕ ਖੰਡਰ ਜਿਹੋ ਦੋ ਮੰਜ਼ਲਾ ਘਰ ਦੇ 8–9 ਕਮਰਿਆਂ ਦੇ ਕਮਰਿਆਂ ਚ 7–8 ਪ੍ਰਵਾਸੀ ਮਜ਼ਦੂਰਾਂ ਦੇ ਪਰਿਵਾਰ ਰਹਿੰਦੇ ਨੇ। ਇਸ ਦੇ ਇਕ ਸਲ੍ਹਾਬੇ ਮੁਸ਼ਕ ਮਾਰਦੇ ਕਮਰੇ ਦਾ ਮਹੀਨੇ ਦਾ 25 ਸੌ ਰੁਪਿਆ ਕਿਰਾਇਆ ਦੇ ਕੇ 30 ਸਾਲਾ ਈਲਾ ਦਾਸ ਤੇ ਉਸ ਦੀ 17 ਸਾਲਾ ਧੀ ਪੂਨਮ ਦਾਸ ਰਹਿੰਦੀਆਂ ਨੇ, ਕਬਾੜ ਚੋਂ ਖਰੀਦਿਆ ਇਕ ਬੈਡ, 8–10 ਭਾਂਡੇ, ਪੰਜ ਕਿੱਲੋ ਗੈਸ ਸਿਲੰਡਰ ਤੇ ਨਾਲ ਚੁੱਲ੍ਹਾ, ਦੋ ਲੀਡਰ ਠੰਡੇ ਦੀ ਬੋਤਲ ਚ ਭਰਿਆ ਪਾਣੀ ਤੇ ਇਕ ਖੂੰਜੇ ਚ ਕੱਪੜਿਆਂ ਦੀ ਇਕ ਗੰਢੜੀ .. ਇਹਨਾਂ ਮਾਵਾਂ ਧੀਆਂ ਦੀ ਜਾਇਦਾਦ ਹੈ। ਜੰਗਾਲ ਖਾਧਾ ਪੱਖਾ ਛੱਤ 'ਤੇ ਝੂਲਦਾ ਚੱਲਣ ਦਾ ਭਰਮ ਪਾਉਂਦਾ ਹੈ, ਤੇ ਧੁਆਂਖਿਆ ਜਿਹਾ ਬਲਬ ਹਨੇਰੇ ਕਮਰੇ ਚ ਚਾਨਣ ਦੀ ਇਕ ਲੀਕ ਜਿਹੀ ਛੱਡਦਾ ਹੈ।

ਈਲਾ ਕੋਲਕਾਤਾ ਦੇ ਇਕ ਬੇਹੱਦ ਗਰੀਬ ਮਛੇਰੇ ਦੇ ਸੱਤ ਧੀਆਂ ਪੁੱਤਾਂ ਵਿਚੋਂ ਸਭ ਤੋਂ ਵੱਡੀ ਧੀ ਹੈ, ਸਾਲ 2001 ਵਿੱਚ ਜਦ ਉਹ 12 ਵਰ੍ਹਿਆਂ ਦੀ ਸੀ ਤਾਂ ਉਸ ਦੀ ਮਾਸੀ ਉਸ ਨੂੰ ਇਹ ਕਹਿ ਕੇ ਨਾਲ ਲਿਆਈ ਕਿ ਅੰਮ੍ਰਿਤਸਰ ਵਿੱਚ ਵੱਡੀਆਂ ਕੋਠੀਆਂ ਚ ਕੰਮ ਦਿਵਾਏਗੀ, ਪਰ ਇਥੇ ਇਕ ਝੁੱਗੀ ਚ ਰਹਿੰਦੇ 40–45 ਸਾਲ ਦੇ ਸ਼ੰਕਰ ਦਾਸ ਨਾਮ ਦੇ ਸ਼ਖਸ ਤੋਂ ਪੈਸੇ ਲੈ ਕੇ ਈਲਾ ਉਸ ਨਾਲ ਵਿਆਹ ਦਿੱਤੀ। 12 ਸਾਲਾ ਈਲਾ ਦਾ ਬਚਪਨ ਸ਼ਰਾਬੀ ਸ਼ੰਕਰ ਦਾਸ ਨੇ ਮਧੋਲ ਸੁੱਟਿਆ, ਨਿੱਤ ਦਿਨ ਉਸ ਨਾਲ ਬਲਾਤਕਾਰ ਕਰਦਾ, ਕੁੱਟਮਾਰ ਕਰਦਾ, ਭੁੱਖੀ ਰੱਖਦਾ। ਸਾਲ ਭਰ ਈਲਾ ਨਰਕ ਭੋਗਦੀ ਰਹੀ, ਕਿਸੇ ਨੇ ਉਸ ਦੀ ਮਦਦ ਨਾ ਕੀਤੀ।

ਉਸ ਨੂੰ ਪਤਾ ਹੀ ਨਾ ਲੱਗਿਆ ਕਿ ਉਹ ਗਰਭਵਤੀ ਹੈ, ਤੇ 13 ਸਾਲ ਦੀ ਉਮਰ 'ਚ ਧੀ ਨੂੰ ਜਨਮ ਦੇ ਦਿੱਤਾ, ਜਣੇਪੇ ਦੇ ਪੰਜ ਕੁ ਦਿਨ ਬਾਅਦ ਸ਼ੰਕਰ ਇਕ ਆਖ ਕੇ ਮਾਵਾਂ ਧੀਆਂ ਨੂੰ ਛੱਡ ਕੇ ਦੌੜ ਗਿਆ ਕਿ ਉਸ ਨੂੰ ਧੀ ਨਹੀਂ ਪੁੱਤ ਚਾਹੀਦਾ ਸੀ। ਨੰਨ੍ਹੀਂ ਈਲਾ ਤੇ ਨਿੱਕੜੀ ਬੱਚੀ ਪੂਨਮ ਦਾ ਕੋਈ ਵਾਲੀ ਵਾਰਸ ਨਹੀਂ.. ਕਈ ਦਿਨ ਭੁੱਖਣ ਭਾਣੀ ਈਲਾ ਸੁੱਕੀਆਂ ਛਾਤੀਆਂ ਬੱਚੀ ਦੇ ਮੂੰਹ ਚ ਨਿਚੋੜਦੀ ਰਹੀ ਕਿ ਬੱਚੀ ਜਿਉਂਦੀ ਰਹੇ। ਫੇਰ 10–12 ਕੁ ਦਿਨ ਦੀ ਧੀ ਨੂੰ ਕੁੱਛੜ ਚੁੱਕ ਭੀਖ ਮੰਗਣ ਨਿਕਲ ਗਈ, ਕਈ ਦਿਨ ਭੀਖ ਮੰਗ ਕੇ ਕੱਢੇ, ਕਿਸੇ ਨੂੰ ਤਰਸ ਆਇਆ ਤਾਂ ਕਿਸੇ ਘਰ ਉਸ ਨੂੰ ਕੰਮ ਦਿਵਾ ਦਿੱਤਾ, ਇਕ ਡੰਗ ਦੀ ਰੋਟੀ, ਪੁਰਾਣੇ ਕੱਪੜੇ ਤੇ ਕੁਝ ਪੈਸੇ ਮਿਲਣ ਲੱਗੇ। ਪੰਜ ਕੁ ਸਾਲ ਲੰਘ ਗਏ, ਤਾਂ ਈਲਾ ਬਿਮਾਰ ਪੈ ਗਈ, ਕੰਮ ਛੁੱਟ ਗਿਆ, ਰੋਟੀ ਦੇ ਲਾਲੇ ਪੈ ਗਏ, ਬਿਮਾਰ ਈਲਾ ਵਾਪਸ ਕੋਲਕਾਤਾ ਪੇਕੇ ਘਰ ਚਲੀ ਗਈ, ਭੈਣ ਭਰਾ ਵੱਡੇ ਹੋ ਚੁੱਕੇ ਸੀ, ਈਲਾ ਦਾ ਮੁੜਨਾ ਕਲੰਕ ਮੰਨਦੇ ਸੀ, ਭਰਾ ਕੁੱਟਮਾਰ ਕਰਦੇ, ਨਿੱਕੀ ਜਿਹੀ ਪੂਨਮ ਤੋਂ ਰੋਟੀ ਬਦਲੇ ਕੰਮ ਕਰਾਉਂਦੇ , ਜੋ ਰੋਟੀ ਦਿੰਦੇ ਉਸ ਵਿੱਚ ਥੁੱਕ ਦਿਆ ਕਰਦੇ, ਜੇ ਬੱਚੀ ਖਾਣ ਤੋਂ ਮਨਾ ਕਰਦੀ ਤਾਂ ਮਾਵਾਂ ਧੀਆਂ ਦੀ ਕੁੱਟਮਾਰ ਹੁੰਦੀ।



ਦੋ ਕੁ ਸਾਲ ਪੇਕਿਆਂ ਦੀ ਜ਼ਲਾਲਤ ਸਹਿ ਕੇ ਈਲਾ ਪੂਨਮ ਨੂੰ ਲੈ ਕੇ ਵਾਪਸ ਅੰਮ੍ਰਿਤਸਰ ਆ ਗਈ। ਮੌਜੂਦਾ ਕਮਰਾ ਕਿਸੇ ਨੇ ਕਿਰਾਏ 'ਤੇ ਦਿਵਾ ਦਿੱਤਾ, ਕੁਝ ਘਰਾਂ ਦਾ ਕੰਮ ਕਰਨ ਲੱਗੀ।

ਹੁਣ ਮਾਂ ਧੀ ਸਵੇਰੇ 6 ਵਜੇ ਉਠਦੀਆਂ ਨੇ, ਈਲਾ ਚਾਰ ਘਰਾਂ ਚ ਸਫਾਈ ਕਰਦੀ ਹੈ ਤੇ ਓਥੋਂ ਕੰਮ ਨਿਪਟਾਅ ਕੇ ਦੁਪਹਿਰੇ ਮੰਜੇ 'ਤੇ ਚੱਪਲਾਂ ਸੈਂਡਲ ਦੀ ਦੁਕਾਨ ਲਾਉਂਦੀ ਹੈ, ਮੁੱਹਲੇਦਾਰ ਉਹਨਾਂ ਦੀ ਮੰਜੇ ਵਾਲੀ ਦੁਕਾਨ ਤੋਂ ਗਾਹਕਾਂ ਨੂੰ ਸਮਾਨ ਲੈਣ ਤੋਂ ਵਰਜਦੇ ਨੇ, ਕਿ ਇਹ ਤਾਂ ਧੰਦੇ ਵਾਲੀਆਂ ਨੇ। ਮਾਸੂਮ ਬੱਚੇ ਇਹਨਾਂ ਕੂੜ ਬੋਲਾਂ ਤੋਂ ਅਣਜਾਣ, ਇਹਨਾਂ ਦੇ ਗਾਹਕ ਬਣਦੇ ਨੇ।

17 ਸਾਲਾ ਪੂਨਮ ਤਿੰਨ ਘਰਾਂ ਚ ਖਾਣਾ ਬਣਾਉਣ ਜਾਂਦੀ ਹੈ, ਫੇਰ ਕੂੜੇ ਵਿਚੋਂ ਗੱਤਾ, ਪਲਾਸਟਿਕ, ਪੁਰਾਣੇ ਕੱਪੜੇ ਇਕੱਠੇ ਕਰਦੀ ਹੈ, ਵੇਚਦੀ ਹੈ, ਪੁਰਾਣੇ ਕੱਪੜਿਆਂ ਵਿਚੋਂ ਸਾਫ ਹਿੱਸੇ ਕੱਟ ਕੇ ਆਪਣੇ ਲਈ ਖਾਸ ਡਰੈਸ ਤਿਆਰ ਕਰ ਲੈਂਦੀ ਹੈ, ਤੇ ਸ਼ਾਮ ਨੂੰ ਆਪਣਾ ਸੁਪਨਾ ਪੂਰਾ ਕਰਨ ਨਿਕਲਦੀ ਹੈ, ਜਦ ਨਿਕਲਦੀ ਹੈ ਤਾਂ ਸਾਰਾ ਮੁਹੱਲਾ ਉਸ ਨੂੰ ਰੰਡੀ, ਗਸ਼ਤੀ, ਨਚਨੀਆ ਆਖ ਕੇ ਸੱਦਦਾ ਹੈ, ਉਹ ਮੁਸਕਰਾ ਛੱਡਦੀ ਹੈ। ਪੂਨਮ ਨੂੰ ਕੁਦਰਤ ਨੇ ਇਕ ਹੁਨਰ ਬਖਸ਼ਿਆ ਹੈ, ਨ੍ਰਿਤ ਦਾ, ਇਸ ਸੁਪਨੇ ਨੂੰ ਪੂਰਾ ਕਰਨ ਲਈ ਮਾਂ ਧੀ ਦਿਨ ਰਾਤ ਆਪਣਾ ਲਹੂ ਬਾਲਦੀਆਂ ਨੇ। ਚਾਹ ਲਈ ਦੁੱਧ ਤੱਕ ਨਹੀਂ ਲੈਂਦੀਆਂ, ਸਿਰਫ ਇਕ ਡੰਗ ਰੋਟੀ ਬਣਾਉਂਦੀਆਂ ਨੇ। ਕਮਰਾ ਵੀ ਪੂਨਮ ਵਲੋਂ ਜਿੱਤੀਆਂ ਸ਼ੀਲਡਾਂ ਨਾਲ ਭਰਿਆ ਪਿਆ ਹੈ।

ਬੱਚੀ ਪੂਨਮ ਜਿਹਨਾਂ ਘਰਾਂ ਚ ਕੰਮ ਕਰਦੀ ਹੈ, ਉਹਨਾਂ ਨੇ ਉਸ ਨੂੰ ਕਈ ਵਾਰ ਸੁਹਿਰਦ ਲੋਕਾਂ ਦੇ ਇਕੱਠ ਚ ਨ੍ਰਿਤ ਦੀ ਪੇਸ਼ਕਾਰੀ ਦਾ ਮੌਕਾ ਲੈ ਕੇ ਦਿੱਤਾ, ਪੁਰਾਣੇ ਸਦਾਬਹਾਰ ਗੀਤਾਂ ਦੀਆਂ ਧੁਨਾਂ ਤੇ ਥਿਰਕਦੀ ਇਹ ਬੱਚੀ ਤਾੜੀਆਂ ਤੇ ਸ਼ਾਬਾਸ਼ ਖੂਬ ਬਟੋਰਦੀ ਹੈ, ਪਰ ਤਾੜੀਆਂ ਤੇ ਸ਼ਾਬਾਸ਼ ਚੁੱਲ੍ਹਾ ਤਪਣ ਲਈ ਤੇ ਸੁਪਨੇ ਪੂਰੇ ਕਰਨ ਲਈ ਕਾਫੀ ਨਹੀਂ ਹੁੰਦੇ। ਇਕ ਸਟੈਪ ਅੱਪ ਨਾਮ ਦੀ ਡਾਂਸ ਅਕੈਡਮੀ ਵਿੱਚ ਉਸ ਦਾ ਦਾਖਲਾ ਕਰਵਾਇਆ ਗਿਆ, ਫੀਸ ਭਰੀ ਗਈ ਪਰ ਓਥੇ ਉਸ ਨੂੰ ਕਚਰਾ ਕਹਿ ਕੇ ਘ੍ਰਿਣਾ ਕੀਤੀ ਗਈ, ਵੱਡੇ ਘਰਾਂ ਦੇ ਕਾਕੇ ਕਾਕੀਆਂ ਉਸ ਕੋਲੋਂ ਨੱਕ ਘੁੱਟ ਕੇ ਲੰਘਦੇ, ਦੂਰੋਂ ਉਸ 'ਤੇ ਪ੍ਰਫਿਊਮ ਸਪਰੇਅ ਕਰਦੇ। ਮਹੀਨਾ ਭਰ ਉਸ ਨੂੰ ਫੀਸ ਲੈ ਕੇ ਜ਼ਲੀਲ ਕੀਤਾ ਗਿਆ, ਤੇ ਫੇਰ ਆਉਣ ਤੋਂ ਮਨਾ ਕਰ ਦਿੱਤਾ ਕਿ ਤੁਹਾਡੇ ਵਰਗੇ ਲੋਕਾਂ ਲਈ ਇਥੇ ਕੋਈ ਥਾਂ ਨਹੀਂ। ਪੂਨਮ ਨਿਰਾਸ਼ ਨਹੀਂ ਹੋਈ, ਕਿਸੇ ਸੱਜਣ ਦੇ ਘਰੋਂ ਦੋ ਬਾਏ ਇਕ ਫੁੱਟ ਦਾ ਸ਼ੀਸ਼ਾ ਲੈ ਆਈ, 8 ਬਾਏ 10 ਫੁੱਟ ਦੇ ਕਮਰੇ ਚ ਬਚਦੀ ਢਾਈ ਕੁ ਫੁੱਟ ਜਗਾ 'ਤੇ ਨ੍ਰਿਤ ਦੀ ਪ੍ਰੈਕਟਿਸ ਜਾਰੀ ਰੱਖੀ। ਜਦ ਨੱਚਦੀ ਹੈ ਤਾਂ ਬਾਹਰ ਸਾਰਾ ਮੁਹੱਲਾ ਇਕੱਠਾ ਹੋ ਕੇ ਨਚਨੀਆ, ਰੰਡੀਆਂ , ਧੰਦੇ ਵਾਲੀਆਂ ਕਹਿ ਕੇ ਆਪਣੇ ਸੱਭਿਅਕਪੁਣੇ ਦਾ ਪੂਰਾ ਮੁਜ਼ਾਹਰਾ ਕਰਦਾ ਹੈ। ਉਹਨਾਂ ਦੇ ਕਮਰੇ ਚੋਂ ਰਾਸ਼ਨ ਤੱਕ ਚੋਰੀ ਕਰ ਲਿਆ ਜਾਂਦਾ ਹੈ। ਉਹ ਕਈ ਵਾਰ ਭੁੱਖੀਆਂ ਰਹਿ ਜਾਂਦੀਆਂ ਨੇ। ਪੂਨਮ ਦੱਸਦੀ ਹੈ ਕਿ ਮਾਸੀਆਂ, ਮਾਮੇ ਇਥੇ ਨੇੜੇ ਹੀ ਰਹਿੰਦੇ ਨੇ, ਆਉਂਦੇ ਨੇ, ਮੁਹੱਲੇ ਵਾਲਿਆਂ ਨੂੰ ਕਹਿ ਕੇ ਜਾਂਦੇ ਨੇ ਕਿ ਮਾਂ ਧੀ ਧੰਦਾ ਕਰਦੀਆਂ ਨੇ, ਰੰਡੀਆਂ ਨੇ, ਇਹਨਾਂ ਨੂੰ ਭਜਾਓ। ਕੋਈ ਜਦ ਜੀਅ ਚਾਹਵੇ ਮਾਂ ਧੀ ਨੂੰ ਕੁੱਟ ਸਕਦਾ ਹੈ, ਗਾਲਾਂ ਕੱਢ ਸਕਦਾ, ਸਵਾਲ ਕਰ ਸਕਦਾ ਹੈ ਕਿ ਈਲਾ ਮਰਦ ਪ੍ਰਧਾਨ ਸਮਾਜ ਚ ਬਿਨਾ ਮਰਦ ਦੇ ਕਿਵੇਂ ਰਹਿ ਰਹੀ ਹੈ। ਮਰਦ ਪ੍ਰਧਾਨ ਸਮਾਜ ਦਾ ਤਾਂ ਤਖਤ ਹਿੱਲਦਾ ਹੈ ਜਦ ਕੋਈ ਔਰਤ ਇਕੱਲੀ ਰਹਿਣ ਦਾ ਫੈਸਲਾ ਕਰਦੀ ਹੈ।

ਬੇਹਯਾ ਅਸਭਿਅਕ ਸਮਾਜ ਦੀਆਂ ਇਹਨਾਂ ਸਿਰੜੀ ਤੇ ਸਭਿਅਕ ਧੀਆਂ ਦੇ ਸਿਰ 'ਤੇ ਧਰਤੀ ਉਤਲੇ ਇਕ ਰੱਬ ਨੇ ਹੱਥ ਰੱਖਿਆ। ਅਰਨੈਸਟੋ ਅਲਬਰਟ ਨਾਮ ਦਾ ਸ਼ਖਸ ਭਾਈ ਘਨਈਆ ਦਾ ਵਾਰਸ ਜਾਪਦਾ ਹੈ, ਜੋ ਗੁਰਬਤ ਨਾਲ ਦੋ ਚਾਰ ਹੋ ਰਹੀਆਂ ਮਾਂ ਧੀ ਨੂੰ ਵੈਸਾਖੀਆਂ ਨਹੀਂ ਪੈਰ ਲਓ ਦਾ ਪਾਠ ਪੜਾਅ ਰਿਹਾ ਹੈ, ਪੂਨਮ ਨੂੰ ਇਕ ਹੋਰ ਡਾਂਸ ਅਕੈਡਮੀ ਵਾਈਬਰੇਟ ਚ ਦਾਖਲ ਕਰਵਾਇਆ ਹੈ, ਹਿੰਦੀ, ਪੰਜਾਬੀ ਅੰਗਰੇਜ਼ੀ ਸਿੱਖ ਸਕੇ, ਇਕ ਟਿਊਸ਼ਨ ਲਵਾਈ ਹੈ, ਪਰ ਸਾਰਾ ਖਰਚਾ ਜਿਵੇਂ ਕਿਵੇਂ ਭੁੱਖੀਆਂ ਰਹਿ ਕੇ, ਦਿਨ ਰਾਤ ਹੱਡ ਝੋਕ ਕੇ ਮਾਂ ਧੀ ਆਪ ਚੁੱਕਦੀਆਂ ਨੇ।

ਮਾਸੂਮ ਪੂਨਮ ਹਰਨੋਟੇ ਵਰਗੀਆਂ ਅੱਖਾਂ ਚ ਲਹੂ ਭਰ ਕੇ ਆਖਦੀ ਹੈ, ਮੇਰੇ ਬਹੁਤ ਸਾਰੇ ਸੁਪਨੇ ਨੇ.. ਕਿ ਆ ਕਰਾਂ, ਔਹ ਕਰਾਂ.. ਪਰ..

ਤੇ ਇਕ ਡੂੰਘੀ ਚੁੱਪ ਸਾਹਮਣੇ ਵਾਲੇ ਨੂੰ ਸੁੰਨ ਕਰ ਜਾਂਦੀ ਹੈ..

ਪਰ ਪੂਨਮ ਤੇ ਈਲਾ ਜਿਸ ਸੰਘਰਸ਼ ਦੇ ਰਾਹ ਦੀਆਂ ਵੀਰਾਂਗਣਾਂ ਨੇ, ਉਸ ਸੰਘਰਸ਼ੀ ਰਾਹ ਨੂੰ ਸਲਾਮ ਕਰਨਾ ਬਣਦਾ ਹੈ।

200ਵੇਂ ਜਨਮ ਦਿਨ ਤੇ...

# ਯੁੱਗ ਪੁਰਸ਼ ਕਾਰਲ ਮਾਰਕਸ




ਮਨਦੀਪ

ਕਾਰਲ ਮਾਰਕਸ ਨਿਡਰ ਵਿਦਵਾਨ, ਮਹਾਨ ਖੋਜੀ ਤੇ ਇਕ ਸਿਰੜੀ ਇਨਕਲਾਬੀ ਸੀ। ਉਸਦਾ ਜੀਵਨ ਬਿਰਤਾਂਤ ਉਸਦੇ ਸਮੁੱਚੇ ਚਿੰਤਨ ਤੋਂ ਵੱਖਰਿਆਇਆ ਨਹੀਂ ਜਾ ਸਕਦਾ। ਮਾਰਕਸ ਦੀ ਜੀਵਨ ਗਾਥਾ ਉਸਦੇ ਬੇਸ਼ੁਮਾਰ ਅਧਿਐਨ, ਲੇਖਨ, ਖੋਜ ਕਾਰਜਾਂ, ਬਹਿਸਾਂ, ਅਲੋਚਨਾਵਾਂ, ਜਲਾਵਤਨੀਆਂ, ਪਰਿਵਾਰਕ ਔਕੜਾਂ ਤੇ ਕਿਰਤੀ ਜਮਾਤ ਦੀ ਸਦੀਆਂ ਦੀ ਗੁਲਾਮੀ ਤੋਂ ਮੁਕਤੀ ਦਾ ਗੁਰ ਲੱਭਣ ਵਾਲੇ ਪਹਾੜ ਜਿੱਡੇ ਕਾਰਜ ਨੂੰ ਇਕ ਔਸਤ ਮਨੁੱਖੀ ਉਮਰ ਅੰਦਰ ਪੂਰਾ ਕਰਨ ਦੇ ਬੇਮਿਸਾਲ ਸੰਘਰਸ਼ਾਂ ਨਾਲ ਭਰੀ ਪਈ ਹੈ। ਜਵਾਨੀ 'ਚ ਪੈਰ ਧਰਦਿਆਂ ਹੀ ਮਾਰਕਸ ਨੇ ਆਪਣੀ ਜ਼ਿੰਦਗੀ ਦਾ ਇਕ ਮਕਸਦ ਚੁਣਿਆ ਤੇ ਫਿਰ ਆਪਣੀ ਸਾਰੀ ਤਾਕਤ ਤੇ ਸਮਰੱਥਾ ਉਸੇ ਲਈ ਝੋਕ ਦਿੱਤੀ। ਆਪਣੀ ਇਸੇ ਅਥਾਹ ਸਮਰੱਥ ਨਾਲ ਉਸਨੇ ਚੜ੍ਹਦੀ ਉਮਰੇ ਹੀ ਦੁਨੀਆ ਭਰ 'ਚ ਆਪਣੀ ਪ੍ਰਤਿਭਾ ਦਾ ਲੋਹਾ ਮਨਵਾਇਆ। ਮਾਰਕਸ ਦੀ ਸਮੁੱਚੀ ਜੀਵਨ ਘਾਲਣਾ ਤੇ ਚਿੰਤਨ ਨੂੰ ਦੇਖਦਿਆਂ ਲੋਕਾਈ ਦੰਗ ਰਹਿ ਜਾਂਦੀ ਹੈ ਕਿ ਇਕ ਇਨਸਾਨ ਐਨਾ ਸਮਰੱਥਾਵਾਨ ਵੀ ਹੋ ਸਕਦਾ ਹੈ। ਪਿੱਛੇ ਜਿਹੇ ਬੀ. ਬੀ. ਸੀ. ਵੱਲੋਂ ਕਰਵਾਏ ਸਰਵੇ ਅਨੁਸਾਰ ਕਾਰਲ ਮਾਰਕਸ ਨੂੰ "ਥਿੰਕਰ ਆੱਫ ਦੀ ਮਿਲੇਨੀਅਮ" (ਇਕ ਹਜ਼ਾਰ ਸਾਲ ਦਾ ਸਭ ਤੋਂ ਵੱਡਾ ਵਿਦਵਾਨ) ਦਾ ਦਿੱਤਾ ਖ਼ਿਤਾਬ ਉਸਦੀ ਮਹਾਨ ਪ੍ਰਤਿਭਾ ਦਾ ਇਕ ਮਾਤਰ ਪ੍ਰਮਾਣ ਹੈ।

ਅੱਜ ਜਦੋਂ ਮਾਰਕਸਵਾਦੀ ਸੱਚ ਸੰਸਾਰ ਪੱਧਰ ਤੇ ਹੋਰ ਵੱਧ ਪੁਖਤਾ ਹੋ ਰਿਹਾ ਹੈ ਤਾਂ ਮਾਰਕਸ ਦੀ ਰੂਹ ਮਨੁੱਖੀ ਇਤਿਹਾਸ ਦੇ ਇਸ ਦੌਰ ਅੰਦਰ ਮਿਹਨਤਕਸ਼ਾਂ ਨੂੰ ਨਵੇਂ ਸਮਾਜ ਦੀ ਉਸਾਰੀ ਲਈ ਅਸਲੀ ਇਨਸਾਨ ਬਣਕੇ ਜਿਊਣ ਲਈ, ਸੰਘਰਸ਼ਾਂ ਲਈ, ਚਿੰਤਨ ਲਈ ਪ੍ਰੇਰ ਰਹੀ ਹੈ।

ਮਾਰਕਸ ਦਾ ਜਨਮ 5 ਮਈ 1818 ਨੂੰ ਟਰੀਅਰ (ਰ੍ਹਾਈਨ ਕੰਢੇ ਦੇ ਪਰੂਸ਼ੀਆ) ਵਿਖੇ ਹੋਇਆ।ਉਸਦੇ ਪਿਤਾ ਪ੍ਰੋਟੈਸਟੈਂਟ ਈਸਾਈ ਮੱਤ ਦੇ ਧਾਰਨੀ ਇਕ ਵਕੀਲ ਸਨ।ਟਰੀਅਰ ਦੇ ਜਿਮਨੇਜ਼ੀਅਮ ਸਕੂਲ ਤੋਂ ਬੋਨ ਤੇ ਬਰਲਿਨ ਯੂਨੀਵਰਸਿਟੀ ਤੱਕ ਕਾਨੂੰਨ ਦੀ ਪੜ੍ਹਾਈ ਕਰਨ ਵਾਲੇ ਮਾਰਕਸ ਦੇ ਮੁੱਖ ਤੇ ਮਨਪਸੰਦ ਵਿਸ਼ੇ ਇਤਿਹਾਸ ਤੇ ਦਰਸ਼ਨ ਸਨ। ਮਾਨਸਿਕ ਤੌਰ 'ਤੇ ਮਾਰਕਸ ਸ਼ੁਰੂ ਤੋਂ ਹੀ ਆਮ ਪੱਧਰ ਤੋਂ ਉੱਚੀ ਯੋਗਤਾ ਦਾ ਮਾਲਕ ਸੀ। 1841 ਵਿਚ ਉਸਨੇ ਡੀ. ਐਸ. ਸੀ. ਦੀ ਡਿਗਰੀ ਲਈ ਐਪੀਕਿਊਰੀਅਸ ਦੇ ਦਰਸ਼ਨ ਸਬੰਧੀ ਖੋਜ ਪ੍ਰਬੰਧ ਪੇਸ਼ ਕੀਤਾ।ਉਸ ਵੇਲੇ ਮਾਰਕਸ ਦੇ ਵਿਚਾਰ ਹੀਗਲਵਾਦੀ ਆਦਰਸ਼ਵਾਦੀ ਸਨ। ਪੜ੍ਹਾਈ ਖਤਮ ਕਰਨ ਪਿੱਛੋਂ ਮਾਰਕਸ ਪ੍ਰੋਫੈਸਰ ਬਣਨ ਦੀ ਆਸ ਨਾਲ ਬੋਨ ਚਲਾ ਗਿਆ, ਜਿੱਥੋਂ ਦੇ ਸਿਆਸੀ ਮਾਹੌਲ 'ਚ ਲੁਡਵਿਗ ਫਿਊਰਬਾਖ਼ ਦੇ ਵਿਚਾਰਾਂ ਦਾ ਕਾਫੀ ਪ੍ਰਭਾਵ ਸੀ।ਉਸਦੇ ਵਿਚਾਰਾਂ ਦੇ ਪ੍ਰਭਾਵ ਸਦਕਾ ਸਾਰੇ ਖੱਬੇਪੱਖੀ ਹੀਗਲਵਾਦੀ (ਸਮੇਤ ਮਾਰਕਸ) ਫਿਊਰਬਾਖ਼ਵਾਦੀ ਬਣ ਗਏ। ਇਸੇ ਧੜੇ ਵੱਲੋਂ 'ਰਾਈਨੂਸ਼ ਜਾਈਟੂੰਗ' ਨਾਂ ਦਾ ਪੱਤਰ ਸਥਾਪਤ ਕੀਤਾ ਗਿਆ ਜਿਸ ਵਿਚ ਮਾਰਕਸ ਤੇ ਬਰੂਨੋ ਬਾਵੇਰ ਮੁੱਖ ਲੇਖਕਾਂ ਵਜੋਂ ਲਿਖਦੇ ਰਹੇ। ਅਕਤੂਬਰ 1842 ਵਿਚ ਮਾਰਕਸ ਇਸ ਪੱਤਰ ਦਾ ਮੁੱਖ ਸੰਪਾਦਕ ਬਣ ਗਿਆ। ਪਰਚੇ ਦੇ ਇਨਕਲਾਬੀ ਜਮਹੂਰੀ ਵਿਚਾਰਾਂ ਕਾਰਨ ਹਕੂਮਤ ਦੀ ਇਸ ਉੱਪਰ ਤੀਹਰੀ ਸੈਂਸਰਸ਼ਿਪ ਲਾਗੂ ਹੋਣ ਤੇ ਅਖੀਰ ਜਨਵਰੀ 1843 'ਚ ਇਸਨੂੰ ਬੰਦ ਕਰਨਾ ਪਿਆ।

ਉਸਦੇ ਵਿਦਿਆਰਥੀ ਜੀਵਨ ਦੌਰਾਨ ਬਰਲਿਨ ਯੂਨੀਵਰਸਿਟੀ 'ਚ ਵਿਦਿਆਰਥੀਆਂ ਤੇ ਚਿੰਤਕਾਂ ਦਾ ਇਕ ਕਲੱਬ ਬਣਿਆ ਹੋਇਆ ਸੀ ਜਿਸ ਵਿਚ ਵੱਖ-ਵੱਖ ਮਸਲਿਆਂ ਤੇ ਗਰਮਾ-ਗਰਮ ਬਹਿਸਾਂ ਚੱਲਦੀਆਂ ਰਹਿੰਦੀਆਂ ਸਨ।ਮਾਰਕਸ ਇਸ ਕਲੱਬ ਦਾ ਅਟੁੱਟ ਅੰਗ ਸੀ। ਇੱਥੇ ਵਿਭਿੰਨ ਸਿਧਾਂਤਾਂ ਤੇ ਦੂਜੇ ਰਾਜਸੀ ਪਹਿਲੂਆਂ ਤੇ ਗੰਭੀਰ ਵਿਚਾਰ ਚਰਚਾ ਕੀਤੀ ਜਾਂਦੀ। ਇਥੇ ਰਹਿੰਦਿਆਂ ਮਾਰਕਸ ਨੇ ਡਾਕਟਰ ਦੀ ਡਿਗਰੀ ਲਈ ਆਪਣਾ ਖੋਜ ਪੱਤਰ ਜੈਨਾ ਯੂਨੀਵਰਸਿਟੀ 'ਚ ਪੇਸ਼ ਕੀਤਾ। 15 ਅਪ੍ਰੈਲ 1841 ਨੂੰ ਉਸਦੀ ਗੈਰਹਾਜ਼ਰੀ 'ਚ ਉਸਨੂੰ 'ਫਲਸਫੇ ਦੇ ਡਾਕਟਰ' ਦੀ ਸਨਦ ਨਾਲ ਨਿਵਾਜਿਆ ਗਿਆ।



ਵਿਦਿਆਰਥੀ ਜੀਵਨ ਸਮੇਂ ਤੋਂ ਮਾਰਕਸ ਤੇ ਜੈਨੀ ਇਕ ਦੂਜੇ ਦੇ ਸੰਪਰਕ 'ਚ ਆਏ। 1836 ਵਿਚ ਇਸ ਪ੍ਰੇਮੀ ਜੋੜੇ ਨੇ ਚੋਰੀ ਛਿਪੇ ਮੰਗਣੀ ਦਾ ਕਾਜ ਰਚਾ ਲਿਆ ਤੇ ਬਾਅਦ ਵਿਚ ਉਹ ਚਿੱਠੀ ਪੱਤਰ ਰਾਹੀਂ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੇ ਰਹੇ। ਮਾਰਕਸ ਬਹੁਤ ਜਿਆਦਾ ਰੁਝਿਆ ਹੋਣ ਕਰਕੇ ਜੈਨੀ ਨੂੰ ਜਲਦੀ ਚਿੱਠੀ ਨਾ ਲਿਖ ਪਾਉਂਦਾ, ਜਦਕਿ ਜੈਨੀ ਨੂੰ ਬੜੀ ਬੇਚੈਨੀ ਨਾਲ ਉਸਦੀਆਂ ਚਿੱਠੀਆਂ ਦੀ ਉਡੀਕ ਰਹਿੰਦੀ। ਜੈਨੀ ਬੇਹੱਦ ਸੁੰਦਰ ਸੀ। ਹਰ ਕੋਈ ਉਸ ਨੂੰ 'ਟਰੀਆ ਦੀ ਸੁੰਦਰੀ' 'ਨ੍ਰਿਤ ਦੀ ਮਲਕਾ' ਆਖਦਾ। 1843 ਵਿਚ ਮਾਰਕਸ ਨੇ ਜੈਨੀ ਫਾਨ ਵੈਸਟਫਾਲਨ ਨਾਲ ਕ੍ਰਿਉਜਨਾਖ ਵਿਖੇ ਵਿਆਹ ਕਰਵਾ ਲਿਆ। ਜੈਨੀ ਪਰੂਸ਼ੀਆਈ ਰਾਠਸ਼ਾਹੀ ਪਰਿਵਾਰ ਨਾਲ ਸਬੰਧਿਤ ਹੁੰਦੀ ਹੋਈ ਵੀ ਵਿਆਹ ਤੋਂ ਬਾਅਦ ਮਾਰਕਸ ਨਾਲ ਚੰਗੇ ਸਮਾਜ ਦੀ ਉਸਾਰੀ ਲਈ ਜ਼ਿੰਦਗੀ ਭਰ ਮੁਸ਼ਕਲਾਂ ਦੇ ਫਾਕੇ ਕੱਟਦੀ ਰਹੀ। ਪਰਿਵਾਰ ਨੂੰ ਪਾਲਣ ਲਈ ਰੁਜ਼ਗਾਰ ਦੀ ਭਾਲ ਵਿਚ ਮਾਰਕਸ ਨੇ ਕੁਝ ਸਮਾਂ ਪੱਤਰਕਾਰੀ ਵੀ ਕੀਤੀ। ਜਿਸ ਤਜਰਬੇ ਨੇ ਉਸਨੂੰ ਸਿਆਸੀ ਜਰਨਲਿਸਟ ਬਣਾ ਦਿੱਤਾ ਜਿਸਦੇ ਖਿਆਲਾਤ ਅੱਗ ਭੜਕਾਊ ਸਮਝੇ ਜਾਂਦੇ ਸਨ। ਉਸਨੇ ਡੂੰਘਾਈ ਨਾਲ ਇਨਕਲਾਬੀ ਸਾਹਿਤ ਦਾ ਮੁਤਾਲਿਆ ਕਰਨਾ ਸ਼ੁਰੂ ਕੀਤਾ। ਮਾਰਕਸ ਨੇ ਫਰਾਂਸਿਸੀ ਭਾਸ਼ਾ ਸਿੱਖ ਕੇ ਪ੍ਰਸਿੱਧ ਸੋਸ਼ਲਿਸ਼ਟ ਲੇਖਕ ਫੂਰੀਏ, ਪ੍ਰੂਡੋ ਡੇਜ਼ਾਮੀ, ਕੋਬੇ ਅਤੇ ਲੇਰੂ ਦੀਆਂ ਕਿਰਤਾਂ ਦਾ ਅਧਿਐਨ ਕੀਤਾ।ਸਚਾਈ ਦੀ ਭਾਲ ਵਿੱਚ ਮਾਰਕਸ ਕਈ-ਕਈ ਰਾਤਾਂ ਜਾਗ ਕੇ ਕੱਟਦਾ। ਜਿੱਥੇ ਉਹ ਕਈ-ਕਈ ਰਾਤਾਂ ਗਿਆਨ ਸਮੁੰਦਰ 'ਚ ਡੁਬਕੀਆਂ ਲਾਉਂਦਾ ਰਹਿੰਦਾ ਉੱਥੇ ਦੂਜੇ ਪਾਸੇ ਉਹ ਅਗਿਆਨਤਾ ਦੇ ਹਨੇਰੇ ਨੂੰ ਕਾਇਮ ਰੱਖਣ 'ਚ ਲਗੇ ਹੋਏ ਹਕੂਮਤਪੱਖੀ 'ਵਿਦਵਾਨਾਂ' ਨਾਲ ਟੱਕਰਾਂ ਵੀ ਲੈਂਦਾ। ਹਕੂਮਤਪੱਖੀ 'ਵਿਦਵਾਨਾਂ' ਨੂੰ ਮਾਰਕਸ ਦੇ ਯਥਾਰਥਕ ਵਿਚਾਰ ਸੂਲਾਂ ਵਾਂਗ ਚੁਭਦੇ ਸਨ।ਮਾਰਕਸ ਦਾ ਚਿੰਤਨ ਨਿੱਜੀ ਅਨੁਭਵ ਅਤੇ ਇਤਿਹਾਸਕ ਅਧਿਐਨ ਤੇ ਅਧਾਰਿਤ ਸੀ।ਉਸਨੂੰ ਜਰਮਨ, ਨਵ-ਲਾਤੀਨੀ, ਰੂਸੀ, ਸਰਬੀਅਨ, ਫਰਾਂਸਿਸੀ ਤੇ ਸਲਾਵ ਜ਼ੁਬਾਨਾਂ ਦਾ ਗਿਆਨ ਸੀ। ਗਲਤ ਵਿਚਾਰਾਂ ਤੇ ਰੁਝਾਨਾਂ ਦੇ ਗਿਆਨਤਾ ਤੇ ਦਲੇਰੀ ਨਾਲ ਪਰਖਚੇ ਉਡਾਉਣ ਵਾਲੇ ਮਾਰਕਸ ਨੂੰ 'ਲਾਲ ਦਹਿਸ਼ਤ ਪਸੰਦ ਡਾਕਟਰ' ਆਖਿਆ ਜਾਂਦਾ। ਮਾਰਕਸ ਜਿੱਥੇ ਦਰਸ਼ਨ ਦੇ ਔਖੇ ਖੇਤਰ ਚੋਂ ਸਿਰਕੱਢ ਸੀ ਉੱਥੇ ਸਾਹਿਤ ਤੇ ਕਲਾ ਬਾਰੇ ਵੀ ਉਸਨੂੰ ਚੋਖੀ ਜਾਣਕਾਰੀ ਸੀ। ਉਸਨੂੰ ਨਾਵਲ ਪੜ੍ਹਨ ਦਾ ਬੜਾ ਸ਼ੌਕ ਸੀ।ਵਾਲਟਰ ਸਕਾਟ, ਡਿਊਮਾ, ਫੀਲ ਡੰਗ, ਸੇਵਾਟਿਸ ਆਦਿ ਦੇ ਕਿਰਤ ਨਾਵਲ ਉਸਨੂੰ ਚੰਗੇ ਲਗਦੇ ਸਨ। ਗਣਿਤ ਦੇ ਵਿਸ਼ੇ ਵਿਚ ਵੀ ਉਸਦੀ ਦਿਲਚਸਪੀ ਸੀ।

1844 ਵਿਚ ਏਂਗਲਜ਼, ਮਾਰਕਸ ਨੂੰ ਪਹਿਲੀ ਵਾਰ ਪੈਰਿਸ ਵਿਖੇ ਮਿਲਿਆ ਜਿੱਥੇ ਦੋਵਾਂ ਦੀ ਬੌਧਿਕ ਸਾਂਝੇਦਾਰੀ ਬਣ ਗਈ। ਏਂਗਲਜ਼ ਕੋਲ ਠੋਸ ਆਰਥਕ ਤੱਥਾਂ ਦਾ ਭੰਡਾਰ ਸੀ ਤੇ ਮਾਰਕਸ ਇਤਿਹਾਸਕ ਪੱਖੋਂ ਇਕ ਪ੍ਰਬਲ ਰੁਚੀ ਦਾ ਮਾਲਕ ਸੀ। ਦੋਵਾਂ ਦੀ ਮਿੱਤਰਤਾ ਸਮੇਂ ਮਾਰਕਸ ਦੇ ਕਲਪਿਤ ਇਤਿਹਾਸਕ ਖਾਕੇ ਵਿਚ ਆਰਥਕ ਤੱਥਾਂ ਨੇ ਥਾਂ ਮੱਲਣੀ ਸ਼ੁਰੂ ਕਰ ਦਿੱਤੀ ਅਤੇ ਏਂਗਲਜ਼ ਇਤਿਹਾਸ ਪੱਖੋਂ ਆਰਥਿਕ ਤੱਥਾਂ ਨੂੰ ਨਵੀਂ ਰੌਸ਼ਨੀ ਵਿਚ ਵਿਚਾਰਨ ਲੱਗ ਪਿਆ। ਆਪਣੀ ਚਾਲੀ ਸਾਲ ਦੀ ਲੰਮੀ ਦੋਸਤੀ ਦੌਰਾਨ ਉਹ ਦੋਵੇਂ ਕਮਿਊਨਿਸਟ ਲਹਿਰ ਦੀ ਸਿਰਜਣਾ ਵਿਚ ਲੱਗੇ ਰਹੇ।ਇਸ ਨਿਰਸੁਆਰਥ ਦੋਸਤੀ ਦੇ ਕਾਰਨ ਏਂਗਲਜ਼ ਵੱਲੋਂ ਸਮੇਂ ਸਿਰ ਕੀਤੀ ਜਾਂਦੀ ਆਰਥਿਕ ਮੱਦਦ ਨੇ ਮਾਰਕਸ ਨੂੰ ਸਰੀਰਕ ਤੌਰ 'ਤੇ ਹੀ ਜੀਵਤ ਨਹੀਂ ਰੱਖਿਆ ਬਲਕਿ ਉਸ ਨੂੰ ਯੁੱਗ ਪਲਟਾਊ ਕ੍ਰਿਤਾਂ ਰਚਨ ਦੇ ਕਾਰਜ ਵਿਚ ਆਸ਼ਾਪੂਰਵਕ ਜੋੜੀ ਰੱਖਿਆ।ਅੱਜ ਵੀ ਦੋਵਾਂ ਦੀ ਮਿੱਤਰਤਾ ਦੀ ਪੂਰੇ ਵਿਸ਼ਵ ਵਿਚ ਮਿਸਾਲ ਪੇਸ਼ ਕੀਤੀ ਜਾਂਦੀ ਹੈ।

ਮਾਰਕਸ ਨੂੰ ਆਪਣੇ ਜੀਵਨ ਵਿਚ ਜਲਾਵਤਨੀਆਂ ਦਾ ਦੌਰ ਵੀ ਹੰਢਾਉਣਾ ਪਿਆ। ਫਰਾਂਸ ਦੀ ਗੀਜ਼ੋ ਸਰਕਾਰ ਨੇ ਵੋਰਵਰਟਸ (ਪ੍ਰਗਤੀਸ਼ੀਲ) ਪੱਤਰ ਨਾਲ ਸਬੰਧਤ ਚਾਰ ਛਾਪਕ ਬੂਰਨਸਟਾਇਨ, ਬਰਨੇ, ਰੂਗੇ ਅਤੇ ਮਾਰਕਸ ਨੂੰ ਜਰਮਨ ਬਾਦਸ਼ਾਹ ਦੇ ਵਿਰੁੱਧ ਅੱਗ ਭੜਕਾਊ ਨਿਬੰਧ ਲਿਖਣ ਦੇ ਦੋਸ਼ੀ ਠਹਿਰਾਇਆ ਅਤੇ ਮਾਰਕਸ ਨੂੰ ਇਕ ਖਤਰਨਾਕ ਇਨਕਲਾਬੀ ਵਜੋਂ ਫਰਾਂਸ ਤੋਂ ਬਾਹਰ ਕਰ ਦਿੱਤਾ। ਮਾਰਕਸ ਨੂੰ ਛੱਡ ਕੇ ਬਾਕੀ ਤਿੰਨਾਂ ਨੇ ਸਰਕਾਰ ਨਾਲ ਮਿਲਵਰਤਨ ਵਿਖਾਇਆ ਤੇ ਫਰਾਂਸ 'ਚ ਹੀ ਟਿਕੇ ਰਹੇ। ਮਾਰਕਸ ਬਰਸੱਲਜ ਚਲਾ ਗਿਆ ਅਤੇ ਉੱਥੇ 'ਕਮਿਊਨਿਸਟ ਲੀਗ' ਨਾਂ ਦੀ ਗੁਪਤ ਪ੍ਰਚਾਰ ਸਭਾ 'ਚ ਸ਼ਾਮਲ ਹੋ ਕੇ 'ਕਮਿਊਨਿਸਟ ਮੈਨੀਫੈਸਟੋ' ਲਿਖਣ 'ਚ ਰੁਝ ਗਿਆ।

1848 ਵਿਚ ਮਾਰਕਸ ਤੇ ਏਂਗਲਜ਼ ਵੱਲੋਂ 'ਕਮਿਊਨਿਸਟ ਮੈਨੀਫੈਸਟੋ' ਦੇ ਰੂਪ ਵਿਚ ਕ੍ਰਾਂਤੀ ਦੀ ਜ਼ੁਬਾਨ 'ਚ ਇਕ ਨਵਾਂ ਸੰਸਾਰ ਸੰਕਲਪ ਕਲਮਬੱਧ ਕੀਤਾ ਗਿਆ। ਇਸ ਵਿਚ ਉਸਨੇ ਵਿਕਾਸ ਦੀ ਸਭ ਤੋਂ ਅਗਾਂਹਵਧੂ ਵਿਚਾਰਧਾਰਾ ਵਜੋਂ ਦਵੰਦਵਾਦ, ਸ਼੍ਰੇਣੀ ਘੋਲ ਦਾ ਸਿਧਾਂਤ ਤੇ ਪ੍ਰੋਲੇਤਾਰੀ ਅਤੇ ਨਵੇਂ ਕਮਿਊਨਿਸਟ ਸਮਾਜ ਦਾ ਖਾਕਾ ਪੇਸ਼ ਕੀਤਾ। ਦੁਨੀਆਂ ਭਰ ਦੇ ਮਿਹਨਤਕਸ਼ਾਂ ਲਈ ਮੁਕਤੀ ਦਾ ਇਹ ਇਕ ਮਜ਼ਬੂਤ ਦਸਤਾਵੇਜ਼ ਹੈ। ਇਸਦੇ ਮੁੱਢਲੇ ਸ਼ਬਦ ਸ਼ਕਤੀਸ਼ਾਲੀ ਗਰਜਨਾਂ ਨਾਲ ਸ਼ੁਰੂ ਹੁੰਦੇ ਹਨ "ਯੂਰਪ ਨੂੰ ਇਕ ਪ੍ਰੇਤ ਡਰਾ ਰਿਹਾ ਹੈ- ਉਹ ਹੈ ਕਮਿਊਨਿਜ਼ਮ ਦਾ ਪ੍ਰੇਤ। ਇਸ ਪ੍ਰੇਤ ਨੂੰ ਭਜਾਉਣ ਲਈ ਪੋਪ ਅਤੇ ਜ਼ਾਰ, ਮੈਟਰਨਿਖ ਅਤੇ ਗੀਜ਼ੋ, ਫਰਾਂਸਿਸੀ ਅੱਤਵਾਦੀ ਅਤੇ ਜਰਮਨ ਖੁਫੀਆ ਪੁਲਿਸ ਅਤੇ ਬੁੱਢੇ ਯੂਰਪ ਦੀਆਂ ਸਾਰੀਆਂ ਤਾਕਤਾਂ ਨੇ 'ਪਵਿੱਤਰ' ਗੱਠਜੋੜ ਬਣਾ ਲਿਆ ਹੈ।" ਅਖੀਰ ਵਿਚ ਮੈਨੀਫੈਸਟੋ ਇਨ੍ਹਾਂ ਸ਼ਬਦਾਂ ਵਿਚ ਮਜ਼ਦੂਰ ਇਨਕਲਾਬ ਦਾ ਖੁਲ੍ਹਾ ਤਾਕਤਵਾਰ, ਪ੍ਰਤਿਭਾਸ਼ਾਲੀ ਅਤੇ ਮਾਣ ਭਰਪੂਰ ਸੱਦਾ ਦਿੰਦਾ ਹੈ:-"ਕਮਿਊਨਿਸਟ ਇਨਕਲਾਬ ਦੇ ਡਰ ਨਾਲ ਹਾਕਮ ਜਮਾਤਾਂ ਨੂੰ ਕੰਬਣ ਦਿਉ। ਮਜ਼ਦੂਰ ਕੋਲ ਗਵਾਉਣ ਲਈ ਆਪਣੀਆਂ ਜੰਜੀਰਾਂ ਤੋਂ ਬਿਨਾਂ ਕੁਝ ਨਹੀਂ ਹੈ। ਜਿੱਤਣ ਲਈ ਉਹਨਾਂ ਸਾਹਮਣੇ ਸਾਰਾ ਸੰਸਾਰ ਹੈ। ਸੰਸਾਰ ਭਰ ਦੇ ਮਜ਼ਦੂਰੋ ਇਕ ਹੋ ਜਾਉ!" ਦੁਨੀਆਂ 'ਚ ਉਥਲ-ਪੁਥਲ ਲਿਆਉਣ ਵਾਸਤੇ ਅੱਜ ਤੱਕ 'ਕਮਿਊਨਿਸਟ ਮੈਨੀਫੈਸਟੋ' ਤੋਂ ਪ੍ਰਭਾਵਸ਼ਾਲੀ ਹੋਰ ਕੋਈ ਦਸਤਾਵੇਜ਼ ਨਹੀਂ ਲਿਖਿਆ ਗਿਆ। ਮੈਨੀਫੈਸਟੋ ਦੇ ਛਪਦਿਆਂ ਹੀ ਮਾਰਕਸ ਨੂੰ 24 ਘੰਟੇ ਦੇ ਅੰਦਰ ਬਰਸੱਲਜ਼ ਛੱਡ ਜਾਣ ਵਾਸਤੇ ਹਕੂਮਤੀ ਹੁਕਮ ਜਾਰੀ ਕੀਤਾ ਗਿਆ। ਇਥੋਂ ਮਾਰਕਸ ਪੈਰਿਸ ਤੇ ਫਿਰ ਪੈਰਿਸ ਤੋਂ ਹੁੰਦਾ ਹੋਇਆ ਕਲੋਨ ਚਲਾ ਗਿਆ ਅਤੇ ਉਥੋਂ ਦੇ ਇਨਕਲਾਬੀਆਂ ਨਾਲ ਆਪਣਾ ਸੰਪਰਕ ਕਾਇਮ ਕਰਕੇ ਅਗਲੇ ਇਤਿਹਾਸਕ ਮਿਸ਼ਨ 'ਚ ਰੁਝ ਗਿਆ।

ਆਰਥਿਕ ਤੌਰ 'ਤੇ ਮਾਰਕਸ ਤੇ ਉਸਦੇ ਪਰਿਵਾਰ ਲਈ ਇਹ ਸਮਾਂ ਘੋਰ ਗਰੀਬੀ ਤੇ ਕੰਗਾਲੀ ਵਾਲਾ ਰਿਹਾ। ਇਕ ਵਾਰ ਫਿਰ ਉਸਨੇ 1850 ਵਿਚ ਪੇਪਰ 'ਨੋਏ ਰਾਈਨੂਸ਼ ਜਾਈਟੂੰਗ' ਕੱਢਣਾ ਸ਼ੁਰੂ ਕੀਤਾ। ਉਸਦਾ ਨਿਵਾਸ ਸਥਾਨ ਲੰਡਨ ਦੀ ਸਭ ਤੋਂ ਗੰਦੀ ਤੇ ਸਸਤੀ ਬਸਤੀ ਸੀ। ਉਸਨੂੰ ਘਰ ਦਾ ਕੀਮਤੀ ਸਮਾਨ ਤੇ ਆਪਣੀ ਲਾਈਬ੍ਰੇਰੀ ਤੱਕ ਵੇਚਣੀ ਪਈ। ਮਾਲਕ ਵੱਲੋਂ ਘਰ ਦਾ ਸਾਰਾ ਸਮਾਨ ਤੇ ਵਿਲਕਦੇ ਬੱਚਿਆਂ ਦੇ ਖਿਡੌਣੇ ਤੱਕ ਜ਼ਬਤ ਕਰ ਲਏ ਗਏ। ਇਕ ਥਾਂ ਮਾਰਕਸ ਦੀ ਪਤਨੀ ਜੈਨੀ ਲਿਖਦੀ ਹੈ ਕਿ ਖਾਣਾ ਨਾ ਮਿਲਣ ਕਾਰਨ ਉਸਦੀਆਂ ਛਾਤੀਆਂ ਚੋਂ ਦੁੱਧ ਮੁਕ ਗਿਆ। ਬੱਚੇ ਦੁਆਰਾ ਰੱਜ ਕਰਨ ਤੇ ਸੁੱਕੀਆਂ ਛਾਤੀਆਂ ਵਿਚੋਂ ਅਕਸਰ ਖੂਨ ਦੀਆਂ ਬੂੰਦਾਂ ਦੁੱਧ ਚੁੰਘਣ ਵੇਲੇ ਉਸਦੇ ਮੂੰਹ ਵਿਚ ਚਲੀਆਂ ਜਾਂਦੀਆਂ। ਇਸ ਭਿਆਨਕ ਗਰੀਬੀ ਤੇ ਬਿਮਾਰੀ ਨੇ ਮਾਰਕਸ ਦੇ ਤਿੰਨ ਬੱਚਿਆਂ ਦੀ ਜਾਨ ਲੈ ਲਈ। ਇਸ ਘੋਰ ਗੁਰਬਤ ਵਾਲੀ ਹਾਲਤ ਵਿਚ ਮਾਰਕਸ ਦੀ ਪਤਨੀ ਜੈਨੀ ਤੇ ਅਜ਼ੀਜ਼ ਮਿੱਤਰ ਏਂਗਲਜ਼ ਦਾ ਹਰ ਪੱਖੋਂ ਸਹਿਯੋਗ ਮਿਸਾਲੀ ਤੇ ਨਾ-ਭੁਲਾਉਣਯੋਗ ਹੈ।ਮਾਰਕਸ, ਏਂਗਲਜ਼ ਨੂੰ ਇਕ ਚਿੱਠੀ ਰਾਹੀਂ ਆਪਣੀ ਮਾੜੀ ਮਾਇਕ ਹਾਲਤ ਬਾਰੇ ਲਿਖਦਾ ਹੈ ਕਿ "ਮੇਰਾ ਖਿਆਲ ਨਹੀਂ, ਕਿਸੇ ਨੇ 'ਮੁਦਰਾ' ਬਾਰੇ ਲਿਖਿਆ ਹੋਵੇ ਤੇ ਖੁਦ ਜੇਬ ਤੋਂ ਖਾਲੀ ਹੋਵੇ। ਜਿਨ੍ਹਾਂ ਚਿੰਤਕਾਂ ਨੇ ਇਸ ਆਰਥਿਕ ਵਿਸ਼ੇ ਬਾਰੇ ਖੋਜ ਕੀਤੀ ਹੈ, ਉਹਨਾਂ ਦਾ 'ਮੁਦਰਾ' ਨਾਲ ਅਟੁੱਟ ਤੇ ਗਹਿਰਾ ਸਬੰਧ ਰਿਹਾ ਹੈ।" ਮਾਰਕਸ ਇਸ ਅਤਿ ਮਾੜੇ ਦੌਰ ਅੰਦਰ ਵੀ ਆਪਣੇ ਉਦੇਸ਼ ਨੂੰ ਨਹੀਂ ਭੁਲਿਆ।ਉਸਨੇ 1859 ਵਿਚ ਇਕ ਮਿੱਤਰ ਨੂੰ ਮਿਲਦਿਆਂ ਕਿਹਾ ਕਿ "ਉਹ ਬੁਰਜੂਆ ਸਮਾਜ ਦੇ ਦਬਾਊ ਹੇਠ ਕਦੇ ਵੀ "ਪੈਸਾ ਕਮਾਊ ਮਸ਼ੀਨ" ਬਣਨਾ ਗਵਾਰਾ ਨਹੀਂ ਕਰੇਗਾ।"

ਗਲਤ ਵਿਚਾਰਾਂ ਤੇ ਰੁਝਾਨਾਂ ਦਾ ਖੰਡਨ ਨਾ ਕਰਨਾ ਮਾਨਸਿਕ ਅਚਾਰਹੀਣਤਾ ਹੁੰਦੀ ਹੈ ਜਿਸਦਾ ਹਰਜਾ ਪ੍ਰੋਲੇਤਾਰੀ ਲਹਿਰ ਨੂੰ ਝੱਲਣਾ ਪੈਂਦਾ ਹੈ।1864 ਵਿਚ 'ਕਿਰਤੀ ਲੋਕਾਂ ਦੀ ਕੌਮਾਂਤਰੀ ਸਭਾ' ਤੇ 'ਪਹਿਲੀ ਪ੍ਰਸਿੱਧ ਇੰਟਰਨੈਸ਼ਨਲ' ਦੀ ਜਿੰਦ ਜਾਨ ਮਾਰਕਸ ਔਖੀਆਂ ਹਾਲਤਾਂ ਵਿਚ ਵੀ ਸਦਾ ਨਿਕ ਬੁਰਜੂਆ ਸ਼ੋਸ਼ਲਿਜ਼ਮ ਤੇ ਗੈਰ ਪ੍ਰੋਲੇਤਾਰੀ ਸ਼ੋਸ਼ਲਿਜ਼ਮ ਦੇ ਪ੍ਰਚਲਤ ਗਲਤ ਸਿਧਾਂਤਾਂ ਤੇ ਰੁਝਾਨਾਂ ਵਿਰੁੱਧ ਬੇਕਿਰਕ ਸੰਘਰਸ਼ ਕਰਦਾ ਰਿਹਾ।

ਦਾਸ ਕੈਪੀਟਲ ਮਾਰਕਸ ਦੀ ਸਭ ਤੋਂ ਉੱਤਮ ਰਚਨਾ ਹੈ। ਦਾਸ ਕੈਪੀਟਲ ਦੀ ਰਚਨਾ ਉਹਨਾਂ ਦਿਨਾਂ ਵਿਚ ਹੋਈ, ਜਦੋਂ ਮਾਰਕਸ ਗਰੀਬੀ, ਤੰਗਦਸਤੀ, ਸਰੀਰਕ ਬਿਮਾਰੀਆਂ, ਘਰੇਲੂ ਪਰੇਸ਼ਾਨੀਆਂ ਤੇ ਔਲਾਦ ਦੀ ਜੁਦਾਈ ਦੇ ਅੱਲੇ ਜ਼ਖ਼ਮਾਂ ਦਾ ਦਿਨ ਰਾਤ ਸਾਹਮਣਾ ਕਰ ਰਿਹਾ ਸੀ।ਵਿਤੋਂ ਵੱਧ ਮਿਹਨਤ, ਖਰਾਬ ਤੇ ਘੱਟ ਖੁਰਾਕ ਕਾਰਨ ਉਹ ਪਹਿਲਾਂ 1863 ਵਿਚ ਤੇ ਫਿਰ 1866 ਵਿਚ ਬਿਮਾਰ ਪੈ ਗਿਆ। 'ਸਰਮਾਇਆ' ਜਿਹੜੀ 1851 ਵਿਚ ਮੁਕੰਮਲ ਹੋ ਜਾਣੀ ਚਾਹੀਦੀ ਸੀ ਉਸਦੀ ਪਹਿਲੀ ਜਿਲਦ ਜਰਮਨ ਭਾਸ਼ਾ 'ਚ 1867 ਵਿਚ ਪੂਰੀ ਹੋਈ। ਇਸ ਕਿਤਾਬ ਨੂੰ ਮਜ਼ਦੂਰ 'ਜਮਾਤ ਦੀ ਬਾਈਬਲ' ਕਿਹਾ ਜਾਂਦਾ ਹੈ। ਸਰਮਾਇਆ ਰਾਜਨੀਤਿਕ ਆਰਥਿਕਤਾ ਵਿਚ ਇਕ ਇਨਕਲਾਬ ਹੈ। ਇਸ ਪੁਸਤਕ ਦੀ ਤਿਆਰੀ ਲਈ ਵੀਹ ਸਾਲ ਤੋਂ ਵੱਧ ਦਾ ਸਮਾਂ ਲੱਗਿਆ। ਇਸਦੀ ਰਚਨਾ ਤੋਂ ਪਹਿਲਾਂ ਮਾਰਕਸ ਨੇ ਕਈ ਉੱਘੇ ਲੇਖਕਾਂ ਦੀਆਂ ਕਿਰਤਾਂ ਦਾ ਡੂੰਘਾ ਅਧਿਐਨ ਕੀਤਾ ਜਿਨ੍ਹਾਂ 'ਚ ਐਡਮ ਸਮਿੱਥ, ਰਿਕਾਰਡੋ, ਮਿੱਲ, ਟਾਮਸਨ, ਹੀਗਲ, ਫਿਊਰਬਾਖ਼, ਸੀਨੀਅਰ, ਓਵਨ, ਕੁਐਜਨੇ, ਆਦਿ ਵਿਦਵਾਨ ਸ਼ਾਮਲ ਸਨ। ਮਾਰਕਸ ਨੇ ਪੈਰਿਸ, ਬਰੱਸਲਜ਼, ਲੰਡਨ, ਕਲੋਨ ਤੇ ਮਾਨਚੈਸਟਰ 'ਚ ਜਲਾਵਤਨੀਆਂ ਦੌਰਾਨ ਵੀ ਅਧਿਐਨ ਦਾ ਪੱਲਾ ਘੁੱਟਕੇ ਫੜੀ ਰੱਖਿਆ।

ਮਾਰਕਸ ਦੀ ਕਿਤਾਬ 'ਸਰਮਾਇਆ' ਨੂੰ ਸਰਮਾਏਦਾਰ ਜਮਾਤ ਦੇ ਸਿਰ ਵਿਚ ਠੋਕਿਆ ਗਿਆ ਸਭ ਤੋਂ ਖਤਰਨਾਕ ਅਸ਼ਤਰ ਆਖਿਆ ਗਿਆ। ਇਸੇ ਲਈ ਨਵੇਂ-ਨਰੋਏ ਸਮਾਜ ਦੇ ਮੁਦੱਈ ਇਸਦੇ ਅਧਿਐਨ ਤੋਂ ਬਿਨਾਂ ਸ਼ੋਸ਼ਲਿਜ਼ਮ ਲਈ ਸੁਚੇਤ ਤੇ ਈਮਾਨਦਾਰ ਘੁਲਾਟੀਏ ਨਹੀਂ ਅਖਵਾ ਸਕਦੇ। ਇਹ ਇਕ ਵਿਗਿਆਨਕ ਪੁਸਤਕ ਦੇ ਨਾਲ-ਨਾਲ ਇਨਕਲਾਬੀ ਜਨਤਕ ਮਜ਼ਦੂਰ ਲਹਿਰ ਦਾ ਸਿਧਾਂਤਕ ਹਥਿਆਰ ਤੇ ਕਲਾਤਮਕ ਕਿਰਤ ਵੀ ਹੈ। ਏਂਗਲਜ਼ ਅਨੁਸਾਰ "ਜਦ ਤੋਂ ਧਰਤੀ ਉਪਰ ਸਰਮਾਏਦਾਰ ਤੇ ਮਜ਼ਦੂਰ ਚੱਲੇ ਆਏ ਹਨ, ਕੋਈ ਵੀ ਹੋਰ ਪੁਸਤਕ ਨਹੀਂ ਛਪੀ ਜੋ ਮਜ਼ਦੂਰਾਂ ਲਈ ਇਸ ਪੁਸਤਕ ਤੋਂ ਵਧੇਰੇ ਮਹੱਤਵ ਰੱਖਦੀ ਹੋਵੇ" ਮਾਰਕਸ ਨੇ ਸਿੱਧ ਕੀਤਾ ਕਿ ਮਨੁੱਖੀ ਇਤਿਹਾਸ ਸ਼੍ਰੇਣੀ ਘੋਲ ਦਾ ਇਤਿਹਾਸ ਹੈ। ਇਕ ਜਮਾਤ ਦੀ ਜਿੱਤ ਦੂਜੀ ਜਮਾਤ ਦੀ ਹਾਰ ਤੇ ਟਿਕੀ ਹੋਈ ਹੈ। ਪ੍ਰੋਲੇਤਾਰੀ ਤੇ ਪੂੰਜੀਵਾਦੀ ਜਮਾਤ ਵਿਚਕਾਰ ਯੁੱਧ ਤੇ ਪ੍ਰੋਲੇਤਾਰੀ ਦੀ ਜਿੱਤ ਨਿਸ਼ਚਿਤ ਹੈ। ਭਵਿੱਖ ਦੀ ਇਤਿਹਾਸਕ ਜਮਾਤ ਪ੍ਰੋਲੇਤਾਰੀ ਹੈ।ਸਹੀ ਲੀਹ, ਪਾਰਟੀ, ਹੌਂਸਲੇ ਤੇ ਕੁਰਬਾਨੀ ਨਾਲ ਸਫਲਤਾ ਦੇ ਦਿਨ ਨੇੜੇ ਆ ਸਕਦੇ ਹਨ।

ਉਮਰ ਦੇ ਆਖਰੀ ਪੜਾਅ ਤੇ ਮਾਰਕਸ ਨੂੰ ਆਪਣੀ ਪਿਆਰੀ ਪਤਨੀ ਤੇ ਬੱਚਿਆਂ ਦੀ ਮੌਤ ਦਾ ਬੜਾ ਸਦਮਾ ਸੀ। 14 ਮਾਰਚ 1883 ਨੂੰ ਉਹ ਮਹਾਨ ਮਨੁੱਖ ਆਪਣੀ ਅਰਾਮ ਕੁਰਸੀ ਤੇ ਸਦਾ ਦੀ ਨੀਂਦ ਸੌਂ ਗਿਆ। ਉਸਨੂੰ ਆਪਣੀ ਪਤਨੀ ਦੀ ਕਬਰ ਦੇ ਨੇੜੇ ਲੰਦਨ ਦੇ ਹਾਈਗੇਟ ਕਬਰਿਸਤਾਨ ਵਿਚ ਦਫਨਾ ਦਿੱਤਾ ਗਿਆ। ਉਸਦੇ ਪਿਆਰੇ ਮਿੱਤਰ ਏਂਗਲਜ਼ ਨੇ ਮਾਰਕਸ ਦੀ ਕਬਰ ਕੰਢੇ ਤਕਰੀਰ ਕੀਤੀ "14 ਮਾਰਚ ਦੀ ਸ਼ਾਮ ਨੂੰ ਪੌਣੇ ਤਿੰਨ ਵਜੇ ਉਸ ਮਹਾਨ ਚਿੰਤਕ ਦੀ ਸੋਚਣ ਸ਼ਕਤੀ ਬੰਦ ਹੋ ਗਈ। ਉਸਨੂੰ ਅਸੀਂ ਦੋ ਮਿੰਟ ਤੋਂ ਵੀ ਘੱਟ ਸਮੇਂ ਲਈ ਛੱਡਕੇ ਗਏ ਸਾਂ ਤਾਂ ਜਦੋਂ ਵਾਪਸ ਆਏ, ਉਹ ਆਪਣੀ ਕੁਰਸੀ ਤੇ ਸ਼ਾਂਤੀ ਦੀ ਨੀਂਦ ਸੁੱਤਾ ਹੋਇਆ ਸੀ, ਹਮੇਸ਼ਾਂ ਲਈ ਯੂਰਪ ਅਤੇ ਅਮਰੀਕਾ ਦੀ ਕਿਰਤੀ ਜਮਾਤ ਨੂੰ ਅਤੇ ਇਤਿਹਾਸਕ ਵਿਗਿਆਨ ਨੂੰ ਜਿੰਨ੍ਹਾਂ ਉਸਦੇ ਜਾਣ ਨਾਲ ਨੁਕਸਾਨ ਹੋਇਆ ਹੈ ਉਸਦਾ ਅੰਦਾਜਾ ਨਹੀਂ ਲਗਾਇਆ ਜਾ ਸਕਦਾ। ਮੈਂ ਇਸ ਗੱਲ ਨੂੰ ਜੋਰਦਾਰ ਲਹਿਜੇ ਵਿਚ ਕਹਿਣਾ ਚਾਹੁੰਦਾ ਹਾਂ ਕਿ ਉਸਦੇ ਵਿਰੋਧੀ ਕਈ ਸਨ ਪਰ ਉਸਦਾ ਜਾਤੀ ਦੁਸ਼ਮਣ ਸ਼ਾਇਦ ਹੀ ਕੋਈ ਸੀ। ਉਸਦਾ ਨਾਂ ਸਦੀਆਂ ਤਾਈਂ ਜਿੰਦਾ ਰਹੇਗਾ, ਨਾਲੇ ਉਸਦਾ ਕੀਤਾ ਹੋਇਆ ਕੰਮ।"

ਇਸ ਤਰ੍ਹਾਂ ਪਹਿਲਾਂ ਦੇ ਕਿਸੇ ਵੀ ਸਮੇਂ ਨਾਲੋਂ ਵੱਧ ਅੱਜ ਦੁਨੀਆਂ ਭਰ ਵਿਚ ਉਸ ਯੁੱਗ ਪੁਰਸ਼ ਦੀ ਸ਼ਖ਼ਸੀਅਤ ਤੇ ਉਸਦੀ ਵਿਚਾਰਧਾਰਾ ਨੂੰ ਜਾਣਿਆ ਜਾਂਦਾ ਹੈ।

# ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਹਿੰਦੂਤਵ ਦੀ ਭੜਕਾਊ ਦਖ਼ਲਅੰਦਾਜ਼ੀ

*[ਘੱਟਗਿਣਤੀਆਂ ਉੱਪਰ ਹਮਲਿਆਂ ਨੂੰ ਲੈਕੇ ਆਰ.ਐੱਸ.ਐੱਸ. ਅਤੇ ਇਸਦਾ ਸੰਘ ਪਰਿਵਾਰ ਨਿੱਤ ਵਿਵਾਦਾਂ ਵਿਚ ਘਿਰਿਆ ਰਹਿੰਦਾ ਹੈ। ਹੱਥਲੀ ਟਿੱਪਣੀ ਵਿਚ ਪੱਤਰਕਾਰ ਰਾਜੀਵ ਖੰਨਾ ਨੇ ਸੰਘ ਪਰਿਵਾਰ ਵਲੋਂ ਸਿੱਖ ਘੱਟਗਿਣਤੀ ਭਾਈਚਾਰੇ ਦੇ ਅੰਦਰੂਨੀ ਮਾਮਲਿਆਂ ਵਿਚ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਦੀ ਚਰਚਾ ਕੀਤੀ ਹੈ। ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਇਸਦਾ ਪੰਜਾਬੀ ਅਨੁਵਾਦ ਸਾਂਝਾ ਕੀਤਾ ਜਾ ਰਿਹਾ ਹੈ। - ਸੰਪਾਦਕ ]*

-ਰਾਜੀਵ ਖੰਨਾ
ਅਨੁਵਾਦ : ਬੂਟਾ ਸਿੰਘ

ਆਪਣੇ ਧਾਰਮਿਕ-ਰਾਜਸੀ ਮਾਮਲਿਆਂ ਵਿਚ ਹਿੰਦੂਤਵ ਤਾਕਤਾਂ ਵਲੋਂ ਕੀਤੀ ਜਾ ਰਹੀ ਦਖ਼ਲਅੰਦਾਜ਼ੀ ਨੂੰ ਲੈਕੇ ਸਿੱਖ ਭਾਈਚਾਰੇ ਅੰਦਰੋਂ ਰੋਸ ਦੀ ਆਵਾਜ਼ ਇਕ ਵਾਰ ਫਿਰ ਉੱਠਣੀ ਸ਼ੁਰੂ ਹੋ ਗਈ ਹੈ। ਪੰਜਾਬ ਅੰਦਰ 12ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਸਿੱਖ ਇਤਿਹਾਸ ਨੂੰ ਵਿਗਾੜਕੇ ਪੇਸ਼ ਕੀਤੇ ਜਾਣ ਨੂੰ ਲੈਕੇ ਹਾਲੀਆ ਵਿਵਾਦ ਅਜੇ ਥੰਮਿਆ ਨਹੀਂ, ਹੁਣ ਉਹਨਾਂ ਕਿਤਾਬਾਂ ਉੱਪਰ ਉਂਗਲਾਂ ਉੱਠ ਰਹੀਆਂ ਹਨ ਜੋ ਨਾਗਪੁਰ ਵਿਖੇ 'ਭਾਰਤ ਭਾਰਤੀ' ਲੜੀ ਤਹਿਤ ਛਾਪੀਆਂ ਜਾ ਰਹੀਆਂ ਹਨ। ਇਹਨਾਂ ਕਿਤਾਬਾਂ ਉੱਪਰ ਛਪਿਆ ਪ੍ਰਕਾਸ਼ਨ ਪਤਾ ਹੈ 'ਸ਼੍ਰੀ ਭਾਰਤੀ ਪ੍ਰਕਾਸ਼ਨ, ਡਾ. ਹੈਡਗੇਵਾਰ ਭਵਨ ਪਰਿਸਰ, ਨਾਗਪੁਰ'।

ਸੁਣਨ ਵਿਚ ਆਇਆ ਹੈ ਕਿ ਹਿੰਦੀ ਵਿਚ ਇਹ ਕਿਤਾਬਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੰਡੀਆਂ ਜਾ ਰਹੀਆਂ ਹਨ ਅਤੇ ਸਿੱਖਾਂ ਦਰਮਿਆਨ ਇਹਨਾਂ ਵਿਚ ਤੋਲੇ 'ਕੁਫ਼ਰ' ਨੂੰ ਲੈਕੇ ਗੁੱਸਾ ਹੈ। ਖ਼ਾਸ ਕਰਕੇ 'ਗੁਰੂ ਪੁੱਤਰ ਫ਼ਤਹਿ ਸਿੰਘ ਜ਼ੋਰਾਵਰ ਸਿੰਘ', 'ਗੁਰੂ ਤੇਗ ਬਹਾਦਰ' ਅਤੇ 'ਗੁਰੂ ਗੋਬਿੰਦ ਸਿੰਘ' ਨਾਂ ਦੀਆਂ ਤਿੰਨ ਕਿਤਾਬਾਂ ਹਨ ਜਿਹਨਾਂ ਦੀ ਸਮੱਗਰੀ ਪ੍ਰੇਸ਼ਾਨ ਕਰਨ ਵਾਲੀ ਹੈ।

ਮੁੱਦਾ ਇਹ ਉਠਾਇਆ ਗਿਆ ਹੈ ਕਿ 'ਗੁਰੂ ਤੇਗ ਬਹਾਦਰ' ਨਾਂ ਦੀ ਕਿਤਾਬ ਦੀ ਜਿਲਦ ਉੱਪਰ ਜੋ ਤਸਵੀਰ ਦਿੱਤੀ ਗਈ ਹੈ ਉਸ ਵਿਚ ਸਿੱਖ ਗੁਰੂ ਨੂੰ ਤਕਰੀਬਨ ਮੁਗ਼ਲ ਪਹਿਰਾਵੇ ਵਿਚ ਦਿਖਾਇਆ ਗਿਆ ਹੈ। ਇਸ ਨੇ ਇਕ ਵਾਰ ਫਿਰ ਮੂਰਤੀ ਪੂਜਾ ਅਤੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਨੂੰ ਉਤਸ਼ਾਹਤ ਕਰਨ ਨੂੰ ਲੈਕੇ ਚੱਲ ਰਹੇ ਵਾਦਵਿਵਾਦ ਨੂੰ ਸਾਹਮਣੇ ਲੈ ਆਂਦਾ ਹੈ ਜੋ ਪਿਛਲੇ ਕੁਛ ਸਮੇਂ ਤੋਂ ਚੱਲ ਰਿਹਾ ਹੈ।

ਇਸ ਤੋਂ ਅੱਗੇ ਇਹਨਾਂ ਕਿਤਾਬਾਂ ਦੀ ਸਮੱਗਰੀ ਨੂੰ ਲੈਕੇ ਵੀ ਰੋਸ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਹਨਾਂ ਵਿਚ ਵਿਚ ਕਿਹਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾ ਜੀ ਨੇ ਤੁਰਕਾਂ ਦੀ ਰਾਜਨੀਤਕ ਸੱਤਾ ਵਿਰੁੱਧ ਲੜਾਈ ਲੜੀ। ਤੁਰਕਾਂ ਦਾ ਜ਼ਿਕਰ "ਮਲੇਛ" ਵਜੋਂ ਕੀਤਾ ਗਿਆ ਹੈ ਜੋ ਇਕ ਖ਼ਾਸ ਵੈਦਿਕ ਲਫ਼ਜ਼ ਹੈ ਜਿਸਦਾ ਭਾਵ ਹੈ "ਵਹਿਸ਼ੀਪਣ"। ਦੂਜੇ ਪਾਸੇ, ਸਿੱਖੀ ਐਸੇ ਲਫ਼ਜ਼ ਇਸਤੇਮਾਲ ਕਰਕੇ ਕਿਸੇ ਭਾਈਚਾਰੇ ਵਿਰੁੱਧ ਵਿਤਕਰਾ ਕੀਤੇ ਜਾਣ ਦੇ ਹੀ ਖ਼ਿਲਾਫ਼ ਹੈ।

ਇਹਨਾਂ ਕਿਤਾਬਾਂ ਵਿਚ ਗੁਰੂ ਅਰਜਨ ਦੇਵ ਦਾ ਜ਼ਿਕਰ ਇਕ 'ਗਊ ਭਗਤ' ਵਜੋਂ ਕੀਤਾ ਗਿਆ ਹੈ ਅਤੇ ਇਹ ਲਿਖਿਆ ਗਿਆ ਹੈ ਕਿ ਉਹਨਾਂ ਦਾ ਕਤਲ 'ਸੰਪੂਰਨ ਹਿੰਦੂ ਸਮਾਜ' ਦੀ ਖ਼ਾਤਰ ਦਿੱਤੀ ਕੁਰਬਾਨੀ ਸੀ। ਇਹਨਾਂ ਕਿਤਾਬਾਂ ਵਿਚ ਦਿੱਤੇ ਕੁਛ ਇਤਿਹਾਸਕ ਤੱਥਾਂ ਨੂੰ ਲੈਕੇ ਵੀ ਇਤਰਾਜ਼ ਹਨ।

"ਪਹਿਲੀ ਗੱਲ ਤਾਂ ਇਹ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾ ਜੀ ਦੀ ਤੁਲਨਾ ਕੀਤੀ ਗਈ ਹੈ ਜੋ ਕਿ ਇਕ ਸਧਾਰਨ ਇਨਸਾਨ ਸੀ ਅਤੇ ਉਹਨਾਂ ਨੂੰ ਇਕੋ ਪੱਲੜੇ ਵਿਚ ਰੱਖਿਆ ਗਿਆ ਹੈ। ਅਗਲੀ ਗੱਲ ਗੁਰੂ ਅਰਜਨ ਦੇਵ ਜੀ ਨੂੰ 'ਗਊ ਭਗਤ' ਦੱਸਿਆ ਗਿਆ ਹੈ ਜੋ ਪੂਰੀ ਤਰ੍ਹਾਂ ਗ਼ਲਤ ਹੈ ਕਿਉਂਕਿ ਹਿੰਦੂਵਾਦ ਦੇ ਉਲਟ, ਸਿੱਖੀ ਵਿਚ ਗਊ ਦੀ ਪੂਜਾ ਲਈ ਕੋਈ ਥਾਂ ਨਹੀਂ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ 'ਸੰਪੂਰਨ ਹਿੰਦੂ ਸਮਾਜ' ਲਈ ਦਿੱਤੀ ਕੁਰਬਾਨੀ ਕਹਿਣਾ ਬਹੁਤ ਹੀ ਗ਼ਲਤ ਹੈ ਕਿਉਂਕਿ ਇਹ ਤਾਂ ਦਾਬੇ ਵਿਰੁੱਧ ਮਨੁੱਖਤਾ ਲਈ ਦਿੱਤੀ ਕੁਰਬਾਨੀ ਸੀ ਜੋ ਕੋਈ ਵੀ ਹੋ ਸਕਦਾ ਸੀ," ਬਲਦੇਵ ਸਿੰਘ ਸਿਰਸਾ ਕਹਿੰਦੇ ਹਨ ਜੋ ਸਿੱਖ ਇਤਿਹਾਸ ਨੂੰ ਤੋੜ-ਮਰੋੜਕੇ ਪੇਸ਼ ਕੀਤੇ ਜਾਣ ਨਾਲ ਸਬੰਧਤ ਮੁੱਦੇ ਲਗਾਤਾਰ ਉਠਾਉਂਦੇ ਆ ਰਹੇ ਹਨ।

ਉਸਨੇ ਨੁਕਤਾ ਉਠਾਇਆ ਕਿ ਸਿੱਖ ਆਮ ਹੀ ਇਹ ਮਹਿਸੂਸ ਕਰਦੇ ਹਨ ਕਿ ਆਰ.ਐੱਸ.ਐੱਸ. ਸਮੇਤ ਹਿੰਦੂਤਵ ਜਥੇਬੰਦੀਆਂ ਖ਼ਾਲਸਾ ਨੂੰ ਹਿੰਦੂਆਂ ਦੇ ਇਕ ਮੱਤ ਦੇ ਤੌਰ 'ਤੇ ਲੈਂਦੀਆਂ ਹਨ ਕਿ ਇਸ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਵਲੋਂ ਇਸਲਾਮ ਦਾ ਮੁਕਾਬਲਾ ਕਰਨ ਲਈ ਕੀਤੀ ਗਈ ਸੀ ਅਤੇ ਉਹਨਾਂ ਵਲੋਂ ਸਿੱਖਾਂ ਨੂੰ ਇਕ ਹੋਰ ਹਿੰਦੂ "ਸ਼ਕਤੀ ਕੇਂਦਰ" ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਹ ਇੱਕੋਇਕ ਹਾਲੀਆ ਮਿਸਾਲ ਨਹੀਂ ਜਿਸ ਨੂੰ ਲੈਕੇ ਤੂਫ਼ਾਨ ਉੱਠਿਆ ਹੈ। ਕੁਛ ਦਿਨ ਪਹਿਲਾਂ ਦਿੱਲੀ ਦੇ ਦਿਆਲ ਸਿੰਘ ਕਾਲਜ (ਈਵਨਿੰਗ) ਦਾ ਨਾਂ ਬਦਲਕੇ 'ਬੰਦੇ ਮਾਤਰਮ ਦਿਆਲ ਸਿੰਘ ਕਾਲਜ' ਰੱਖਣ ਨੂੰ ਲੈਕੇ ਵਿਵਾਦ ਪੈਦਾ ਹੋਇਆ ਸੀ। ਇਕ ਵਾਰ ਫਿਰ ਇਹ ਕੇਂਦਰੀ ਮਨੁੱਖੀ ਸਰੋਤਾਂ ਦੇ ਵਿਕਾਸ ਦੇ ਮੰਤਰੀ ਪ੍ਰਕਾਸ਼ ਜਾਵੇਡਕਰ ਦੀ ਦਖ਼ਲਅੰਦਾਜ਼ੀ ਅਤੇ ਇਸ ਯਕੀਨਦਹਾਨੀ ਉੱਪਰ ਛੱਡ ਦਿੱਤਾ ਗਿਆ ਕਿ ਸਰਕਾਰ ਕਾਲਜ ਦਾ ਨਾਂ ਬਦਲਣ ਦੀ ਇਜਾਜ਼ਤ ਨਹੀਂ ਦੇਵੇਗੀ।

ਜਾਵੇਡਕਰ ਦੀ ਯਕੀਨਦਹਾਨੀ ਦੇ ਬਾਵਜੂਦ ਰਿਪੋਰਟ ਇਹ ਹੈ ਕਿ ਕਾਲਜ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਅਮਿਤਾਭ ਸਿਨਹਾ ਨੇ ਕਿਹਾ ਹੈ ਕਿ ਸਰਕਾਰ ਦਿੱਲੀ ਯੂਨੀਵਰਸਿਟੀ, ਜਿਸ ਨਾਲ ਇਹ ਕਾਲਜ ਸਬੰਧਤ ਹੈ, ਦੇ ਪ੍ਰਸ਼ਾਸਨਿਕ ਮਾਮਲਿਆਂ ਵਿਚ ਦਖ਼ਲ ਨਹੀਂ ਦੇ ਸਕਦੀ ਕਿਉਂਕਿ ਇਹ ਇਕ ਖ਼ੁਦਮੁਖਤਿਆਰ ਯੂਨੀਵਰਸਿਟੀ ਹੈ। ਉਸਨੇ ਕਿਹਾ ਸੀ ਕਿ ਨਾਂ ਬਦਲਣਾ ਕਾਨੂੰਨ ਦੇ ਦਾਇਰੇ ਵਿਚ ਰਹਿਕੇ ਕੀਤਾ ਜਾ ਰਿਹਾ ਸੀ। ਸਿੱਖਾਂ ਵਿੱਚੋਂ ਬਹੁਤ ਸਾਰੇ ਇਸ ਨੂੰ ਸੰਘ ਪਰਿਵਾਰ ਦੀ ਭਾਈਚਾਰੇ ਅੰਦਰ ਘਚੋਲਾ ਪੈਦਾ ਕਰਨ ਦੀ ਯੁੱਧਨੀਤੀ ਦੇ ਤੌਰ 'ਤੇ ਦੇਖਦੇ ਹਨ। ਭਾਵੇਂ ਨਾਂ ਅਜੇ ਬਦਲਿਆ ਨਹੀਂ ਗਿਆ, ਨੁਕਸਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ ਵਿਰੋਧੀ ਪਾਰਟੀਆਂ ਨੇ ਮੁੜ ਇਹ ਮੰਗ ਕੀਤੀ ਹੈ ਕਿ ਕੇਂਦਰੀ ਵਜ਼ਾਰਤ ਵਿਚ ਅਕਾਲੀ ਦਲ ਦੀ ਇਕੋ ਇਕ ਪ੍ਰਤੀਨਿਧ ਹਰਸਿਮਰਤ ਕੌਰ ਬਾਦਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿੱਚੋਂ ਬਾਹਰ ਆਵੇ। ਹਰਸਿਮਰਤ ਕੌਰ ਵਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਇਹ ਮਾਮਲਾ ਉਠਾਕੇ ਮੰਗ ਕੀਤੀ ਗਈ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵਲੋਂ ਕੀਤੇ ਇਸ ਵਾਅਦੇ ਦੀ ਉਲੰਘਣਾ ਕਰਨ ਲਈ ਅਮਿਤਾਭ ਸਿਨਹਾ ਨੂੰ ਕੱਢਿਆ ਜਾਵੇ ਕਿ ਦਿਆਲ ਸਿੰਘ ਕਾਲਜ ਦਿੱਲੀ ਦਾ ਨਾਂ ਬਦਲਿਆ ਨਹੀਂ ਜਾਵੇਗਾ।

ਉਸਨੇ ਧਿਆਨ ਵਿਚ ਲਿਆਂਦਾ ਕਿ ਇਸ ਸਾਲ 16 ਜਨਵਰੀ ਨੂੰ ਜਾਵੇਡਕਰ ਵਲੋਂ ਕੀਤੇ ਲਿਖਤੀ ਵਾਅਦੇ ਦੇ ਬਾਵਜੂਦ ਕਿ ਕਾਲਜ ਦਾ ਨਾਂ ਬਦਲਿਆ ਨਹੀਂ ਜਾਵੇਗਾ, ਇਸਦੀ ਮੈਨੇਜਮੈਂਟ ਵਲੋਂ 25 ਅਪ੍ਰੈਲ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਵਿਖੇ ਕਾਲਜ ਦੇ ਨਾਂ ਦੀ ਥਾਂ ਜਾਣ-ਬੁੱਝਕੇ 'ਵੰਦੇ ਮਾਤਰਮ ਦਿਆਲ ਸਿੰਘ ਕਾਲਜ' ਦੇ ਬੈਨਰ ਲਗਾਕੇ ਸਿੱਖ ਭਾਈਚਾਰੇ ਦੇ ਜਜ਼ਬਾਤਾਂ ਨੂੰ ਠੇਸ ਪਹੁੰਚਾਈ ਗਈ। ਉਸਨੇ ਕਿਹਾ ਕਿ ਅਮਿਤਾਭ ਸਿਨਹਾ ਮਸ਼ਹੂਰ ਮਾਨਵਪ੍ਰੇਮੀ ਦਿਆਲ ਸਿੰਘ ਮਜੀਠੀਆ ਦੀ ਵਿਰਾਸਤ ਨੂੰ ਤਬਾਹ ਕਰਨ ਲਈ 'ਵੰਦੇ ਮਾਤਰਮ' ਨਾਂ ਦੀ ਦੁਰਵਰਤੋਂ ਜਾਣ-ਬੁੱਝਕੇ ਕਰ ਰਿਹਾ ਹੈ ਜੋ ਕਿ ਸਮਾਜ ਸੁਧਾਰਕ ਸੀ ਅਤੇ ਜਿਸਨੇ ਆਪਣੀ ਕੁਲ ਜਾਇਦਾਦ ਲੋਕ ਭਲਾਈ ਲਈ ਦਾਨ ਕਰ ਦਿੱਤੀ ਸੀ।

ਹਰਸਿਮਰਤ ਕੌਰ ਨੇ ਮੋਦੀ ਨੂੰ ਦਿੱਲੀ ਯੂਨੀਵਰਸਿਟੀ ਦੇ ਉੱਪ ਕੁਲਪਤੀ ਯੋਗੇਸ਼ ਕੇ. ਤਿਆਗੀ ਵਿਰੁੱਧ ਸਖ਼ਤ ਕਾਰਵਾਈ ਕਰਨ ਦੀ ਗੁਜ਼ਾਰਿਸ਼ ਵੀ ਕੀਤੀ ਜਿਸਨੇ ਅਮਿਤਾਭ ਸਿਨਹਾ ਦੀ ਅਸਿੱਧੀ ਹਮਾਇਤ ਕੀਤੀ ਅਤੇ ਕਈ ਸ਼ਿਕਾਇਤਾਂ ਦੇ ਬਾਵਜੂਦ ਉਸਦੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ। ਪਿਛਲੇ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਨਰੇਸ਼ ਗੁਜਰਾਲ ਨੇ ਇਹ ਮਾਮਲਾ ਰਾਜ ਸਭਾ ਵਿਚ ਵੀ ਉਠਾਇਆ ਸੀ ਜਿਸ ਬਾਬਤ ਜਾਵੇਡਕਰ ਵਲੋਂ ਸਪਸ਼ਟ ਯਕੀਨ ਦਿਵਾਇਆ ਗਿਆ ਸੀ।

"ਆਰ.ਐੱਸ.ਐੱਸ. ਸਮੇਤ ਹਿੰਦੂਤਵ ਜਥੇਬੰਦੀਆਂ ਵਲੋ. ਸੰਸਥਾਵਾਂ ਉੱਪਰ ਹਮਲਾ ਜਾਰੀ ਹੈ। ਸਿੱਖਾਂ ਉੱਪਰ ਚਾਰ-ਚੁਫੇਰਿਓਂ ਹਮਲਾ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਨੂੰ ਭੜਕਾਇਆ ਜਾ ਰਿਹਾ ਹੈ ਚਾਹੇ ਇਹ ਦਿਆਲ ਸਿੰਘ ਕਾਲਜ ਦਾ ਮਾਮਲਾ ਹੋਵੇ, ਚਾਹੇ ਨਾਨਕ ਸ਼ਾਹ ਫ਼ਕੀਰ ਵਰਗੀਆਂ ਫਿਲਮਾਂ ਹੋਣ ਅਤੇ ਚਾਹੇ ਕਿਤਾਬਾਂ ਵਿਚ ਗੁਰੂ ਸਾਹਿਬਾਨ ਦੇ ਹਵਾਲੇ ਹੋਣ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਲਾਹੌਰ ਵਿਚ ਦਿਆਲ ਸਿੰਘ ਖ਼ਾਲਸਾ ਕਾਲਜ ਦਾ ਨਾਂ ਪਹਿਲਾਂ ਵਾਲਾ ਹੀ ਹੈ ਜਦਕਿ ਦਿੱਲੀ ਵਿਚ ਇਹ ਹਾਲੀਆ ਸ਼ਰਾਰਤ ਕੀਤੀ ਗਈ ਹੈ," ਯੂਨਾਈਟਿਡ ਸਿੱਖ ਮੂਵਮੈਂਟ ਦੇ ਕੈਪਟਨ ਚੰਨਣ ਸਿੰਘ ਕਹਿੰਦੇ ਹਨ, ਇਕ ਜਥੇਬੰਦੀ ਜੋ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਘੇਰੇ ਤੋਂ ਬਾਹਰਲੇ ਸਿੱਖ ਧੜਿਆਂ ਦੀ ਨੁਮਾਇੰਦਾ ਹੋਣ ਦੇ ਦਾਅਵੇ ਕਰਦੀ ਹੈ।

ਆਰ.ਐੱਸ.ਐੱਸ. ਵਲੋਂ ਆਪਣੇ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਰਾਹੀਂ 25 ਅਕਤੂਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ 350 ਗੁਰਪੁਰਬ ਮਨਾਉਣ ਲਈ ਵੱਖੋ-ਵੱਖਰੇ ਵਿਸ਼ਵਾਸਾਂ ਵਾਲਿਆਂ ਦੀ ਜੋ ਇਕੱਤਰਤਾ ਕੀਤੀ ਗਈ ਉਸਦਾ ਹਵਾਲਾ ਦਿੰਦਿਆਂ ਉਹ ਕਹਿੰਦੇ ਹਨ, "ਸਾਨੂੰ ਇਹ ਸੁਨੇਹਾ ਭੇਜਕੇ ਧਮਕਾਇਆ ਗਿਆ ਸੀ ਕਿ ਜੇ ਅਸੀਂ ਉਹਨਾਂ ਦੇ ਨਕਸ਼ੇ-ਕਦਮਾਂ ਉੱਪਰ ਨਾ ਚੱਲੇ ਤਾਂ ਅਸੀਂ ਇਕ ਸੂਬੇ ਤਕ ਸੁੰਗੜਕੇ ਰਹਿ ਜਾਵਾਂਗੇ। ਅਸੀਂ ਉਹਨਾਂ ਨੂੰ ਦੱਸਣਾ ਚਾਹੁੰਦੇ ਹਾਂ ਉਹ ਆਪਣੇ ਅੰਦਰ ਝਾਤ ਮਾਰ ਲੈਣ ਕਿ ਉਹਨਾਂ ਦਾ ਸਨਾਤਨ ਹਿੰਦੂਵਾਦ ਮਹਿਜ਼ ਇਕ ਮੁਲਕ ਤਕ ਕਿਉਂ ਸੁੰਗੜਿਆ। ਜੇ ਉਹ ਆਪਣੇ ਤੌਰ-ਤਰੀਕੇ ਨਹੀਂ ਸੁਧਾਰਦੇ ਭਾਰਤ ਵਿਚ ਇਹ ਹੋਰ ਵੀ ਸੁੰਗੜੇਗਾ।" ਸਿੱਖ ਜਥੇਬੰਦੀਆਂ ਨੇ ਸਮਾਰੋਹ ਦਾ ਬਾਈਕਾਟ ਕੀਤਾ ਸੀ।

ਸਮੀਖਿਆਕਾਰ ਵਾਰ-ਵਾਰ ਕਹਿ ਰਹੇ ਹਨ ਕਿ ਬਾਹਰੀ ਤਾਕਤਾਂ ਵਲੋਂ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਨਹੀਂ ਦਿੱਤਾ ਜਾਣਾ ਚਾਹੀਦਾ। ਇਹ ਦਿਮਾਗ ਵਿਚ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੀਆਂ ਕੁਛ ਨਿਆਰੀਆਂ ਵਿਸ਼ੇਸ਼ਤਾਵਾਂ ਹਨ। ਇਹ ਇਕ ਸਰਹੱਦੀ ਸੂਬਾ ਹੈ ਜਿਥੇ ਇਕ ਕੌਮੀ ਧਾਰਮਿਕ ਘੱਟਗਿਣਤੀ ਬਹੁਗਿਣਤੀ ਵਿਚ ਹੈ। ਇਹ ਇਕ ਉਹ ਸੂਬਾ ਹੈ ਜਿਥੇ ਪਛਾਣ ਦੇ ਮੁੱਦਿਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਕੋਈ ਵੀ ਭੜਕਾਊ ਹਰਕਤ ਵੱਡੀ ਭੜਕਾਹਟ ਵਿਚ ਬਦਲ ਸਕਦੀ ਹੈ।

"ਸਾਡਾ ਕੀ ਕਸੂਰ ਸੀ ਜੋ ਸਾਡੇ 'ਤੇ ਗੋਲੀਆਂ ਚਲਾਈਆਂ ਗਈਆਂ ? ਇੱਕ ਨਿੱਜੀ ਕੰਪਨੀ ਨੂੰ ਐਨਾ ਕਿਉਂ ਬਚਾਇਆ ਜਾ ਰਿਹਾ ਹੈ ?"

# ਸਟਰਲਾਈਟ ਕੰਪਨੀ ਵਿਰੋਧੀ ਮੁਜ਼ਾਹਰੇ

*– ਕੀ ਹੈ ਪੂਰਾ ਮਾਮਲਾ ?*



ਤਾਮਿਲਨਾਡੂ ਦੇ ਕੰਢੀ ਕਸਬੇ ਟੂਠੀਕੋਰਿਨ ਵਿੱਚ ਇੱਕ ਕੰਪਨੀ ਸਟਰਲਾਈਟ ਵੱਲੋਂ ਵਾਤਾਵਰਨ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਅਤੇ ਇਸ ਦੇ ਸਥਾਨਕ ਵਾਸੀਆਂ ਦੀ ਸਿਹਤ 'ਤੇ ਪੈ ਰਹੇ ਮਾੜੇ ਅਸਰ ਦੇ ਵਿਰੋਧ ਵਿੱਚ ਕੱਲ 20000 ਦੇ ਕਰੀਬ ਲੋਕਾਂ ਵੱਲੋਂ ਕੀਤੇ ਗਏ ਮੁਜ਼ਾਹਰੇ ਉੱਪਰ ਸਥਾਨਕ ਪੁਲਸ-ਪ੍ਰਸ਼ਾਸਨ ਨੇ ਬਰਬਰ ਕਹਿਰ ਢਾਹਿਆ ਹੈ, ਅੰਨ੍ਹੇਵਾਹ ਗੋਲੀਆਂ ਚਲਾਕੇ ਦਰਜਨ ਤੋਂ ਉੱਪਰ ਲੋਕਾਂ ਨੂੰ ਮਾਰ ਦਿੱਤਾ ਹੈ ਅਤੇ ਕਈ ਦਰਜਨ ਗੰਭੀਰ ਜ਼ਖਮੀ ਹੋ ਚੁੱਕੇ ਹਨ। ਇਸ ਘਟਨਾ ਨੇ ਪੂਰੇ ਮੁਲਕ ਨੂੰ ਹਿਲਾਕੇ ਰੱਖ ਦਿੱਤਾ ਹੈ। 2007 ਵਿੱਚ ਹੋਏ ਨੰਦੀਗ੍ਰਾਮ, 2011 ਵਿੱਚ ਝਾਰਖੰਡ ਆਦਿ ਜਿਹੇ ਵਿਰੋਧ-ਪ੍ਰਦਰਸ਼ਨਾਂ ਦੀ ਕੜੀ ਵਿੱਚ ਹੀ ਇਹ ਮੁਜ਼ਾਹਰੇ ਸਨ ਜਿੱਥੇ ਕਿ ਸਥਾਨਕ ਅਬਾਦੀ ਇਹਨਾਂ ਸਰਮਾਏਦਾਰਾਂ ਵੱਲੋਂ ਉਹਨਾਂ ਦੀ ਜ਼ਿੰਦਗੀ 'ਤੇ ਧੱਕੇ ਨਾਲ ਕਬਜ਼ਾ ਕਰਨ ਦੀ ਕੋਸ਼ਿਸ਼ ਦਾ ਵਿਰੋਧ ਕਰ ਰਹੀ ਸੀ। ਕਈ ਮੀਡੀਆ ਰਿਪੋਰਟਾਂ ਇੱਕ-ਪਾਸੜ ਢੰਗ ਨਾਲ ਟੂਠੀਕੋਰਿਨ ਵਿਚਲੀ ਹਿੰਸਾ ਦਾ ਅਸਲ ਜੁੰਮੇਵਾਰ ਲੋਕਾਂ ਨੂੰ ਹੀ ਬਣਾਉਣ 'ਤੇ ਤੁਲੀਆਂ ਹੋਈਆਂ ਹਨ ਜਿਹੜੇ ਲੋਕ ਕਿ ਆਪਣੀ ਜ਼ਿੰਦਗੀ-ਜਾਨ ਲਈ ਓਥੇ ਸੰਘਰਸ਼ ਕਰ ਰਹੇ ਸਨ।

ਪੂਰਾ ਮਸਲਾ ਇਹ ਹੈ ਕਿ ਕੱਲ੍ਹ ਮੰਗਲਵਾਰ ਦੇ ਦਿਨ ਇਸ ਕੰਪਨੀ ਵਿਰੋਧੀ ਮੁਜ਼ਾਹਰਿਆਂ ਦਾ ਸੌਵਾਂ ਦਿਨ ਸੀ। ਲੋਕ ਇਥੇ ਤਿੰਨ ਮਹੀਨਿਆਂ ਤੋਂ ਵੀ ਉੱਪਰ ਤੋਂ ਇਸ ਤਾਂਬਾ ਬਣਾਉਣ ਵਾਲੇ ਕਾਰਖ਼ਾਨੇ ਖ਼ਿਲਾਫ਼ ਰੋਸ-ਪ੍ਰਦਰਸ਼ਨ ਕਰ ਰਹੇ ਸਨ। ਇਹ ਪਲਾਂਟ ਐਥੇ 1996 ਵਿੱਚ ਲਾਇਆ ਗਿਆ ਸੀ ਅਤੇ ਇਹ ਵੇਦਾਂਤਾ ਗਰੁੱਪ ਦੀ ਹੀ ਇੱਕ ਸਹਾਇਕ ਕੰਪਨੀ ਹੈ। ਇਹ ਵੇਦਾਂਤਾ ਗਰੁੱਪ ਸੰਸਾਰ ਦੀਆਂ ਖਾਣ-ਧਾਤ ਵਾਲੀਆਂ ਸਭ ਤੋਂ ਵੱਡੀਆਂ ਕੰਪਨੀਆਂ ਵਿੱਚੋਂ ਹੈ ਜਿਸ ਦਾ ਮਾਲਕ ਅਨਿਲ ਅਗਰਵਾਲ ਹੈ। ਅਨਿਲ ਅਗਰਵਾਲ ਉਹੀ ਸ਼ਖ਼ਸ ਹੈ ਜਿਸ ਨੇ 1989 ਵਿੱਚ ਭਾਰਤ ਵਿੱਚ ਤਾਂਬੇ ਦੀ ਪਹਿਲੀ ਨਿੱਜੀ ਕੰਪਨੀ ਖੋਲ੍ਹੀ ਸੀ ਅਤੇ ਸਰਕਾਰਾਂ ਦੀ ਹਮਾਇਤ ਨਾਲ ਜਿਸ ਦਾ ਮੁਨਾਫ਼ਾ ਪਹਿਲੇ ਨੌਂ ਸਾਲਾਂ ਵਿੱਚ ਹੀ 36 ਗੁਣਾ ਵੱਧ ਗਿਆ ਸੀ! ਇਸ ਵੇਲੇ ਇਹ ਪਲਾਂਟ 1200 ਟਨ ਤਾਂਬਾ ਹਰ ਰੋਜ਼ ਪੈਦਾ ਕਰ ਰਿਹਾ ਹੈ। ਮੁਨਾਫ਼ੇ ਦੀ ਹਵਸ ਵਿੱਚ ਇਹ ਕੰਪਨੀ ਇਸ ਸਮਰੱਥਾ ਨੂੰ ਵਧਾਕੇ ਦੁੱਗਣਾ ਕਰਨਾ ਚਾਹੁੰਦੀ ਸੀ ਜਿਸ ਦਾ ਮਤਲਬ ਹੋਣਾ ਸੀ ਕਿ ਇਹ ਪਲਾਂਟ ਨਾਲ ਲੱਗਵੀਂ ਸੰਘਣੀ ਰਿਹਾਇਸ਼ੀ ਅਬਾਦੀ ਤੱਕ ਪਸਰ ਜਾਂਦਾ। ਇਸ ਪਲਾਂਟ ਦੇ 10 ਕਿ.ਮੀ ਦਾਇਰੇ ਵਿੱਚ 5 ਲੱਖ ਦੇ ਕਰੀਬ ਵਸੋਂ ਰਹਿੰਦੀ ਹੈ ਜਿਸ ਉੱਪਰ ਇਸ ਪਲਾਂਟ ਦੇ ਕਚਰੇ ਅਤੇ ਹਾਨੀਕਾਰਕ ਰਸਾਇਣਾਂ ਦਾ ਸਿੱਧਾ ਅਸਰ ਹੋਣਾ ਸੀ। ਪਿਛਲੇ 2 ਦਹਾਕਿਆਂ ਤੋਂ ਹੀ ਸਥਾਨਕ ਨਿਵਾਸੀ ਅਤੇ ਕਾਰਕੁੰਨ ਇਸ ਸੰਬੰਧੀ ਸ਼ਿਕਾਇਤ ਕਰ ਰਹੇ ਹਨ ਕਿ ਇਹ ਕਾਰਖ਼ਾਨਾ ਲਗਾਤਾਰ ਪੌਣ-ਪਾਣੀ ਨੂੰ ਗੰਧਲਾ ਕਰ ਰਿਹਾ ਅਤੇ ਵਾਤਾਵਰਨ ਸੰਬੰਧੀ ਨਿਯਮਾਂ ਸ਼ਰੇਆਮ ਛਿੱਕੇ ਟੰਗ ਰਿਹਾ ਹੈ। ਪਿੰਡ-ਵਾਸੀਆਂ ਮੁਤਾਬਕ ਇਸ ਰਸਾਇਣਿਕ ਕਚਰੇ ਦੇ ਉਹਨਾਂ ਦੀ ਸਿਹਤ ਉੱਪਰ ਪੈਣ ਵਾਲੇ ਅਸਰ ਤੋਂ ਉਹ ਪਿਛਲੇ ਕੁੱਝ ਸਾਲਾਂ ਵਿੱਚ ਹੀ ਬਾਖ਼ਬਰ ਹੋਏ ਹਨ। ਇੱਕ ਪਿੰਡ-ਵਾਸੀ ਦੇ ਕਹਿਣ ਮੁਤਾਬਕ – "ਸਾਡੇ ਪਿੰਡ ਦੇ ਹਰ ਘਰ ਵਿੱਚ ਘੱਟੋ-ਘੱਟ 2 ਜੀਅ ਅਜਿਹੇ ਹਨ ਜਿਹੜੇ ਕਿਸੇ ਨਾ ਕਿਸੇ ਕਿਸਮ ਦੀ ਬਿਮਾਰੀ ਤੋਂ ਪੀੜਤ ਹਨ। ਇਹਨਾਂ ਵਿੱਚੋਂ ਬੱਚੇ ਸਭ ਤੋਂ ਵਧੇਰੇ ਪ੍ਰਭਾਵਿਤ ਹਨ।"


ਦਹਾਕਿਆਂ ਬੱਧੀ ਲੋਕਾਂ ਦੀ ਜਾਨ ਨਾਲ ਖੇਡ ਰਹੀ ਇਸ ਕੰਪਨੀ ਖ਼ਿਲਾਫ਼ ਪ੍ਰਸ਼ਾਸਨ ਵੱਲੋਂ ਕਦੇ ਕੋਈ ਕਾਰਵਾਈ ਨਹੀਂ ਕੀਤੀ ਗਈ। ਤਾਜ਼ਾ ਮੁਜ਼ਾਹਰੇ ਉਦੋਂ ਸ਼ੁਰੂ ਹੋਏ ਸਨ ਜਦੋਂ ਸਥਾਨਕ ਪਿੰਡ-ਵਾਸੀਆਂ ਨੂੰ ਕੰਪਨੀ ਦੇ ਇਸ ਪਾਸਾਰ ਦੇ ਫ਼ੈਸਲੇ ਬਾਰੇ ਜਾਣਕਾਰੀ ਮਿਲੀ ਸੀ। ਛੋਟੇ ਜੇਹਿਆਂ ਮੁਜ਼ਾਹਰਿਆਂ ਤੋਂ ਸ਼ੁਰੂ ਹੋ ਕੇ ਇਹ ਮੁਜ਼ਾਹਰੇ ਵੱਡੇ ਹੁੰਦੇ ਗਏ ਅਤੇ 24 ਮਾਰਚ ਨੂੰ ਹਜ਼ਾਰਾਂ ਲੋਕਾਂ ਨੇ ਟੂਠੀਕੋਰਿਨ ਦੀਆਂ ਸੜਕਾਂ 'ਤੇ ਇਸ ਮੰਗ ਨੂੰ ਲੈ ਕੇ ਪ੍ਰਦਰਸ਼ਨ ਕੀਤਾ ਕਿ ਇਸ ਪਲਾਂਟ ਨੂੰ ਬੰਦ ਕੀਤਾ ਜਾਵੇ। ਇਸ ਤਰਾਂ ਕਰਦੇ-ਕਰਾਉਂਦੇ ਲੋਕਾਂ ਨੂੰ ਤਿੰਨ ਮਹੀਨੇ ਤੋਂ ਉੱਪਰ ਹੋ ਚੁੱਕੇ ਸਨ ਪਰ ਅਜੇ ਤੱਕ ਪ੍ਰਸ਼ਾਸਨ ਵੱਲੋਂ ਉਹਨਾਂ ਨੂੰ ਪਲਾਂਟ ਉੱਪਰ ਕਾਰਵਾਈ ਦਾ ਕੋਈ ਭਰੋਸਾ ਨਹੀਂ ਸੀ ਦਿੱਤਾ ਗਿਆ। ਸੋ ਮੰਗਲਵਾਰ ਨੂੰ ਲੋਕਾਂ ਵੱਲੋਂ ਸ਼ਹਿਰ ਵਿੱਚ ਇਹ ਮੁਜ਼ਾਹਰੇ ਉਲੀਕੇ ਗਏ, ਪ੍ਰਸ਼ਾਸਨ ਨੇ ਪਹਿਲਾਂ ਤਾਂ ਇਸ ਦੀ ਸਥਾਨਕ ਗਰਾਉਂਡ ਵਿੱਚ ਇਸ ਦੀ ਮਨਜ਼ੂਰੀ ਦਿੱਤੀ ਪਰ ਬਾਅਦ ਵਿੱਚ ਧਾਰਾ 144 ਲਾ ਕੇ ਭਾਰੀ ਗਿਣਤੀ ਵਿੱਚ ਪੁਲਸ ਤਾਇਨਾਤ ਕਰ ਦਿੱਤੀ ਗਈ ਅਤੇ ਮਨਜ਼ੂਰੀ ਖੋਹ ਲਈ ਗਈ। ਪਰ ਇਸ ਦੇ ਬਾਵਜੂਦ ਲੋਕ ਰੋਸ ਜ਼ਾਹਰ ਕਰਨ ਸ਼ਹਿਰ ਵਿੱਚ ਇਕੱਠੇ ਹੁੰਦੇ ਗਏ ਅਤੇ ਇੱਕ ਹਿੱਸੇਦਾਰ ਦੇ ਦੱਸਣ ਮੁਤਾਬਕ ਮੁਜ਼ਾਹਰਾਕਾਰੀਆਂ ਦੀ ਲਾਈਨ ਡੀ.ਸੀ ਦਫ਼ਤਰ ਤੋਂ ਲੈ ਕੇ 10 ਕਿ.ਮੀ ਤੱਕ ਲੰਬੀ ਸੀ। ਪੁਲਸ ਵੱਲੋਂ ਸ਼ਾਂਤਮਈ ਮੁਜ਼ਾਹਰਾ ਕਰ ਰਹੇ ਇਹਨਾਂ ਲੋਕਾਂ ਨੂੰ ਭੜਕਾਉਣ ਦੀਆਂ ਚਾਲਾਂ ਖੇਡੀਆਂ ਗਈਆਂ, ਜਿਵੇਂ ਕਿ ਮੁਜ਼ਾਹਰੇ ਵਿੱਚ ਪੁਲਸ ਨੇ ਜਬਰੀ ਗਾਵਾਂ ਛੱਡ ਦਿੱਤੀਆਂ। ਜਿਸ ਮਗਰੋਂ ਲੋਕਾਂ ਦਾ ਗੁੱਸਾ ਵਧਿਆ ਅਤੇ ਮਾਮਲਾ ਸਿੱਧੇ ਟਕਰਾਅ ਤੱਕ ਪਹੁੰਚ ਗਿਆ। ਇਸ ਮਗਰੋਂ ਖੁੱਲ੍ਹੇਆਮ ਖ਼ੂਨੀ ਦੌਰ ਸ਼ੁਰੂ ਹੋਇਆ ਅਤੇ ਪੁਲਸ ਨੇ ਅੰਨ੍ਹੇਵਾਹ ਲੋਕਾਂ 'ਤੇ ਗੋਲੀਆਂ ਵਰ੍ਹਾਈਆਂ, ਇਹ ਗੋਲੀਆਂ ਸਿਵਲ ਵਰਦੀ ਵਿੱਚ ਸਵੈ-ਚਾਲਤ ਅਤੇ ਹੋਰ ਜਟਿਲ ਹਥਿਆਰਾਂ ਨਾਲ ਲੈਸ ਵਿਅਕਤੀਆਂ ਵੱਲੋਂ ਵੀ ਨਿਸ਼ਾਨੇ ਵਿੰਨ੍ਹ ਕੇ ਚਲਾਈਆਂ ਗਈਆਂ ਸਨ। ਜ਼ਖਮੀਆਂ ਦੀਆਂ ਤਸਵੀਰਾਂ ਸਾਹਮਣੇ ਆਉਣ ਤੋਂ ਬਾਅਦ ਸਾਫ਼ ਪਤਾ ਚੱਲ ਰਿਹਾ ਹੈ ਕਿ ਪੁਲਸ/ਸਿਵਲ ਵਰਦੀ-ਧਾਰੀਆਂ ਨੇ ਗੋਲੀਆਂ ਢਿੱਡੋਂ ਉੱਪਰ ਚਲਾਈਆਂ ਸਨ, ਭਾਵ ਇਹ ਕਿ ਇਹ ਗੋਲੀਆਂ ਲੋਕਾਂ ਨੂੰ ਖਿੰਡਾਉਣ ਲਈ ਨਹੀਂ ਸਗੋਂ ਸਿੱਧਮ-ਸਿੱਧਾ ਉਹਨਾਂ ਨੂੰ ਸਬਕ ਸਿਖਾਉਣ ਲਈ, ਉਹਨਾਂ ਨੂੰ ਭੁੰਨਣ ਲਈ ਚਲਾਈਆਂ ਗਈਆਂ ਸਨ। ਇਸ ਘਟਨਾਕ੍ਰਮ ਤੋਂ ਮਗਰੋਂ ਵੀ ਲੋਕਾਂ ਦਾ ਕਹਿਣਾ ਹੈ ਕਿ ਪੁਲਸ ਨੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਕਾਇਮ ਕਰ ਰੱਖਿਆ ਹੈ ਅਤੇ ਹਰ ਗਲੀ-ਨੁੱਕਰ 'ਤੇ ਪੁਲਸ ਦੀ ਭਾਰੀ ਮੌਜੂਦਗੀ ਹੈ ਅਤੇ ਮੁਜ਼ਹਾਰਾਕਾਰੀ ਸ਼ਹਿਰ ਵਿੱਚ ਏਧਰ-ਓਧਰ ਪਨਾਹ ਲੈਣ 'ਤੇ ਮਜਬੂਰ ਕਰ ਦਿੱਤੇ ਗਏ ਹਨ।

ਟੂਠੀਕੋਰਿਨ ਦਾ ਇਹ ਗੋਲੀ ਕਾਂਡ ਇਸ ਮੁਲਕ ਦੀ ਰਾਜਸੱਤਾ ਨੂੰ, ਇਸ ਦੇ ਪੁਲਸ-ਪ੍ਰਸ਼ਾਸਨ ਨੂੰ ਪੂਰੀ ਤਰਾਂ ਨੰਗਾ ਕਰ ਦਿੰਦਾ ਹੈ; ਇਹ ਪੂਰੇ ਚਿੱਟੇ ਰੂਪ ਵਿੱਚ ਦਿਖਾ ਰਿਹਾ ਹੈ ਕਿ ਪੁਲਸ ਅਤੇ ਪ੍ਰਸ਼ਾਸਨ ਲੋਕਾਂ ਦੀ ਨਹੀਂ ਸਗੋਂ ਜੋਕਾਂ ਦੀ ਰਾਖੀ ਲਈ ਬੈਠੀਆਂ ਹੋਇਆ ਹੈ। ਇਹ ਸਰਕਾਰ ਦਾ ਖੁੱਲ੍ਹਾ ਐਲਾਨ ਹੈ ਕਿ ਦੇਸੀ-ਵਿਦੇਸ਼ੀ ਸਰਮਾਏਦਾਰਾਂ ਦੇ ਰਾਹ ਵਿੱਚ ਜੇਕਰ ਲੋਕ ਰੁਕਾਵਟ ਬਣਨਗੇ ਜਾਂ ਕਿਹਾ ਜਾਵੇ – ਜੇਕਰ ਉਹ ਮੁਨਾਫ਼ੇ ਦੀ ਖੇਡ ਵਿੱਚ ਆਪਣਾ ਜ਼ਮੀਰ ਦਿਖਾਉਂਦਿਆਂ ਇਹਨਾਂ ਕੰਪਨੀਆਂ ਹੇਠ ਵਿਛਣਗੇ ਨਹੀਂ – ਤਾਂ ਪੁਲਸ ਉਹਨਾਂ ਨੂੰ ਇਸੇ ਤਰਾਂ ਕੁਚਲੇਗੀ!

ਪਰ ਲੋਕਾਂ ਦੇ ਇਹ ਸੰਘਰਸ਼ ਨਾ ਤਾਂ ਕਦੇ ਥੰਮੇ ਹਨ ਅਤੇ ਜ਼ੁਲਮ-ਜਾਬਰ ਦੀ ਹੋਂਦ ਤੱਕ ਨਾ ਕਦੇ ਥੰਮਣਗੇ! ਲੋਕ ਆਪਣੀ ਜ਼ਿੰਦਗੀ-ਜਾਨ ਲਈ ਪਹਿਲੋਂ ਵੀ ਲੜਦੇ ਆਏ ਹਨ ਅਤੇ ਅੱਗੇ ਤੋਂ ਵੀ ਇਹ ਲੋਟੂ ਸਰਕਾਰਾਂ ਨੂੰ ਆਪਣਾ ਫ਼ਤਵਾ ਸੁਣਾਉਂਦੇ ਰਹਿਣਗੇ!

# ਕਰਨਾਟਕ ਦੇ ਕੁਰਸੀ ਯੁੱਧ ਦੀਆਂ ਪਰਤਾਂ





ਬੂਟਾ ਸਿੰਘ ਨਵਾਂਸ਼ਹਿਰ
94634-74342

ਹਾਲ ਹੀ ਵਿਚ ਕਰਨਾਟਕ ਦੀਆਂ ਵਿਧਾਨ ਸਭਾ ਚੋਣਾਂ ਸਮਾਪਤ ਹੋਣ 'ਤੇ ਸੰਘ ਬਰਗੇਡ ਦੀਆਂ ਸਰਕਾਰ ਬਣਾਉਣ ਦੀਆਂ ਚਾਲਾਂ ਨਾਕਾਮਯਾਬ ਰਹੀਆਂ। ਕਾਂਗਰਸ ਅਤੇ ਜਨਤਾ ਦਲ (ਐੱਸ) ਦੇ ਗੱਠਜੋੜ ਦੀ ਸਰਕਾਰ ਬਣਨ ਦਾ ਰਾਹ ਸਾਫ਼ ਹੋਣ ਨਾਲ ਕਰਨਾਟਕ ਦਾ ਰਾਜਸੀ ਨਾਟਕ ਇਕ ਵਾਰ ਮੁੱਕ ਗਿਆ ਹੈ। ਸਰਕਾਰ ਕਿਸਦੀ ਬਣੇਗੀ ਇਹ ਨਿਰਾ ਸੱਤਾਧਾਰੀ ਧਿਰ ਤੋਂ ਅੱਕੇ ਅਵਾਮ ਦੀ ਰਾਇ ਤੋਂ ਤੈਅ ਨਹੀਂ ਹੁੰਦਾ। ਇਸ ਵਿਚ ਦਰਅਸਲ ਕਾਰਪੋਰੇਟ ਧਨ ਅਤੇ ਕਾਰਪੋਰੇਟ ਘਰਾਣਿਆਂ ਦੀ ਪਸੰਦ ਤੇ ਸਰਪ੍ਰਸਤੀ ਵਾਲੇ ਸੱਤਾਧਾਰੀ ਗੁੱਟਾਂ ਦੇ ਮੌਕਾਪ੍ਰਸਤ ਗੱਠਜੋੜ ਵੱਡੀ ਭੂਮਿਕਾ ਨਿਭਾਉਂਦੇ ਹਨ। ਹਾਕਮ ਜਮਾਤੀ ਸਿਆਸੀ ਧੜਿਆਂ ਦੀ ਸੱਤਾ ਲਈ ਘਿਨਾਉਣੀ ਖੋਹ-ਖਿੱਚ ਉਹਨਾਂ ਦੀ ਚੋਣਾਂ ਦੇ ਅਮਲ ਨੂੰ ਅਗਵਾ ਕਰਨ ਅਤੇ ਅਵਾਮ ਦੀਆਂ ਬਦਲਾਓ ਦੀਆਂ ਭਾਵਨਾਵਾਂ ਨਾਲ ਖਿਲਵਾੜ ਦੀ ਬੇਅੰਤ ਸਮਰੱਥਾ ਨੂੰ ਦਰਸਾਉਂਦੀ ਹੈ।

ਸੰਘ ਬਰਗੇਡ ਦੀ ਚੋਣ ਕਾਮਯਾਬੀ ਦਾ ਰਾਜ਼ ਫਿਰਕੂ ਅਤੇ ਜਾਤਪਾਤੀ ਪਾਲਾਬੰਦੀ ਦੀ ਸਿਆਸਤ ਦੇ ਨਾਲ-ਨਾਲ ਮੁੱਖ ਕਾਰਪੋਰੇਟ ਘਰਾਣਿਆਂ ਦੀ ਫੰਡਿੰਗ ਅਤੇ ਇਸਦੇ ਸਹਾਰੇ ਮਹਾਂ ਖ਼ਰਚੀਲੀ ਚੋਣ ਮੁਹਿੰਮ ਹੈ। ਸੰਘ ਨੇ ਮੁੱਖ ਕਾਰਪੋਰੇਟਾਂ ਘਰਾਣਿਆਂ ਦੇ ਮਨ ਇਸ ਕਦਰ ਮੋਹ ਲਏ ਹਨ ਕਿ ਕਾਂਗਰਸ ਅਤੇ ਹੋਰ ਸਿਆਸੀ ਸ਼ਰੀਕਾਂ ਨੂੰ ਮੋਦੀ ਲਹਿਰ ਨੂੰ ਟੱਕਰ ਦੇਣ ਲਈ ਬਰਾਬਰ ਕਾਰਪੋਰੇਟ ਫੰਡ ਨਹੀਂ ਮਿਲ ਰਹੇ। ਕਰਨਾਟਕ ਦੇ ਹਾਲੀਆ ਚੋਣ ਨਤੀਜਿਆਂ ਤੋਂ ਵੀ ਇਹ ਸਾਫ਼ ਜ਼ਾਹਿਰ ਹੈ ਜਿੱਥੇ ਭਾਜਪਾ ਕਾਂਗਰਸ ਦੀ ਵੋਟ ਫ਼ੀਸਦੀ ਵਿਚ ਪਾੜ ਲਾਏ ਬਗੈਰ ਆਪਣੀ ਵੋਟ ਫ਼ੀਸਦੀ ਨੂੰ ਮਹਿਜ਼ ਪੰਜ ਸਾਲਾਂ ਦੇ ਅੰਦਰ 19.9ਫ਼ੀਸਦੀ ਤੋਂ 36.2 ਫ਼ੀਸਦੀ ਤਕ ਵਧਾਉਣ ਵਿਚ ਕਾਮਯਾਬ ਹੋ ਗਈ।

ਚੋਣ ਨਤੀਜਿਆਂ ਵਿਚ ਭਾਜਪਾ ਨੂੰ 104, ਦੇਵਗੌੜਾ ਦੇ ਜਨਤਾ ਦਲ (ਸੈਕੂਲਰ) ਨੂੰ 38 ਸੀਟਾਂ ਮਿਲੀਆਂ। ਕਾਂਗਰਸ ਦਾ ਸੀਟਾਂ ਦਾ ਅੰਕੜਾ 2013 ਦੀਆਂ 122 ਸੀਟਾਂ ਤੋਂ ਇਸ ਵਾਰ ਸਿਰਫ਼ 78 ਰਹਿ ਗਿਆ। ਸਰਕਾਰ ਬਣਾਉਣ ਦੀ ਦਾਅਵੇਦਾਰੀ ਲਈ ਜ਼ਰੂਰੀ ਬਹੁੱਮਤ ਇਸ ਵਾਰ ਕਿਸੇ ਕੋਲ ਵੀ ਨਹੀਂ ਸੀ। ਲਿਹਾਜ਼ਾ ਕੁਰਸੀ ਦੀ ਲਾਲਸਾ ਪੂਰੀ ਕਰਨ ਲਈ ਉਹਨਾਂ ਨੇ ਆਪਣੀਆਂ ਹੀ ਬਣਾਈਆਂ ਸੰਵਿਧਾਨਕ ਮਰਿਯਾਦਾਵਾਂ ਦਾ ਖ਼ੁੱਲ੍ਹ-ਮ-ਖ਼ੁੱਲ੍ਹਾ ਉਲੰਘਣ ਕਰਨ, ਨਿਹਾਇਤ ਮੌਕਾਪ੍ਰਸਤ ਗੱਠਜੋੜ ਬਣਾਉਣ ਅਤੇ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਦਾ ਰਾਹ ਅਪਣਾਇਆ। ਹੁਣ ਭਾਜਪਾ ਅਤੇ ਕਾਂਗਰਸ ਦੋਨਾਂ ਵਲੋਂ ਇਕ ਦੂਜੇ ਉੱਪਰ ਭ੍ਰਿਸ਼ਟਚਾਰੀ ਹੋਣ, ਸੱਤਾ ਲਈ ਮੌਕਾਪ੍ਰਸਤ ਤਰੀਕੇ ਅਖ਼ਤਿਆਰ ਕਰਨ ਦੇ ਇਲਜ਼ਾਮ ਸੰਘ ਪਾੜ-ਪਾੜਕੇ ਲਗਾਏ ਜਾ ਰਹੇ ਹਨ। ਇਹ ਸਿਆਸੀ ਚਾਂਦਮਾਰੀ ਸਿਰਫ਼ ਅਵਾਮ ਦੀਆਂ ਭਾਵਨਾਵਾਂ ਦਾ ਸੋਸ਼ਣ ਕਰਨ ਲਈ ਹੈ ਅਤੇ ਕੋਈ ਵੀ ਹਾਕਮ ਜਮਾਤੀ ਸਿਆਸੀ ਧੜਾ ਭ੍ਰਿਸ਼ਟ ਅਤੇ ਮੌਕਾਪ੍ਰਸਤ ਤਰੀਕੇ ਅਪਣਾਉਣ ਦੀ ਦੌੜ ਵਿਚ ਪਿੱਛੇ ਨਹੀਂ।

ਇਹਨਾਂ ਚੋਣਾਂ ਵਿਚ ਭਾਜਪਾ ਦਾ ਮੁੱਖ ਮੰਤਰੀ ਦਾ ਉਮੀਦਵਾਰ ਯੇਡੀਯੁਰੱਪਾ ਨਾ ਸਿਰਫ਼ ਮਹਾਂ-ਭ੍ਰਿਸ਼ਟ ਹੋਣ ਕਾਰਨ ਜੇਲ੍ਹ ਦੀ ਹਵਾ ਖਾ ਚੁੱਕਾ ਹੈ ਸਗੋਂ ਸੱਤਾ ਵਿਚ ਆਉਣ ਲਈ ਉਸ ਨੂੰ ਕੋਈ ਵੀ ਅਨੈਤਿਕ ਚਾਲ ਖੇਡਣ ਤੋਂ ਗੁਰੇਜ਼ ਨਹੀਂ ਹੈ। ਭਗਵੀਂ ਚੋਣ ਮਸ਼ੀਨਰੀ ਨੂੰ ਚਾਰ-ਚੰਨ ਲਾਉਣ ਵਾਲਾ ਇਕ ਹੋਰ ਉੱਘਾ ਨਾਂ ਬੇਲਾਰੀ ਖਣਨ ਮਾਫ਼ੀਆ ਦਾ ਹੈ। ਬੇਲਾਰੀ ਲੋਕ ਸਭਾ ਹਲਕੇ ਤੋਂ ਸੋਨੀਆ ਗਾਂਧੀ ਦੇ ਮੁਕਾਬਲੇ ਸੁਸ਼ਮਾ ਸਵਰਾਜ ਲਈ ਮੁਹਿੰਮ ਚਲਾਉਣ ਵਾਲਾ ਜੀ. ਜਨਾਰਧਨ ਰੈਡੀ ਕੈਬਨਿਟ ਮੰਤਰੀ ਰਹਿ ਚੁੱਕਾ ਹੈ ਅਤੇ 16500 ਕਰੋੜ ਦੇ ਖਣਨ ਘੁਟਾਲੇ ਵਿਚ 42 ਮਹੀਨੇ ਜੇਲ੍ਹ ਵੀ ਕੱਟ ਚੁੱਕਾ ਹੈ। ਰੈਡੀ ਭਰਾਵਾਂ ਨੇ ਭਾਜਪਾ ਦੀ ਬੇਰੁੱਖੀ ਤੋਂ ਨਾਰਾਜ਼ ਹੋਕੇ 2013 ਵਿਚ ਇਕ ਵੱਖਰੀ ਸਿਆਸੀ ਪਾਰਟੀ ਵੀ ਬਣਾਈ ਸੀ ਪਰ 2014 ਦੀਆਂ ਚੋਣਾਂ ਸਮੇਂ ਇਕ ਸਮਝੌਤੇ ਤਹਿਤ ਇਸ ਦਾ ਭਾਜਪਾ ਵਿਚ ਰਲੇਵਾਂ ਹੋ ਗਿਆ। ਇਹਨਾਂ ਦੀ ਭਾਜਪਾ ਅਤੇ ਕਾਂਗਰਸ ਦੋਨਾਂ ਨਾਲ ਬਹੁਤ ਗੂੜ੍ਹੀ ਸਾਂਝ ਰਹੀ ਹੈ। ਇਸ ਵਾਰ ਵੀ ਉਹਨਾਂ ਨੇ ਭਾਜਪਾ ਦਾ ਸਾਥ ਦਿੱਤਾ ਅਤੇ ਭਾਜਪਾ ਵਲੋਂ ਉਹਨਾਂ ਨੂੰ ਅੱਠ ਸੀਟਾਂ ਦਿੱਤੀਆਂ ਗਈਆਂ। ਹਾਲੀਆ ਕੁਰਸੀ ਯੁੱਧ ਦਾ ਇਕ ਮਸ਼ਹੂਰ ਚਿਹਰਾ ਐੱਚ.ਡੀ. ਕੁਮਾਰਸਵਾਮੀ ਹੈ ਜਿਸ ਬਾਰੇ ਮਸ਼ਹੂਰ ਹੈ ਕਿ ਉਸਦੇ ਪਿਛਲੇ ਕਾਰਜਕਾਲ ਦੌਰਾਨ ਕੁਲ ਘਰੇਲੂ ਪੈਦਾਵਾਰ ਨੇ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ ਸੀ। ਭਾਵ ਖਣਨ ਮਾਫ਼ੀਆ ਨੇ ਕੁਦਰਤੀ ਵਸੀਲਿਆਂ ਨੂੰ ਬੇਰੋਕ-ਟੋਕ ਰੱਜਕੇ ਲੁੱਟਿਆ ਸੀ। ਇਹਨਾਂ ਚਿਹਰਿਆਂ ਵਲੋਂ ਕਰਨਾਟਕ ਦਾ ਰਾਜਸੀ ਭਵਿੱਖ ਤੈਅ ਕਰਨ ਵਿਚ ਖ਼ਾਸ ਭੂਮਿਕਾ ਨਿਭਾਈ ਗਈ।

ਬਹੁਮੱਤ ਨਾ ਹੋਣ ਕਾਰਨ ਸਰਕਾਰ ਬਣਾਉਣ ਲਈ ਕਾਂਗਰਸ ਕੋਲ ਜਨਤਾ ਦਲ (ਐੱਸ) ਨਾਲ ਗੱਠਜੋੜ ਹੀ ਇਕੋਇਕ ਰਾਹ ਸੀ। ਸੋਨੀਆ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ. ਦੇਵਗੌੜਾ ਨੂੰ ਮਿਲਕੇ ਉਸਦੇ ਫਰਜ਼ੰਦ ਐੱਚ.ਡੀ. ਕੁਮਾਰਸਵਾਮੀ ਨੂੰ ਮੁੱਖ ਮੰਤਰੀ ਬਣਾਉਣ ਦਾ ਚੋਗਾ ਪਾਕੇ ਗੱਠਜੋੜ ਬਣਾ ਲਿਆ। ਜਦਕਿ ਚੋਣ ਮੁਹਿੰਮ ਵਿਚ ਜਨਤਾ ਦਲ (ਐੱਸ) ਨੂੰ ਕਾਂਗਰਸ ਦੇ ਆਗੂ ਜਨਤਾ ਦਲ (ਸੰਘ) ਕਹਿਕੇ ਭੰਡਦੇ ਰਹੇ ਸਨ। ਇਸੇ ਜਨਤਾ ਦਲ ਨੇ ਪਹਿਲਾਂ 2004 ਵਿਚ ਕਾਂਗਰਸ ਨਾਲ ਮਿਲਕੇ ਸਰਕਾਰ ਬਣਾਈ। ਫਿਰ 2007 ਵਿਚ ਕੁਮਾਰਸਵਾਮੀ ਵਲੋਂ ਕਾਂਗਰਸ-ਜਨਤਾ ਦਲ ਗੱਠਜੋੜ ਨੂੰ ਠਿੱਬੀ ਲਾਕੇ ਭਾਜਪਾ ਨਾਲ ਗੱਠਜੋੜ ਸਰਕਾਰ ਬਣਾਈ ਗਈ। ਇਸਦੇ ਬਾਵਜੂਦ, ਹੁਣ ਸੱਤਾ ਦੀ ਖ਼ਾਤਰ ਕਾਂਗਰਸ ਅਤੇ ਕੁਮਾਰਸਵਾਮੀ ਦੀ ਪਾਰਟੀ ਵਿੱਚੋਂ ਕਿਸੇ ਨੂੰ ਵੀ ਇਕ ਦੂਜੇ ਨਾਲ ਗੱਠਜੋੜ ਬਣਾਉਣ ਤੋਂ ਕੋਈ ਹਿਚਕ ਨਹੀਂ ਸੀ। ਗੱਠਜੋੜ ਦੇ ਅਧਾਰ 'ਤੇ ਕਾਂਗਰਸ-ਜਨਤਾ ਦਲ ਗੱਠਜੋੜ ਕੋਲ ਹੁਣ 116 ਵਿਧਾਇਕਾਂ ਦਾ ਬਹੁੱਮਤ ਸੀ ਅਤੇ ਉਹਨਾਂ ਨੇ ਇਸ ਅਧਾਰ 'ਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਲੇਕਿਨ ਭਾਜਪਾ ਦੇ 'ਚਾਣਕੀਆ' ਅਮਿਤ ਸ਼ਾਹ ਅਤੇ ਸੰਘ ਦੀ ਚੋਣ ਮਸ਼ੀਨਰੀ ਕੋਲ ਕਾਂਗਰਸ ਦੇ ਮਨਸੂਬੇ ਉੱਪਰ ਪਾਣੀ ਫੇਰਨ ਲਈ ਅਜੇ ਬਥੇਰੇ ਹਥਿਆਰ ਸਨ। ਸੰਘ ਬਰਗੇਡ ਨੂੰ ਆਪਣੀ ਜਿੱਤ ਦਾ ਐਨਾ ਭਰੋਸਾ ਸੀ ਕਿ ਉਹਨਾਂ ਨੇ ਵਿਧਾਇਕਾਂ ਨੂੰ ਖ਼ਰੀਦਣ ਦੇ ਆਪਣੇ ਮਨਸੂਬੇ ਸਰੇਆਮ ਜ਼ਾਹਰ ਕੀਤੇ। ਟਾਈਮਜ਼ ਨਾਓ ਟੀ.ਵੀ. ਉੱਪਰ ਭਾਜਪਾ ਦੇ ਤਰਜ਼ਮਾਨ ਰਾਮ ਮਾਧਵ (ਜੋ ਕਿ ਆਰ.ਐੱਸ.ਐੱਸ. ਦਾ ਬਹੁਤ ਹੀ ਸਿੱਕੇਬੰਦ ਕਾਰਿੰਦਾ ਮੰਨਿਆ ਜਾਂਦਾ ਹੈ) ਨੇ ਹਿੱਕ ਠੋਕਕੇ ਕਿਹਾ ਕਿ ਬਹੁਮੱਤ ਲਈ ਲੋੜੀਂਦਾ ਅੰਕੜਾ ਪੂਰਾ ਕਰਨ ਲਈ ਉਹਨਾਂ ਕੋਲ ਅਮਿਤ ਸ਼ਾਹ ਹੈ। ਸੰਘੀਆਂ ਨੇ ਪਹਿਲਾਂ ਹੀ ਆਪਣੇ ਖ਼ਾਸ ਵਫ਼ਾਦਾਰ ਵਜੂਭਾਈ ਵਾਲਾ ਨੂੰ ਗਵਰਨਰ ਥਾਪ ਲਿਆ ਸੀ। ਵਜੂਭਾਈ ਆਰ.ਐੱਸ.ਐੱਸ. ਦਾ ਸਿੱਕੇਬੰਦ ਪ੍ਰਚਾਰਕ ਅਤੇ ਗੁਜਰਾਤ ਦੇ ਸਭ ਤੋਂ ਅਮੀਰ ਸਿਆਸਤਦਾਨਾਂ ਵਿੱਚੋਂ ਇਕ ਹੈ। ਜਦੋਂ 2001 ਵਿਚ ਮੋਦੀ ਨੂੰ ਮੁੱਖ ਮੰਤਰੀ ਦੇ ਉਮੀਦਵਾਰ ਵਜੋਂ ਗੁਜਰਾਤ ਵਿਚ ਉਤਾਰਿਆ ਗਿਆ ਉਦੋਂ ਇਹੀ ਵਜੂਵਾਲਾ ਆਪਣੀ ਰਾਜਕੋਟ ਸੀਟ ਮੋਦੀ ਲਈ ਛੱਡਕੇ ਵਫ਼ਾਦਾਰੀ ਸਾਬਤ ਕਰ ਚੁੱਕਾ ਸੀ। ਹੁਣ ਵੀ ਪੂਰੀ ਵਫ਼ਾਦਾਰੀ ਦਿਖਾਉਂਦਿਆਂ ਉਸਨੇ ਭਾਜਪਾ ਨੂੰ ਤਰਜ਼ੀਹ ਦੇਕੇ ਯੇਡੀਯੁਰੱਪਾ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ ਅਤੇ ਬਹੁੱਮਤ ਸਾਬਤ ਕਰਨ ਲਈ 15 ਦਿਨ ਦਾ ਖੁੱਲ੍ਹਾ ਵਕਤ ਵੀ ਦੇ ਦਿੱਤਾ।

ਕਾਂਗਰਸ ਹਾਈਕਮਾਨ ਲਈ ਇਹ ਮਹਿਜ਼ ਕਰਨਾਟਕ ਦੀ ਸੱਤਾ ਉੱਪਰ ਕਾਬਜ਼ ਹੋਣ ਦਾ ਸਵਾਲ ਨਹੀਂ ਸਗੋਂ ਇਸ ਤੋਂ ਵੀ ਵਧੇਰੇ 2019 ਦੀਆਂ ਆਮ ਚੋਣਾਂ ਲਈ ਆਪਣੀ ਹੋਂਦ ਬਚਾਉਂਦੇ ਹੋਏ ਆਪਣੀ ਰਾਜਸੀ ਵੁੱਕਤ ਬਣਾਈ ਰੱਖਣ ਦਾ ਸਵਾਲ ਵੀ ਸੀ। ਉਹਨਾਂ ਨੇ ਹਰ ਮੁਹਾਜ਼ 'ਤੇ ਆਪਣੀ ਤਾਕਤ ਝੋਕ ਦਿੱਤੀ। ਕਾਂਗਰਸ ਵਲੋਂ ਕਾਨੂੰਨੀ ਮਾਹਰਾਂ ਦੀ ਮਦਦ ਨਾਲ ਗਵਰਨਰ ਦੇ ਪੱਖਪਾਤ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਗਈ। ਕਾਂਗਰਸ ਅਤੇ ਜਨਤਾ ਦਲ ਦੇ ਵਿਧਾਇਕਾਂ ਨੂੰ ਅਮਿਤ ਸ਼ਾਹ ਦੇ ਬੰਦੇ ਕਾਬੂ ਨਾ ਕਰ ਲੈਣ ਇਹ ਯਕੀਨੀ ਬਣਾਉਣ ਲਈ ਸੋਨੀਆ ਗਾਂਧੀ ਵਲੋਂ ਸੀਨੀਅਰ ਆਗੂਆਂ ਅਸ਼ੋਕ ਗਹਿਲੋਤ ਅਤੇ ਗ਼ੁਲਾਮ ਨਬੀ ਆਜ਼ਾਦ ਨੂੰ ਕਰਨਾਟਕਾ ਭੇਜਕੇ ਡੀ.ਕੇ.ਸ਼ਿਵਕੁਮਾਰ ਦੀ ਨਿਗਰਾਨੀ ਹੇਠ ਉਸਦੇ ਈਗਲਟਨ ਰਿਜ਼ਾਰਟ ਵਿਚ ਲਿਜਾਕੇ ਬੰਦ ਰੱਖਿਆ ਗਿਆ। ਡੀ.ਕੇ. ਸ਼ਿਵਕੁਮਾਰ ਕਾਂਗਰਸ ਦੇ ਹਲਕਿਆਂ ਵਿਚ ਆਪਣੇ ਵਿਧਾਇਕਾਂ ਨੂੰ ਦਲਬਦਲੀ ਤੋਂ ਬਚਾਉਣ ਦਾ ਮਾਹਰ ਮੰਨਿਆ ਜਾਂਦਾ ਹੈ। 'ਜਮਹੂਰੀਅਤ' ਦੀ ਸਾਖ਼ ਬਚਾਉਣ ਲਈ ਸੁਪਰੀਮ ਕੋਰਟ ਨੇ ਅੱਧੀ ਰਾਤ ਨੂੰ ਦਖ਼ਲਅੰਦਾਜ਼ੀ ਕੀਤੀ ਅਤੇ ਕੁਛ ਅੰਤ੍ਰਿਮ ਹਦਾਇਤਾਂ ਜਾਰੀ ਕਰ ਦਿੱਤੀਆਂ। ਪਰ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਉੱਪਰ ਅਦਾਲਤ ਵਲੋਂ ਰੋਕ ਨਾ ਲਗਾਈ ਹੋਣ ਕਾਰਨ ਭਾਜਪਾ ਨੇ ਆਪਣਾ ਆਰਜ਼ੀ ਸਪੀਕਰ ਥਾਪਕੇ ਯੇਡੀਯੁਰੱਪਾ ਨੂੰ 17 ਮਈ ਨੂੰ ਹੀ ਫਟਾਫਟ ਸਹੁੰ ਚੁੱਕਵਾ ਦਿੱਤੀ। ਸੁਪਰੀਮ ਕੋਰਟ ਨੇ 18 ਮਈ ਨੂੰ ਭਾਜਪਾ ਵਲੋਂ ਥਾਪੇ ਸਪੀਕਰ ਦੀ ਭੂਮਿਕਾ ਵਿਰੁੱਧ ਕਾਂਗਰਸ ਦੀ ਪਟੀਸ਼ਨ ਉੱਪਰ ਸੁਣਵਾਈ ਕਰਦੇ ਹੋਏ ਹੁਕਮ ਜਾਰੀ ਕਰਕੇ ਯੇਡੀਯੁਰੱਪਾ ਨੂੰ 19 ਮਈ ਸ਼ਾਮ ਨੂੰ ਵਿਧਾਨ ਸਭਾ ਵਿਚ ਭਰੋਸੇ ਦੇ ਵੋਟ ਰਾਹੀਂ ਬਹੁਮੱਤ ਸਾਬਤ ਕਰਨ ਦੀ ਹਦਾਇਤ ਕਰ ਦਿੱਤੀ। ਇਸ ਦੌਰਾਨ ਭਾਜਪਾ ਨੇ ਕਾਂਗਰਸ-ਜਨਤਾ ਦਲ ਗੱਠਜੋੜ ਵਿਚ ਪਾੜ ਲਾਉਣ ਅਤੇ ਵਿਧਾਇਕਾਂ ਨੂੰ ਖ਼ਰੀਦਣ ਦੇ ਸਿਰਤੋੜ ਯਤਨ ਕੀਤੇ। ਸੌਖਿਆਂ ਕਰੋੜਪਤੀ ਬਣਨ ਅਤੇ ਮੰਤਰੀ ਦੇ ਅਹੁਦਿਆਂ ਦੀਆਂ ਪੇਸ਼ਕਸ਼ਾਂ ਕੀਤੀਆਂ ਗਈਆਂ। ਲੇਕਿਨ ਇਸ ਵਾਰ ਕਾਂਗਰਸ ਦੀ ਮਜ਼ਬੂਤ ਕਿਲ੍ਹੇਬੰਦੀ ਕਾਰਨ ਕਾਮਯਾਬੀ ਨਾ ਮਿਲਦੀ ਦੇਖਕੇ ਸੰਘ ਨੂੰ ਭਰੋਸੇ ਦੇ ਵੋਟ ਤੋਂ ਪਹਿਲਾਂ ਹੀ ਯੇਡੀਯੁਰੱਪਾ ਕੋਲੋਂ ਅਸਤੀਫ਼ਾ ਦਿਵਾਉਣਾ ਪੈ ਗਿਆ।

ਮੌਕਾਪ੍ਰਸਤ ਗੱਠਜੋੜਾਂ, ਵਿਧਾਇਕਾਂ ਦੀ ਖ਼ਰੀਦੋਫ਼ਰੋਖ਼ਤ ਸਮੇਤ ਹਰ ਤਰ੍ਹਾਂ ਦੇ ਭ੍ਰਿਸ਼ਟ ਹਰਬੇ ਵਰਤਕੇ ਸੱਤਾ ਉੱਪਰ ਕਾਬਜ਼ ਹੋਣਾ ਅਤੇ ਕੁਰਸੀ ਨੂੰ ਚਿੰਬੜੇ ਰਹਿਣਾ ਇਸ ਅਖਾਉਤੀ ਜਮਹੂਰੀ ਢਾਂਚੇ ਅਤੇ ਤਮਾਮ ਹਾਕਮ ਜਮਾਤੀ ਪਾਰਟੀਆਂ ਦੀ ਜਮਾਂਦਰੂ ਖ਼ੂਬੀ ਹੈ। ਅੱਜ ਕਾਂਗਰਸ ਦੇ ਆਗੂ ਆਰ.ਐੱਸ.ਐੱਸ. ਕਾਰਿੰਦਿਆਂ ਵਲੋਂ ਸੰਵਿਧਾਨ ਦੀਆਂ ਧੱਜੀਆਂ ਉਡਾਉਣ ਨੂੰ ਵੱਡਾ ਮੁੱਦਾ ਬਣਾ ਰਹੇ ਹਨ ਜਦਕਿ ਕਾਂਗਰਸ ਜਿੰਨਾ ਵਕਤ ਵੀ ਸੱਤਾਧਾਰੀ ਰਹੀ ਹੈ ਇਸਨੇ ਸਰੇਆਮ ਤਾਨਾਸ਼ਾਹ ਤਰੀਕਿਆਂ ਨਾਲ ਸ਼ਰੀਕ ਸਿਆਸੀ ਪਾਰਟੀਆਂ ਦੀਆਂ ਸਰਕਾਰਾਂ ਤੋੜਕੇ ਗਵਰਨਰੀ ਰਾਜ ਲਾਗੂ ਕਰਨ, ਹਿੰਦੂ ਪੱਤਾ ਖੇਡਣ ਅਤੇ ਵਿਧਾਇਕਾਂ ਦੀ ਖ਼ਰੀਦੋ-ਫ਼ਰੋਖ਼ਤ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੱਤਾ। ਹੁਣ ਜਦੋਂ ਰਾਜ ਸੱਤਾ ਆਰ.ਐੱਸ.ਐੱਸ. ਦੇ ਕਬਜ਼ੇ ਵਿਚ ਹੈ ਉਹ ਆਪਣੇ ਸਿਆਸੀ ਏਜੰਡੇ ਨੂੰ ਅਮਲ ਵਿਚ ਲਿਆਉਣ ਲਈ ਹਰ ਤਰ੍ਹਾਂ ਦੀਆਂ ਮਨਮਾਨੀਆਂ ਕਰਕੇ ਰਾਜਕੀ ਧੱਕੇਸ਼ਾਹੀ ਦਾ ਨਵਾਂ ਇਤਿਹਾਸ ਰਚ ਰਹੇ ਹਨ। ਜਿਸ ਦੀਆਂ ਇਕ ਪਿੱਛੋਂ ਇਕ ਆਹਲਾ ਮਿਸਾਲਾਂ ਸਾਹਮਣੇ ਆ ਰਹੀਆਂ ਹਨ।

ਮਾਰਚ 2017 ਨੂੰ ਗੋਆ ਵਿਧਾਨ ਸਭਾ ਵਿਚ ਕੁਲ 40 ਸੀਟਾਂ ਵਿਚੋਂ ਕਾਂਗਰਸ ਨੂੰ 17 ਸੀਟਾਂ ਮਿਲੀਆਂ ਸਨ ਲੇਕਿਨ ਉੱਥੇ 12 ਜੇਤੂ ਵਿਧਾਇਕਾਂ ਵਾਲੀ ਭਾਜਪਾ ਨੇ ਚੋਣ ਨਤੀਜਿਆਂ ਤੋਂ ਬਾਦ ਐੱਮ.ਜੀ.ਪੀ ਅਤੇ ਜੀ.ਐੱਫ. ਪੀ ਨਾਲ ਗੱਠਜੋੜ ਬਣਾਕੇ ਸਰਕਾਰ ਬਣਾ ਲਈ ਅਤੇ ਕਾਂਗਰਸ ਦੇ ਸੱਤਾ ਵਿਚ ਆਉਣ ਦੇ ਮਨਸੂਬੇ ਅਸਫ਼ਲ ਬਣਾ ਦਿੱਤੇ। ਮਾਰਚ 2017 ਵਿਚ ਹੀ ਮਨੀਪੁਰ ਦੀ 60 ਮੈਂਬਰੀ ਵਿਧਾਨ ਸਭਾ ਦੀ ਚੋਣ ਵਿਚ ਕਾਂਗਰਸ ਨੇ 28 ਸੀਟਾਂ ਜਿੱਤ ਲਈਆਂ ਸਨ ਲੇਕਿਨ ਉੱਥੇ ਵੀ ਦੂਜੇ ਨੰਬਰ 'ਤੇ ਆਈ ਭਾਜਪਾ ਨੇ (ਜਿਸ ਦੇ 21 ਵਿਧਾਇਕ ਸਨ) ਸਰਕਾਰ ਬਣਾ ਲਈ। ਉੱਥੇ ਤਾਂ ਇਕ ਵਿਧਾਇਕ ਨੂੰ ਹਵਾਈ ਅੱਡੇ ਤੋਂ ਉੱਤਰਦੇ ਸਾਰ ਕਾਬੂ ਕਰ ਲਿਆ ਗਿਆ। ਉਸਨੂੰ ਮਨ ਬਦਲਣ ਦਾ ਵਕਤ ਹੀ ਨਾ ਦਿੱਤਾ ਅਤੇ ਧੱਕੇ ਨਾਲ ਭਾਜਪਾ ਦੇ ਖੁੱਡੇ ਵਿਚ ਤਾੜਕੇ ਰੱਖਿਆ ਗਿਆ। ਇਸੇ ਤਰ੍ਹਾਂ ਮਾਰਚ 2018 ਵਿਚ 60 ਮੈਂਬਰੀ ਮੇਘਾਲਿਆ ਵਿਧਾਨ ਸਭਾ ਵਿਚ ਕਾਂਗਰਸ ਦੇ 21 ਵਿਧਾਇਕ ਬਣੇ ਅਤੇ ਭਾਜਪਾ ਨੂੰ ਮਹਿਜ਼ ਦੋ ਸੀਟਾਂ ਮਿਲੀਆਂ। ਲੇਕਿਨ ਓਥੇ ਵੀ ਭਾਜਪਾ ਨੇ ਐੱਨ.ਪੀ.ਪੀ, ਯੂ.ਡੀ.ਪੀ, ਪੀ.ਡੀ.ਐੱਫ ਅਤੇ ਐੱਚ.ਐੱਸ. ਪੀ.ਡੀ.ਪੀ ਨਾਲ ਗੱਠਜੋੜ ਕਰਕੇ ਸੱਤਾ ਉੱਪਰ ਕਬਜ਼ਾ ਕਰ ਲਿਆ। ਕੇਂਦਰ ਵਿਚ ਸੱਤਾਧਾਰੀ ਸੰਘ ਬਰਗੇਡ ਨੇ ਹਿੱਕ ਦੇ ਜ਼ੋਰ ਸਰਕਾਰਾਂ ਬਣਾਈਆਂ ਅਤੇ ਬਹੁਮੱਤ ਵਾਲੀ ਕਾਂਗਰਸ ਦੇ ਤੱਪੜ ਰੋਲ਼ ਦਿੱਤੇ। ਹੁਣ ਦੇਖਣਾ ਇਹ ਹੈ ਕਿ ਕਾਂਗਰਸ ਅਤੇ ਜਨਤਾ ਦਲ ਦੇ ਆਗੂ ਆਉਣ ਵਾਲੇ ਦਿਨਾਂ ਵਿਚ ਆਪਣੇ ਸੱਤਾ ਦੇ ਲਾਲਸਾਵਾਨਾਂ ਨੂੰ ਅਮਿਤ ਸ਼ਾਹ ਦੀ ਮਾਈਕਰੋ ਮੈਨੇਜਮੈਂਟ ਦੇ ਜਾਲ ਤੋਂ ਬਚਾਈ ਰੱਖਣ ਵਿਚ ਕਿੰਨਾ ਕੁ ਕਾਮਯਾਬ ਹੁੰਦੇ ਹਨ।

ਸਵਾਲ ਇਹ ਹੈ ਕਿ ਇਸ ਪਛਾੜ ਦੀਆਂ ਹਿੰਦੂਤਵ ਵਿਰੁੱਧ ਲੜਾਈ ਲਈ ਕੀ ਅਰਥਸੰਭਾਵਨਾਵਾਂ ਹਨ? ਚੋਣਾਂ ਦਾ ਇਕ ਉੱਘੜਵਾਂ ਪਹਿਲੂ ਭਾਜਪਾ ਨੂੰ ਰੋਕਣ ਲਈ ਅਖਾਉਤੀ ਧਰਮਨਿਰਪੱਖ ਕਾਂਗਰਸ ਦੀ ਅਗਵਾਈ ਹੇਠ ਉੱਭਰ ਰਹੇ ਸੰਭਾਵੀ ਗੱਠਜੋੜ ਦੇ ਆਸਾਰ ਹਨ ਜਿਹਨਾਂ ਨੂੰ 2019 ਦੀਆਂ ਚੋਣਾਂ ਵਿਚ ਸੰਘ ਬਰਗੇਡ ਦੀ ਮੁੜ ਜਿੱਤ ਨੂੰ ਰੋਕਣ ਲਈ ਵੱਡੀ ਉਮੀਦ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ। ਭਾਜਪਾ ਵਿਰੋਧੀ ਸਿਆਸੀ ਵਿਸ਼ਲੇਸ਼ਣਕਾਰ ਕਰਨਾਟਕ ਵਿਚ ਭਾਜਪਾ ਦੀ ਅਸਫ਼ਲਤਾ ਨੂੰ 2019 ਵਿਚ ਹੋਣ ਵਾਲੀਆਂ ਆਮ ਚੋਣਾਂ ਦੀ ਤਿਆਰੀ ਲਈ ਧਰਮਨਿਰਪੱਖ ਧਿਰਾਂ ਦੇ ਗੱਠਜੋੜ ਦੇ ਉਭਰ ਰਹੇ ਨਕਸ਼ਾਂ ਵਜੋਂ ਦੇਖ ਅਤੇ ਪੇਸ਼ ਕਰ ਰਹੇ ਹਨ। ਦਰਅਸਲ, ਤਮਾਮ ਭਾਜਪਾ ਵਿਰੋਧੀ ਧੜਿਆਂ ਨੂੰ ਇਹ ਅਹਿਸਾਸ ਹੋ ਗਿਆ ਹੈ ਕਿ ਜੇ ਉਹਨਾਂ ਨੇ ਸੰਘ ਦੇ ਜੇਤੂ ਰਥ ਹੇਠ ਦਰੜੇ ਜਾਣ ਤੋਂ ਆਪਣੀ ਸਿਆਸੀ ਹੋਂਦ ਬਚਾਉਣੀ ਹੈ ਤਾਂ ਸਾਂਝਾ ਗੱਠਜੋੜ ਬਣਾਕੇ ਚੋਣਾਂ ਲੜਨੀਆਂ ਪੈਣਗੀਆਂ। ਕਾਂਗਰਸ ਦੀ ਅਗਵਾਈ ਵਿਚ ਬਣਨ ਵਾਲਾ ਐਸਾ ਕੋਈ ਗੱਠਜੋੜ ਆਰ.ਐੱਸ.ਐੱਸ. ਨੂੰ ਵਕਤੀ ਤੌਰ 'ਤੇ ਸੱਤਾ ਤੋਂ ਬਾਹਰ ਕਰਕੇ ਮੁਲਕ ਨੂੰ ਹਿੰਦੂਤਵ ਫਾਸ਼ੀਵਾਦ ਤੋਂ ਵਕਤੀ ਰਾਹਤ ਤਾਂ ਦਿਵਾ ਸਕਦਾ ਹੈ ਪਰ ਇਸ ਗੱਠਜੋੜ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਕਾਰਨ ਆਮ ਲੋਕਾਂ ਦਾ ਹੋ ਰਿਹਾ ਉਜਾੜਾ ਅਤੇ ਆਰਥਕ ਤਬਾਹੀ ਅਗਲੀ ਵਾਰੀ ਇਸਦੀ ਥਾਂ ਸੰਘ ਨੂੰ ਮੁੜ ਸੱਤਾ ਵਿਚ ਆਉਣ ਦਾ ਅਧਾਰ ਮੁਹੱਈਆ ਕਰਕੇ ਉਹਨਾਂ ਦੇ ਕੰਮ ਨੂੰ ਸੌਖਾ ਹੀ ਬਣਾਉਣਗੇ। ਉਂਞ ਵੀ ਚਾਰ ਸਾਲਾਂ ਵਿਚ ਸੰਘ ਨੇ ਰਾਜ ਢਾਂਚੇ ਵਿਚ ਆਪਣੀ ਘੁਸਪੈਠ ਏਨੀ ਡੂੰਘੀ ਬਣਾ ਲਈ ਹੈ ਕਿ ਅਗਲੀ ਵਾਰ ਉਹ ਫਿਰਕੂ-ਜਾਤਪਾਤੀ ਪਾਲਾਬੰਦੀ ਦੇ ਸਹਾਰੇ ਕਾਂਗਰਸ ਨੂੰ ਹੋਰ ਵੀ ਸੌਖਿਆਂ ਸੱਤਾ ਤੋਂ ਲਾਂਭੇ ਕਰ ਸਕਣਗੇ।

ਹਿੰਦੂਤਵ ਫਾਸ਼ੀਵਾਦ ਵਿਰੁੱਧ ਅਸਲ ਲੜਾਈ ਅਵਾਮ ਨੂੰ ਵਿਚਾਰਧਾਰਕ-ਸਿਆਸੀ ਪੱਖੋਂ ਵਿਆਪਕ ਪੱਧਰ 'ਤੇ ਜਾਗਰੂਕ ਤੇ ਲਾਮਬੰਦ ਕਰਕੇ ਹੀ ਲੜੀ ਜਾ ਸਕਦੀ ਹੈ ਜੋ ਭਾਜਪਾ ਵਿਰੋਧੀ ਹਾਕਮ ਜਮਾਤੀ ਧੜਿਆਂ ਦੇ ਵੱਸ ਦੀ ਗੱਲ ਨਹੀਂ। ਜਿੱਥੋਂ ਤਕ ਪਾਰਲੀਮੈਂਟਰੀ ਖੱਬੀ ਧਿਰ ਦਾ ਸਵਾਲ ਹੈ ਇਹ ਚੋਣਵਾਦੀ ਸਿਆਸਤ ਵਿਚ ਗਲ਼-ਗਲ਼ ਧਸੀ ਹੋਣ ਕਾਰਨ ਮੁੜ-ਮੁੜ ਕਾਂਗਰਸ ਨਾਲ ਗੱਠਜੋੜ ਵਿੱਚੋਂ ਹੀ ਧਰਮਨਿਰਪੱਖ ਬਦਲ ਤਲਾਸ਼ ਰਹੀ ਹੈ। ਲਿਹਾਜ਼ਾ ਕਿਸੇ ਠੋਸ ਸਿਆਸੀ ਬਦਲ ਦੀ ਅਣਹੋਂਦ ਵਿਚ ਅਵਾਮ ਹਾਕਮ ਜਮਾਤੀ ਪਾਰਟੀਆਂ ਦੀਆਂ ਏ ਅਤੇ ਬੀ ਟੀਮਾਂ ਵਿੱਚੋਂ ਹੀ ਬਦਲ ਲੱਭਣ ਲਈ ਮਜਬੂਰ ਹਨ।

## ਮਨੋਮਨੀ ਹੈਂਕੜਬਾਜ਼ੀ



ਗੱਲ ਤਾਂ ਕੋਈ ਖਾਸ ਨਹੀਂ ਸੀ ਹੋਈ ਬਸ ਮਨੋਮਨੀ ਹੈਂਕੜਬਾਜ਼ੀ ਕਾਇਮ ਸੀ। ਨਾ ਉਹ ਬੁਲਾਉਂਦੀ ਤੇ ਨਾ ਉਹ ਆਪਣੀ ਆਕੜ ਛੱਡਦਾ। ਜਦੋਂ ਕਿ ਪਹਿਲਾਂ ਇੱਕ ਦੂਜੇ ਬਿਨਾਂ ਬਿੰਦ ਨਾ ਸਾਰਦੇ।

ਦੋਵੇਂ ਜੀਅ ਤੜਕੇ ਹੀ ਉੱਠ ਖੜ੍ਹਦੇ। ਉਹ ਧਾਰਾਂ ਦੁਆਲੇ ਹੋ ਜਾਂਦੀ, ਦੁੱਧ ਸਾਂਭਦੀ, ਡੰਗਰਾਂ ਦਾ ਗੋਹਾ ਕੂੜਾ ਕਰਕੇ ਘਰ ਦੇ ਬਾਕੀ ਕੰਮਾਂ ਵਿੱਚ ਲੱਗੀ ਰਹਿੰਦੀ ਤੇ ਉਹ ਵੀ ਘਰ ਦੇ ਸਾਰੇ ਕੰਮ ਨਿਬੇੜ ਕੇ ਖੇਤਾਂ ਵਿੱਚ ਮਿੱਟੀ ਨਾਲ ਮਿੱਟੀ ਹੁੰਦਾ ਰਹਿੰਦਾ। ਖੇਤ ਵੀ ਕਿਹੜਾ ਬਹੁਤੀ ਦੂਰ ਸੀ। ਡੰਗਰਾਂ ਵਾਲਾ ਘਰ ਤਾਂ ਕੋਠੀ ਦੇ ਪਿੱਛੇ ਹੀ ਸੀ ਤੇ ਉਧਰੋਂ ਹੀ ਵੱਡਾ ਫਾਟਕ ਖੇਤਾਂ ਵਿੱਚ ਨੂੰ ਖੁੱਲਦਾ ਸੀ। ਕਰਤਾਰੇ ਨੇ ਬੜੀ ਸਕੀਮ ਨਾਲ ਕੀਤਾ ਸੀ ਸਾਰਾ ਕੰਮ। ਰੋਟੀ ਤਿੰਨੇ ਟਾਈਮ ਤਾਜ਼ੀ ਮਿਲਦੀ।

ਭਾਵੇਂ ਕਰਤਾਰਾ ਮਿੰਦੋ ਨੂੰ ਬੁਲਾਂਦਾ ਨਾ ਪਰ ਉਹ ਵੀ ਚੁੱਪ ਚਾਪ ਰੋਟੀ ਪਾ ਕੇ ਕਿਸੇ ਨਾ ਕਿਸੇ ਆਹਰੇ ਲੱਗੀ ਰਹਿੰਦੀ। ਦੂਰੀ ਪਹਿਲਾਂ ਨਾਲੋਂ ਵੀ ਵੱਧਦੀ ਗਈ। ਇੱਕ ਦਿਨ ਕਰਤਾਰੇ ਨੇ ਬਚੀ ਹੋਈ ਕੀਟਨਾਸ਼ਕ ਦਵਾਈ ਛੋਟੀ ਸ਼ੀਸ਼ੀ ਵਿੱਚ ਪਾ ਕੇ ਕੂਲਰ ਤੇ ਰੱਖ ਛੱਡੀ। ਸਫ਼ਾਈ ਕਰਦੀ ਮਿੰਦੋ ਨੇ ਸਾਫ਼ ਕਰਕੇ ਫਿਰ ਫਰਿੱਜ ਵਿੱਚ ਜਾ ਟਕਾਈ।

ਕੁਦਰਤ ਦਾ ਭਾਣਾ ਕਹਿ ਲਵੋ। ਮਿੰਦੋ ਦਾ ਇਕਲੌਤਾ ਪੁੱਤਰ ਬੀਮਾਰ ਪੈ ਗਿਆ। ਅੱਗੇ ਉਹ ਕਦੇ ਦਵਾਈ ਦਿੰਦੀ ਤਾਂ ਕਰਤਾਰੇ ਨੂੰ ਪੁੱਛ ਲੈਂਦੀ। ਪਰ ਕਈ ਦਿਨਾਂ ਤੋਂ ਬੋਲ ਚਾਲ ਨਾ ਹੋਣ ਕਰਕੇ ਉਹਨੇ ਬਿਨਾਂ ਪੁੱਛੇ ਹੀ ਦੋ ਚਮਚ ਮਿੱਠੂ ਦੇ ਮੂੰਹ ਵਿੱਚ ਪਾ ਦਿੱਤੇ ਤੇ ਨਾਲ ਹੀ ਅੱਧਾ ਗਿਲਾਸ ਪਾਣੀ। 2 ਕੁ ਮਿੰਟਾਂ ਬਾਅਦ ਹੀ ਮਿੱਠੂ ਤੜਫਣ ਲੱਗਾ। ਹੁਣ ਮਿੰਦੋ ਨੇ ਹਾਲ ਦੁਹਾਈ ਪਾਤੀ। ਜਦ ਤੱਕ ਕੋਈ ਉਹੜ ਪੋਹੜ ਕਰਦੇ ਮਿੱਠੂ ਚੜ੍ਹਾਈ ਕਰ ਗਿਆ। ਦੋਹਾਂ ਨੇ ਉੱਚੀ- ਉੱਚੀ ਧਾਂਹਾਂ ਮਾਰੀਆਂ, ਹੋਰ ਲੋਕ ਵੀ ਆ ਗਏ....। ਦੋਵੇਂ ਇੱਕ ਦੂਜੇ ਵੱਲ ਪੱਥਰਾਈਆਂ ਨਜ਼ਰਾਂ ਨਾਲ ਦੇਖ ਰਹੇ ਸੀ ਜਿਵੇਂ ਇੱਕ ਦੂਜੇ ਨੂੰ ਮਾਫ ਕਰ ਰਹੇ ਹੋਣ ਪਰ ਹੁਣ ਬਹੁਤ ਕੁੱਝ ਖਤਮ ਹੋ ਚੁੱਕਾ ਸੀ। ਨਿੱਕੇ-ਨਿੱਕੇ ਅਣਚਾਹੇ ਰੋਸਿਆਂ ਦੇ ਤੂਫ਼ਾਨ ਨੇ ਅਰਮਾਨਾਂ ਦਾ ਬੂਟਾ ਸਦਾ ਲਈ ਖ਼ਤਮ ਕਰ ਦਿੱਤਾ ਸੀ।

ਸੋ ਗਿਲੇ ਸ਼ਿਕਵੇ ਤੇ ਰੋਸੇ ਰੋਜ਼ ਮਰਾ ਦੀ ਜ਼ਿੰਦਗੀ ਦਾ ਹਿੱਸਾ ਹਨ ਇਨ੍ਹਾਂ ਨੂੰ ਇਹਨਾਂ ਨਾ ਵੱਧਣ ਦਿਉ ਕਿ ਹੱਸਦੀ ਵੱਸਦੀ ਜ਼ਿੰਦਗੀ ਹੀ ਉੱਜੜ ਜਾਵੇ।

ਮਾ: ਸੁਰਿੰਦਰ ਸਿੰਘ 'ਡਾਬਾ'
89685-40878

# ਅੱਜ ਦੀ ਆਧੁਨਿਕ ਦੁਨੀਆਂ ਦੇ ਨੰਨ੍ਹੇ ਗੁਲਾਮ

ਸਤਪਾਲ



'ਬੱਚੇ' ਮਨੁੱਖੀ ਸੰਵੇਦਨਾਵਾਂ ਦਾ ਇਜ਼ਹਾਰ ਕਰਨ ਵਾਲ਼ਾ ਇੱਕ ਖ਼ੂਬਸੂਰਤ ਸ਼ਬਦ ਹੈ। ਆਪਣੀਆਂ ਮਾਸੂਮ ਹਰਕਤਾਂ ਨਾਲ਼ ਇਹ ਬੱਚੇ ਸਾਡੀ ਜ਼ਿੰਦਗੀ ਦੇ ਚੇਹਰੇ 'ਤੇ ਮੁਸਕਾਨ ਲੈ ਆਉਂਦੇ ਹਨ। ਪਰ ਅੱਜ ਅਸੀਂ ਇਸ ਹੱਦ ਤੱਕ ਪੈਸੇ ਕਮਾਉਣ ਵਾਲ਼ੀਆਂ ਮਸ਼ੀਨਾਂ 'ਚ ਤਬਦੀਲ ਹੋ ਚੁੱਕੇ ਹਾਂ ਕਿ ਅਸੀਂ ਇਹਨਾਂ ਬੱਚਿਆਂ ਤੋਂ ਵੀ ਗੁਲਾਮਾਂ ਵਾਂਗ ਕੰਮ ਕਰਾਉਣ ਵਿੱਚ ਨਹੀਂ ਝਿਝਕਦੇ। ਬਾਲ ਮਜ਼ਦੂਰੀ 'ਤੇ ਸਾਹਮਣੇ ਆਏ ਇਹ ਅੰਕੜੇ ਅੱਜ ਫਿਰ ਆਧੁਨਿਕ ਕਹੇ ਜਾਣ ਵਾਲ਼ੇ ਇਸ ਸਮਾਜ ਦੇ ਅਣ-ਮਨੁੱਖੀ ਖਾਸੇ ਨੂੰ ਨੰਗਾ ਕਰ ਰਹੇ ਹਨ। 2017 ਵਿੱਚ ਪੇਸ਼ ਹੋਈ ਰਿਪੋਰਟ ਮੁਤਾਬਕ 3 ਕਰੋੜ ਬੱਚਿਆਂ ਦੀ ਬਾਲ ਮਜ਼ਦੂਰੀ ਨਾਲ਼ ਭਾਰਤ ਏਸ਼ੀਆ ਵਿੱਚ ਸੱਭ ਤੋਂ ਪਹਿਲੇ ਨੰਬਰ 'ਤੇ ਹੈ ਅਤੇ ਯੂਨੀਸੈਫ ਦੇ ਸਰਵੇਖਣ ਮੁਤਾਬਕ ਅੱਜ ਦੁਨੀਆਂ ਵਿੱਚ 15 ਕਰੋੜ ਦੇ ਕਰੀਬ ਬੱਚਿਆਂ ਦਾ ਬਚਪਨ ਇਸ ਬਾਲ ਮਜ਼ਦੂਰੀ ਦੀ ਦਲਦਲ ਵਿੱਚ ਗਲ਼-ਸੜ ਰਿਹਾ ਹੈ। ਕੌਮਾਂਤਰੀ ਮਜ਼ਦੂਰ ਸੰਘ ਵੱਲੋਂ 2002 ਵਿੱਚ 12 ਜੂਨ ਦੇ ਦਿਨ ਨੂੰ ਬਾਲ ਮਜ਼ਦੂਰੀ ਖ਼ਿਲਾਫ਼ ਸੰਸਾਰ ਦਿਹਾੜੇ ਵਜੋਂ ਮਨਾਉਣ ਦੀ ਸ਼ੁਰੂਆਤ ਕੀਤੀ ਗਈ ਤਾਂ ਜੋ ਸੰਸਾਰ ਭਰ ਵਿੱਚ ਬਾਲ ਮਜ਼ਦੂਰੀ ਜਿਹੇ ਅਣ-ਮਨੁੱਖੀ ਵਰਤਾਰੇ ਪ੍ਰਤੀ ਚੇਤਨਾ ਫੈਲਾਈ ਜਾ ਸਕੇ। ਕੌਮਾਂਤਰੀ ਮਜ਼ਦੂਰ ਸੰਘ ਵੱਲੋਂ ਦਿੱਤੀ ਗਈ ਪਰਿਭਾਸ਼ਾ ਮੁਤਾਬਕ ਬਾਲ ਮਜ਼ਦੂਰ ਤੋਂ ਮਤਲਬ ਉਹਨਾਂ ਬੱਚਿਆਂ ਤੋਂ ਹੈ ਜਿੰਨ੍ਹਾ ਨੂੰ ਕਿ ਉਹਨਾਂ ਦੇ ਬਚਪਨ ਤੋਂ ਵਾਝਿੰਆ ਕਰ ਦਿੱਤਾ ਜਾਂਦਾ ਹੈ ਅਤੇ ਸਾਡਾ ਭਾਰਤ ਅਜਿਹੇ ਲੱਖਾਂ ਹੀ ਬਦਨਸੀਬ ਬੱਚਿਆਂ ਦਾ ਦੇਸ਼ ਹੈ। ਭਾਰਤ 'ਚ ਬੱਚਿਆਂ ਲਈ ਕੰਮ ਕਰ ਰਹੀਆਂ ਵੱਖੋ-ਵੱਖ ਸੰਸਥਾਵਾਂ ਵੱਲੋਂ ਕੀਤੇ ਗਏ ਸਰਵੇਖਣਾਂ ਤੋਂ ਭਾਰਤ 'ਚ ਇਸ ਸਮੱਸਿਆ ਦੀ ਗੰਭੀਰਤਾ ਦਾ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ:-

1.ਐਕਸ਼ਨ ਏਡ ਇੰਡੀਆ ਦੀ ਰਿਪੋਰਟ ਮੁਤਾਬਕ ਭਾਰਤ ਦੇ ਹਰ 11 ਬੱਚਿਆਂ ਪਿੱਛੇ ਇੱਕ ਬੱਚਾ ਬਾਲ ਮਜ਼ਦੂਰੀ ਦੀ ਇਸ ਚੱਕੀ ਵਿੱਚ ਪਿਸਦਾ ਹੈ।

2. ਸੇਵ ਦ ਚਾਇਲਡ ਨਾਮ ਦੀ ਇੱਕ ਗ਼ੈਰ-ਸਰਕਾਰੀ ਸੰਸਥਾ ਦੇ ਸਰਵੇਖਣ ਮੁਤਾਬਕ ਭਾਰਤ ਦੇ ਪੰਜ ਵੱਡੇ ਸੂਬਿਆਂ ਬਿਹਾਰ, ਮੱਧ-ਪ੍ਰਦੇਸ਼, ਰਾਜਸਥਾਨ, ਮਹਾਰਾਸ਼ਟਰ ਅਤੇ ਉੱਤਰ-ਪ੍ਰਦੇਸ਼ ਵਿੱਚ ਇਹ ਸਮੱਸਿਆ ਸੱਭ ਤੋਂ ਵੱਧ ਭਿਅੰਕਰ ਹੈ ਅਤੇ ਸਿਰਫ ਦਿੱਲੀ ਵਿੱਚ ਹੀ 1 ਕਰੋੜ ਬੱਚੇ ਬਾਲ ਮਜ਼ਦੂਰੀ ਕਰਦੇ ਹਨ।

3. ਇੱਕ ਗੈਰ-ਸਰਕਾਰੀ ਸੰਸਥਾਂ ਮੁਤਾਬਕ ਜਿੱਥੇ ਦੇਸ਼ ਪੱਧਰ 'ਤੇ ਬਾਲ ਮਜ਼ਦੂਰੀ ਵਿੱਚ 2.2% ਦੀ ਗਿਰਾਵਟ ਆਈ ਹੈ ਉੱਥੇ ਸ਼ਹਿਰੀ ਇਲਾਕਿਆਂ 'ਚ ਬਾਲ ਮਜ਼ਦੂਰੀ 50% ਦੀ ਦਰ ਨਾਲ਼ ਵਧੀ ਹੈ।

ਪਰ ਇਹ ਅੰਕੜੇ ਵੀ ਸ਼ਾਇਦ ਹੀ ਮਨੁੱਖੀ ਭਾਵਨਾਵਾਂ ਤੋਂ ਸੱਖਣੀ ਉਸ ਜ਼ਿੰਦਗੀ ਦੀ ਭਿਆਨਕਤਾ ਨੂੰ ਬੇਆਨ ਕਰ ਸਕਦੇ ਹੋਣ ਜਿਹੜੀ ਕਿ ਦੁਨੀਆ ਦੇ ਇਹਨਾਂ ਨੰਨ੍ਹੇ ਕਾਮਿਆਂ ਨੂੰ ਬਤਾਉਣੀ ਪੈਂਦੀ ਹੈ। ਭਾਰਤ 'ਚ ਅੱਜ ਵੀ ਬੰਧੂਆਂ ਮਜ਼ਦੂਰੀ ਹੁੰਦੀ ਹੈ ਜਿਸ ਨੂੰ ਕਿ ਆਧੁਨਿਕ ਗੁਲਾਮੀ ਦਾ ਨਾਮ ਦਿੱਤਾ ਜਾ ਸਕਦਾ ਹੈ। ਭਾਰਤ 'ਚ ਹੋਣ ਵਾਲ਼ੀ ਇਹ ਬੰਧੂਆ ਮਜ਼ਦੂਰੀ ਦੀ ਸ਼ੁਰੂਆਤ ਅੰਗਰੇਜ਼ੀ ਹਕੂਮਤ ਵੇਲ਼ੇ ਹੋਈ ਸੀ ਤੇ ਜਿਹੜੀ ਅੱਜ ਵੀ ਜਾਰੀ ਹੈ ਭਾਰਤ 'ਚ ਇਹ ਕਰਜਾ ਬੰਧੂਆ ਮਜ਼ਦੂਰੀ ਦੇ ਰੂਪ 'ਚ ਹੈ। 1996 'ਚ ਭਾਰਤ ਦੇ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਤਮਿਲਨਾਡੂ 'ਚ ਕੀਤੇ ਗਏ ਸਰਵੇਖਣ 'ਚ ਇਹ ਸਾਹਮਣੇ ਆਇਆ ਕਿ ਉੱਥੇ 53 ਅਜਿਹੇ ਬੱਚੇ ਸਨ ਜੋ ਕਿ ਉਹਨਾਂ ਦੇ ਬਦਲੇ ਉਹਨਾਂ ਦੇ ਪਰਿਵਾਰਾਂ ਨੂੰ ਠੇਕੇਦਾਰ ਵੱਲੋਂ ਦਿੱਤਾ ਗਿਆ ਕਰਜਾ ਲਾਉਂਣ ਲਈ 12 ਤੋਂ 14 ਘੰਟੇ ਕੰਮ ਕਰਦੇ ਸਨ। 2015 'ਚ ਵੀ ਮੱਧ-ਭਾਰਤ 'ਚ ਅਜਿਹਾ ਹੀ ਇੱਕ ਸਰਵੇਖਣ ਹੋਇਆ ਜਿਸ ਵਿੱਚ ਇਹ ਸਾਹਮਣੇ ਆਇਆ ਕਿ ਘਰ ਦੀ ਗਰੀਬੀ ਦੇ ਕਾਰਨ ਇਹਨਾਂ ਨੰਨ੍ਹੇ ਕਾਮਿਆਂ ਨੂੰ ਠੇਕੇ 'ਤੇ ਕੰਮ ਕਰਨ ਲਈ ਹੋਰ ਥਾਵਾਂ 'ਤੇ ਜਾਣਾ ਪਿਆ। ਜਦੋਂ ਉਹਨਾਂ ਨੂੰ ਇਹ ਪਛਿਆ ਗਿਆ ਕਿ ਠੇਕੇਦਾਰ ਉਹਨਾਂ ਨੂੰ ਕਿੰਨੀ ਤਨਖਾਹ ਦਿੰਦਾ ਹੈ ਤਾਂ ਉਹਨਾਂ ਦਾ ਕਹਿਣਾ ਸੀ ਕਿ ਇਸ ਬਾਰੇ ਉਹਨਾਂ ਨੂੰ ਕੋਈ ਜਾਣਕਾਰੀ ਨਹੀਂ ਹੈ ਇਹ ਸੌਦਾ ਉਹਨਾਂ ਦੇ ਮਾਂ-ਪਿਓ ਨੇ ਹੀ ਕੀਤਾ ਹੈ ਅਤੇ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕੀ ਉਹਨਾਂ ਨੂੰ ਘਰ ਦੀ ਯਾਦ ਨਹੀਂ ਆਉਂਦੀ ਤਾਂ ਉਹਨਾਂ ਦਾ ਕਹਿਣਾ ਸੀ ਕਿ ਘਰ ਤਾਂ ਸਾਰੇ ਹੀ ਜਾਣਾ ਚਾਹੁੰਦੇ ਹਨ ਪਰ ਇਹ ਠੇਕੇਦਾਰ ਜਾਣ ਨਹੀਂ ਦਿੰਦੇ। ਕੌਮਾਂਤਰੀ ਮਜ਼ਦੂਰ ਸੰਘ ਨੇ ਇਸ ਬੰਧੂਆ ਮਜ਼ਦੂਰੀ 'ਤੇ ਕਿਹਾ ਕਿ ਇਸ ਦੀ ਹੱਦ ਨੂੰ ਮਾਪਣਾ ਤਾਂ ਔਖਾ ਹੈ ਪਰ ਸਮਾਜ 'ਚ ਕੰਮ ਕਰਦੇ ਗਰੁੱਪਾਂ ਦੀ ਇਹਨਾਂ ਬੱਚਿਆਂ ਤੱਕ ਪਹੁੰਚ ਮੁਤਾਬਕ 2001 'ਚ ਇਸ ਦੀ ਗਿਣਤੀ ਘੱਟੋ-ਘੱਟ 3 ਲੱਖ 50 ਹਜ਼ਾਰ ਬਣਦੀ ਹੈ। ਹੱਕ ਨਾਮ ਦੀ ਇੱਕ ਹੋਰ ਸੰਸਥਾਂ ਮੁਤਾਬਕ ਬਾਲ ਮਜ਼ਦੂਰੀ ਪੱਛੜੀਆਂ ਜਾਤਾਂ ਜਿਵੇਂ ਓ.ਬੀ.ਸੀ., ਅਨੁਸੂਚਿਤ ਜਾਤੀਆਂ ਤੇ ਜਨਜਾਤੀਆਂ ਅਤੇ ਮੁਸਲਮਾਨਾਂ 'ਚ ਸੱਭ ਤੋਂ ਵੱਧ ਹੈ ਜੋ ਕਿ ਭਾਰਤ ਵਿੱਚ ਸਦੀਆਂ ਤੋਂ ਮੌਜੂਦ ਧਾਰਮਿਕ ਤੇ ਜਾਤ ਦੇ ਗ਼ਲਬੇ ਨੂੰ ਨੰਗਿਆਂ ਕਰਦਾ ਹੈ। ਇਸ ਤਰ੍ਹਾਂ ਨਹੀਂ ਹੈ ਕਿ ਇਸ ਬੰਧੂਆ ਮਜ਼ਦੂਰੀ ਨੂੰ ਰੋਕਣ ਲਈ ਸਾਡੀਆਂ ਨਖਿੱਧ ਸਰਕਾਰਾਂ ਨੇ ਇਸਦੇ ਖ਼ਿਲਾਫ਼ ਕੋਈ ਕਨੂੰਨ ਬਨਾਉਣ ਦਾ ਨਾਟਕ ਨਾ ਕੀਤਾ ਹੋਵੇ। ਪਰ ਹੈਰਾਨੀ ਤਾਂ ਇਸ ਗੱਲ ਦੀ ਹੈ ਕਿ 1976 ਦੇ ਬੰਧੂਆਂ ਮਜ਼ਦੂਰ ਐਕਟ ਹੋਣ ਦੇ ਬਾਵਜੂਦ ਵੀ ਸਾਡੇ ਸਰਕਾਰੀ ਵਕੀਲ ਇਸ ਦਾ ਇਸਤੇਮਾਲ ਬਹੁਤ ਹੀ ਘੱਟ ਕਰਦੇ ਹਨ। ਇਸ ਦਾ ਬਹੁਤ ਸਿੱਧਾ ਜਿਹਾ ਮਤਲਬ ਇਹ ਨਿੱਕਲਦਾ ਹੈ ਕਿ ਇਹਨਾਂ ਮਾਸੂਮ ਕਾਮਿਆਂ ਦੇ ਖ਼ੂਨ ਦੀ ਦਲਾਲੀ ਕਰਨ 'ਚ ਸਾਡੇ ਇਹਨਾਂ ਵਕੀਲਾਂ ਦੇ ਹੱਥ ਵੀ ਰੰਗੇ ਹੋਏ ਹਨ। ਇਸੇ ਤਰ੍ਹਾਂ ਹੀ ਕੌਮੀ ਬਾਲ ਮਜ਼ਦੂਰੀ ਪ੍ਰੋਜੈਕਟ ਤਹਿਤ 1986 ਵਿੱਚ ਇੱਕ ਐਕਟ ਪਾਸ ਕੀਤਾ ਗਿਆ ਜਿਸ ਮੁਤਾਬਕ ਬੱਚੇ ਸ਼ਬਦ ਦੀ ਪਰਿਭਾਸ਼ਾ ਦਿੰਦੇ ਹੋਏ ਕਿਹਾ ਗਿਆ ਕਿ 14 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵੀ ਬੱਚੇ ਤੋਂ ਮਜ਼ਦੂਰੀ ਨਹੀਂ ਕਰਾਈ ਜਾ ਸਕਦੀ ਅਤੇ 14-18 ਦੀ ਉਮਰ ਵਾਲ਼ੇ ਲੋਕਾਂ ਤੋਂ ਖਤਰਨਾਕ ਥਾਵਾਂ ਜਿਵੇਂ ਮਾਈਨਿੰਗ ਜਾਂ ਵਿਸਫੋਟਕ ਇਲਾਕਿਆਂ 'ਚ ਕੰਮ ਨਹੀਂ ਕਰਾਇਆ ਜਾ ਸਕਦਾ ਪਰ ਹਮੇਸ਼ਾ ਵਾਂਗ ਇਹਨਾਂ ਕਾਨੂੰਨਾਂ ਦੀਆਂ ਧੱਜੀਆਂ ਉਡਾਉਂਦੇ ਹੋਏ ਮੁਨਾਫੇ ਦਾ ਦੈਂਤ ਮਾਸੂਮ ਬੱਚਿਆਂ ਦੇ ਜਿਸਮ ਵਿੱਚੋਂ ਲਹੂ ਚੂਸਦਾ ਰਿਹਾ। 2001 'ਚ ਹੋਏ ਸਰਵੇਖਣ ਮੁਤਾਬਕ 1 ਲੱਖ 20 ਹਜ਼ਾਰ ਬੱਚੇ ਅਜਿਹੀਆਂ ਹੀ ਖਤਰਨਾਕ ਥਾਵਾਂ 'ਤੇ ਕੰਮ ਕਰਦੇ ਰਹੇ। ਇਸ ਤਰ੍ਹਾਂ ਦੇ ਕਾਨੂੰਨਾਂ ਦੇ ਬਣਨ ਅਤੇ ਬੱਚਿਆਂ ਲਈ ਕੰਮ ਕਰਦੀਆਂ ਬਹੁਤ ਸਾਰੀਆਂ ਗ਼ੈਰ-ਸਰਕਾਰੀ ਸੰਸਥਾਵਾਂ ਹੋਣ ਦੇ ਬਾਵਜੂਦ ਵੀ ਭਾਰਤ ਵਿੱਚ ਬਾਲ ਮਜ਼ਦੂਰੀ ਹਰ ਰੋਜ਼ ਕਿਸੇ ਮਹਾਂਮਾਰੀ ਵਾਂਗ ਵਧ ਰਹੀ ਹੈ ਅਤੇ ਇਹਨਾਂ ਪੁੰਘਰਦੀਆਂ ਕਰੂੰਬਲਾਂ ਨੂੰ ਆਪਣੀ ਚਪੇਟ 'ਚ ਲੈ ਰਹੀ ਹੈ। ਸਾਡੀ ਮੌਜੂਦਾ ਮੋਦੀ ਸਰਕਾਰ ਨੇ ਬਾਲ ਮਜ਼ਦੂਰੀ ਨੂੰ ਰੋਕਣ ਦੀ ਥਾਂ ਇਸ ਨੂੰ ਕਾਨੂੰਨੀ ਮਾਨਤਾ ਹੀ ਦੇ ਦਿੱਤੀ ਹੈ ਅਤੇ ਫਰੇਬ ਦੀਆਂ ਵੈਸਾਖੀਆਂ 'ਤੇ ਤੁਰਦੇ ਹੋਰਨਾਂ ਕਾਗ਼ਜ਼ੀ ਕਾਨੂੰਨਾਂ ਵਾਂਗ ਹੀ 1986 ਦੇ ਬਾਲ ਮਜ਼ਦੂਰੀ ਦੇ ਕਾਨੂੰਨ 'ਚ ਸੋਧਾਂ ਦੇ ਨਾਮ 'ਤੇ ਤਾਨਾਸ਼ਾਹੀ ਲਾਗੂ ਕਰ ਦਿੱਤੀ ਹੈ. 2016 'ਚ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਗਏ ਇਸ ਬਿਲ ਮੁਤਾਬਕ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਤੋਂ ਕੁੱਝ ਚੋਣਵੇਂ ਖੇਤਰਾਂ 'ਚ ਕੰਮ ਕਰਾਉਣ ਨੂੰ ਮਾਨਤਾ ਦੇ ਦਿੱਤੀ ਗਈ ਹੈ. ਸਰਕਾਰ ਦਾ ਕਹਿਣਾ ਹੈ ਕਿ ਭਾਰਤ ਦੀ ਸਮਾਜਿਕ-ਆਰਥਕ ਹਾਲਤ ਨੂੰ ਦੇਖਦੇ ਬਾਲ ਮਜ਼ਦੂਰੀ 'ਤੇ ਪੂਰੀ ਤਰ੍ਹਾਂ ਰੋਕ ਲਾਉਣਾ ਸੰਭਵ ਨਹੀਂ ਹੈ। ਭਾਰਤ ਦੀ ਇਸ ਸਮਾਜਿਕ-ਆਰਥਕ ਦਾ ਸਿੱਧਾ-ਸਿੱਧਾ ਇਹੀ ਮਤਲਬ ਹੈ ਕਿ ਅੱਜ ਜਦੋਂ ਭਾਰਤ ਆਰਥਕ ਸਕੰਟ 'ਚੋਂ ਲੰਘ ਰਿਹਾ ਹੈ ਤੇ ਸਰਮਾਏਦਾਰਾਂ ਦੇ ਮੁਨਾਫੇ ਸੁੰਗੜ ਰਹੇ ਹਨ ਤਾਂ ਬਾਲ ਮਜ਼ਦੂਰੀ, ਜੋ ਕਿ ਸਸਤੀ ਮਜ਼ਦੂਰੀ ਦਾ ਇੱਕ ਸੋਮਾ ਹੈ, 'ਤੇ ਰੋਕ ਲਾਉਣ ਦਾ ਮਤਲਬ ਸਰਮਾਏਦਾਰਾਂ ਦੇ ਹੱਥਾਂ 'ਚ ਮੁਨਾਫੇ ਦੇ ਇਕੱਤ੍ਰੀਕਰਨ ਦੇ ਰਾਹ 'ਚ ਰੋੜ੍ਹਾ ਅਟਕਾਉਣਾ ਹੈ। ਕਿਹਾ ਜਾ ਸਕਦਾ ਹੈ ਕਿ ਇਹ ਇੱਕ ਕਮੀਨਗੀ ਭਰੀ ਚਾਲ ਹੈ ਕਿ ਮੋਦੀ ਸਰਕਾਰ ਹੁਨਰਮੰਦ ਕਾਮਿਆਂ ਦੇ ਨਾਮ 'ਤੇ ਇਹਨਾਂ ਨੰਨ੍ਹੇ ਕਾਮਿਆਂ ਦਾ ਲਹੂ ਨਿਚੋੜਨ ਨੂੰ ਕਾਨੂੰਨੀ ਮਾਨਤਾ ਦੇ ਚੁੱਕੀ ਹੈ। ਬਾਲ ਮਜ਼ਦੂਰੀ ਇੱਕ ਸੰਸਾਰ ਵਿਆਪੀ ਸਮੱਸਿਆ ਹੈ। ਸੰਸਾਰ ਵਿੱਚ ਹਰ ਰੋਜ਼ 12 ਕਰੋੜ ਬੱਚੇ ਭਿਆਨਕ ਤੇ ਖਤਰਨਾਕ ਥਾਵਾਂ 'ਤੇ ਕੰਮ ਕਰਨ ਜਾਂਦੇ ਹਨ। ਏਸ਼ੀਆ 'ਚ ਬਾਲ ਮਜ਼ਦੂਰੀ ਦੀ ਦਰ 22% ਹੈ, ਅਫਰੀਕਾ 'ਚ ਇਸ ਦੀ ਦਰ ਸੱਭ ਤੋਂ ਵੱਧ 32% ਹੈ, ਲਾਤਿਨ ਅਮਰੀਕਾ 'ਚ 16% ਹੈ ਅਤੇ ਅਮਰੀਕਾ ਸਮੇਤ ਹੋਰ ਵਿਕਸਿਤ ਮੁਲਕਾਂ 'ਚ 1% ਹੈ। ਗਲੋਬਲ ਐਸਟੀਮੇਟ 2016 ਮੁਤਾਬਕ ਅਫਰੀਕਨ ਬੱਚਿਆਂ ਦਾ ਪੰਜਵਾਂ ਹਿੱਸਾ ਬਾਲ ਮਜ਼ਦੂਰੀ ਕਰਦਾ ਹੈ। ਅਫਰੀਕਾ 'ਚ ਇਹਨਾਂ ਨੰਨ੍ਹੇ ਕਾਮਿਆਂ ਦੀ ਗਿਣਤੀ ਹੋਰ ਕਿਸੇ ਵੀ ਦੇਸ਼ ਤੋਂ ਵੱਧ 7 ਕਰੋੜ ਹੈ ਅਤੇ ਖਤਰਨਾਕ ਥਾਂਵਾਂ 'ਤੇ ਕੰਮ ਕਰਦੇ ਬੱਚਿਆਂ ਦੀ ਗਿਣਤੀ 3 ਕਰੋੜ ਹੈ। ਇਹਨਾਂ 'ਚੋਂ 59% ਬੱਚੇ 5-11 ਸਾਲ ਦੀ ਉਮਰ ਤੱਕ ਦੇ ਹਨ, 26% ਬੱਚੇ 12-14 ਸਾਲ ਦੀ ਉਮਰ ਦੇ ਤੇ 15% ਬੱਚੇ 15-18 ਸਾਲ ਦੀ ਉਮਰ ਦੇ ਹਨ। ਤਕਰੀਬਨ 25,000 ਬੱਚੇ ਹਰ ਰੋਜ਼ ਧਰਤੀ 'ਚ 100 ਫੁੱਟ ਥੱਲੇ ਜਾ ਕੇ ਬਿਨਾਂ ਕਿਸੇ ਰੌਸ਼ਨੀ ਤੇ ਹਵਾ ਦੇ ਪ੍ਰਬੰਧ ਦੇ 8-10 ਘੰਟੇ ਮਾਇਨਿੰਗ ਦਾ ਕੰਮ ਕਰਦੇ ਹਨ। ਮਲਾਵੀ ਦੁਨੀਆ ਦੇ ਪੰਜ ਵੱਡੇ ਤੰਬਾਕੂ ਉਤਪਾਦਕਾਂ 'ਚੋਂ ਇੱਕ ਹੈ ਇਸ 'ਚ ਜ਼ਿਆਦਤਰ ਕੰਮ ਕਰਨ ਵਾਲੇ 5-15 ਸਾਲ ਦੀ ਉਮਰ ਦੇ ਬੱਚੇ ਹਨ ਜਿੰਨ੍ਹਾ ਨੂੰ ਕਿ 12 ਘੰਟੇ ਕੰਮ ਕਰਨ ਬਾਅਦ ਵੀ ਇੱਕ ਡਾਲਰ ਤੋਂ ਵੀ ਘੱਟ ਮਿਲ਼ਦੀ ਹੈ। ਲਾਤੀਨੀ ਅਮਰੀਕਾ ਦੇ ਵੀ 5.7 ਲੱਖ ਬੱਚੇ ਇਹਨਾਂ ਅਣ-ਮਨੁੱਖੀ ਹਾਲਤਾਂ ਦਾ ਸਾਹਮਣਾ ਕਰਦੇ ਹੋਏ ਆਪਣੀ ਜ਼ਿੰਦਗੀ ਗੁਵਾ ਲੈਂਦੇ ਨੇ। ਲਾਤੀਨੀ ਅਮਰੀਕਾ 'ਚ ਬੱਚਿਆਂ ਦੀ ਤਸਕਰੀ, ਉਹਨਾਂ ਦਾ ਜਿਸਮਾਨੀ ਸ਼ੋਸ਼ਣ ਅਤੇ ਡਰੱਗ ਵਪਾਰ 'ਚ ਬੱਚਿਆਂ ਦੀ ਵਰਤੋਂ ਵੱਡੇ ਪੱਧਰ 'ਤੇ ਹੁੰਦੀ ਹੈ। ਪੇਰੂ ਲਾਤੀਨੀ ਅਮਰੀਕਾ ਦਾ ਸੱਭ ਤੋਂ ਵੱਡਾ ਸੋਨੇ ਦਾ ਉਤਪਾਦਕ ਹੈ ਜੋ ਕਿ ਸੰਸਾਰ ਨੂੰ ਹਰ ਸਾਲ 120 ਕਰੋੜ ਡਾਲਰ ਦਾ ਸੋਨਾ ਦਿੰਦਾ ਹੈ ਪਰ ਇਸ ਵਿੱਚ 50,000 ਕਾਮੇ ਬੱਚੇ ਹਨ ਜਿੰਨ੍ਹਾ 'ਚੋਂ ਕਈਆਂ ਦੀ ਉਮਰ ਤਾਂ 10 ਸਾਲ ਵੀ ਨਹੀਂ ਹੈ। ਇਸੇ ਹੀ ਤਰ੍ਹਾਂ ਨਾਇਕੀ, ਕੋਕਾ ਕੋਲਾ ਜਾਂ ਗੈਪ ਜਿਹੀਆਂ ਬਹੁ-ਕੌਮੀ ਕੰਪਨੀਆਂ 'ਚ ਵੀ ਇਹ ਨੰਨ੍ਹੇ ਕਾਮੇ ਚੁੱਪੀ ਦੀਆਂ ਕਬਰਾਂ 'ਚ ਦਮ ਤੋੜ ਦਿੰਦੇ ਹਨ। ਨਾਇਕੀ ਅੱਜ ਖੇਡਾਂ ਦਾ ਸਮਾਨ ਬਣਾਉਣ ਵਾਲ਼ੀ ਸੱਭ ਤੋਂ ਵੱਡੀ ਸਨਅਤ ਹੈ ਜਿਸਦਾ ਕਿ ਸਲਾਨਾ ਮੁਨਾਫਾ 12 ਅਰਬ ਤੋਂ ਵੀ ਵੱਧ ਹੈ। ਨਾਇਕੀ ਦੇ ਮੁਲਾਜ਼ਮਾਂ 'ਚੋਂ 61% ਬੱਚੇ ਹਨ ਜਿੰਨ੍ਹਾ ਦੀ ਕਿ ਉਮਰ 14 ਸਾਲ ਤੋਂ ਥੱਲੇ ਹੈ। ਇਹ ਬੱਚੇ ਨਾਇਕੀ ਦੀਆਂ ਫੈਕਟਰੀਆਂ 'ਚ 12 ਤੋਂ 16 ਘੰਟੇ ਕੰਮ ਕਰਦੇ ਹਨ ਅਤੇ ਹਫਤੇ 'ਚ 65 ਘੰਟੇ ਕੰਮ ਕਰਨ 'ਤੇ ਉਹਨਾਂ ਨੂੰ ਸਿਰਫ 10 ਡਾਲਰ ਹੀ ਮਿਲ਼ਦੇ ਹਨ ਮਤਲਬ ਕਿ ਇੱਕ ਦਿਨ ਦੇ 2 ਡਾਲਰ ਤੋਂ ਵੀ ਘੱਟ ਪੈਸਿਆਂ ਲਈ ਉਹਨਾਂ ਨੂੰ 12 ਘੰਟੇ ਦੀ ਹੱਢ ਭੰਨਵੀਂ ਮਿਹਨਤ ਦੇ ਨਾਲ਼-ਨਾਲ਼ ਸਿਰ 'ਤੇ ਮਾਰ ਖਾਨ, ਸੂਈਆਂ ਦੀ ਦਰਦ ਭਰੀ ਚੋਭ ਜਿਹੇ ਤਸੀਹੇ ਵੀ ਝੱਲਣੇ ਪੈਂਦੇ ਹਨ। ਗੰਦੇ ਪਖਾਨੇ, ਪੀਣ ਲਈ ਗੰਦਾ ਪਾਣੀ, ਸਾਂਹ ਲਈ ਜ਼ਹਿਰੀਲੀ ਹਵਾ ਸਹੀ ਅਰਥਾਂ ਵਿੱਚ ਇਹ ਨੰਨ੍ਹੇ ਕਾਮੇ ਸਾਡੀ ਇਸ ਆਧੁਨਿਕ ਦੁਨੀਆ ਦੇ ਗੁਲਾਮ ਹਨ। ਵੀਅਤਨਾਮ, ਚੀਨ ਤੇ ਇੰਡੋਨੇਸ਼ੀਆ ਦੇ 8 ਲੱਖ ਬੱਚੇ ਨਾਇਕੀ ਦੀਆਂ ਇਹਨਾਂ ਜੇਲ੍ਹਾਂ 'ਚ ਕੰਮ ਕਰਦੇ ਹਨ। ਪਰ ਦੁਨੀਆ ਦੀ ਰੰਗੀਨ ਚਮਕ-ਦਮਕ ਉਹਲੇ ਇਹਨਾਂ ਬੱਚਿਆਂ ਦੀਆਂ ਸਿਸਕੀਆਂ ਅੱਜ ਸਾਨੂੰ ਸੁਣਾਈ ਨਹੀਂ ਦਿੰਦੀਆਂ। ਅੱਜ ਦੇ ਸੰਸਾਰ ਬਾਰੇ ਸਾਨੂੰ ਮੌਜੂਦਾ ਮਿਡੀਆ ਝੂਠ ਵਖਾਉਂਦਾ ਹੈ ਅੱਜ ਕਿਹਾ ਜਾ ਸਕਦਾ ਹੈ ਕਿ ਮਿਡੀਆ ਉਹ ਰੰਗੀਨ ਪਰਦਾ ਹੈ ਜਿਸਦੇ ਪਿੱਛੇ ਸਾਡੀ ਅੱਜ ਦੀ ਦੁਨੀਆ ਦੇ ਇਹ ਨੰਨ੍ਹੇ ਗੁਲਾਮ ਬਿਨ੍ਹਾਂ ਕਿਸੇ ਆਹਟ ਦੇ ਦਮ ਤੋੜ ਦਿੰਦੇ ਹਨ ਤੇ ਸਾਡੇ ਸਮਾਜ ਦੀ ਇਹ ਘਨਾਉਣੀ ਤਸਵੀਰ ਲੁਕੀ ਰਹਿੰਦੀ ਹੈ। ਅੱਜ ਅਸੀਂ ਹਰ ਰੋਜ਼ ਜਿੰਨ੍ਹਾ ਚੀਜ਼ਾਂ ਦੀ ਵਰਤੋਂ ਕਰਦੇ ਹਾਂ ਚਾਹੇ ਉਹ ਸਾਡੇ ਕੱਪੜਿਆਂ ਤੋਂ ਲੈ ਕੇ ਸਾਡੇ ਗਹਿਣਿਆਂ ਤੱਕ ਅਤੇ ਖਾਣ-ਪੀਣ ਤੋਂ ਲੈਕੇ ਵਰਤੋਂ ਦੀਆਂ ਹੋਰ ਬਹੁਤ ਸਾਰੀਆਂ ਚੀਜ਼ਾਂ ਇਹ ਨੰਨ੍ਹੇ ਹੱਥ ਹੀ ਸਾਡੇ ਲਈ ਬਣਾਉਂਦੇ ਹਨ। ਸੰਸਾਰ ਦੇ ਇਹ ਕਰੋੜਾਂ ਹੀ ਬੱਚੇ ਜਿਨ੍ਹਾਂ ਨੂੰ ਜਿਉਂਦੇ ਰਹਿਣ ਲਈ ਨਾ ਸਿਰਫ ਆਪਣੇ ਨੰਨ੍ਹੇ ਹੱਥਾਂ ਨਾਲ਼ ਭੁੱਖ, ਬੀਮਾਰੀ ਤੇ ਗਰੀਬੀ ਦੇ ਦੈਂਤ ਨਾਲ਼ ਲੜਨਾ ਪੈਂਦਾ ਹੈ ਸਗੋਂ ਹੋਟਲਾਂ, ਖਾਣਾਂ, ਫੈਕਟਰੀਆਂ ਤੇ ਘਰੇਲੂ ਨੌਕਰਾਂ ਦੇ ਰੂਪ 'ਚ ਕੰਮ ਕਰਦੇ ਇਹਨਾਂ ਬੱਚਿਆਂ ਦੇ ਅੰਦਰ ਪੈਦਾ ਹੋ ਰਹੇ ਇੱਕ ਖ਼ੂਬਸੂਰਤ ਮਨੁੱਖ ਨੂੰ ਕਤਲ ਕਰਦਾ ਸਾਡੇ ਸਮਾਜ ਦਾ ਹੇਠੀ ਤੇ ਵਿਤਕਰੇ ਭਰਿਆ ਵਤੀਰਾ ਦਰਸ਼ਾਉਂਦਾ ਹੈ ਕਿ ਇਸ ਸੱਭਿਅਕ ਸਮਾਜ ਵਿੱਚ ਇਹਨਾਂ ਬੱਚਿਆਂ ਦੀ ਹਾਲਤ ਕਿਸੇ ਵੀ ਪੱਖੋਂ ਮੱਧ-ਯੁੱਗ ਦੇ ਗੁਲਾਮਾਂ ਤੋਂ ਘੱਟ ਨਹੀਂ ਹੈ ਅਤੇ ਇਹ ਬੱਚੇ ਸਾਡੀ ਅੱਜ ਦੀ ਇਸ ਆਧੁਨਿਕ ਦੁਨੀਆ ਦੇ ਨੰਨ੍ਹੇ ਗੁਲਾਮ ਹਨ।

**ਲਲਕਾਰ 'ਚੋਂ ਧੰਨਵਾਦ ਸਹਿਤ**

# ਆਉਣ ਵਾਲ਼ੇ ਦਿਨਾਂ ਦੀ ਝਲਕ, ਜੇ ਅਸੀਂ ਚੁੱਪ ਬੈਠੇ ਰਹੇ..

"ਹਾਂ !

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫਤਾਰ ਕਰ ਲਵੇਗਾ। ਇਹ ਕਹਿਕੇ ਕਿ ਤੁਹਾਡੇ ਘਰੋਂ ਕੋਈ ਖਤਰਨਾਕ ਕਿਤਾਬ ਬਰਾਮਦ ਹੋਈ ਹੈ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਅਤੇ ਤੁਹਾਡੇ ਦੋਸਤ ਤੁਹਾਡੇ ਬਾਰੇ ਟੀਵੀ ਤੋਂ ਜਾਨਣਗੇ, ਕਿ ਤੁਸੀਂ ਅੱਤਵਾਦੀ ਹੋ, ਕਿਉਂਕਿ ਪੁਲਿਸ ਨੇ ਇਹੀ ਕਿਹਾ ਹੈ।



ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਸਾਰੇ ਵਕੀਲ ਡਰਾ ਦਿੱਤੇ ਜਾਣਗੇ, ਜੇ ਕਿਸੇ ਨੇ ਭੁੱਲ ਭੁਲੇਖੇ ਤੁਹਾਡਾ ਕੇਸ ਲੈ ਲਿਆ, ਉਹਦੀ ਗ੍ਰਿਫਤਾਰੀ ਅਗਲੇ ਹਫ਼ਤੇ ਹੋ ਜਾਵੇਗੀ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਇੱਕ ਦਿਨ ਬਾਅਦ ਦੋਸਤ ਤੁਹਾਨੂੰ ਫੇਸਬੁੱਕ 'ਤੇ ਐਕਟਿਵ ਦੇਖਣਗੇ, ਪੁਲਿਸ ਤੁਹਾਡੀ ਥਾਂ ਤੇ ਲੌਗ-ਇਨ ਹੋਵੇਗੀ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਹਾਡੇ ਦੋਸਤਾਂ ਨੂੰ ਪਤਾ ਲੱਗੇਗਾ ਕਿ ਇੱਕ ਪਟੀਸ਼ਨ 'ਤੇ 1000 ਲੋਕਾਂ ਦੇ ਹਸਤਾਖਰ ਕਰਵਾਉਣ ਲਈ 4 ਦਿਨ ਲੱਗਣਗੇ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਹਾਡੇ ਨਿੱਕੇ ਨਿਆਣੇ ਨੂੰ ਪਤਾ ਲੱਗੇਗਾ ਕਿ ਯੂ.ਏ.ਪੀ.ਏ.1 ਕੀ ਸ਼ੈਅ ਹੈ। ਤੁਹਾਡੇ ਦੋਸਤ ਸੈਕਸ਼ਨ 13 ਬਾਰੇ ਜਾਨਣਗੇ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਸੀਂ ਲੋਕਾਂ ਵਾਸਤੇ 'ਖੱਬੇ ਪੱਖੀ' ਹੋਵੋਂਗੇ, ਤੇ ਖੱਬੇ-ਪੱਖੀਆਂ ਵਾਸਤੇ 'ਅੱਤ-ਖੱਬੇ-ਪੱਖੀ'। ਕੋਈ ਨਹੀਂ ਬੋਲੇਗਾ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਉਸਤੋਂ ਅਗਲੇ ਦਿਨ, ਤੁਸੀਂ ਜ਼ਿੰਦਗੀ ਭਰ ਲਈ 'ਅੱਤਵਾਦੀ' ਬਣ ਜਾਓਂਗੇ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਪੁਲਿਸ ਨਾਵਾਂ ਦੀ ਫਹਿਰਿਸਤ ਬਣਾਵੇਗੀ, ਜੋ ਕੋਈ ਵਿਰੋਧਭਰੀ ਆਵਾਜ਼ ਉਠਾਵੇਗਾ, ਉਸ ਦਾ ਨਾਂ ਇਸ ਵਿੱਚ ਜੁੜ ਜਾਵੇਗਾ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਹਾਨੂੰ ਚੇਤਾਵਨੀ ਮਿਲੇਗੀ, ਅਤੇ ਤੁਸੀਂ, ਜੋ ਕੋਈ ਵੀ ਕਾਰਪੋਰੇਟ ਤਾਣੇ ਬਾਣੇ ਦਾ ਪਰਦਾਫਾਸ਼ ਕਰਨ ਵਿੱਚ ਹੱਥ ਅਜ਼ਮਾ ਰਿਹਾ ਹੈ, ਵਾਸਤੇ ਚੇਤਾਵਨੀ ਹੋਵੋਂਗੇ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਹਾਡਾ ਘਰ ਅੱਜ ਰਾਤ ਫਰੋਲਿਆ ਜਾਵੇਗਾ, ਹੁਣ ਤੁਹਾਨੂੰ ਸਵਾਲ ਜਵਾਬ ਲਈ ਲੈ ਜਾਇਆ ਜਾਵੇਗਾ, ਬੋਲਣਾ ਬੰਦ ਕਰ ਦਿਓ।

ਕੱਲ੍ਹ ਨੂੰ ਤੁਹਾਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਅਦਾਲਤ, ਇੱਕ ਦੁਰਲੱਭ ਖੈਰਾਤ ਵਾਂਙ, ਤੁਹਾਨੂੰ ਜਮਾਨਤ ਦਾ ਦਾਨ ਬਖਸ਼ੇਗੀ। ਪੁਲਿਸ ਤੁਹਾਨੂੰ ਕਿਸੇ ਹੋਰ ਕੇਸ ਵਿੱਚ ਮੁੜ ਗ੍ਰਿਫ਼ਤਾਰ ਕਰ ਲਵੇਗੀ।

ਕੱਲ੍ਹ ਨੂੰ ਤੁਹਾਡੇ ਬੱਚਿਆਂ ਨੂੰ ਕੋਈ ਗ੍ਰਿਫ਼ਤਾਰ ਕਰ ਲਵੇਗਾ। ਤੁਸੀਂ ਰੂਹਪੋਸ਼ ਹੋਵੋਂਗੇ। ਕੁਝ ਤਰੀਕੇ ਜਮਹੂਰੀਅਤ ਜਿਊਂਦੀ ਰੱਖਣ ਲਈ ਜ਼ਰੂਰੀ ਹੁੰਦੇ ਨੇ।

ਖ਼ਾਮੋਸ਼ੀ ਜ਼ਿੰਦਾਬਾਦ!

**- ਮੀਨਾ ਕੰਦਾਸਾਮੀ**

**ਅੰਗਰੇਜ਼ੀ ਤੋਂ ਪੰਜਾਬੀ ਉਲੱਥਾ : ਜਸਦੀਪ**


# Brampton Action Committee held a public Worker's Meeting at Terry Miller Recreation Centre



Last weekend, on May 13th, Brampton Action Committee held a public Worker's Meeting at Terry Miller Recreation Centre. This meeting was put in place to discuss the issue of temporary employment agencies, as well as the $15 minimum wage. These issues are particularly important leading into the election as not every party is supporting the increase to minimum wage next year. And while many significant improvements have been made to our labour laws through Bill 148, the temporary employment industry remains an area where workers continue to face exploitation and constant insecurity. As such, both the general public and local provincial candidates were invited. Over 150 people from the general public attended, showing that these issues truly are significant for workers in this community. Though five candidates from the major parties had confirmed that they would be attending, only Sara Singh from NDP Brampton Centre came and spoke. Surjit Sahota from the CPC Brampton West also spoke and both candidates took questions. Questions from the audience included the issues of part-time work, auto insurance and minimum wage. Other speakers and attendees included Harkirat Singh, School Trustee for Wards 9 and 10, and Gurpreet Dhillon, City Councillor for Wards 9 and 10. Sara Mojtehedzadeh was the guest speaker for the day. She is a reporter with the Toronto Star who went undercover last year to do an investigation at Fiera Foods. Her investigation highlighted how temporary agency workers are often exploited and put in dangerous jobs with little to no training. Deena Ladd, Coordinator at the Workers' Action Centre, and members of the Brampton Action Committee also spoke, including Parminder Chauhan and NaharAujla. Finally, Inderdeep Singh from Workers' United also spoke. MCs for the day were NaviAujla and Megan Donoghue-Stanford. Thank you to all of the volunteers, media, speakers and participants who attended. A special thank you to Surinder Singh for donating snacks and tea for the meeting.

# Are middle class tax promises a false hope?

**By David Macdonald and Sheila Block**




Ontario PC Leader Doug Ford has proposed a $2.8-billion "middle class tax cut," despite the fact the province is facing a deficit.

Promoting tax cuts as "middle class tax cuts" is the latest fad in election-time politics. Prime Minister Justin Trudeau promised to cut middle class taxes in the 2015 election, but when we crunched the numbers, it turned out it was more of a tax cut for the rich than the middle class.

So what of Ford's promise of middle class tax cuts for Ontario? It is anything but.

By 2020, when the tax cut would come into effect, changes to Ontario's middle tax bracket would affect anyone with taxable income between $44,788 and $88,924. Currently, Ontarians in that income range pay 9.15 per cent in provincial income taxes. Doug Ford is promising to cut that down to 7.32 per cent, starting in year three of the next government's mandate.

We ran this proposal through Statistics Canada's SPSD/M model to determine the distributional impact on anyone 18 or older. Short take: higher income earners stand to gain the most from this tax cut.

Chart 1 shows the average individual benefit of the "middle class" tax cut by decile (2020).

What this chart shows is that, under this proposal, the bottom 60 per cent of Ontario earners (those who earn less than $49,208) would receive, on average, just seven bucks in tax cuts.

The next 30 per cent of income earners who make between $49,208 and $108,948 would get an average of $398 in tax cuts under this proposal.

But the real winners are the richest 10 per cent of Ontario income earners: they would get an average of $1,168 in additional tax cuts.

The policy change the PCs are advancing would not benefit anyone with taxable income of less than $44,788.

It would provide a larger benefit to those with taxable income of $88,924 or more. This is because even if your income is above $88,924, you are receiving a tax cut on the income you make between $44,788 and $88,924 (above that income level, the additional income is taxed at a higher rate). However, it will provide the most benefit for high income Ontarians who pay surtaxes, with taxable incomes about $90,000 or more. This is because the additional surtaxes that they pay are based on their Ontario tax payable. The reduction on their Ontario tax payable reduces their surtaxes as well.

Chart 2 shows the percentage of the proposed 2.8-billion tax cut that will go to each income decile (2020).

This chart shows just how polarizing this tax proposal would be: the bottom half of tax filers would get 1 per cent of this tax cut while the top 10 per cent of income earners would get 49 per cent of this tax cut.

So, are middle class tax cuts a false hope? In this case, partly. The lion's share of the gains would accrue to the richest 10 per cent.

**Notes:**

This analysis is based on Statistics Canada's Social Policy Simulation Database Model 26.0. The assumptions and calculations underlying the simulation results were prepared by David Macdonald and the responsibility for the use and interpretation of these data is entirely that of the authors.

The PC party backgrounder stated that the maximum benefit would be $786. They appear to be using the 2017 tax brackets without including the impact of surtaxes on higher income individuals. The maximum benefit including the surtax would be $1,227. The 2018 budget eliminated the surtaxes, but also changed the tax brackets. The second tax bracket in the 2018 system applies to taxable incomes between $42,960 and $71,500. The maximum savings would be $522 using the 2018 system, and you'd have to make $71,500 to get the full benefit. The maximum benefit wouldn't be $786 under either tax system.

In an attempt to be consistent, we used the 2017 tax system in our comparative analysis. We used the 2020 tax year since that's the year the proposal would kick in, according to the PC party backgrounder.

David Macdonald is a senior economist with the Canadian Centre for Policy Alternatives. Follow David on Twitter @DavidMacCdn. Sheila Block is a senior economist with the Canadian Centre for Policy Alternatives' Ontario office. Follow Sheila on Twitter @Sheila_M_Block.

Author's note: We are monitoring major proposals from all of the parties in the lead up to the June 7 election, analyzing their implications for income inequality, decent work, public services, climate change, and ensuring a just transition that works for all. The PC party is the only party in this election offering personal income tax cuts.

## Annual picnic of S. Govt.College of Science Education and Research Jagraon

Annual picnic of S. Govt.College of Science Education and Research Jagraon will be held at 14452 Winston Churchill Blvd Terra Cotta on Sunday, June 17, 2018.For more information please contact Harbans Singh 416-817-7142, Sukhdev Singh 647-299-1610 or O. P. Sharma 647-891-8509

# ਹਰ ਹ਼ਫਤੇ ਭਾਰਤ 'ਚ ਇਕ ਨਵਾਂ ਅਰਬਪਤੀ ਉਭਰ ਆਉਂਦਾ ਹੈ : ਹੁਨੂਰ ਰਿਪੋਰਟ

**ਪੇਸ਼ : ਨਰਭਿੰਦਰ**

ਜਦੋਂ ਮੋਦੀ ਇਹ ਦਾਅਵਾ ਕਰਦਾ ਹੈ ਕਿ ਵਿਕਾਸ ਹੋ ਰਿਹਾ ਹੈ ਤਾਂ ਕੋਰਾ ਝੂਠ ਨਹੀਂ ਅੱਧਾ ਸੱਚ ਵੀ ਹੈ। ਦੇਸ਼ ਵਿਚ ਅਰਬਪਤੀਆਂ ਦੀ ਗਿਣਤੀ 170 ਤੱਕ ਪਹੁੰਚ ਗਈ ਹੈ ਅਤੇ ਇਨ੍ਹਾਂ 'ਚੋਂ 56 ਅਰਬਪਤੀ ਤਾਂ ਬਿਲਕੁਲ ਨਵੇਂ ਹਨ, ਜਿਹੜੇ 2017 ਵਿਚ ਹੀ ਸਾਹਮਣੇ ਆਏ। ਭਾਵ ਨੋਟਬੰਦੀ ਤੋਂ ਪਿਛੋਂ ਬੇਸ਼ੱਕ ਭਾਰਤੀ ਅਰਥ ਵਿਵਸਥਾ ਸੁਸਤ ਰਹੀ ਹੋਵੇ, ਕਰੋੜ ਲੋਕ ਭੁੱਖ ਮਰੀ ਦੀ ਕਗਾਰ ਉਤੇ ਪਹੁੰਚ ਗਏ ਹੋਣ ਪਰ ਇਕ ਅਰਬ ਡਾਲਰ ਤੋਂ ਵੱਧ ਸੰਪਤੀ ਰੱਖਣ ਵਾਲਿਆਂ ਵਿਚ 56 ਨਵੇਂ ਚਿਹਰੇ ਸ਼ਾਮਲ ਹੋ ਗਏ। ਇਹ ਦਾਅਵਾ 'ਰਿਚੀ ਰਿਚ' ਕਲੱਬ ਵਲੋਂ ਦੁਨੀਆਂ ਦੇ ਅਮੀਰਾਂ ਦੀ ਜਾਰੀ ਨਵੀਂ ਸੂਚੀ ਵਿਚ ਕੀਤਾ ਗਿਆ ਹੈ। ਉਂਝ ਅਜਿਹਾ ਹੀ ਤੱਥ ਹੁਰੂਨ ਨਾਂ ਦੀ ਸੰਸਥਾ ਨੇ ਵੀ ਕੀਤਾ ਹੈ। 'ਰਿਚੀ ਰਿਚ' ਮੁਤਾਬਕ ਚੀਨ 819 ਅਰਬਪਤੀਆਂ ਦੇ ਨਾਲ ਦੁਨੀਆਂ 'ਚੋਂ ਚੋਟੀ ਉਤੇ ਹੈ ਅਤੇ ਅਮਰੀਕਾ 571 ਅਰਬਪਤੀਆਂ ਦੇ ਨਾਲ ਦੂਸਰੇ ਨੰਬਰ 'ਤੇ ਹੈ ਅਤੇ ਭਾਰਤ ਵਿਚ 170 ਅਰਬਪਤੀ ਸਾਹਮਣੇ ਆਏ ਹਨ। 2017 'ਚ ਤਾਂ ਹਰ ਹ਼ਫਤੇ ਇਕ ਅਰਬਪਤੀ ਪੈਦਾ ਹੋਇਆ ਹੈ। ਭਾਵ ਪੂੰਜੀ ਕੁਝ ਹੱਥ ਹੱਥਾਂ 'ਚ ਕੇਂਦਰਤ ਹੋ ਰਹੀ ਹੈ।

ਅਜੇ ਵੀ ਭਾਰਤੀ ਅਰਬਪਤੀਆਂ 'ਚੋਂ ਮੋਦੀ ਦਾ ਚਹੇਤਾ ਮੁਕੇਸ਼ ਅੰਬਾਨੀ ਸਭ ਤੋਂ ਅਮੀਰ ਹੈ। ਲਗਭਗ 46 ਅਰਬ ਡਾਲਰਾਂ ਦੀ ਜਾਇਦਾਦ ਦੀ ਮਾਲਕੀ ਨਾਲ ਅੰਬਾਨੀ ਦੁਨੀਆਂ ਦੇ ਸਭ ਤੋਂ ਅਮੀਰ 20 ਵਿਅਕਤੀਆਂ ਵਿਚ ਗਿਣਿਆ ਜਾਂਦਾ ਹੈ। ਇਹ ਉਹੀ ਸਖਸ਼ ਹੈ ਜਿਹਨੇ ਸਰਕਾਰੀ ਖਜ਼ਾਨੇ ਅਤੇ ਬੈਂਕਾਂ 'ਚੋਂ ਲੱਖਾਂ ਹਜ਼ਾਰਾਂ ਕਰੋੜ ਰੁਪਏ ਹਾਸਲ ਕੀਤੇ ਹਨ। ਇਹ ਨੂੰ ਅਰਥ ਸ਼ਸਤਰੀ ਭਾਸ਼ਾ 'ਚ ਕਰੋਨੀ ਪੂੰਜੀਪਤੀ ਭਾਵ ਯਰਾਨਾ ਪੂੰਜੀਪਤੀ ਕਿਹਾ ਜਾਂਦਾ ਹੈ। ਭਾਰਤੀ ਅਰਬਪਤੀਆਂ ਦੀ ਜਿਹੜੀ ਨਵੀਂ ਸੂਚੀ ਜਾਰੀ ਹੋਈ ਹੈ, ਇਸ ਵਿਚ ਇਕ ਤਿਹਾਈ ਨਵੇਂ ਨਾਂ ਸਾਹਮਣੇ ਆਏ ਹਨ। ਭਾਵ ਇਕ ਤਿਹਾਈ ਪੁਰਾਣੇ ਅਰਬਪਤੀਆਂ ਨੂੰ ਪਛਾਣ ਕੇ ਨਵੇਂ ਅਰਬਪਤੀਆਂ ਨੇ ਥਾਂ ਲੈ ਲਈ ਹੈ। ਰਾਜਨੀਤੀ ਵਿਚ ਤਾਂ ਇਹ ਵਰਤਾਰਾ ਹੁੰਦਾ ਹੀ ਹੈ ਅਰਥ ਵਿਵਸਥਾ ਵਿਚ ਇਉਂ ਵਾਪਰਨਾ ਉਨ੍ਹਾਂ ਕਾਰਨਾਂ ਕਰਕੇ ਹੈ, ਜਿਨ੍ਹਾਂ ਨੂੰ ਮੰਡੀ ਦੀ ਅਫਰਾਤਫਰੀ ਵਿਚ ਨੁਕਸਾਨ ਉਠਾਉਣਾ ਪਿਆ ਅਤੇ ਜਿਨ੍ਹਾਂ ਉਤੇ ਮੋਦੀ ਦੀ ਸਵੱਲੀ ਨਜ਼ਰ ਨਹੀਂ ਸੀ, ਦੀ ਪੂੰਜੀ ਦਾ ਆਕਾਰ ਸੁੰਗੜਿਆ। ਖਾਣਾਂ ਦੇ ਲਾਇਸੈਂਸ ਰੱਦ ਹੋਣ, ਮੁਕਾਬਲੇਬਾਜ਼ੀ, ਸਥਾਨਕ ਉਦਯੋਗਪਤੀਆਂ ਦੀ ਵਿਕਰੀ ਵਿਚ ਆਈ ਗਿਰਾਵਟ ਨੇ ਉਨ੍ਹਾਂ ਦੀ ਪੂੰਜੀ ਨੂੰ ਹੇਠਾਂ ਲੈ ਆਂਦਾ ਹੈ। ਜਿਥੋਂ ਤੱਕ ਚੀਨ ਦੇ ਅਰਬਪਤੀਆਂ ਦੀ ਵਧੇਰੇ ਗਿਣਤੀ ਦਾ ਮਾਮਲਾ ਹੈ ਇਸ ਵਿਚ ਔਰਤ ਅਰਬਪਤੀਆਂ ਦੀ ਗਿਣਤੀ ਕਾਫ਼ੀ ਵੱਧ ਹੈ। ਚੀਨ ਦੀਆਂ 163 ਔਰਤਾਂ ਅਰਬਪਤੀਆਂ ਦੀ ਸੂਚੀ ਵਿਚ ਹਨ। ਇਹਦੇ ਮੁਕਾਬਲੇ ਭਾਰਤ ਦੀਆਂ ਸਿਰਫ਼ 14 ਔਰਤਾਂ ਹੀ, ਜਿਹੜੀਆਂ ਸਨਅਤੀ ਖੇਤਰ ਵਿਚ ਸਰਗਰਮ ਹਨ ਅਰਬਪਤੀਆਂ ਦੀ ਸੂਚੀ ਵਿਚ ਹਨ। ਜਿੰਦਲ ਸਮੂਹ ਦੀ ਸਵਿਤਰੀ ਜਿੰਦਲ ਭਾਰਤ ਦੀ ਚੋਟੀ ਦੀ ਔਰਤ ਅਰਬਪਤੀ ਐਲਾਨੀ ਗਈ ਹੈ।

ਹੁਨੂਰ ਰਿਪੋਰਟ ਇੰਡੀਆ ਦੇ ਪ੍ਰਬੰਧਕ ਨਿਰਦੇਸ਼ਕ ਅਤੇ ਮੁੱਖ ਖੋਜਾਰਥੀ ਮਾਨਸ ਰਹਿਮਾਨ ਜੁਨੈਨ ਕਹਿੰਦੇ ਹਨ ਕਿ "ਦੁਨੀਆਂ ਭਰ ਵਿਚ ਅਰਬਪਤੀਆਂ ਦੀ ਗਿਣਤੀ ਪੱਖੋਂ ਭਾਰਤ ਤੀਸਰੇ ਨੰਬਰ ਉਤੇ ਹੈ। ਜਦੋਂ ਕਿ ਸਾਲ 2022 ਤੱਕ ਭਾਰਤ ਦਾ ਸ਼ਕਲ ਘਰੇਲੂ ਉਤਪਾਦ (ਜੀ. ਡੀ. ਪੀ.) ਛੇ ਲੱਖ ਕਰੋੜ ਡਾਲਰ ਤੱਕ ਪਹੁੰਚ ਜਾਵੇਗਾ। ਜਿਸ ਤੋਂ ਇਹ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਭਾਰਤੀ ਅਰਬਪਤੀਆਂ ਦੀ ਗਿਣਤੀ ਮੌਜੂਦਾ ਸਮੇਂ ਨਾਲੋਂ ਦੋ ਗੁਣਾ ਹੋ ਜਾਵੇਗੀ।

ਇਕ ਈ-ਕਾਮਰਸ ਨਾਂ ਦੀ ਕੰਪਨੀ ਈਮੇਜਾਨ ਨੇ ਪਿਛਲੇ ਸਾਲ ਤਿੰਨ ਅਰਬ ਡਾਲਰ ਦਾ ਸ਼ੁੱਧ ਮੁਨਾਫ਼ਾ ਕਮਾਇਆ ਸੀ। ਦੁਨੀਆਂ ਦੇ ਪੱਧਰ ਉਤੇ ਈਮੇਜਨ ਦਾ ਮੁਖੀ ਜੇਫ ਬੇਜਾਸ ਪਹਿਲੀ ਵਾਰ ਸਭ ਤੋਂ ਅਮੀਰ ਅਰਬਪਤੀ ਚੁਣਿਆ ਗਿਆ। 2017 'ਚ ਇਮੇਜਾਨ ਦੇ ਸ਼ੇਅਰਾਂ ਦੀ ਕੀਮਤ 70 ਫੀਸਦੀ ਤੱਕ ਉਤਾਂਹ ਚੜ੍ਹ ਗਈ ਜਿਸ ਨਾਲ ਬੇਜਾਸ ਦੀ ਜਾਇਦਾਦ ਵਿਚ ਬਹੁਤ ਜ਼ਿਆਦਾ ਵਾਧਾ ਹੋਇਆ। ਭਾਰਤੀ ਅਰਬਪਤੀਆਂ ਵਿਚੋਂ 2017 ਵਿਚ ਸਭ ਤੋਂ ਜ਼ਿਆਦਾ ਫਾਇਦਾ ਸੁਪਰ ਸਟੋਰ ਬ੍ਰਾਂਡ 'ਡੀਮਾਰਟ ਦੇ ਮੁਖੀ ਰਾਧਾਕ੍ਰਿਸ਼ਨ ਦਮਾਨੀ ਨੂੰ ਹੋਇਆ ਹੈ। ਡੀ. ਮਾਰਟ ਦਾ ਸੰਚਾਲਨ ਕਰਨ ਵਾਲੀ ਕੰਪਨੀ ਇਵੇਨਯੂ ਸੁਪਰਮਾਰਟ ਦੇ ਚੇਅਰਮੈਨ ਦਮਾਨੀ ਦੀ ਜਾਇਦਾਦ ਵਿਚ ਪਿਛਲੇ ਸਾਲ 445 ਫੀ ਸਦੀ ਦੀ ਜਬਰਦਸਤ ਉਛਾਲ ਵੇਖੀ ਗਈ। ਪਤੰਜਲੀ ਆਯੂਰਵੈਦਿਕ ਦੇ ਕਰਤਾ ਧਰਤਾ ਅਚਾਰੀਆ ਬਾਲਕ੍ਰਿਸ਼ਨ ਦੀ ਸੰਪਤੀ ਵੀ 224 ਫੀਸਦੀ ਵਧੀ ਹੈ। ਫਿਉਚਰ ਰਿਟੇਲ ਦੇ ਕਿਸ਼ੋਰ ਬਿਯਾਨੀ ਨੂੰ ਵੀ ਭਾਰਤੀਆ ਰਿਟੇਲ ਦੇ ਨਾਲ ਇਕਮਿਕ ਹੋਣ ਦੇ ਸੌਦੇ ਪਿਛੋਂ ਫਾਇਦਾ ਪਹੁੰਚਿਆ ਹੈ ਅਤੇ ਉਹ ਇਕ ਵਾਰੀ ਫੇਰ ਭਾਰਤੀ ਅਰਬਪਤੀਆਂ ਦੀ ਕਤਾਰ ਵਿਚ ਮੁੜ ਆਇਆ ਹੈ। ਇਸ ਸੂਚੀ ਵਿਚ 40 ਸਾਲ ਤੋਂ ਘੱਟ ਉਮਰ ਦੇ ਸਵੈ ਬਾਲ ਨਾਲ ਖੜ੍ਹੇ ਹੋਣ ਵਾਲੇ ਅਰਬਪਤੀਆਂ ਵੀ ਥਾਂ ਬਣਾਉਣ ਵਿਚ ਸ਼ਫਲ ਰਹੇ ਹਨ। ਪੀ.ਟੀ.ਐਮ. ਦੇ ਸੰਸਥਾਪਕ ਵਿਜੈ ਸ਼ੇਖਰ ਸ਼ਰਮਾ, ਮੀਡੀਆ, ਨੈਟ ਦੀ ਦਿਵਯਾਂਕ ਤੁਰਖੀਆ ਅਤੇ ਆਊਟਕਮ ਹੈਲਥ ਦੀ ਸ਼ਰਧਾ ਅਗਰਵਾਲ ਨੌਜਵਾਨ ਅਰਬਪਤੀਆਂ ਦੀ ਸੂਚੀ ਵਿਚ ਸ਼ਾਮਲ ਹਨ।



ਕੁਝ ਕੁ ਅਰਬਪਤੀਆਂ ਦਾ ਭਾਰਤ ਵਿਚ ਅਤੇ ਵਿਸ਼ਵ ਵਿਚ ਸਥਾਨ ਇਉਂ ਹਨ :

| ਭਾਰਤ 'ਚ ਸਥਾਨ | ਵਿਸ਼ਵ 'ਚ ਸਥਾਨ | ਨਾਮ | ਕੁੱਲ ਸੰਪਤੀ ਅਰਬਪਤੀਆਂ ਵਿਚ |
|---|---|---|---|
| 4 | 98 | ਸ਼ਿਵ ਨਾਡਰ | 917 |
| 5 | 98 | ਗੌਤਮ ਅਦਾਨੀ | 862 |
| 6 | 127 | ਸਾਈਰਸ ਪੂਨਾਵਾਲਾ | 781 |
| 7 | 127 | ਅਜੀਮ ਪ੍ਰੇਮ ਜੀ | 777 |
| 8 | 127 | ਅਚਾਰੀਆ ਬਾਲਕ੍ਰਿਸ਼ਨ | 765 |
| 9 | 150 | ਉਦੈ ਕੋਟਕ | 699 |
| 10 | 150 | ਸਵਿਤਰੀ ਜਿੰਦਲ ਤੇ ਪਰਿਵਾਰ | 681 |

ਸਰੋਤ http://www.chittorgarh.com/

ਹਾਲਾਂਕਿ ਪਹਿਲੀ ਵਾਰ ਇਸ ਸੂਚੀ ਵਿਚ ਥਾਂ ਬਣਾਉਣ ਵਾਲੇ ਭਾਰਤੀ ਉਦਾਰੀਆਂ ਵਿਚੋਂ ਸਾਈਰਸ ਮਿਸਤਰੀ ਅਤੇ ਸ਼ਾਪੂਰ ਮਿਸਤਰੀ ਸਾਂਝੇ ਰੂਪ ਵਿਚ ਚੋਟੀ ਉਤੇ ਹਨ। ਪਿਤਾ ਪਲੋਨਜੀ ਮਿਸਤਰੀ ਨੇ ਆਪਣੇ ਦੋਹਾਂ ਪੁੱਤਰਾਂ ਸਾਈਰਸ ਅਤੇ ਸ਼ਾਪੂਰ ਦੇ ਵਿਚਕਾਰ ਆਪਣੀ ਪੂਰੀ ਜਾਇਦਾਦ ਨੂੰ ਅੱਧਾ ਅੱਧਾ ਵੰਡ ਦਿੱਤਾ ਹੈ ਜਿਸ ਨਾਲ ਹਰ ਇਕ ਦੇ ਕੋਲ 609-609 ਅਰਬ ਰੁਪਏ ਦੀ ਜਾਇਦਾਦ ਦਾ ਹਿੱਸਾ ਆਇਆ ਹੈ। ਜੇ ਦੋਹਾਂ ਭਰਾਵਾਂ ਦੀ ਜਾਇਦਾਦ ਇਕ ਥਾਂ ਜੋੜ ਕੇ ਵੇਖੀਏ ਤਾਂ ਮੁਕੇਸ਼ ਅੰਬਾਨੀ ਤੋਂ ਪਿਛੋਂ ਇਹ ਦੂਸਰੇ ਨੰਬਰ ਦੇ ਅਮੀਰ ਭਾਰਤੀ ਹੋਣਗੇ।

ਭਾਰਤੀ ਅਰਬਪਤੀਆਂ 'ਚੋਂ ਸਭ ਤੋਂ ਜ਼ਿਆਦਾ ਲਗਭਗ 20 ਸਨਅਤੀ ਸਰਮਾਏਦਾਰ ਫਾਰਮਾਸਯੂਟਿਕਲ ਖੇਤਰ ਨਾਲ ਸਬੰਧਤ ਹਨ। ਇਸ ਤੋਂ ਪਿਛੋਂ ਟੈਕਨਾਲੋਜੀ, ਮੀਡੀਆ, ਦੂਰਸੰਚਾਰ ਅਤੇ ਆਟੋ ਅਤੇ ਆਟੋ ਉਪਕਰਨ ਖੇਤਰ ਵਿਚ ਲੱਗੇ ਕਾਰੋਬਾਰੀਆਂ ਨੇ ਕਾਫ਼ੀ ਪੂੰਜੀ ਇਕੱਠੀ ਕੀਤੀ ਹੈ ਅਤੇ ਅਰਬਪਤੀਆਂ 'ਚ ਸ਼ਾਮਲ ਹੋਣ ਲਈ ਉਨ੍ਹਾਂ ਨੂੰ ਇਹ ਖੇਤਰ ਮੰਡੀ ਦੇ ਲਿਹਾਜ ਨਾਲ ਮੁਆਫਕ ਸਾਬਤ ਹੋਏ ਹਨ। ਇਸ ਤੋਂ ਬਿਨਾਂ ਰੋਜ਼ਮਰਾਂ ਦੀਆਂ ਖਪਤ ਵਾਲੀਆਂ ਵਸਤਾਂ, ਬਣਾਉਣ ਵਾਲੀਆਂ ਕੰਪਨੀਆਂ ਦੇ ਮਾਲਕ ਵੀ ਇਸ ਸੂਚੀ ਵਿਚ ਸ਼ਾਮਲ ਹੋਏ ਹਨ।

ਯਾਦ ਰਹੇ ਹੁਨੂਰ ਦੀ ਵਿਸ਼ਵੀ ਅਮੀਰਾਂ ਦੀ ਸੂਚੀ 2018 ਵਿਚ 68 ਦੇਸ਼ਾਂ ਦੇ 2694 ਅਰਬਪਤੀਆਂ ਦੇ ਨਾਂ ਸ਼ਾਮਲ ਹਨ। ਜੇ ਇਨ੍ਹਾਂ ਸਾਰੇ ਧਨਕੁਬੇਰਾਂ ਭਾਵ ਅਰਬਪਤੀਆਂ ਦੀ ਕੁੱਲ ਸੰਪਤੀ ਨੂੰ ਜੋੜ ਲਈਏ ਤਾਂ ਉਹ 2017 ਵਿਚ 31ਫੀ ਸਦੀ ਵਧ ਕੇ 10.5 ਲੱਖ ਕਰੋੜ ਡਾਲਰ ਤੱਕ ਪਹੁੰਚ ਗਈ ਹੈ। ਇਹ ਰਾਸ਼ੀ ਦੁਨੀਆਂ ਦੀ ਜੀ.ਡੀ.ਪੀ. ਦੀ 13.2 ਫੀਸਦੀ ਦੇ ਬਰਾਬਰ ਹੈ ਜਦੋਂ ਕਿ ਛੇ ਸਾਲ ਪਹਿਲਾਂ ਦੇ ਸਭ ਤੋਂ ਜ਼ਿਆਦਾ ਅਮੀਰ ਲੋਕਾਂ ਦੀ ਕੁੱਲ ਸੰਪਤੀ ਵਿਸ਼ਵੀ ਜੀ.ਡੀ.ਪੀ. ਦੀ ਛੇ ਫੀਸਦੀ ਹੀ ਸੀ।

ਹੁਨੂਰ ਵਿਸ਼ਵੀ ਅਮੀਰਾਂ ਦੀ ਸੂਚੀ ਦੀ ਸ਼ੁਰੂਆਤ ਕਰਨ ਵਾਲੇ ਰੂਪਰਟ ਹੂਗਵਰਫ ਕਹਿੰਦੇ ਹਨ, "ਕਿ ਇਸ ਤੋਂ ਪਹਿਲਾਂ ਕਦੇ ਵੀ ਗਿਣੇ ਚੁਣੇ ਲੋਕਾਂ ਦੇ ਹੱਥ ਵਿਚ ਰਚੀ ਵੀ ਸੰਪਤੀ ਦਾ ਕੇਂਕਰੀਕਰਨ ਭਾਵ ਪੂੰਜੀ ਦਾ ਕੇਂਦਰੀਕਰਨ ਐਨਾ ਜ਼ਿਆਦਾ ਨਹੀਂ ਰਿਹਾ, ਚੀਨ 'ਚ ਤੇਜ਼ੀ ਆਉਣ ਪ੍ਰਮੁੱਖ ਮੁਦਰਾਵਾਂ (ਕਰੰਸੀਆਂ) ਦੇ ਮੁਕਾਬਲੇ ਡਾਲਰ ਦੇ ਕਮਜ਼ੋਰ ਪੈਣ ਅਤੇ ਨੈਸਡੇਕ ਵਿਚ 26 ਫੀਸਦੀ ਉਛਾਲ ਆਉਣ ਨਾਲ ਦੁਨੀਆਂ ਭਰ ਵਿਚ ਅਰਬਪਤੀਆਂ ਦੀ ਗਿਣਤੀ ਵਧੀ ਹੈ। ਹੂਗਵਰਫ ਦਾ ਕਹਿਣਾ ਹੈ ਕਿ 2017 ਵਿਚ ਵਿਸ਼ਵੀ ਆਰਥਿਥ ਵਿਕਾਸ ਦੀ ਦਰ ਮਹਿਜ਼ ਤਿੰਨ ਫੀਸਦੀ ਹੀ ਰਹੀ ਸੀ, ਜਿਹੜੀ 2011 ਤੋਂ ਪਿਛੋਂ ਸਭ ਤੋਂ ਜ਼ਿਆਦਾ ਹੇਠਲੇ ਪੱਧਰ ਦੀ ਹੈ। ਖਪਤਕਾਰੀ ਕਲਚਰ ਪੈਦਾ ਕਰਨ ਵਿਚ ਕਾਰਪੋਰੇਟੀ ਪੂੰਜੀ ਨੇ ਜਿਹੜੀ ਭੂਮਿਕਾ ਨਿਭਾਈ, ਇਹ ਉਸੇ ਦਾ ਸਿੱਟਾ ਹੀ ਹੈ, ਪੂੰਜੀਪਤੀਆਂ ਨੇ ਮੰਡੀ ਦੇ ਵਿਸਥਾਰ 'ਚੋਂ ਅਥਾਹ ਪੂੰਜੀ ਕਮਾਈ ਅਤੇ ਦੁਨੀਆਂ ਭਰ 'ਚ ਅਰਬਪਤੀਆਂ ਦੀ ਗਿਣਤੀ ਵਧੀ। ਭਾਰਤ ਵਿਚ ਅਰਬਪਤੀਆਂ ਦੀ ਗਿਣਤੀ ਜਿਹੜਾ ਅਥਾਹ ਵਾਧਾ ਹੋਇਆ ਹੈ। ਇਹ ਜ਼ਾਹਿਰ ਕਰਦਾ ਹੈ ਕਿ ਭਾਰਤੀ ਰਾਜ ਨੰਗਾ ਚਿੱਟਾ ਪੂੰਜੀ ਦੇ ਕੁਝ ਹੱਥਾਂ 'ਚ ਕੇਂਦਰੀਕਰਨ ਦੀ ਭੂਮਿਕਾ ਨਿਭਾ ਰਿਹਾ ਹੈ।

# Toll Lanes on Hwy 410 and 427- people of Brampton are absolutely stunned


Finance Minister Charles Sousa announced in May 2013 provincial budget that high occupancy vehicle toll lanes will more than double around the region— including possibly Hwy. 410.

Sousa said HOT lanes could raise between $200 million and $300 million. An earlier report on revenue tools for Metroline suggested they could raise $250 annually by 2020. Revenue for existing HOV lanes is about $25 million annually.

The flaw in Ontario with the population expected to grow significantly in the next 20 years, there won't be enough lane space in the HOV lanes to make them attractive.

Ontario NDP Leader Andrea Horwath disparaged the HOT lanes as "Lexus lanes" available only to those who can afford to pay. "The one thing (in the budget) that's supposed to be about transit isn't really about transit. It discourages people from taking transit and it creates Lexus lanes in the province," she said.

But Sousa says HOT lanes are about offering transportation alternatives. "We want to be able



to offer choice to those who choose to use them and pay for them," he said.

"The people of Brampton are being absolutely stunned," as this lane on 410 and 427 going to be open any time sooner and "It's not right." Hwy. 410 is already jammed solid in rush hour.

The Ontario government is telling people who wants to reach at their destination within limited time are facing problems. With the addition of a toll lane, many commuters will not be able to use that lane because of the fees being implement. This will lead to less traffic in the toll lane and heavy traffic in the other lanes, therefore eliminating a progress made by widening the highways. Taxes are collected from the residents to help fix our roads and widen highways when needed; recently an 8% increase on gasoline was implemented, but the government is creating new ways to take hard-earned money from public.

Where does all the money go? The population is increasing; more people are paying the taxes, why is the government looking for even more ways to take from its people said Kuldip Boparai who is planning to start petition to fight its public right? We are sending letters to Queens Park and all the area MPP's, Mayor and Councils said Harbans Singh who is a partner with Boparai , they requesting everyone to call and write to your councils , MPP's , Mayor to put a cap on this toll lane.

Recently, the Federal government gave billions of dollars to the Ontario government for the upgrading of the transportation infrastructure. Why are Brampton area federal members (MP) not asking the Ontario government to help with widening of both highway 410 and 427; why are the residents of Ontario still paying on top of their already high taxes for the widening of the highway Boparai added.

We are strongly opposing the planned toll on Highways 427 and 410 and we are not willing to let it go easily. Once the government implements this toll, there is no telling what else can be tolled. Hospital Emergency Services? Will people who can afford tolls get better services than ones will who cannot said Harbans Singh?

We are not in a position to use the heavily tolled Highway 407, even though the highway goes through Brampton. If it was more affordable to residents of the GTA, traffic could easily be lowered on our highways and streets.

When this new toll takes effect, we will not be in a position to use the extra lane the government has made to alleviate the traffic congestion, which brings us back to the traffic position we are in today.

**- Surjit Singh Flora**

# ਮੇਰਾ ਮੋਗਾ ਜਿੱਥੇ ਐਬੂਲੈਂਸ ਨੂੰ ਵੀ ਨਹੀਂ ਮਿਲਦਾ ਰਾਹ




ਬੇਅੰਤ ਕੌਰ ਗਿੱਲ ਮੋਗਾ
94656-06210

ਸੜਕਾਂ ਤੋਂ ਪਗਡੰਡੀਆਂ 'ਤੇ ਪਹੁੰਚਿਆ ਮੇਰਾ ਮੋਗਾ ਸ਼ਹਿਰ ਅਕਸਰ ਹੀ ਚਰਚਾ ਦਾ ਵਿਸ਼ਾ ਬਣਿਆ ਰਹਿੰਦਾ ਹੈ। ਨਿੱਤ ਦਿਨ ਹੁੰਦੀਆਂ ਲੁੱਟਾਂ-ਖੋਹਾਂ,ਕਦੇ ਰਿਸ਼ਵਤਾਂ ਕਦੇ ਭਰੂਣ ਹੱਤਿਆ ਦੇ ਕੇਸਾਂ, ਕਦੇ ਪ੍ਰਾਈਵੇਟ ਤੇ ਕਦੇ ਸਰਕਾਰੀ ਹਸਪਤਾਲਾਂ ਵਿੱਚ ਤੜਫਦੇ ਮਰੀਜ਼ਾਂ ਤੇ ਕਦੇ ਨਸ਼ਿਆਂ ਦੀ ਗ੍ਰਿਫਤ ਵਿੱਚ ਆਏ ਪਿੰਡਾਂ ਦੇ ਪਿੰਡ, ਕਦੇ ਪ੍ਰਾਈਵੇਟ ਸਕੂਲਾਂ ਵਿੱਚ ਹੁੰਦੀ ਲੁੱਟ ਅਤੇ ਕਦੇ ਆਪਣਿਆਂ ਹੱਥੋਂ ਲੁੱਟੇ ਆਪਣਿਆਂ ਕਰਕੇ, ਕਦੇ ਬਜੁਰਗਾਂ ਦੀਆਂ ਪੱਗਾਂ ਰੋਲਣ ਕਰਕੇ, ਕਦੇ ਵਿਖਾਵੇ ਦੇ ਧਰਮੀ ਲੋਕਾਂ ਵੱਲੋਂ ਸਾੜੀਆਂ ਰੇਲਾਂ ਕਰਕੇ ਬਹੁਤ ਲੰਬੀ ਹੈ ਮੇਰੇ ਮੋਗੇ ਦੀ ਚਰਚਾ ਦੀ ਕਹਾਣੀ। ਹਾਂ ਕਦੇ-ਕਦੇ ਜਦੋਂ ਕੋਈ ਹਰਮਨ ਜਿੱਤਦੀ ਹੈ ਤਾਂ ਹਲਕੀ ਜਿਹੀ ਮਲ੍ਹਮ ਲੱਗੀ ਮਹਿਸੂਸ ਹੁੰਦੀ ਹੈ ਜ਼ਖ਼ਮਾਂ ਤੇ। ਮੇਰੇ ਮੋਗੇ ਦੀ ਇੱਕੋ ਇੱਕ ਮੁੱਖ ਸੜਕ ਜਿਹੜੀ ਬਾਹਰਲੇ ਲੋਕਾਂ ਨੂੰ ਸਿਵਲ ਹਸਪਤਾਲ ਵਿੱਚ ਲਿਜਾਣ ਵਿੱਚ ਮਦਦ ਕਰਦੀ ਹੈ ਅਕਸਰ ਹੀ ਉਸ ਸੜਕ ਦੀ ਗੋਦ ਵਿੱਚ ਮਰੀਜ਼ ਦਮ ਤੋੜ ਦਿੰਦੇ ਹਨ ਕਿਉਂਕਿ ਐਬੂਲੈਂਸ ਨੂੰ ਰਸਤਾ ਨਹੀਂ ਮਿਲਦਾ ਉਹ ਇਸ ਲਈ ਕਿਉਂਕਿ ਮੇਰੇ ਮੋਗੇ ਦੇ ਲੋਕ ਏਨੇ ਕਾਮੇ ਹਨ ਕਿ ਉਹਨਾਂ ਨੂੰ ਛੋਟੀ ਕੰਮਾਂ ਕਾਜਾਂ ਤੇ ਜਾਣਾ ਹੁੰਦਾ ਹੈ। ਇੱਕ ਹੱਥ ਨਾਲ ਡਰਾਈਵ ਕਰਦਿਆਂ ਤੇ ਦੂਸਰੇ ਕੰਨ ਨੂੰ ਮੋਬਾਈਲ ਲਗਾਇਆ ਤੁਸੀਂ ਉਹਨਾਂ ਨੂੰ ਅਕਸਰ ਰੁੱਝੇ ਹੋਏ ਅਤੇ ਛੋਟੀ ਕੰਮ ਤੇ ਜਾਣ ਦਾ ਪ੍ਰਭਾਵ ਪਾਉਂਦਿਆਂ ਦੇਖੋਗੇ। ਕਦੋਂ ਕੋਈ ਵੱਡੀ ਗੱਡੀ ਵਾਲਾ ਤੁਹਾਡੇ ਵੱਲ ਏਦਾਂ ਆ ਰਿਹਾ ਹੁੰਦਾ ਜਿਵੇਂ ਰੇਲ ਦੀ ਪਟੜੀ ਤੇ ਸਿਰਫ ਰੇਲ ਦਾ ਹੀ ਹੱਕ ਹੋਵੇ। ਉਹ ਇਹ ਵੀ ਭੁੱਲ ਜਾਂਦਾ ਹੈ ਕਿ ਇਹ ਸਾਈਡ ਸਾਹਮਣੇ ਤੋਂ ਆ ਰਹੇ ਵਹੀਕਲ ਦੀ ਹੈ। ਏਦਾਂ ਮਹਿਸੂਸ ਹੁੰਦਾ ਜਿਵੇਂ ਸਾਹਮਣੇ ਤੋਂ ਆ ਰਹੀ ਤੇਜ਼ ਰਫ਼ਤਾਰ ਗੱਡੀ ਜਿਵੇਂ ਕਹਿ ਰਹੀ ਹੋਵੇ "ਪਾਸੇ ਹੋ ਜੋ ਵੇ ਲੋਕੋ ਨਹੀਂ ਤਾਂ ਮਾਰ ਮੁਕਾਊਂ"। ਬੰਦ ਹੋਏ ਫਾਟਕਾਂ ਤੋਂ ਵੀ ਤੁਹਾਨੂੰ ਆਵਾਜਾਈ ਗੁਜਰਦੀ ਨਜਰ ਆਵੇਗੀ। ਕਿਉਂਕਿ ਮੇਰੇ ਮੋਗੇ ਸ਼ਹਿਰ ਦੇ ਲੋਕ ਬਹੁਤ ਕਾਮੇ ਹਨ। ਹਾਂ ਬਸ ਫਾਟਕ ਵਾਲਾ ਹੀ ਵਿਹਲਾ ਲੱਗਦਾ ਹੈ ਜਿਹੜਾ ਫਾਟਕ ਲਗਾ ਚੁੱਪ-ਚਾਪ ਲੋਕਾਂ ਨੂੰ ਦੇਖਦਾ ਹੈ। ਸ਼ਾਇਦ ਉਹ ਆਪਣੇ ਅਸੂਲਾਂ ਦਾ ਵੀ ਬਹੁਤ ਪੱਕਾ ਹੈ ਜੇ ਅਜਿਹਾ ਨਾ ਹੁੰਦਾ ਤਾਂ ਮੇਰੇ ਸ਼ਹਿਰ ਵਿੱਚੋਂ ਕਦੇ ਵੀ ਟਰੇਨ ਨਾ ਗੁਜਰ ਸਕਦੀ। ਮੇਨ ਸੜਕ ਤੇ ਜਾਂਦਿਆਂ ਵੀ ਸਿਰਫ ਤੁਹਾਨੂੰ ਹੀ ਖਿਆਲ ਰੱਖਣਾ ਪੈਂਦਾ ਹੈ ਕਿ ਛੋਟੀਆਂ ਸੜਕਾਂ ਤੋਂ ਕਾਰ ਜਾਂ ਸਕੂਟਰ ਆ ਕੇ ਤੁਹਾਡੇ ਵਹੀਕਲ ਦੀ ਸਾਈਡ ਨਾਲ ਨਾ ਟਕਰਾ ਜਾਵੇ ਕਿਉਂਕਿ ਏਥੇ ਲਾਈਸੰਸ ਉਹਨਾਂ ਲੋਕਾਂ ਕੋਲੇ ਹਨ ਜਿਨ੍ਹਾਂ ਨੂੰ ਟਰੈਫਿਕ ਨਿਯਮ ਵੀ ਪਤਾ ਨਹੀਂ। ਕੈਂਪ ਮਾਰਕੀਟ ਅਤੇ ਕਬਾੜੀਆ ਮਾਰਕੀਟ ਦੀ ਟੌਹਰ ਵੀ ਕੋਈ ਘੱਟ ਨਹੀਂ ਹੈ ਇਹੀ ਤਾਂ ਦੋ ਮਾਰਕੀਟਾਂ ਹਨ ਜਿਨ੍ਹਾਂ ਕਰਕੇ ਅਕਾਲਸਰ ਰੋਡ ਤੇ ਸਭ ਤੋਂ ਜਿਆਦਾ ਜਾਮ ਲੱਗਦਾ ਹੈ ਕਦੇ ਮੈਨੂੰ ਵੀ ਇਸ ਮਾਰਕੀਟ ਵਿਚੋਂ ਲੰਘਣਾ ਬਹੁਤ ਪਸੰਦ ਸੀ ਕਿਉਂਕਿ ਤੁਹਾਨੂੰ ਮਿਹਨਤੀ ਲੋਕ ਸਿਰਫ ਕਬਾੜੀਆ ਮਾਰਕੀਟ ਵਿੱਚ ਹੀ ਨਜਰ ਆਉਣਗੇ ਜਿਨ੍ਹਾਂ ਦੇ ਹੱਥ, ਮੂੰਹ ਤੇ ਕੱਪੜੇ ਕੰਮ ਕਰਦਿਆਂ ਕਾਲੇ ਹੋਏ ਹੁੰਦੇ ਹਨ। ਹੁਣ ਮੈਨੂੰ ਕਬਾੜੀਆ ਬਜ਼ਾਰ ਵਿੱਚੋਂ ਲੰਘਣਾ ਚੰਗਾ ਨਹੀਂ ਲੱਗਦਾ ਕਿਉਂਕਿ ਇੱਥੇ ਖੜੀ ਪੁਰਾਣੀ ਵਣਜਾਰਿਆਂ ਦੀ ਗੱਡੀ ਹੁਣ ਕਬਾੜ ਵਿੱਚ ਵਿਕ ਚੁੱਕੀ ਹੈ। ਜਿਹੜੀ ਮੈਨੂੰ ਵਣਜਾਰਨ ਕੁੜੀ ਦੀ ਯਾਦ ਦਿਵਾਉਂਦੀ ਸੀ। ਉਸ ਵਣਜਾਰਨ ਕੁੜੀ ਦੀ ਜਿਸਦੀ ਠੋਡੀ ਤੇ ਖੁਣਿਆ ਚੰਦ ਤੇ ਗੋਲੀ ਵਰਗੀਆਂ ਪਿੰਚਣੀਆਂ ਵਿੱਚ ਪਾਏ ਮੋਟੇ ਚਾਂਦੀ ਦੇ ਕੜੇ ਦੇਖ ਮੈਂ ਸਾਹ ਰੋਕ ਉਸਦੇ ਹੁਸਨ ਨੂੰ ਤੱਕਣ ਲੱਗਦੀ ਸੀ। ਵੈਸੇ ਵੀ ਕਬਾੜੀਆ ਬਜ਼ਾਰ ਤੋਂ ਸ਼ਹਿਰ ਵੱਲ ਜਾਦਿਆਂ ਮਜਿਸਟਕ ਰੋਡ ਦਾ ਜਾਮ ਹੁਣ ਝੱਲਿਆ ਨਹੀਂ ਜਾਂਦਾ। ਲੋਕ ਗੱਡੀਆਂ ਅੱਗੇ ਪਿੱਛੇ ਕਰਨ ਦੀ ਬਜਾਏ ਆਪਸ ਵਿੱਚ ਲੜ ਕੇ ਟਰੈਫਿਕ ਜਾਮ ਦਾ ਗੁੱਸਾ ਕੱਢਦੇ ਹਨ। ਵਿਦੇਸ਼ੀ ਲੋਕਾਂ ਲਈ ਬਾਘ (ਬਾਗ) ਗਲੀ ਵਰਗਾ ਨਜਾਰਾ ਹੋਰ ਕਿੱਥੇ ਮਿਲ ਸਕਦਾ ਭਲਾ? ਕਿਉਂਕਿ ਉਹਨਾਂ



ਨੇ ਮਿਹਨਤ ਨਾਲ ਕਮਾਏ ਆਪਣੇ ਡਾਲਰ ਵੀ ਤਾਂ ਖਰਚਣੇ ਹੁੰਦੇ ਹਨ। ਜੇ ਇਹ ਵਿਦੇਸ਼ੀ ਲੋਕ ਕੈਂਪ ਮਾਰਕੀਟ ਆ ਜਾਣਗੇ ਤਾਂ ਔਥੇ ਡਾਲਰਾਂ ਵਿੱਚ ਹੀ ਬੈਗ ਭਰ-ਭਰ ਕੇ ਲੈ ਜਾਣਗੇ। ਪਰ ਹਾਂ ਕੈਂਪ ਮਾਰਕੀਟ ਦੀਆਂ ਸਾਰੀਆਂ ਦੁਕਾਨਾਂ ਦੇ ਲੋਕ ਤੁਹਾਡਾ ਭਰੋਸਾ ਬਣਿਆ ਨਹੀਂ ਰੱਖ ਸਕਦੇ ਤੁਹਾਨੂੰ ਖਰੇ ਅਤੇ ਖੋਟੇ ਦੀ ਪਹਿਚਾਣ ਜਰੂਰ ਹੋਣੀ ਚਾਹੀਦੀ ਹੈ। ਕਦੇ ਐਮਰਜੈਂਸੀ ਹੋਵੇ ਤਾਂ ਐਬੂਲੈਂਸ ਦੀ ਜਗ੍ਹਾ ਕਿਸੇ ਲੀਡਰ ਦੀ ਗੱਡੀ ਵਰਤਣੀ, ਕਿਉਂਕਿ ਮੇਰੇ ਸ਼ਹਿਰ ਦੇ ਲੋਕ ਐਬੂਲੈਂਸ ਨੂੰ ਰਾਹ ਨਹੀਂ ਦਿੰਦੇ। ਸਗੋਂ ਏਦਾਂ ਘੂਰਦੇ ਆ ਜਿਵੇਂ ਕਹਿ ਰਹੇ ਹੋਣ ਕਿ ਯਾਰ ਇਹ ਸਾਇਰਨ ਬੰਦ ਕਰ ਸਾਨੂੰ ਫੋਨ ਸੁਣਨ ਵਿੱਚ ਵਿਘਨ ਪਾ ਰਿਹਾ ਹੈ। ਮੁੱਖ ਸੜਕ ਦੇ ਦੁਕਾਨਦਾਰ ਵੀ ਹੁਣ ਤਾਂ ਪੱਥਰਾਂ ਵਰਗੇ ਹੋ ਗਏ ਹਨ ਤਾਂ ਹੀ ਤਾਂ ਉਹ ਟਰੈਫਿਕ ਵਿੱਚੋਂ ਐਬੂਲੈਂਸ ਕਢਵਾਉਣ ਵਿੱਚ ਮਦਦ ਨਹੀਂ ਕਰਦੇ ਜਾਂ ਫਿਰ ਉਹਨਾਂ ਨੂੰ ਪਤਾ ਹੈ ਕਿ ਇੱਥੋਂ ਨਿਕਲ ਗਿਆ ਤਾਂ ਅੱਗੇ ਫਸ ਜਾਊ ਮਰੀਜ਼ ਨੇ ਬਚਣਾ ਤਾਂ ਹੈ ਨਹੀਂ ਜਾਂ ਫਿਰ ਉਹ ਇਹ ਸੋਚਦੇ ਹੋਣਗੇ ਕਿ ਐਵੇਂ ਰੈਫਰ ਕੀਤੇ ਮਰੀਜ਼ ਦੇ ਪੈਸੇ ਨਾ ਵਿਗੜਨ ਕਿਉਂਕਿ ਡਾਕਟਰਾਂ ਨੇ ਵੀ ਮਰੀਜ਼ਾਂ ਨੂੰ ਲਾਸਟ ਸਟੇਜ ਤੇ ਹੀ ਰੈਫਰ ਕੀਤਾ ਹੁੰਦਾ ਹੈ। ਥੋੜਾ ਜਿਹਾ ਵੀ ਮੀਂਹ ਪਵੇ ਤਾਂ ਕਦੇ ਮੇਰੇ ਮੋਗੇ ਸ਼ਹਿਰ ਨਾ ਆਉਣਾ ਕਿਉਂਕਿ ਇੱਥੇ ਹੱਡੀਆਂ ਦਾ ਇਲਾਜ ਵੀ ਬੜਾ ਮਹਿੰਗਾ ਹੈ, ਬਸ ਤੁਹਾਡੀ ਜਾਨ ਹੀ ਸਸਤੀ ਹੈ। ਐਕਸੀਡੈਂਟ ਹੋਇਆ ਵਿਅਕਤੀ ਵੀ ਸੜਕ ਤੇ ਹੀ ਦਮ ਤੋੜ ਦਿੰਦਾ ਹੈ ਕਿਉਂਕਿ ਮੇਰੇ ਸ਼ਹਿਰ ਦੀ ਪੁਲਿਸ ਕਦੇ ਸੰਜੀਦਾ ਥਾਵਾਂ ਤੇ ਨਹੀਂ ਪਹੁੰਚਦੀ। ਐਮਰਜੈਂਸੀ ਵਾਲੀ ਜਗ੍ਹਾ ਤੇ ਤਾਂ ਮਸੀਂ ਹੀ ਪਹੁੰਚਦੀ ਹੈ। ਸਿਵਲ ਹਸਪਤਾਲ ਵਾਲੀ ਮੁੱਖ ਸੜਕ ਤੇ ਹਰ ਅੱਧੇ ਘੰਟੇ ਬਾਅਦ ਵੱਜਦੇ ਐਬੂਲੈਂਸ ਦੇ ਸਾਈਰਨ ਤੇ ਮਰੀਜ਼ ਤੜਫ-ਤੜਫ ਕੇ ਤੋੜ ਦਿੰਦੇ ਹਨ ਦਮ ਪਰ ਟਰੈਫਿਕ ਪੁਲਿਸ ਕਦੇ ਨਹੀਂ ਦੇਖੀ,ਤੇ ਨਾਂ ਹੀ ਕਦੇ ਵੋਟਾਂ ਦੇ ਮੌਸਮ ਵਾਂਗ ਦੇਖਿਆ ਹੈ ਕਿ ਕਿਸੇ ਆਗੂ ਦੇ ਪੋਸਟਰ ਲੱਗੇ ਹੋਣ। ਜਿਨ੍ਹਾਂ ਤੇ ਲਿਖਿਆ ਹੋਵੇ ਕਿ 'ਐਬੂਲੈਂਸ ਨੂੰ ਪਹਿਲਾਂ ਜਾਣ ਦਿਉ'। ਸਵੱਛ ਭਾਰਤ ਦਾ ਹਿੱਸਾ ਮੇਰਾ ਮੋਗਾ ਜਿੱਥੇ ਦੀਆਂ ਅਖ਼ਬਾਰਾਂ 'ਤੇ ਡੀ. ਸੀ ਤੋਂ ਲੈ ਕੇ ਜਮਾਂਦਾਰਾਂ ਤੱਕ ਨੇ ਮੋਗੇ ਨੂੰ ਸਾਫ ਰੱਖਣ ਦੀਆਂ ਸੌਂਹਾਂ ਖਾਧੀਆਂ। ਪਰ ਕੂੜੇ ਦੇ ਢੇਰ ਸਭ ਤੋਂ ਜਿਆਦਾ ਮੋਗੇ ਵਿੱਚ ਹੀ ਨਜ਼ਰੀਂ ਪੈਣਗੇ ਸ਼ਾਇਦ ਤੁਹਾਨੂੰ ਪਤਾ ਨਹੀਂ ਕਿ ਮੋਗੇ ਵਿੱਚ ਹੈਲਥ ਐਡਵਾਈਜਰ ਵੀ ਹਨ। ਹੈਲਥ ਸੁਧਾਰ ਟੀਮਾਂ ਵੀ ਹਨ ਜਿਹੜੀਆਂ ਮਲੇਰੀਆ ਜਾਂ ਡੇਂਗੂ ਹੋਣ ਤੋਂ ਬਾਅਦ ਹੀ ਹਰਕਤ ਵਿੱਚ ਆਉਦੀਆਂ ਹਨ। ਮੇਰੇ ਸ਼ਹਿਰ ਦੇ ਬਹੁਤੇ ਕੰਮ ਤਾਂ ਕਮਿਸ਼ਨ ਤੇ ਹੀ ਹੁੰਦੇ ਹਨ। ਜੇ ਅਜਿਹਾ ਨਾ ਹੁੰਦਾ ਤਾਂ ਮੇਰੇ ਸ਼ਹਿਰ ਦੀਆਂ ਗਰੀਬ ਬਸਤੀਆਂ ਵੀ ਅੱਜ ਖੁਸ਼ਹਾਲ ਹੁੰਦੀਆਂ ਮੇਰੇ ਸ਼ਹਿਰ ਦੇ ਸਿਵਲ ਹਸਪਤਾਲ ਵਿੱਚ ਤਾਂ ਤੁਹਾਨੂੰ ਅਜਿਹੇ ਡਾਕਟਰ ਵੀ ਮਿਲਣਗੇ ਜਿਨ੍ਹਾਂ ਨੂੰ ਖੁਦ ਵੀ ਸਿਵਲ ਹਸਪਤਾਲ ਦੀ ਲੈਬ ਵਿੱਚ ਹੁੰਦੇ ਟੈਸਟ ਗਲਤ ਲੱਗਦੇ ਹਨ ਕਿਉਂਕਿ ਉਨ੍ਹਾਂ ਨੂੰ ਕਮਿਸ਼ਨ ਸਿਰਫ ਬਾਹਰੀ ਲੈਬਾਂ ਹੀ ਦਿੰਦੀਆਂ ਹਨ ਤੇ ਘੱਟ ਨਹੀਂ ਹੈ ਮੇਰੇ ਸ਼ਹਿਰ ਦਾ ਮਾਣ ਵਧਾਉਂਦੀ ਸਤਲੁਜ, ਬਿਆਸ, ਰਾਵੀ, ਜੇਹਲਮ ਦੇ ਨਾਮ ਤੇ ਬਣੀ ਬਿਲਡਿੰਗ (ਮਿੰਨੀ ਸਕੱਤਰੇਤ) ਪਰ ਉਚੀ ਦੁਕਾਨ ਤੇ ਫਿੱਕੇ ਪਕਵਾਨ ਵਾਂਗ ਤੁਹਾਡੀ ਕਦਰ ਕੁੱਤੇ ਜਿੰਨੀ ਵੀ ਨਹੀਂ ਪਵੇਗੀ ਕਿਉਂਕਿ ਕੁੱਤੇ ਦੇ ਤਾਂ ਵੱਢਣ ਦਾ ਡਰ ਹੁੰਦਾ ਹੈ ਤੇ ਕੋਈ ਗਰੀਬ ਵਿਚਾਰਾਂ ਇਹਨਾਂ ਅਫਸਰਾਂ ਦਾ ਕੀ ਵਿਗਾੜ ਲਊ। ਸਗੋਂ ਮਾਣਹਾਨੀ ਦਾ ਕੇਸ ਹੋ ਜਾਊ ਤੁਹਾਡੇ ਤੇ। ਤਾਂ ਹੀ ਤਾਂ ਅੱਜ ਤੱਕ ਅਸੀਂ ਨਹੀਂ ਬੋਲੇ ਕਿਉਂਕਿ ਏਥੇ ਅਫਸਰਸ਼ਾਹੀ ਬੋਲਦੀ ਹੈ। ਅਸੀਂ ਗੂੰਗੇ ਬਣ ਗਏ ਹਾਂ ਕਿਉਂਕਿ ਅਫਸਰਸ਼ਾਹੀ ਬੋਲੀ ਹੈ ਹਾਂ ਕਦੇ-ਕਦੇ ਕੋਈ ਤਹਿਸੀਲਦਾਰ ਲਖਵਿੰਦਰ ਸਿੰਘ ਤੁਹਾਨੂੰ ਅਫਸਰ ਦੀ ਕੁਰਸੀ ਛੱਡ ਸੇਵਾਦਾਰ ਦੇ ਕੰਮ ਕਰਦਿਆਂ ਵੀ ਨਜ਼ਰ ਆਵੇਗਾ। ਪਰਵਾਸੀ ਲੋਕਾਂ ਦੀ ਖਰੀਦੋ-ਫਰੋਖ਼ਤ ਦਾ ਮਨਪਸੰਦ ਸ਼ਹਿਰ ਉਹਨਾਂ ਦੇ ਪਰਸਾਂ ਦੀ ਰਾਖੀ ਕਰਨ ਤੋਂ ਅਸਮਰੱਥ ਰਹਿੰਦਾ ਹੈ। ਇੱਥੇ ਧਾਰਮਿਕ ਕੱਟੜਤਾ ਕਰਕੇ ਬਹੁਤ ਕੁਝ ਅਣਸੁਖਾਵਾਂ ਵੀ ਮਿਲਦਾ ਹੈ ਪਰ ਨਗਰ ਕੀਰਤਨਾਂ ਮੌਕੇ ਦੂਸਰੇ ਧਰਮਾਂ ਵੱਲੋਂ ਨਿਭਾਈਆਂ ਸੇਵਾਵਾਂ ਮਨ-ਮੋਹ ਲੈਂਦੀਆਂ ਹਨ। ਬਹੁਤ ਸਾਰੀਆਂ ਅਰਧ ਸਰਕਾਰੀ ਸੰਸਥਾਵਾਂ ਤੇ ਗੈਰ ਸਰਕਾਰੀ ਸੰਸਥਾਵਾਂ ਵੀ ਹਨ ਜੋ ਲੋੜਵੰਦ ਬੱਚਿਆਂ ਨੂੰ ਕਾਪੀਆਂ-ਪਿੰਨ ਦੇਣ ਤੋਂ ਵੀ ਕਿਨਾਰਾ ਕਰਦੀਆਂ ਹਨ। ਇੱਕੋ ਇੱਕ ਖਾਲਸਾ ਸੇਵਾ ਸੁਸਾਇਟੀ ਜਿਹੜੀ ਬਿਨਾਂ ਭੇਦ ਭਾਵ ਦੇ ਸਭ ਦੀ ਸੇਵਾ ਵਿੱਚ ਲੱਗੀ ਰਹਿੰਦੀ ਹੈ ਮੇਰੇ ਮੋਗੇ ਦਾ ਮਾਣ ਵਧਾਉਂਦੀ ਹੈ।

# ਕੁਦਰਤ ਦੇ ਸੰਗ ਹੱਸੀਏ ਗਾਈਏ, ਆਓ ਵਾਤਾਵਰਨ ਬਚਾਈਏ!



ਨਰਿੰਦਰ ਕੌਰ 'ਕੈਲੇ'
ਪਿੰਡ- ਡਾਬਾ,
ਲੁਧਿਆਣਾ।
8968540878

"ਮੈਂ ਸੂਰਜ ਦੀ ਬੇਟੀ ਰਾਣੀ।
ਥਲ ਤੋਂ ਤਿੰਨ ਗੁਣਾਂ ਹੈ ਪਾਣੀ।
ਆਖਣ ਲੋਕੀ ਧਰਤੀ ਮਾਂ।
ਮੈਂ ਤਾਂ ਰਹਿਣ ਬਸੇਰਾ ਹਾਂ।"

ਕਿੰਨਾ ਸੋਹਣਾ ਬਿਆਨ ਕੀਤਾ ਹੈ ਕਵੀ ਕੁਲਦੀਪ ਸਿੰਘ ਨੇ ਧਰਤੀ ਨੂੰ, ਧਰਤੀ ਇੱਕਬਹੁਤ ਹੀ ਖ਼ੂਬਸੂਰਤ ਗ੍ਰਹਿ ਹੈ ਜਿਸ ਤੇ ਕਰੋੜਾਂ ਅਰਬਾਂ ਜੀਵਾਂ ਦਾ ਪਸਾਰਾ ਹੈ। ਜੀਵਾਂ ਤੋਂ ਇਲਾਵਾ ਅਨੇਕਾਂ ਨਿਰਜੀਵ ਵਸਤਾਂ ਵੀ ਹਨ ਜੋ ਹਰ ਤਰ੍ਹਾਂ ਦੇ ਜੀਵਾਂ ਦੀਆਂ ਲੋੜਾਂ ਦੀ ਪੂਰਤੀ ਦੇ ਨਾਲ-ਨਾਲ ਧਰਤੀ ਦੀ ਸੁੰਦਰਤਾ ਵਿੱਚ ਵੀ ਚੋਖਾ ਵਾਧਾ ਕਰਦੀਆਂ ਹਨ ਅਸੀਂ ਆਪਣੇ ਆਲੇ-ਦੁਆਲੇ ਅਨੇਕਾਂ ਤਰ੍ਹਾਂ ਦੇ ਦਰੱਖ਼ਤ, ਆਕਾਸ਼ ਵਿੱਚ ਕਲਾ ਬਾਜ਼ੀਆਂ ਕਰਦੇ ਪੰਛੀ, ਸਮੁੰਦਰਾਂ ਵਿੱਚ ਅਠਖੇਲੀਆਂ ਕਰਦੇ ਜਲ ਜੀਵ ਤੇ ਅਨੇਕਾਂ ਤਰ੍ਹਾਂ ਦੇ ਧਰਤੀ ਤੇ ਰਹਿਣ ਵਾਲੇ ਪੰਛੀ ਤੇ ਜੀਵ ਦੇਖ ਦੇ ਹਾਂ ਇਹ ਸਭ ਸਜੀਵ ਵਸਤਾਂ ਹਨ। ਧਰਤੀ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਪਹਾੜ, ਪਠਾਰ, ਦਰਿਆ, ਨਦੀਆਂ, ਮਿੱਟੀ ਸਮੁੰਦਰ, ਧਰਤੀ ਦੀ ਕੁੱਖ ਵਿੱਚੋਂ ਮਿਲਣ ਵਾਲੀਆਂ ਸੁਗਾਤਾਂ ਆਦਿ ਨਿਰਜੀਵ ਵਸਤਾਂ ਹਨ। ਸਜੀਵਾਂ ਲਈ ਜਿੰਨੇ ਜੀਵ ਮੱਹਤਵਪੂਰਨ ਹਨ ਉਹਨੀਆਂ ਹੀ ਨਿਰਜੀਵ ਵਸਤਾਂ ਸੋ ਸਜੀਵ ਆਪਣੇ ਜੀਵਨ ਧਰਤੀ ਦੇ ਚੌਗਿਰਦੇ ਵਿੱਚੋਂ ਮਿਲਣ ਵਾਲੀਆਂ ਸੁਗਾਤਾਂ ਦੇ ਸਿਰ ਤੇ ਜੀਊਂਦਾ ਹੈ। ਇਸ ਲਈ ਸਾਡਾ ਚੌਗਿਰਦਾ ਪ੍ਰਦੂਸ਼ਣ ਰਹਿਤ ਹੋਣਾ ਚਾਹੀਦਾ ਹੈ।ਕਿਸੇ ਸਥਾਨ ਦਾ ਵਾਤਾਵਰਨ ਜਿੰਨਾ ਪ੍ਰਦੂਸ਼ਿਤ ਹੋਵੇਗਾ ਉਹਨਾਂ ਹੀ ਭਿਆਨਕ ਉੱਥੋਂ ਦੇ ਜੀਵਾਂ ਦਾ ਜੀਵਨ ਹੋਵੇਗਾ। ਇਹ ਇਕ ਬਹੁਤ ਹੀ ਕੌੜਾ ਸੱਚ ਹੈ ਕਿ ਮਨੁੱਖ ਹੀ ਇੱਕ ਅਜਿਹਾ ਪ੍ਰਾਣੀ ਹੈ ਜਿਸ ਨੇ ਵਾਤਾਵਰਨ ਨੂੰ ਦੂਸ਼ਿਤ ਕਰਨ ਵਿੱਚ ਸਭ ਤੋਂ ਵੱਧ ਯੋਗਦਾਨ ਪਾਇਆ ਹੈ। ਭਾਵੇਂ ਜਦੋਂ ਤੋਂ ਸਮਾਜ ਦੀ ਬਣਤਰ ਬਣੀ ਹੈ ਇਸ ਪਾਸੇ ਬਹੁਤ ਧਿਆਨ ਦਿੱਤਾ ਗਿਆ ਪਰ ਮਨੁੱਖ ਨੇ ਆਪਣੀ ਗਲਤੀਆ ਨੂੰ ਜਾਰੀ ਰੱਖਿਆ। ਗੁਰੂ ਸਾਹਿਬਾਨਾਂ ਨੇ ਵੀ ਗੁਰਬਾਣੀ ਵਿੱਚ ਵਾਤਾਵਰਨ ਦੀ ਮਹੱਤਤਾ ਬਾਰੇ ਮਨੁੱਖ ਨੂੰ ਸਮਝਾਉਣਾ ਕੀਤਾ ਹੈ:-

"ਪਵਣੁ ਗੁਰੂ ਪਾਣੀ ਪਿਤਾ,
ਮਾਤਾ ਧਰਤਿ ਮਹਤੁ।"

ਸੋ ਪੁਰਾਤਨ ਸਮੇਂ ਤੋਂ ਹੀ ਹਵਾ, ਪਾਣੀ ਤੇ ਮਿੱਟੀ ਨੂੰ ਉੱਚਾ ਦਰਜਾ ਦਿੱਤਾ ਗਿਆ ਹੈ। ਹਵਾ, ਪਾਣੀ ਤੇ ਮਿੱਟੀ ਤੋਂ ਹੀ ਮਨੁੱਖ ਦੀ ਹੋਂਦ ਹੈ। ਇਹਨਾਂ ਤੱਤਾਂ ਨੂੰ ਸ਼ੁੱਧ ਰੱਖਣਾ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਸ਼ਾਇਦ ਇਸੇ ਲਈ ਬਾਕੀ ਦਿਨਾਂ ਵਾਂਗ ਵਾਤਾਵਰਨ ਦਿਵਸ ਮਨਾਉਣ ਦੀ ਵੀ ਲੋੜ ਸਮਝੀ ਗਈ ਤਾਂ ਜੋ ਕੁਦਰਤ ਦੀਆਂ ਅਨਮੋਲ ਸੁਗਾਤਾਂ ਨੂੰ ਸਾਂਭਿਆ ਜਾ ਸਕੇ ਤੇ ਜੀਵਾਂ ਲਈ ਧਰਤੀ ਮਾਂ ਹੀ ਸਵਰਗ ਬਣ ਜਾਵੇ। ਇਸੇ ਕੜੀ ਤਹਿਤ 5 ਜੂਨ ਨੂੰ 'ਵਾਤਾਵਰਨ ਦਿਵਸ' ਪੂਰੇ ਸੰਸਾਰ ਵਿੱਚ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਇਸ ਦੀ ਮਹੱਤਤਾ ਬਾਰੇ ਸਮਝ ਲੱਗ ਸਕੇ ਅਤੇ ਆਉਣ ਵਾਲੀ ਪੀੜ੍ਹੀ ਨੂੰ ਸ਼ੁੱਧ ਵਾਤਾਵਰਨ ਦੇ ਸਕੇ। ਮਨੁੱਖੀ ਜੀਵਨ ਦੀਆਂ ਮੁਢਲੀਆਂ ਲੋੜਾਂ ਹਵਾ, ਪਾਣੀ ਤੇ ਮਿੱਟੀ ਪੂਰੀ ਤਰ੍ਹਾਂ ਦੂਸ਼ਿਤ ਹੋ ਚੁੱਕੇ ਹਨ। ਅੱਜ ਕੱਲ ਸਾਡੇ ਆਲੇ ਦੁਆਲੇ ਧੂੰਆਂ, ਮਿੱਟੀ, ਫੈਕਟਰੀਆਂ ਦਾ ਗੰਦਾ ਪਾਣੀ ਤੇ ਜ਼ਹਿਰੀਲੀਆਂ ਗੈਸਾਂ ਫੈਲ ਰਹੀਆਂ ਹਨ। ਓ-ਜ਼ੋਨ ਪਰਤ ਵਿੱਚ ਛੇਕ ਕਾਰਨ ਕੈਂਸਰ, ਅਸਥਮਾ ਤੇ ਹੋਰ ਭਿਆਨਕ ਬਿਮਾਰੀਆਂ ਫੈਲ ਰਹੀਆਂ ਹਨ। ਅੱਜ ਤੋਂ ਕੁਝ ਸਾਲ ਪਹਿਲਾਂ ਵਾਤਾਵਰਨ ਇੰਨਾਂ ਗੰਧਲਾ ਨਹੀਂ ਸੀ ਖਾਸ ਕਰਕੇ ਪੰਜਾਬ ਦਾ ਤਾਹੀਂ ਤਾਂ ਗੀਤਾਂ ਵਿੱਚ ਵੀ ਇਸ ਦੇ ਦਰਿਆਵਾਂ ਦਾ ਸੋਹਣਾ ਵਰਨਣ ਕੀਤਾ ਜਾਂਦਾ ਸੀ। ਜਿਵੇਂ:-

"ਓਹ ਧਰਤੀ ਪੰਜ ਦਰਿਆਂ ਦੀ ਰਾਣੀ,
ਬਈ ਜਿਸਦਾ ਸ਼ਰਬਤ ਵਰਗਾ ਪਾਣੀ।"

ਅੱਜ ਤਾਂ ਨੌਬਤ ਇੱਥੋਂ ਤੱਕ ਆ ਗਈ ਹੈ ਕਿ ਪਾਣੀ ਨੂੰ ਸ਼ੁੱਧ ਰੱਖਣਾ ਇੱਕ ਸਮੱਸਿਆ ਨਹੀਂ ਬਲਕਿ ਪਾਣੀ ਨੂੰ ਬਚਾਉਣਾ ਵੀ ਇੱਕ ਵੰਗਾਰ ਬਣ ਚੁੱਕੀ ਹੈ। ਜੇ ਪਾਣੀ ਦੇ ਅਨਮੋਲ ਖਜ਼ਾਨੇ ਹੀ ਮੁੱਕ ਗਏ ਫਿਰ ਸ਼ੁੱਧਤਾ ਦੀ ਗੱਲ ਤਾਂ ਦੂਰ ਦੀ ਕੌਡੀ ਹੀ ਬਣ ਜਾਣੀ। ਸੋ ਪਾਣੀ ਜੀਵਨ ਦਾ ਆਧਾਰ ਹੈ ਇਸ ਨੂੰ ਗੰਧਲਾ ਹੋਣ ਤੋਂ ਬਚਾਉਣ ਦੇ ਨਾਲ-ਨਾਲ ਖਤਮ ਹੋਣ ਤੋਂ ਵੀ ਬਚਾਉਣਾ ਪਵੇਗਾ। ਪਾਣੀ ਨਹੀਂ ਹੋਵਗਾ ਫ਼ਸਲਾਂ ਨਹੀਂ ਹੋਣਗੀਆਂ। ਫ਼ਸਲਾਂ ਨਹੀਂ ਹੋਣਗੀਆਂ ਨਸਲਾਂ ਨਹੀਂ ਹੋਣਗੀਆਂ। ਪਾਣੀ ਗੰਧਲਾ ਹੋਵੇਗਾ ਤਾਂ ਬਿਮਾਰੀਆਂ ਹੋਣਗੀਆਂ, ਬਿਮਾਰੀਆਂ ਹੋਣਗੀਆਂ ਤਾਂ ਕੱਚੀ ਉਮਰੇ ਸਿਵਿਆਂ ਵੱਲ ਤਿਆਰੀਆਂ ਹੋਣਗੀਆਂ। ਸੋ ਪਾਣੀ ਤੋਂ ਬਿਨ੍ਹਾਂ ਜੀਵਨ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਪਾਣੀ ਦਾ ਗੰਧਲਾ ਹੋਣਾ ਤੇ ਲਗਾਤਾਰ ਘਟਦੇ ਜਾਣਾ ਚਿੰਤਾ ਦਾ ਵਿਸ਼ਾ ਹੈ ਜੇ ਬੂੰਦ -ਬੂੰਦ ਨਾਲ ਘੜਾ ਭਰਦਾ ਹੈ ਤਾਂ ਬੂੰਦ-ਬੂੰਦ ਨਾਲ ਖਾਲੀ ਵੀ ਹੋ ਜਾਂਦਾ ਹੈ। ਰੁੱਖਾਂ ਦਾ ਸਬੰਧ ਇੱਕੱਲਾ ਹਵਾ ਦੀ ਸ਼ੁੱਧਤਾ ਨਾਲ ਹੀ ਨਹੀਂ ਸਗੋਂ ਪਾਣੀ ਨਾਲ ਵੀ ਹੈ। ਰੁੱਖ ਵਰਖਾ ਲਿਆਉਣ ਵਿੱਚ ਮਦਦ ਕਰਦੇ ਹਨ ਜਲ ਚੱਕਰ ਰੁੱਖਾਂ ਕਰਕੇ ਹੀ ਤਾਂ ਸੰਭਵ ਹੈ। ਇਸ ਗੱਲ ਤੋਂ ਕੋਈ ਵੀ ਇਨਕਾਰੀ ਨਹੀਂ ਪਰ ਅੱਜ ਦਾ ਇਨਸਾਨ ਆਉਣ ਵਾਲੀ ਪੀੜ੍ਹੀ ਲਈ ਧੰਨ ਦੌਲਤ ਤੇ ਜਾਇਦਾਦ ਬਣਾਉਣ ਦੇ ਚੱਕਰ ਵਿੱਚ ਰੁੱਖਾਂ ਦਾ ਖਾਤਮਾ ਕਰ ਰਿਹਾ, ਪਾਣੀ ਦੇ ਸੋਮੇ ਸਿੱਧੇ, ਅਸਿੱਧੇ ਢੰਗ ਨਾਲ ਖਤਮ ਕਰ ਰਿਹਾ ਹੈ। ਧੰਨ, ਦੌਲਤ ਬਿਨ੍ਹਾਂ ਮਨੁੱਖ ਦਾ ਸਰ ਜਾਵੇਗਾ ਪਰ ਪਾਣੀ ਬਿਨ੍ਹਾਂ ਨਹੀਂ, ਉਹ ਵੀ ਸ਼ੁੱਧ। ਸੋ, ਲੋੜ ਹੈ ਪਾਣੀ ਨੂੰ ਬਚਾਉਣ ਲਈ ਹੰਭਲਾ ਮਾਰਨ ਦੀ। ਕੀਟਨਾਸ਼ਕ ਦਵਾਈਆਂ ਦੀ ਘਾਣੀ।

ਫੈਕਟਰੀਆਂ ਦਾ ਤੇਜ਼ਾਬੀ ਪਾਣੀ।
ਜੇ ਰੱਖੀਏ ਧਰਤੀ ਮਾਂ ਤੋਂ ਦੂਰ।
ਫਿਰ ਹੀ ਆਉਣਾ ਜੀਣ ਦਾ ਸਰੂਰ।

ਪਰ ਕੋਈ ਵੀ ਜ਼ਿੰਦਗੀ ਕੱਲੇ ਪਾਣੀ ਦੀ ਹੀ ਮੁਹਤਾਜ ਥੋੜ੍ਹੀ ਆ ਹਵਾ ਵੀ ਤਾਂ ਉਹਨੀ ਹੀ ਜਰੂਰੀ ਆ। ਪਾਣੀ ਬਿਨਾਂ ਤਾਂ ਮਨੁੱਖ ਫਿਰ ਵੀ ਕੁਝ ਘੰਟੇ ਜਾਂ ਦਿਨ ਕੱਢ ਸਕਦਾ ਪਰ ਹਵਾ ਬਿਨ੍ਹਾਂ ਤਾਂ ਜ਼ਿੰਦਗੀ ਉੱਥਾ ਹੀ ਖਤਮ ਆ। ਜਿਵੇਂ ਰੁੱਖ ਪਾਣੀ ਲਈ ਵਰਦਾਨ ਹਨ ਇਸੇ ਤਰ੍ਹਾਂ ਸ਼ੁੱਧ ਹਵਾ ਲਈ ਵੀ ਸੰਜੀਵਨੀ ਬੂਟੀ ਹਨ। ਰੁੱਖਾਂ ਦੀ ਘਾਟ ਕਾਰਨ ਹਵਾ ਦਾ ਦੂਸ਼ਿਤ ਹੋਣਾ ਇੱਕ ਪੱਖ ਹੈ ਅਸਲੀ ਪੱਖ ਮਨੁੱਖ ਦਾ ਲਾਲਚੀ ਹੋਣਾ ਹੈ ਮਨੁੱਖ ਨੇ ਆਪਣੇ ਲਾਲਚ ਵੱਸ ਅਨੇਕਾਂ ਫੈਕਟਰੀਆਂ ਲਗਾ ਲਈਆਂ ਹਨ ਜਿਨ੍ਹਾਂ ਵਿੱਚੋਂ ਜ਼ਹਿਰੀਲਾ ਧੂੰਆਂ ਨਿਕਲਦਾ ਹੈ। ਮਨੁੱਖ ਖੇਤਾਂ ਵਿੱਚ ਕੀਟਨਾਸ਼ਕ ਦਵਾਈਆਂ ਨਾਲ ਸਿਰਫ ਪਾਣੀ ਤੇ ਮਿੱਟੀ ਹੀ ਦੂਸ਼ਿਤ ਨਹੀਂ ਕਰ ਰਿਹਾ ਸਗੋਂ ਹਵਾ ਵਿੱਚ ਵੀ ਜ਼ਹਿਰ ਘੋਲ ਰਿਹਾ ਹੈ। ਮੋਟਰ ਗੱਡੀਆਂ ਦਾ ਧੂੰਆਂ ਵੀ ਵਾਤਾਵਰਨ ਨੂੰ ਲਗਾਤਾਰ ਦੂਸ਼ਿਤ ਕਰ ਰਿਹਾ ਹੈ ਹਵਾ ਇੰਨੀ ਕੁ ਗੰਧਲੀ ਹੋ ਚੁੱਕੀ ਹੈ ਕਿ ਸਾਹ ਨਾਲ ਹੀ ਅੱਜ ਕੱਲ ਬਹੁਤ ਗੰਭੀਰ ਬੀਮਾਰੀਆਂ ਲੱਗ ਰਹੀਆਂ ਹਨ।

ਮਿੱਟੀ ਪ੍ਰਦੂਸ਼ਣ ਵੀ ਅੱਜ ਦੇ ਸਮਾਜ ਦੀ ਪ੍ਰਮੁੱਖ ਸਮੱਸਿਆ ਬਣਦਾ ਜਾ ਰਿਹਾ ਹੈ ਅਸਲ ਵਿੱਚ ਉਪਰੋਕਤ ਪਾਣੀ ਤੇ ਹਵਾ ਨੂੰ ਦੂਸ਼ਿਤ ਕਰਨ ਵਾਲੇ ਕਾਰਕ ਹੀ ਮਿੱਟੀ ਪ੍ਰਦੂਸ਼ਣ ਵਿੱਚ ਸਹਾਈ ਹੁੰਦੇ ਹਨ। ਪਰ ਸਮੇਂ ਨੇ ਜੋ ਤੇਜ਼ੀ ਫੜ੍ਹੀ ਹੈ ਉਸ ਵਿੱਚ ਅਜਿਹੇ ਕਾਰਕ ਸ਼ਾਮਿਲ ਹੋ ਗਏ ਹਨ ਜੋ ਆਉਣ ਵਾਲੇ ਭੱਵਿਖ ਲਈ ਬਹੁਤ ਖਤਰਾ ਹਨ। ਧਰਤੀ ਤੇ ਪਿਛਲੇ ਕੁੱਝ ਸਾਲਾਂ ਤੋਂ ਈ- ਵੇਸਟਜ਼ ਦੀ ਮਾਤਰਾ ਬਹੁਤ ਵਧੀ ਹੈ। ਅੱਜ ਵੀ ਮੋਮਜਾਮਿਆਂ ਦੇ ਲਿਫ਼ਾਫ਼ਿਆਂ ਦੀ ਵਰਤੋਂ ਤੇ ਕੋਈ ਪੱਕੀ ਰੋਕ ਨਹੀਂ। ਇਹ ਨਾ ਗਲਦੇ ਹਨ ਨਾ ਸੜਦੇ। ਹਸਪਤਾਲਾਂ, ਹੋਟਲਾਂ, ਮੈਰਿਜ ਪੈਲਸਾਂ ਤੋਂ ਰੋਜ਼ ਕਰੋੜਾਂ ਟਨ ਕੂੜਾ ਪੈਦਾ ਹੋ ਰਿਹਾ ਹੈ। ਜਿਸ ਲਈ ਬਹੁਤੇ ਦੇਸ਼ਾਂ ਨੇ ਅਜੇ ਤੱਕ ਕੋਈ ਠੋਸ ਹੱਲ ਨਹੀਂ ਲੱਭੇ। ਉਹ ਸਮਾਂ ਦੂਰ ਨਹੀਂ ਜਦੋਂ ਸਾਡੀਆਂ ਨਸਲਾਂ ਕੂੜੇ ਦੇ ਪਹਾੜ ਦੇਖਿਆ ਕਰਨਗੇ। ਕਿਸੇ ਵਿਦਵਾਨ ਨੇ ਬੜਾ ਸੋਹਣਾ ਕਿਹਾ ਹੈ:


ਹਵਾ ਗੁਰੂ ਸਮਾਨ ਹੈ,
ਗੱਲ ਮਨੀ ਵਸਾਈਏ।
ਪ੍ਰਦੂਸ਼ਣ ਨੂੰ ਰੋਕੀਏ ਤੇ ਪੁੰਨ ਕਮਾਈਏ।
ਜੇ ਪ੍ਰਦੂਸ਼ਣ ਨਾ ਰੁਕਿਆ,
ਗੱਲ ਸੁਣ ਲੋ ਪੱਕੀ।
ਪਰਲੋ ਰੁੱਕ ਨਾ ਸਕਣੀ,
ਇਹ ਗੱਲ ਨਹੀਂ ਸ਼ੱਕੀ।
ਵਸਦੇ ਦੇਸ਼ ਨੂੰ ਨਾ ਕਦੇ ਥੇਹ ਬਣਾਈਏ।
ਪ੍ਰਦੂਸ਼ਣ ਨੂੰ ਰੋਕੀਏ ਤੇ ਪੁੰਨ ਕਮਾਈਏ।

ਸੰਗੀਤ ਨੂੰ ਭਾਵੇਂ ਰੂਹ ਦੀ ਖੁਰਾਕ ਮੰਨਿਆ ਜਾਂਦਾ ਹੈ ਪਰ ਅੱਜ ਦਾ ਸੰਗੀਤ ਵੀ ਸਿਰਫ ਸ਼ੋਰ ਪ੍ਰਦੂਸਣ ਬਣ ਕੇ ਰਹਿ ਗਿਆ ਹੈ। ਬਾਕੀ ਕਸਰ ਗੱਡੀਆਂ ਦੇ ਹਾਰਨਾਂ , ਫੈਕਟਰੀਆਂ ਦੇ ਸ਼ੋਰ ਸ਼ਰਾਬੇ ਨੇ ਪੂਰੀ ਕਰ ਰੱਖੀ ਹੈ। ਇਹ ਇੱਕ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਤੇ ਪੂਰੇ ਜੀਵ ਜਗਤ ਲਈ ਖਤਰੇ ਦੀ ਘੰਟੀ ਹੈ।

ਇਸ ਲਈ ਸਿਰਫ ਇੱਕ ਦਿਨ ਜਾਂ ਇੱਕ ਹਫ਼ਤਾ ਵਾਤਾਵਰਨ ਦਿਵਸ ਮਨਾਉਣ ਨਾਲ ਗੱਲ ਨਹੀਂ ਬਣਨੀ । ਇੱਕ ਦਿਨ ਲੇਖ ਰਚਨਾ ਮੁਕਾਬਲੇ ਕਰਵਾਕੇ , ਸੈਮੀਨਾਰ ਲਗਾ ਕੇ , ਰੈਲੀਆਂ ਕੱਢ ਕੇ ਅਸੀਂ ਆਪਣੀ ਜਿੰਮੇਵਾਰੀ ਤੋਂ ਮੂੰਹ ਨਹੀਂ ਮੋੜ ਸਕਦੇ ਹਰ ਦਿਨ ਵਾਤਾਵਰਨ ਨੂੰ ਸਮਰਪਿਤ ਹੋਵੇ ਸੋ ਸਾਨੂੰ ਲੋੜ ਹੈ ਜਾਗਣ ਦੀ ਲਾਲਚ ਤਿਆਗਣ ਦੀ । ਰੁੱਖਾਂ ਨੂੰ ਲਗਾਉਣ ਦੀ ਨਾ ਕਿ ਆਰੇ ਚਲਾਉਣ ਦੀ। ਪਾਣੀ ਦੀ ਯੋਗ ਵਰਤੋਂ ਕਰਨੀ ਤੇ ਹੋਰਾਂ ਨੂੰ ਸਿਖਾਉਣ ਦੀ, ਕੀਟਨਾਸ਼ਕਾਂ ਦਵਾਈਆਂ ਤੇ ਤੇਜ਼ਾਬਾਂ ਨੂੰ ਘਟਾਉਣ ਦੀ। ਉੱਚੇ ਸੰਗੀਤ ਤੇ ਕੰਨ ਪਾੜਵੇਂ ਸਪੀਕਰਾਂ ਨੂੰ ਹਟਾਉਣ ਦੀ। ਸਰਕਾਰਾਂ ਨੂੰ ਜਗਾਉਣ ਤੇ ਕਾਨੂੰਨ ਨੂੰ ਅਸਲੀ ਜਾਮਾ ਪਹਿਨਾਉਣ ਦੀ। ਨਹੀਂ ਤਾਂ ਮੈਨੂੰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ।

ਹਵਾ, ਪਾਣੀ, ਮਿੱਟੀ ਤੇ ਰੁੱਖ,
ਦਿੰਦੇ ਸਾਨੂੰ ਸਦਾ ਹੀ ਸੁੱਖ।
ਜੇ ਨਾ ਸਾਂਭੇ ਇਹ ਤੂੰ ਬੰਦਿਆ,
ਮੁਕਣੇ ਨਾ ਫਿਰ ਤੇਰੇ ਦੁੱਖ।

# ਆਦਮਖ਼ੋਰ ਵਿਕਾਸ ਮਾਡਲ ਦਾ ਨਤੀਜਾ ਹੈ ਤੂਤੀਕੋਰੀਨ ਕਤਲੇਆਮ

ਬੂਟਾ ਸਿੰਘ ਨਵਾਂਸ਼ਹਿਰ
94634-74342




22 ਮਈ ਨੂੰ ਤਾਮਿਲਨਾਡੂ ਦੇ ਸਮੁੰਦਰੀ ਕੰਢੇ ਉਪਰ ਵਸੇ ਕਸਬੇ ਤੂਤੀਕੋਰੀਨ ਵਿਚ ਪੁਲਿਸ ਨੇ ਜੱਲਿਆਂਵਾਲਾ ਬਾਗ਼ ਕਾਂਡ ਦੇ ਬੁੱਚੜ ਜਨਰਲ ਡਾਇਰ ਦੇ ਨਕਸ਼ੇ-ਕਦਮਾਂ ਉੱਪਰ ਚੱਲਦਿਆਂ ਸਿੱਧੀਆਂ ਗੋਲੀਆਂ ਮਾਰਕੇ 11 ਜਣਿਆਂ ਨੂੰ ਥਾਏਂ ਬੇਰਹਿਮੀ ਨਾਲ ਕਤਲ ਕਰ ਦਿੱਤਾ। 50 ਦੇ ਕਰੀਬ ਲੋਕ ਗੰਭੀਰ ਫੱਟੜ ਕਰ ਦਿੱਤੇ। ਬਾਦ ਵਿਚ ਮਰਨ ਵਾਲਿਆਂ ਦੀ ਤਾਦਾਦ 13 ਹੋ ਗਈ ਹੈ। ਇਹ ਕਤਲੇਆਮ ਇਸ ਕਦਰ ਵਹਿਸ਼ੀ ਸੀ ਕਿ ਪੂਰੇ ਮੁਲਕ ਵਿਚ ਇਸਦੇ ਖ਼ਿਲਾਫ਼ ਰੋਹਭਰੀ ਆਵਾਜ਼ ਉਠੀ ਹੈ। ਸਥਾਨਕ ਲੋਕ ਸਟਰਲਾਈਟ ਕੰਪਨੀ ਦੇ ਪਲਾਂਟ ਵੱਲੋਂ ਪੌਣਪਾਣੀ ਦੀ ਤਬਾਹੀ ਅਤੇ ਪਲਾਂਟ ਦੇ ਪ੍ਰਦੂਸ਼ਨ ਨਾਲ ਸਥਾਨਕ ਲੋਕਾਂ ਦੀ ਸਿਹਤ 'ਤੇ ਪੈ ਰਹੇ ਮਾੜੇ ਅਸਰ ਵਿਰੁੱਧ ਦੋ ਦਹਾਕਿਆਂ ਤੋਂ ਲਗਾਤਾਰ ਆਵਾਜ਼ ਉਠਾ ਰਹੇ ਹਨ। ਲੇਕਿਨ ਤਾਮਿਲਨਾਡੂ ਦੇ ਮੁੱਖ ਮੰਤਰੀ ਨੇ ਘੋਰ ਬੇਸ਼ਰਮੀ ਨਾਲ ਨਿਹੱਥੇ ਮੁਜ਼ਾਹਰਾਕਾਰੀਆਂ ਉੱਪਰ ਤਾਕਤ ਦੇ ਬੇਦਰੇਗ ਇਸਤੇਮਾਲ ਨੂੰ ਜਾਇਜ਼ ਠਹਿਰਾਕੇ ਸਾਬਤ ਕਰ ਦਿੱਤਾ ਹੈ ਕਿ ਹੁਕਮਰਾਨ ਦਰਅਸਲ ਵੇਦਾਂਤ ਸਮੂਹ ਦੇ ਦਲਾਲ ਹਨ ਜੋ ਇਸ ਇਲਾਕੇ ਦੇ 4.60 ਲੋਕਾਂ ਦੀ ਆਵਾਜ਼ ਨੂੰ ਅਣਸੁਣੀ ਕਰਕੇ ਕਾਰਪੋਰੇਟਾਂ ਦੀ ਨਿੱਜੀ ਫ਼ੌਜ ਦੀ ਭੂਮਿਕਾ ਨਿਭਾ ਰਹੇ ਹਨ।

ਇਹ ਕੰਪਨੀ ਨਿਹਾਇਤ ਬਦਨਾਮ ਕਾਰਪੋਰੇਟ ਵੇਦਾਂਤ ਸਮੂਹ ਦੀ ਹੈ ਜਿਸਦਾ ਮਾਲਕ ਅਨਿਲ ਅਗਰਵਾਲ ਦੁਨੀਆ ਦੇ ਧਾਤ ਖਣਨ ਅਤੇ ਢਲਾਈ ਖੇਤਰ ਦੇ ਮੁੱਖ ਕਾਰੋਬਾਰੀਆਂ ਵਿੱਚੋਂ ਇਕ ਹੈ। ਇਹ ਸ਼ਖਸ ਬੇਸ਼ੁਮਾਰ ਲੁੱਟਮਾਰ ਨਾਲ ਬਟੋਰੇ ਸਰਮਾਏ ਵਿੱਚੋਂ ਇਕ ਨਿੱਕਾ ਜਿਹਾ ਹਿੱਸਾ 'ਕਾਰਪੋਰੇਟ-ਸੋਸ਼ਲ ਜ਼ਿੰਮੇਵਾਰੀ' ਦੇ ਪ੍ਰੋਜੈਕਟਾਂ ਉੱਪਰ ਖ਼ਰਚਣ, ਜਿਵੇਂ ਛੱਤੀਸਗੜ੍ਹ ਵਿਚ ਵਿਆਪਕ ਕੈਂਸਰ ਅਤੇ ਖੋਜ ਸੰਸਥਾ ਅਤੇ ਉੜੀਸਾ ਵਿਚ 'ਵਰਲਡ ਕਲਾਸ, ਬਿਲੀਅਨ ਡਾਲਰ' ਯੂਨੀਵਰਸਿਟੀ ਬਣਾਉਣ ਦੇ ਐਲਾਨ, ਲਘੂ ਫਿਲਮਾਂ ਨੂੰ ਸਰਪ੍ਰਸਤੀ ਦੇਣ, ਜੈਪੁਰ ਸਾਹਿਤ ਫੈਸਟੀਵਲ ਦੇ ਲੰਡਨ ਐਡੀਸ਼ਨ ਨੂੰ ਆਯੋਜਤ ਕਰਨ ਅਤੇ ਐੱਨ.ਡੀ.ਟੀ.ਵੀ. ਦੀ ਮੁਹਿੰਮ "ਸਾਡੀਆਂ ਧੀਆਂ: ਸਾਡਾ ਮਾਣ" (ਜਿਸਦੀ ਨਾਇਕਾ ਪ੍ਰਿਅੰਕਾ ਚੋਪੜਾ ਹੈ) ਨੂੰ ਚਲਾਉਣ ਵਰਗੇ ਆਡੰਬਰ ਰਚਦਾ ਰਹਿੰਦਾ ਹੈ ਅਤੇ ਇਹਨਾਂ ਜ਼ਰੀਏ ਆਪਣੇ ਲਹੂ ਲਿੱਬੜੇ ਜਬਾੜਿਆਂ ਨੂੰ ਲੁਕੋਣ ਦੀ ਕੋਸ਼ਿਸ਼ ਕਰਦਾ ਹੈ। ਇਹ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ ਕਿ 2013-14 ਵਿਚ ਮੋਦੀ ਦੀ ਚੋਣ ਮੁਹਿੰਮ ਲਈ ਫੰਡ ਦੇਣ ਵਾਲੇ ਮੁੱਖ ਕਾਰਪੋਰੇਟ ਦਾਨੀਆਂ ਵਿੱਚੋਂ ਵੇਦਾਂਤ ਇਕ ਸੀ। ਸਾਢੇ ਬਾਈ ਕਰੋੜ ਰੁਪਏ ਕਾਨੂੰਨੀ ਫੰਡ ਦੱਸਿਆ ਗਿਆ, ਇਸ ਤੋਂ ਇਲਾਵਾ ਕਿੰਨਾ ਗ਼ੈਰਕਾਨੂੰਨੀ ਫੰਡ ਦਿੱਤਾ ਗਿਆ ਉਸਦਾ ਅੰਦਾਜ਼ਾ ਲਾਉਣਾ ਸੰਭਵ ਨਹੀਂ। 2015 ਵਿਚ ਮੋਦੀ ਦੀ ਇੰਗਲੈਂਡ ਫੇਰੀ ਸਮੇਂ ਫਰੰਟ ਪੇਜ਼ ਇਸ਼ਤਿਹਾਰਬਾਜ਼ੀ ਵੀ ਇਸੇ ਵੇਦਾਂਤ ਸਮੂਹ ਨੇ ਕੀਤੀ ਸੀ। ਅਗਰਵਾਲ ਨੇ ਟਵੀਟ ਕੀਤਾ ਕਿ 'ਲੰਡਨ ਵਿਚ ਮੋਦੀ ਨੂੰ ਸੁਣਕੇ ਖ਼ੁਸ਼ੀ ਹੋਈ ਕਿ ਪਿਛਲੇ ਚਾਰ ਸਾਲਾਂ ਵਿਚ ਇਕ ਲੱਖ ਪਿੰਡ ਆਪਟੀਕਲ ਫਾਈਬਰ ਰਾਹੀਂ ਜੁੜ ਗਏ ਹਨ। ਸਾਨੂੰ ਆਪਣੀ ਇਕ ਕੰਪਨੀ ਸਟਰਲਾਈਟ 'ਤੇ ਮਾਣ ਹੈ ਜੋ ਡਿਜੀਟਲ ਇੰਡੀਆ ਦ੍ਰਿਸ਼ਟੀ ਦੀ ਅਗਵਾਈ ਕਰ ਰਹੀ ਹੈ।'

ਅਗਰਵਾਲ ਨੇ 1979 ਵਿਚ ਇਕ ਤਾਂਬਾ ਕੰਪਨੀ ਖ਼ਰੀਦਕੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ ਅਤੇ ਉਸਦੀ ਕੰਪਨੀ ਲੰਡਨ ਵਿਚ ਸੂਚੀਦਰਜ ਹੋਣ ਵਾਲੀ ਪਹਿਲੀ ਕੰਪਨੀ ਸੀ। ਉਸਦੀ ਕਾਰੋਬਾਰੀ ਸਲਤਨਤ ਅਫ਼ਰੀਕਾ, ਆਇਰਲੈਂਡ ਅਤੇ ਆਸਟ੍ਰੇਲੀਆ ਤਕ ਫੈਲ ਚੁੱਕੀ ਹੈ। ਇਸ ਕਾਰਪੋਰੇਟ ਸਮੂਹ ਵਲੋਂ ਕੀਤੀ ਜਾਂਦੀ ਲੁੱਟਮਾਰ ਦਾ ਅੰਦਾਜ਼ਾ ਉਸ ਬਿਆਨ ਤੋਂ ਲਗਾਇਆ ਜਾ ਸਕਦਾ ਹੈ ਜਿਸ ਵਿਚ ਸ੍ਰੀ ਅਗਰਵਾਲ ਨੇ ਕਿਹਾ ਸੀ ਕਿ ਉਸਦੀ ਕੰਪਨੀ ਜ਼ਾਂਬੀਆ (ਅਫ਼ਰੀਕਾ) ਵਿਚ ਇਕ ਦਹਾਕੇ ਤਕ ਸਾਲਾਨਾ ਇਕ ਅਰਬ ਡਾਲਰ ਕਮਾਈ ਕਰਦੀ ਰਹੀ ਹੈ। ਇਸੇ ਤਰ੍ਹਾਂ ਸਾਮਰਾਜੀ ਅਤੇ ਵੱਡੀ ਦਲਾਲ ਸਰਮਾਏਦਾਰੀ ਦੇ ਏਜੰਟ ਹਿੰਦੁਸਤਾਨੀ ਹਾਕਮਾਂ ਦੀ ਮਦਦ ਨਾਲ ਵੇਦਾਂਤ ਸਮੂਹ ਨੇ ਢਾਈ ਦਹਾਕਿਆਂ ਵਿਚ ਹਿੰਦੁਸਤਾਨ ਵਿਚ ਵੀ ਆਪਣਾ ਧਾੜਵੀ ਕਾਰੋਬਾਰ ਤੇਜ਼ੀ ਨਾਲ ਫੈਲਾ ਲਿਆ। ਇਹ ਸਮੂਹ ਹਰ ਥਾਂ ਹੀ ਆਪਣਾ ਪਲਾਂਟ ਲਗਾਉਂਦੇ ਵਕਤ ਇਸ ਕਦਰ ਮਨਮਾਨੀਆਂ ਕਰਦਾ ਹੈ ਕਿ ਸਥਾਨਕ ਲੋਕ ਵਿਆਪਕ ਪੱਧਰ 'ਤੇ ਵਾਤਾਵਰਣ ਪ੍ਰਦੂਸ਼ਨ ਦਾ ਸ਼ਿਕਾਰ ਹੁੰਦੇ ਹਨ। ਇਹੀ ਵਜ੍ਹਾ ਹੈ, ਜਿੱਥੇ ਵੀ ਇਸ ਵਲੋਂ ਨਵੇਂ ਪ੍ਰੋਜੈਕਟ ਲਗਾਏ ਜਾਂਦੇ ਹਨ ਉੱਥੇ ਇਸ ਦੀਆਂ ਧਾਂਦਲੀਆਂ ਤੋਂ ਸੁਚੇਤ ਵਾਤਾਵਰਣ ਕਾਰਕੁੰਨ ਇਸਦੇ ਧਾੜਵੀ ਪ੍ਰੋਜੈਕਟਾਂ ਦਾ ਵਿਰੋਧ ਸ਼ੁਰੂ ਕਰ ਦਿੰਦੇ ਹਨ। ਅਵਾਮ ਨੂੰ ਆਪਣੀ ਜ਼ਿੰਦਗੀ ਅਤੇ ਚੌਗਿਰਦੇ ਦੀ ਰਾਖੀ ਲਈ ਇਸ ਸਮੂਹ ਦੇ ਖ਼ਿਲਾਫ਼ ਅਕਸਰ ਹੀ ਸੜਕਾਂ 'ਤੇ ਆਉਣਾ ਪੈਂਦਾ ਹੈ। ਕਈ ਸਾਲ ਤਾਂ ਇਹ ਮੰਜ਼ਰ ਰਿਹਾ ਕਿ ਬਦੇਸ਼ ਵਿਚ ਜਿਥੇ ਵੀ ਵੇਦਾਂਤ ਸਮੂਹ ਦੀ ਸਾਲਾਨਾ ਮੀਟਿੰਗ ਹੁੰਦੀ ਸੀ ਉਥੇ ਜਾ ਕੇ ਐੱਨਜੀ.ਓ. ਅਤੇ ਕਾਰਕੁੰਨ ਆਮ ਹੀ ਮੁਜ਼ਾਹਰੇ ਕਰਦੇ ਰਹੇ।

ਉੜੀਸਾ ਦੇ ਨਿਆਮਗਿਰੀ ਪਹਾੜਾਂ ਦੇ ਬਾਸ਼ਿੰਦੇ ਡੌਂਗਰੀਆਂ ਕੌਂਧ ਆਦਿਵਾਸੀਆਂ ਦੇ ਦਹਾਕਾ ਲੰਮੇ ਦ੍ਰਿੜ ਸੰਘਰਸ਼ ਨੇ ਵੇਦਾਂਤ ਸਮੂਹ ਨੂੰ ਉਸ ਇਲਾਕੇ ਵਿਚ ਲਗਾਇਆ ਜਾਣ ਵਾਲਾ ਬਾਕਸਾਈਟ ਪ੍ਰੋਜੈਕਟ ਵਾਪਸ ਲੈਣ ਲਈ ਮਜਬੂਰ ਕੀਤਾ। ਇਸ ਸੰਘਰਸ਼ ਨੇ ਕੌਮਾਂਤਰੀ ਧਿਆਨ ਖਿੱਚਿਆ। 2010 ਵਿਚ ਵਾਤਾਵਰਣ ਪ੍ਰੇਮੀ ਕਾਰਕੁੰਨਾਂ ਵਲੋਂ 'ਅਵਤਾਰ' ਫਿਲਮ ਦੇ ਪਾਤਰਾਂ ਦਾ ਰੂਪ ਧਾਰਕੇ ਲੰਡਨ ਵਿਚ ਪ੍ਰਦਰਸ਼ਨ ਕੀਤਾ ਗਿਆ। ਉਸੇ ਸਾਲ ਇਸ ਕਾਰਪੋਰੇਟ ਸਮੂਹ ਦਾ ਮਨੁੱਖੀ ਹੱਕਾਂ ਦੀਆਂ ਉਲੰਘਣਾਵਾਂ ਦਾ ਮੁੱਦਾ ਉੱਠਣ 'ਤੇ ਚਰਚ ਆਫ ਇੰਗਲੈਂਡ ਵਲੋਂ ਵੇਦਾਂਤ ਵਿਚਲੇ ਆਪਣੇ 38 ਲੱਖ ਪੌਂਡ ਦੇ ਸ਼ੇਅਰ ਵਾਪਸ ਲੈ ਗਏ ਗਏ ਜੋ ਇਸ ਨੂੰ ਵੱਡੀ ਪਛਾੜ ਸੀ। ਇਸ ਤੋਂ ਪਹਿਲਾਂ 2007 ਵਿਚ ਨਾਰਵੇ ਨੇ ਵੀ ਵੇਦਾਂਤ ਵਿਚਲਾ ਆਪਣਾ 350 ਅਰਬ ਡਾਲਰ ਦਾ ਸੌਵਰੇਨ ਵੈਲਥ ਫੰਡ ਸ਼ੇਅਰ ਕੱਢ ਲਿਆ ਸੀ। ਆਖ਼ਿਰਕਾਰ ਹਿੰਦੁਸਤਾਨ ਸਰਕਾਰ ਨੂੰ ਉਹ ਵਾਤਾਵਰਣ ਕਲੀਰੈਂਸ ਵਾਪਸ ਲੈਣ ਪਈ ਜੋ ਇਸਨੇ ਨਿਆਮਗਿਰੀ ਪ੍ਰੋਜੈਕਟ ਨੂੰ ਦੇ ਰੱਖੀ ਸੀ ਅਤੇ ਸੁਪਰੀਮ ਕੋਰਟ ਨੂੰ ਡੌਂਗਰੀਆ ਕੌਂਧ ਲੋਕਾਂ ਦੇ ਪ੍ਰੋਜੈਕਟ ਨੂੰ ਸਹਿਮਤੀ ਦੇਣ ਜਾਂ ਨਾ ਦੇਣ ਦੇ ਹੱਕ ਨੂੰ ਸਵੀਕਾਰ ਪਿਆ ਸੀ। ਇਹ ਵੇਦਾਂਤ ਵਿਰੁੱਧ ਅਵਾਮੀ ਸੰਘਰਸ਼ ਦੀ ਬਹੁਤ ਮਹੱਤਵਪੂਰਨ ਜਿੱਤ ਸੀ। ਇਸੇ ਤਰ੍ਹਾਂ ਲਾਂਝੀਗੜ੍ਹ (ਉੜੀਸਾ) ਦੇ ਐਲਮਿਨੀਅਮ ਅਤੇ ਬਾਕਸਾਈਟ ਪ੍ਰੋਜੈਕਟ ਨੂੰ ਸਥਾਨਕ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਿਆ।

ਇਸੇ ਤਰ੍ਹਾਂ ਦੀ ਵੱਡੀ ਪਛਾੜ ਦਾ ਸਾਹਮਣਾ ਵੇਦਾਂਤ ਨੂੰ ਜਾਂਬੀਆ ਵਿਚ ਕਰਨਾ ਪਿਆ ਜਿਥੇ ਜ਼ਾਂਬੀਆ ਦੇ ਲੋਕਾਂ ਨੇ ਇੰਗਲੈਂਡ ਦੀਆਂ ਅਦਾਲਤਾਂ ਵਿਚ ਇਸ ਦੇ ਖ਼ਿਲਾਫ਼ ਮੁਕੱਦਮੇ ਦਾ ਹੱਕ ਜਿੱਤਿਆ ਗਿਆ। ਮਈ 2016 ਵਿਚ ਹਾਈ ਕੋਰਟ ਦੇ ਜੱਜ ਨੇ ਫ਼ੈਸਲਾ ਦਿੱਤਾ ਸੀ ਕਿ 1826 ਜ਼ਾਂਬੀਅਨ ਆਪਣੇ ਹਿਤਾਂ ਦੀ ਰਾਖੀ ਲਈ ਇੰਗਲੈਂਡ ਦੀਆਂ ਅਦਾਲਤਾਂ ਵਿਚ ਦਾਅਵਾ ਕਰ ਸਕਦੇ ਹਨ। ਇਸ ਦੇ ਖ਼ਿਲਾਫ਼ ਇਸ ਧਾੜਵੀ ਸਮੂਹ ਅਤੇ ਇਸਦੀ ਜ਼ਾਂਬੀਅਨ ਸਹਾਇਕ ਕੰਪਨੀ ਕੌਂਕੋਲਾ ਕੌਪਰ ਮਾਈਨਜ਼ ਨੇ ਜੋ ਅਪੀਲ ਕੀਤੀ ਉਹ ਲੰਡਨ ਦੀ ਅਪੀਲ ਕੋਰਟ ਨੇ ਖਾਰਜ ਕਰ ਦਿੱਤੀ ਜਿਸ ਦੁਆਰਾ ਇਸਨੇ ਜ਼ਾਂਬੀਆ ਦੇ ਲੋਕਾਂ ਦੀ ਆਪਣੇ ਪਿੰਡਾਂ ਨੂੰ ਇਸ ਵਲੋਂ ਫੈਲਾਏ ਪ੍ਰਦੂਸ਼ਨ ਵਿਰੁੱਧ ਕਾਨੂੰਨੀ ਕਾਰਵਾਈ ਨੂੰ ਰੋਕਣ ਲਈ ਪੂਰਾ ਤਾਣ ਲਾਇਆ ਹੋਇਆ ਸੀ।

ਤੂਤੀਕੋਰੀਨ ਵਾਲਾ ਪਲਾਂਟ ਪਹਿਲਾਂ 1992 ਵਿਚ ਮਹਾਂਰਾਸ਼ਟਰ ਦੇ ਰਤਨਾਗਿਰੀ ਜ਼ਿਲ੍ਹੇ ਵਿਚ ਸੂਬਾ ਸਰਕਾਰ ਵਲੋਂ ਦਿੱਤੀ 500 ਏਕੜ ਜ਼ਮੀਨ ਉੱਪਰ ਲਗਾਇਆ ਗਿਆ ਸੀ। ਭਿਆਨਕ ਪ੍ਰਦੂਸ਼ਣ ਵਿਰੁੱਧ ਉੱਠੀ ਲੋਕ ਆਵਾਜ਼ ਦੇ ਦਬਾਓ ਹੇਠ ਸਰਕਾਰ ਨੂੰ ਕਮੇਟੀ ਬਣਾਕੇ ਇਸਦੀ ਜਾਂਚ ਕਰਾਉਣੀ ਪਈ ਸੀ ਅਤੇ ਉਸ ਕਮੇਟੀ ਦੀ ਰਿਪੋਰਟ ਦੇ ਅਧਾਰ 'ਤੇ ਪਲਾਂਟ ਰੱਦ ਕਰ ਦਿੱਤਾ ਗਿਆ ਸੀ। 1994 ਵਿਚ ਤਾਮਿਲਨਾਡੂ ਸਰਕਾਰ ਨੇ ਇਸ ਪਲਾਂਟ ਲਈ ਜ਼ਮੀਨ ਦੇ ਦਿੱਤੀ। ਇਹਨਾਂ ਪਲਾਂਟਾਂ ਦੀਆਂ ਜ਼ਹਿਰੀਲੀਆਂ ਗੈਸਾਂ ਅਤੇ ਖ਼ਤਰਨਾਕ ਰਸਾਇਣ ਆਲੇਦੁਆਲੇ ਦੇ ਪੌਣਪਾਣੀ ਨੂੰ ਖ਼ਤਰਨਾਕ ਰੂਪ ਵਿਚ ਦੂਸ਼ਿਤ ਕਰਦੇ ਹਨ। ਧਰਤੀ ਹੇਠਲੇ ਪਾਣੀ ਵਿਚ ਜ਼ਹਿਰਾਂ ਘੁਲਣ ਨਾਲ ਇਹ ਪੀਣ ਯੋਗ ਨਹੀਂ ਰਹਿੰਦਾ। ਇਸੇ ਕਾਰਨ ਸਬੰਧਤ ਕਾਰਪੋਰੇਟ ਨਿਵੇਸ਼ਕਾਰਾਂ ਉੱਪਰ ਸ਼ਰਤ ਲਗਾਈ ਜਾਂਦੀ ਹੈ ਕਿ ਉਹ ਪੌਣਪਾਣੀ ਦੇ ਪ੍ਰਦੂਸ਼ਨ ਨੂੰ ਘਟਾਉਣ ਲਈ ਲੋੜੀਂਦੇ ਪ੍ਰਦੂਸ਼ਨ ਰੋਕੂ ਉਪਾਅ ਕਰਨਗੇ ਅਤੇ ਆਲੇ-ਦੁਆਲੇ ਦੇ ਇਲਾਕੇ ਨੂੰ ਹਰਿਆ-ਭਰਿਆ ਬਣਾਉਣ ਲਈ ਵਿਸ਼ੇਸ਼ ਕਦਮ ਚੁੱਕਣਗੇ। ਪਰ ਕਾਰਪੋਰੇਟ ਧੰਦੇਬਾਜ਼ ਸਰਕਾਰ ਅਤੇ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਇਹਨਾਂ ਸ਼ਰਤਾਂ ਦੀ ਕੋਈ ਪ੍ਰਵਾਹ ਨਹੀਂ ਕਰਦੇ। ਇਹੀ ਇਸ ਪ੍ਰੋਜੈਕਟ ਦੇ ਮਾਮਲੇ ਵਿਚ ਵਾਪਰਿਆ। ਅਜੇ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਇਸ ਨੂੰ ਰਸਮੀਂ ਮਨਜ਼ੂਰੀ ਵੀ ਨਹੀਂ ਸੀ ਦਿੱਤੀ ਗਈ ਅਤੇ ਵਾਤਾਵਰਣ ਉੱਪਰ ਅਸਰਾਂ ਦੇ ਅਨੁਮਾਨ ਦੀ ਰਿਪੋਰਟ ਵੀ ਅਜੇ ਨਹੀਂ ਆਈ ਸੀ ਕਿ ਸਰਕਾਰ ਨੇ ਉਸ ਤੋਂ ਪਹਿਲਾਂ ਹੀ ਜਨਵਰੀ 1995 ਵਿਚ ਪਲਾਂਟ ਨੂੰ ਹਰੀ ਝੰਡੀ ਦੇ ਦਿੱਤੀ। ਇਹ ਪਲਾਂਟ ਪ੍ਰਦੂਸ਼ਨ ਕੰਟਰੋਲ ਬੋਰਡ ਵਲੋਂ ਮਿੱਥੇ ਨੇਮਾਂ ਦੀ ਘੋਰ ਉਲੰਘਣਾ ਕਰਕੇ ਲਗਾਇਆ ਗਿਆ। ਐਸਾ ਪਲਾਂਟ ਮਨੁੱਖੀ ਆਬਾਦੀ ਤੋਂ ਘੱਟੋਘੱਟ 25 ਕਿਲੋਮੀਟਰ ਦੂਰ ਲਗਾਏ ਜਾਣ ਦੀ ਸ਼ਰਤ ਹੈ ਪਰ ਸਟਰਲਾਈਟ ਕੰਪਨੀ ਨੇ ਕਾਇਦੇ-ਕਾਨੂੰਨਾਂ ਦੀਆਂ ਧੱਜੀਆਂ ਉਠਾਕੇ ਮਹਿਜ਼ 14 ਕਿਲੋਮੀਟਰ ਦੂਰ ਹੀ ਪਲਾਂਟ ਲਗਾ ਲਿਆ। ਇਸ ਕਾਰਨ ਲੋਕ ਭਿਆਨਕ ਬੀਮਾਰੀਆਂ ਦਾ ਸ਼ਿਕਾਰ ਹੋਣ ਲੱਗੇ ਪਰ ਸਰਕਾਰ ਨੇ ਕੰਪਨੀ ਨੂੰ ਕਲੀਨ ਚਿੱਟ ਦੇ ਦਿੱਤੀ ਅਤੇ ਧੜਾਧੜ ਵਿਆਪਕ ਪ੍ਰਦੂਸ਼ਨ ਫੈਲਣਾ ਸ਼ੁਰੂ ਹੋ ਗਿਆ।

ਮਾਮਲਾ ਮਦਰਾਸ ਹਾਈਕੋਰਟ ਵਿਚ ਪਹੁੰਚ ਗਿਆ। ਭਾਵੇਂ 1998 ਵਿਚ ਉੱਚ ਅਦਾਲਤ ਨੇ ਕੰਪਨੀਆਂ ਦੀਆਂ ਧਾਂਦਲੀਆਂ ਦੇ ਮੱਦੇਨਜ਼ਰ ਇਕ ਵਾਰ ਪਲਾਂਟ ਬੰਦ ਕਰਵਾ ਦਿੱਤਾ ਪਰ ਕੰਪਨੀ ਨੇ ਆਪਣਾ ਰਸੂਖ਼ ਵਰਤਕੇ ਜਾਂਚ ਕਰਨ ਵਾਲੀ ਉਸੇ ਸੰਸਥਾ ਤੋਂ ਆਪਣੇ ਪੱਖ ਵਿਚ ਰਿਪੋਰਟ ਤਿਆਰ ਕਰਵਾਕੇ ਪਲਾਂਟ ਮੁੜ ਚਾਲੂ ਕਰਵਾ ਲਿਆ। ਹੁਣ ਇਸ ਕੰਪਨੀ ਨੇ ਸਰਕਾਰ ਦੀ ਮਿਲੀਭੁਗਤ ਨਾਲ ਪਲਾਂਟ ਦੀ ਪੈਦਾਵਾਰ ਵਧਾਉਣ ਲਈ ਹੋਰ ਵੀ ਵੱਡੇ ਪੈਮਾਨੇ 'ਤੇ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ ਅਤੇ ਪਲਾਂਟ ਦਾ ਵਿਸਤਾਰ ਕਰਨ ਦੀ ਯੋਜਨਾ ਬਣਾ ਲਈ। 2004 ਵਿਚ ਸੁਪਰੀਮ ਕੋਰਟ ਨੇ ਇਸ ਵਿਸਤਾਰ ਉੱਪਰ ਰੋਕ ਲਗਾ ਦਿੱਤੀ ਅਤੇ ਉਲੰਘਣਾਵਾਂ ਦੀ ਜਾਂਚ ਦੇ ਆਦੇਸ਼ ਦੇ ਦਿੱਤੇ। ਪ੍ਰਦੂਸ਼ਨ ਕੰਟਰੋਲ ਬੋਰਡ ਦੀ ਰਿਪੋਰਟ ਵਿਚ ਥੋਕ ਬੇਨਿਯਮੀਆਂ ਸਾਹਮਣੇ ਆਈਆਂ। ਕੰਪਨੀ ਨੇ ਬਿਨਾ ਮਨਜ਼ੂਰੀ ਲਏ ਹੀ ਵਿਸਤਾਰ ਲਈ ਕਈ ਤਰ੍ਹਾਂ ਦੀਆਂ ਉਸਾਰੀਆਂ ਕਰ ਲਈਆਂ ਸਨ। ਸਰਕਾਰ ਨੇ ਕੰਪਨੀ ਦਾ ਸਾਥ ਦਿੱਤਾ ਅਤੇ ਗ਼ੈਰਕਾਨੂੰਨੀ ਵਿਸਤਾਰ ਨੂੰ ਮਨਜ਼ੂਰੀ ਦੇ ਦਿੱਤੀ।

ਇਸਦੇ ਖ਼ਿਲਾਫ਼ ਮਾਮਲਾ ਇਕ ਵਾਰ ਫਿਰ ਅਦਾਲਤ ਵਿਚ ਪਹੁੰਚ ਗਿਆ। 2010 ਵਿਚ ਮਦਰਾਸ ਹਾਈਕੋਰਟ ਨੇ ਪਲਾਂਟ ਬੰਦ ਕਰਨ ਦਾ ਆਦੇਸ਼ ਦਿੱਤਾ। ਸੁਪਰੀਮ ਕੋਰਟ ਨੇ ਮਾਰਚ 2013 ਵਿਚ ਕੰਪਨੀ ਨੂੰ 100 ਕਰੋੜ ਰੁਪਏ ਜੁਰਮਾਨਾ ਕੀਤਾ। ਲੇਕਿਨ ਕੰਪਨੀ ਨੇ ਨੈਸ਼ਨਲ ਗਰੀਨ ਟ੍ਰਿਬਿਊਨਲ ਤੋਂ ਆਪਣੇ ਹੱਕ ਵਿਚ ਰਿਪੋਰਟ ਤਿਆਰ ਕਰਵਾਕੇ ਪਲਾਂਟ ਮੁੜ ਚਾਲੂ ਕਰ ਲਿਆ। ਇਸ ਤੋਂ ਬਾਦ ਕਈ ਵਾਰ ਗੈਸ ਲੀਕ ਹੋਈ, ਲੋਕ ਮਾਰੇ ਗਏ। ਪੀੜਤ ਲੋਕ ਲਗਾਤਾਰ ਵਿਰੋਧ ਕਰਦੇ ਰਹੇ, ਪਰ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਪਲਾਂਟ ਚਲਦਾ ਰਿਹਾ। ਇਸ ਸਾਲ ਕੰਪਨੀ ਵਲੋਂ ਪਲਾਂਟ ਦਾ ਹੋਰ ਵਿਸਤਾਰ ਕਰਨ ਦੇ ਮਨਸੂਬਿਆਂ ਨੂੰ ਰੋਕਣਾ ਲੋਕਾਂ ਲਈ ਜ਼ਿੰਦਗੀ ਦਾ ਸਵਾਲ ਬਣ ਗਿਆ ਅਤੇ ਪਹਿਲੇ ਦੋਨਾਂ ਪਲਾਂਟਾਂ ਨੂੰ ਬੰਦ ਕਰਨ ਦੀ ਮੰਗ ਫਿਰ ਜ਼ੋਰ ਫੜ ਗਈ।

2014 ਵਿਚ ਸੰਘ ਬਰਗੇਡ ਨੇ ਸੱਤਾ ਵਿਚ ਆਕੇ ਤੁਰੰਤ ਕਾਰਪੋਰੇਟ ਪ੍ਰੋਜੈਕਟਾਂ ਨੂੰ ਵੱਡੀ ਰਾਹਤ ਦਿੱਤੀ ਸੀ। ਦਸੰਬਰ 2014 ਵਿਚ ਮੋਦੀ ਸਰਕਾਰ ਨੇ ਗਰੀਨ ਰੈਗੂਲੇਸ਼ਨਜ਼ ਦੀ ਜੋ ਨਵੀਂ ਵਿਆਖਿਆ ਦਿੱਤੀ ਉਹ ਪ੍ਰੋਜੈਕਟ ਲੱਗਣ ਨਾਲ ਪ੍ਰਭਾਵਤ ਹੋਣ ਵਾਲੇ ਇਲਾਕਿਆਂ ਦੇ ਲੋਕਾਂ ਦਾ ਪੱਖ ਜਨਤਕ ਤੌਰ 'ਤੇ ਸੁਣਨ ਤੋਂ ਬਿਨਾ ਹੀ ਪ੍ਰੋਜੈਕਟ ਲਗਾਉਣ ਦੀ ਖੁੱਲ੍ਹ ਸਰਮਾਏਦਾਰ ਕਾਰੋਬਾਰੀਆਂ ਨੂੰ ਦਿੰਦੀ ਸੀ। 'ਸਪਸ਼ਟੀਕਰਨ' ਦੇ ਨਾਂ ਹੇਠ ਤੱਤਕਾਲੀ ਵਾਤਾਵਰਣ ਮੰਤਰੀ ਦੇ ਹੁਕਮਾਂ ਨੇ ਲਟਕ ਰਹੇ ਪ੍ਰੋਜੈਕਟਾਂ ਦਾ ਰਾਹ ਪੱਧਰਾ ਕਰ ਦਿੱਤਾ। ਭਾਵੇਂ ਨੈਸ਼ਨਲ ਗਰੀਨ ਟ੍ਰਿਬਿਊਨਲ ਵਲੋਂ ਇਸ ਦੇ ਖ਼ਿਲਾਫ਼ ਸਟੈਂਡ ਲੈਣ ਕਾਰਨ ਵਾਤਾਵਰਣ ਮੰਤਰਾਲੇ ਨੂੰ ਨਵੇਂ ਹੁਕਮ ਜਾਰੀ ਕਰਨੇ ਪਏ ਲੇਕਿਨ ਇਹ ਵੇਦਾਂਤ ਸਮੂਹ ਲਈ ਕੌਪਰ ਪਲਾਂਟ ਦੇ ਗ਼ੈਰਕਾਨੂੰਨੀ ਵਿਸਤਾਰ ਲਈ ਬਹੁਤ ਕਾਰਆਮਦ ਹਥਿਆਰ ਸੀ। ਇਸੇ ਦੌਰਾਨ ਮਾਰਚ 2015 ਵਿਚ ਵਾਤਾਵਰਣ ਮੰਤਰਾਲੇ ਵਲੋਂ ਵੇਦਾਂਤ ਦੀ ਵਾਤਾਵਰਣ ਕਲੀਰੈਂਸ ਦਸੰਬਰ 2018 ਤਕ ਵਧਾ ਦਿੱਤੀ ਗਈ। ਐਨੀ ਡੂੰਘੀ ਹੈ ਵੇਦਾਂਤ ਅਤੇ ਮੋਦੀ ਸਰਕਾਰ ਦੀ ਮਿਲੀਭੁਗਤ ਜਿਸ ਵਿਰੁੱਧ ਲੋਕ ਆਪਣੀ ਧਰਤੀ ਨੂੰ ਬਚਾਉਣ ਲਈ ਲੜ ਰਹੇ ਹਨ। ਇਹ ਹੈ ਵੇਦਾਂਤ ਦਾ ਖ਼ੂਨੀ ਚਿਹਰਾ ਜਿਸਦੇ ਮੁਖੀ ਅਗਰਵਾਲ ਨੇ 2014 ਵਿਚ ਐਲਾਨ ਕੀਤਾ ਸੀ ਕਿ ਉਹ ਆਪਣੀ ਦੌਲਤ ਦਾ 75ਫ਼ੀਸਦੀ, ਯਾਨੀ ਤਕਰੀਬਨ 23000 ਕਰੋੜ ਰੁਪਏ, ਦਾਨ-ਪੁੰਨ ਦੇ ਕੰਮਾਂ ਉੱਪਰ ਖ਼ਰਚ ਕਰੇਗਾ। ਐਸੀ ਦਾਨ-ਪੁੰਨ ਕਰਨ ਵਾਲੀ ਕੰਪਨੀ ਦੀ ਸੇਵਾ ਲਈ ਤਾਮਿਲਨਾਡੂ ਦੀ ਪੂਰੀ ਸਰਕਾਰ ਪੂਰੀ ਤਨਦੇਹੀ ਨਾਲ ਇਸ ਦੀ ਨਿੱਜੀ ਫ਼ੌਜ ਵਜੋਂ ਕੰਮ ਕਰ ਰਹੀ ਹੈ ਜਿਸ ਨੂੰ ਆਪਣੇ ਹੀ ਲੋਕਾਂ ਨੂੰ ਲਾਸ਼ਾਂ ਦੇ ਢੇਰ ਵਿਚ ਬਦਲਣ ਤੋਂ ਵੀ ਗੁਰੇਜ਼ ਨਹੀਂ ਹੈ। ਇਹ ਹੈ ਉਸ ਵਿਕਾਸ ਦਾ ਅਸਲ ਚਿਹਰਾ ਜੋ ਕੇਂਦਰੀ ਹਿੱਸੇ ਵਿਚ ਮੁਕਾਬਲਿਆਂ ਰਾਹੀਂ ਲੋਕਾਂ ਨੂੰ ਕਤਲ ਕਰ ਰਿਹਾ ਹੈ ਅਤੇ ਤਾਮਿਲਨਾਡੂ ਵਿਚ ਹਿੰਸਕ ਹਜੂਮ ਨੂੰ ਰੋਕਣ ਦੇ ਨਾਂ ਹੇਠ ਲਾਸ਼ਾਂ ਵਿਛਾ ਰਿਹਾ ਹੈ।







# ਦਰਬਾਰ ਸਾਹਿਬ ਦੇ ਉਸਰੱਈਏ ਭਾਈ ਦੇਸ ਰਾਜ ਦਾ ਦਰਦ

ਭਾਈ ਦੇਸ ਰਾਜ ਜੀ- ਭਾਵੇਂ ਤੁਸੀਂ ਦਰਬਾਰ ਸਾਹਿਬ ਦੀ ਇਮਾਰਤ ਕਿਉਂ ਨਾ ਬਣਵਾਈ ਹੋਵੇ ਪਰ ਹੁਣ ਤੁਸੀਂ ਦਰਬਾਰ ਸਾਹਿਬ ਦਾ ਪ੍ਰਬੰਧ ਸੰਭਾਲਣ ਵਾਲੀ ਕਮੇਟੀ ਦੇ ਵੋਟਰ ਵੀ ਨਹੀਂ ਬਣ ਸਕਦੇ!

ਜਦੋਂ 1762 ਵਿਚ ਅਹਿਮਦ ਸ਼ਾਹ ਅਬਦਾਲੀ ਨੇ ਮੁੜ ਦਰਬਾਰ ਸਾਹਿਬ ਦੀ ਇਮਾਰਤ ਢਾਹ ਕੇ ਸਰੋਵਰ ਪੂਰ ਦਿੱਤਾ ਤਾਂ ਦੋ ਕੁ ਸਾਲਾਂ ਵਿਚ ਸਿੱਖ ਸਰਦਾਰਾਂ ਨੇ ਮਾਇਆ ਇਕੱਠੀ ਕਰ ਕੇ ਸ ਜੱਸਾ ਸਿੰਘ ਆਹਲੂਵਾਲੀਏ ਤੋਂ ਦਰਬਾਰ ਸਾਹਿਬ ਦਾ ਨੀਂਹ-ਪੱਥਰ ਰਖਵਾਇਆ ਤੇ ਸਾਰੀ ਮਾਇਆ ਸੁਰ ਸਿੰਘ (ਮੇਰੇ ਪਿੰਡ) ਦੇ ਗੁਰ-ਸਿੱਖ ਸ਼ਾਹੂਕਾਰ ਖੱਤਰੀ ਭਾਈ ਦੇਸ ਰਾਜ ਨੂੰ ਦੇ ਕੇ ਦਰਬਾਰ ਸਾਹਿਬ ਦੀ ਇਮਾਰਤ ਤਾਮੀਰ ਕਰਵਾਉਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ। ਹੁਣ ਵਾਲੀ ਇਮਾਰਤ ਭਾਈ ਦੇਸ ਰਾਜ ਦੀ ਨਿਗਰਾਨੀ ਵਿਚ ਬਣੀ ਹੈ। ਸੁਰ ਸਿੰਘੀਆਂ ਨੂੰ ਸਾਰੇ ਪੰਥ ਨਾਲ ਮਿਲ ਕੇ ਇਹ ਮਾਣ ਕਰਨ ਦਾ ਹੱਕ ਹੈ।

ਪਰ ਜੇ ਦਰਬਾਰ ਸਾਹਿਬ ਦਾ ਉਸਰੱਈਆ ਭਾਈ ਦੇਸ ਰਾਜ ਅੱਜ ਆਵੇ ਤਾਂ ਉਹਨੂੰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਵੋਟ ਪਾਉਣ ਦੀ ਆਗਿਆ ਨਹੀਂ ਹੋਵੇਗੀ ਕਿਉਂਕਿ ਉਹ ਅਜੋਕੀ ਰਾਜਨੀਤੀ ਦੇ ਮਿਆਰਾਂ ਮੁਤਾਬਕ 'ਸਿੱਖ' ਨਹੀਂ। ਹੋਵੇਗਾ ਉਹ 'ਗੁਰਸਿੱਖ ਖੱਤਰੀ'(ਇਤਿਹਾਸ ਵਿਚ ਉਸ ਬਾਰੇ ਏਹੋ ਲਿਖਿਆ ਏ) ਸ ਜੱਸਾ ਸਿੰਘ ਆਹਲੂਵਾਲੀਏ ਤੇ ਹੋਰ ਮਿਸਲਾਂ ਦੇ ਸਰਦਾਰਾਂ ਅਤੇ ਤਦੋਕੇ ਸਮੁੱਚੇ ਪੰਥ ਲਈ, ਅਜੋਕੇ ਪੰਥ ਨੇ ਉਹਨੂੰ ਤੇ ਪਤਾ ਨਹੀਂ ਹੋਰ ਕਿੰਨੇ ਲੋਕਾਂ ਨੂੰ ਪੰਥ ਤੋਂ ਵੱਖ ਕਰ ਦਿੱਤਾ ਏ। ਦੇਸ ਰਾਜ ਕਿਸ 'ਬਾਗ਼ ਦੀ ਮੂਲੀ' ਏ ਜਦ ਕਿ ਉਹਦੇ ਨਾਲ ਖਲੋਤੇ ਭਾਈ ਨੰਦ ਲਾਲ ਤੇ ਭਾਈ ਘਨੱਈਆ ਜਿਹੇ ਦਰਜਨਾਂ ਸਿੱਖ 'ਇਹ ਕਾਨੂੰਨ' ਸੁਣ ਕੇ ਹੈਰਾਨ ਹੋਏ ਇਕ ਦੂਜੇ ਵੱਲ ਵੇਖ ਰਹੇ ਨੇ।



ਭਾਈ ਦੇਸ ਰਾਜ ਜੀ- ਤੁਸੀਂ ਇਕ ਹੋਰ ਗੱਲੋਂ ਵੀ ਗੁਰਦਵਾਰਿਆਂ ਦੇ ਪ ?ਬੰਧ ਵਿਚ ਦਖ਼ਲ ਦੇਣ ਦੇ ਹੱਕਦਾਰ ਨਹੀਂ। ਜਦੋਂ ਪੰਥ ਦਾ ਹੁਕਮ ਮੰਨ ਕੇ ਤੁਸੀਂ ਦਰਬਾਰ ਸਾਹਿਬ ਦੀ ਉਸਾਰੀ ਦੀ ਜ਼ਿੰਮੇਵਾਰੀ ਓਟੀ ਸੀ ਤਾਂ ਇਸ ਮਾਣ ਵਿਚ ਹੁੱਬ ਕੇ ਕਿ ਪੰਥ ਨੇ ਮੈਨੂੰ ਏਨਾ ਮਾਣ ਦਿੱਤਾ ਏ ਤੁਸੀਂ ਆਪਣੀ ਵੀ ਸਾਰੀ ਜਾਇਦਾਦ ਵੇਚ ਕੇ 'ਕਾਰ-ਸੇਵਾ' ਵਿਚ ਪਾ ਦਿੱਤੀ ਸੀ ਤੇ ਅੰਬਰਸਰ ਵਿਚ ਛੋਟੀ ਜਿਹੀ ਕੋਠੜੀ ਵਿਚ ਰੈਣ-ਬਸੇਰਾ ਕਰਦਿਆਂ, ਦਰਬਾਰ ਸਾਹਿਬ ਦੀ ਉਸਾਰੀ ਲਈ, ਆਪਣੀ ਨਿਗਰਾਨੀ ਵਿਚ ਇੱਟਾਂ ਪੱਕਣ ਲਈ ਆਵੇ ਚੜ੍ਹਵਾ ਦਿੱਤੇ ਤੇ ਰੋਜ਼ ਪੀਸ ਕੇ ਚੂਨਾ ਬਣਨ ਲੱਗਾ। ਉਦੋਂ ਹੀ ਇਕ ਰਾਤ ਤੁਹਾਡੀ ਪਤਨੀ ਨੇ ਕੋਠੜੀ ਦੀ ਨੁੱਕਰ ਵਿਚ ਪਈ ਗਿੱਠ ਕੁ ਤਰੇੜ ਵੇਖ ਕੇ ਪੁੱਛਿਆ ਸੀ, "ਸਵਾਮੀ ਜੀ! ਜੇ ਤੁਸੀਂ ਆਗਿਆ ਦਿਓ ਤਾਂ ਮੈਂ ਸਵੇਰੇ ਇਕ ਮੁੱਠ ਚੂਨਾ ਲੈ ਕੇ ਔਹ ਸਾਹਮਣੀ ਤਰੇੜ ਲਿੱਪ ਦਿਆਂ?" ਤਾਂ ਤੁਸੀਂ ਉਸਨੂੰ ਝਿੜਕਦਿਆਂ ਕਿਹਾ ਸੀ," ਓ ਭਲੀਏ ਲੋਕੇ! ਤੂੰ ਭਾਵੇਂ ਚੂਨਾ ਆਪਣੀ ਕੋਠੜੀ ਨੂੰ ਲਾਇਆ ਤਾਂ ਨਹੀਂ ਪਰ ਤੂੰ ਮਨ ਵਿਚ ਇਹ ਸੋਚ ਕੇ ਵੀ ਬੜਾ ਵੱਡਾ ਪਾਪ ਕੀਤਾ ਏ ਕਿ ਗੁਰੂ ਘਰ ਲਈ ਪੀਸਿਆ ਚੂਨਾ ਤੂੰ ਆਪਣੀ ਕੋਠੜੀ ਲਈ ਵਰਤ ਸਕਦੀ ਏਂ! ਭਾਵੇਂ ਇੱਕ ਮੁੱਠ ਈ ਕਿਉਂ ਨਾ ਹੋਵੇ!" ਤੇ ਤੁਸੀਂ ਕਿਹਾ ਸੀ ਕਿ ਤੈਨੂੰ ਇਸ ਪਾਪ ਦਾ ਪ੍ਰਾਸਚਿਤ ਕਰਨ ਲਈ ਜਿਨਾਂ ਚੂਨਾ ਤੂੰ ਸੇਵਾ ਵਿਚ ਰੋਜ਼ ਪੀਸਦੀ ਏਂ ਉਸਤੋਂ ਦੂਣਾ ਪੀਸਣਾ ਪਵੇਗਾ।

ਭਾਈ ਜੀ ਤੁਸੀਂ ਆਪ ਈ ਸੋਚੋ, ਤੁਸੀਂ 'ਗੁਰੂ ਘਰ ਲਈ' ਆਪਣਾ ਘਰ ਤੇ ਜਾਇਦਾਦ ਵੇਚ ਦਿੱਤੀ ਅਤੇ ਫਿਰ ਤੁਸੀਂ ਛੋਟੀ ਕੋਠੜੀ ਵਾਲੇ ਆਪਣੇ ਘਰ ਲਈ ਚੂਨੇ ਦੀ ਮੁੱਠ ਵੀ ਗੁਰੂ ਘਰ ਵਿਚੋਂ ਨਹੀਂ ਵਰਤ ਸਕਦੇ ਤਾਂ ਜਿਹੜੇ ਲੋਕ ਅੱਜ ਕੱਲ੍ਹ ਗੁਰੂ ਦੀ ਗੋਲਕ ਨੂੰ ਆਪਣੇ 'ਘਰਾਂ' ਤੇ ਆਪਣੀਆਂ ਪਾਰਟੀਆਂ ਜਾਂ ਮਕਸਦਾਂ ਲਈ ਵਰਤਣਾ ਹੱਕ ਸਮਝਦੇ ਨੇ, ਉਹ ਤੁਹਾਨੂੰ ਗੁਰਦਵਾਰਿਆਂ ਦਾ ਪ ?ਬੰਧ ਸੰਭਾਲਣ ਵਿਚ ਭਾਈਵਾਲ ਕਿਉਂ ਬਨਾਉਣਗੇ!

ਸਿੱਖੀ ਜੋੜਨ ਦਾ ਨਾਂ ਸੀ, ਬਿਗਾਨਿਆਂ ਨੂੰ ਵੀ ਗਲ ਨਾਲ ਲਾਉਣ ਦਾ। ਅਸੀਂ ਆਪਣਿਆਂ ਨੂੰ ਹੀ ਆਪਣੇ ਤੋਂ ਤੋੜ ਕੇ ਪਰ੍ਹੇ ਧੱਕ ਕੇ ਵੱਖ ਕਰ ਰਹੇ ਹਾਂ।

ਜੇ ਇਸ ਕਾਨੂੰਨ ਦਾ ਮਕਸਦ ਵਾਕਿਆ ਹੀ ਸਿੱਖ-ਧਰਮ ਦੀ ਰਾਖੀ ਅਤੇ ਚੜ੍ਹਤਲ ਹੁੰਦਾ ਤਾਂ ਵੀ ਮੰਨਿਆਂ ਜਾ ਸਕਦਾ ਸੀ। ਸਾਰੇ ਜਾਣਦੇ ਨੇ ਕਿ ਹਕੀਕਤ ਐਨ ਉਲਟ ਏ, ਧਰਮ ਦੇ ਬਚਾਓ ਤੇ ਵਾਧੇ ਦਾ ਇਸ ਨਾਲ ਕੋਈ ਸੰਬੰਧ ਨਹੀਂ। ਇਸਦਾ ਮਕਸਦ ਆਪਣੀ ਰਾਜਨੀਤੀ, ਆਪਣੇ ਵੋਟ-ਬੈਂਕ ਲਈ ਗੁਰਦਵਾਰਿਆਂ 'ਤੇ ਕਬਜ਼ਾ ਕਰ ਕੇ ਗੁਰੂ ਘਰ ਦੀ ਮਾਇਆ ਨੂੰ ਵਰਤਣਾ ਏਂ। ਮੈਂ ਇਹ ਵੀ ਨਹੀਂ ਕਹਿ ਰਿਹਾ ਕਿ ਜਿਨ੍ਹਾਂ ਕੋਲੋਂ ਵੋਟ ਦਾ ਹੱਕ ਖੁੱਸਾ ?, ਉਹ ਸਾਰੇ 'ਭਾਈ ਦੇਸ ਰਾਜ' ਹੀ ਹਨ। ਪਰ ਹਨ ਤਾਂ ਆਪਣੇ ਹੀ। ਮੇਰੇ ਵਰਗਿਆਂ ਨੂੰ ਸਿੱਖ ਨਾ ਹੋਣ ਦਾ ਫ਼ਤਵਾ ਦੇਣਾ ਸੌਖਾ ਏ ਪਰ ਆਪਣੇ ਆਪਣੇ ਮਨਾਂ ਅਤੇ ਘਰਾਂ ਵਿਚ ਝਾਤੀ ਮਾਰ ਕੇ ਵੇਖੋ ਤੇ ਆਪਣੇ ਆਪ ਨੂੰ ਪੁੱਛੋ ਕਿ ਤੁਸੀਂ ਆਪ ਕਿੰਨੇ ਕੁ ਸਿੱਖ ਓ?

**- ਵਰਿਆਮ ਸਿੰਘ ਸੰਧੂ**

# ਲੋਕੋ ਹੁਣ ਤਾਂ ਬਾਜ ਆ ਜਾਓ ਇਨ੍ਹਾਂ ਢੌਂਗੀਆਂ ਤੋਂ

**ਡਾ ਬਲਜਿੰਦਰ ਸਿੰਘ ਸੇਖੋਂ**



ਪਹਿਲਾਂ ਸਰਸੇ ਵਾਲਾ ਸਾਧ ਰਾਮ ਰਹੀਮ ਸਿੰਘ ਉਰਫ ਗੁਰਮੀਤ ਆਪਣੀਆਂ ਕਰਤੂਤਾਂ ਕਾਰਨ ਕਾਨੂੰਨ ਦੇ ਸਕੰਜੇ ਵਿਚ ਆਇਆ ਤੇ ਹੁਣ ਆਸਾਰਾਮ ਉਰਫ ਆਸੂਮੱਲ ਨੂੰ ਜੋਧਪੁਰ ਦੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਇਹ ਢੌਂਗੀ ਸਾਧ ਉਨ੍ਹਾਂ ਦੇ ਬਹੁਤ ਸਾਰੇ ਸ਼ਰਧਾਲੂਆਂ ਲਈ ਅੱਜ ਵੀ ਰੱਬ ਦਾ ਰੂਪ ਹਨ। ਇਸ ਸ਼ਰਧਾ ਨੂੰ ਵਿਸ਼ਵਾਸ਼ ਨਹੀਂ, ਅੰਧ ਵਿਸ਼ਵਾਸ਼ ਹੀ ਕਿਹਾ ਜਾ ਸਕਦਾ ਹੈ। ਦੁਨੀਆਂ ਵਿਚ ਪਸਰੇ ਸਾਇੰਸ ਦੇ ਚਾਨਣ ਨੇ ਵਾਰ ਵਾਰ ਇਹ ਸਿੱਧ ਕਰ ਦਿੱਤਾ ਹੈ ਕਿ ਇਸ ਦੁਨੀਆਂ ਵਿਚ ਕੋਈ ਵੀ ਅਲੌਕਿਕ ਸ਼ਕਤੀਆਂ ਦਾ ਮਾਲਕ ਨਹੀਂ ਹੋ ਸਕਦਾ, ਉਹ ਨਾ ਹੀ ਕਿਸੇ ਮੰਤਰ ਤੰਤਰ ਨਾਲ ਕਿਸੇ ਦਾ ਕੁੱਝ ਵਿਗਾੜ ਸਕਦਾ ਹੈ ਅਤੇ ਨਾ ਹੀ ਸਵਾਰ ਸਕਦਾ ਹੈ। ਪਰ ਫਿਰ ਵੀ ਭਾਰਤ ਅਤੇ ਦੁਨੀਆਂ ਦੇ ਹੋਰ ਦੇਸ਼ਾਂ ਵਿਚ ਕਿਤੇ ਵੱਧ ਅਤੇ ਕਿਤੇ ਘੱਟ ਲੋਕ ਇਸ ਤਰ੍ਹਾਂ ਦਾ ਦਾਵਾ ਕਰਨ ਵਾਲੇ ਠੱਗਾਂ ਦੀਆਂ ਗੱਲਾਂ ਵਿਚ ਆ ਕੇ ਆਪਣੀ ਲੁੱਟ ਕਰਵਾ ਲੈਂਦੇ ਹਨ। ਇਹ ਵੀ ਪਤਾ ਲੱਗ ਚੁੱਕਾ ਹੈ ਕਿ ਕੋਈ ਵੀ ਅਪਣੀਆਂ ਸ਼ਕਤੀਆਂ ਕਾਰਨ ਅਦਭੁੱਤ ਕਾਰਨਾਮੇ ਨਹੀਂ ਕਰ ਸਕਦਾ। ਕਿਸੇ ਜਾਦੂਗਰ ਵਲੋਂ ਕੀਤਾ ਜਾਦੂ ਜੋ ਆਮ ਲੋਕਾਂ ਲਈ ਅਚੰਭੇ ਦਾ ਕਾਰਨ ਹੁੰਦਾ ਹੈ, ਅਕਸਰ ਉਸ ਵਲੋਂ ਕੀਤੀ ਹੱਥ ਦੀ ਸਫਾਈ ਹੀ ਹੁੰਦੀ ਹੈ, ਜਿਸ ਨੂੰ ਕਿਸੇ ਖਾਸ ਕਿਸਮ ਦੇ ਸਮਾਨ ਦੀ ਸਹਾਇਤਾ ਨਾਲ ਨੇਪਰੇ ਚਾੜ੍ਹਿਆ ਜਾਂਦਾ ਹੈ। ਅੱਜ ਕੱਲ੍ਹ ਤਾਂ ਅਕਸਰ ਹੀ ਜਾਦੂ ਕਰਨ ਵਾਲੇ ਜਾਦੂਗਰ ਅਪਣੇ ਵਲੋਂ ਵੀ ਇਸ ਦਾ ਐਲਾਨ ਕਰ ਦਿੰਦੇ ਹਨ ਕਿ ਇਸ ਵਿਚ ਕਿਸੇ ਗੈਬੀ ਸ਼ਕਤੀ ਦਾ ਹੱਥ ਨਹੀਂ ਸਗੋਂ ਸਿਰਫ ਹੱਥ ਦੀ ਸਫਾਈ ਹੈ।

ਇਨ੍ਹਾਂ ਸਾਰੇ ਢੌਂਗੀਆਂ ਦੀ ਕਹਾਣੀ ਅਕਸਰ ਇੱਕੋ ਜਿਹੀ ਹੁੰਦੀ ਹੈ। ਗੁਰਮੀਤ ਆਮ ਕਿਸਾਨ ਪਰਿਵਾਰ ਵਿਚ ਪੈਦਾ ਹੋਇਆ ਤੇ ਹਾਲਾਤ ਦਾ ਫਾਇਦਾ ਉਠਾ ਕੇ ਸਰਸੇ ਦੇ ਡੇਰੇ ਦਾ ਮਾਲਕ ਬਣ ਬੈਠਾ। ਉਸ ਨੇ ਆਸੇ ਪਾਸੇ ਦੀਆਂ ਜ਼ਮੀਨਾਂ ਹੱਥਿਆ ਕੇ, ਇਨ੍ਹਾਂ ਵਿਚ ਗਰੀਬ ਲੋਕਾਂ ਤੋਂ ਸੇਵਾ ਦੇ ਨਾਂ ਤੇ ਮੁਫ਼ਤ ਵਿਚ ਖੇਤੀ ਕਰਵਾ ਕੇ, ਆਈ ਫਸਲ ਨੂੰ ਮਹਿੰਗੇ ਪ੍ਰਸ਼ਾਦ ਦੇ ਨਾਂ ਵੇਚ ਕੇ ਤੇ ਹੋਰ ਹੱਥ ਕੰਡੇ ਵਰਤਕੇ ਕਰੋੜਾਂ ਦੀ ਜਾਇਦਾਦ ਬਣਾ ਲਈ। ਅਪਣੇ ਐਸ਼ੋ ਇਸ਼ਰਤ ਲਈ ਡੇਰੇ ਵਿਚ ਗੁਫਾ ਦੇ ਨਾਂ ਤੇ ਮਹਿਲ ਨੁਮਾਂ ਇਮਾਰਤ ਬਣਾਈ। ਇਸ ਮਹਿਲ ਵਿਚ ਉਹ ਕਈ ਧਰਮਾਂ ਵਿਚ ਫੈਲਾਏ ਜਾਂਦੇ ਝੂਠ ਕਿ ਇਨਸਾਨ ਇਸ ਦੁਨੀਆਂ ਵਿਚ ਜਾਣੇ ਜਾਂ ਅਣਜਾਣੇ ਗਲਤੀਆਂ ਕਰਦੇ ਹੀ ਰਹਿੰਦੇ ਹਨ ਅਤੇ ਇਸ ਦੀ ਸਜਾ ਉਨ੍ਹਾਂ ਨੂੰ ਮਰਨ ਉਪਰੰਤ ਮਿਲੇਗੀ ਹੀ ਮਿਲੇਗੀ ਨੂੰ ਵਰਤਦਾ ਰਿਹਾ। ਅਪਣੇ ਘਿਨਾਉਣੇ ਕਾਰਿਆਂ ਨੂੰ ਠੀਕ ਸਿੱਧ ਕਰਨ ਲਈ ਇਹ ਸਾਧ ਲੜਕੀਆਂ ਨਾਲ ਕੀਤੇ ਬਲਾਤਕਾਰ ਨੂੰ ਉਨ੍ਹਾਂ ਨੂੰ ਪਿਤਾ ਜੀ ਵਲੋਂ ਦਿੱਤੀ ਮੁਆਫ਼ੀ ਕਹਿੰਦਾ ਰਿਹਾ। ਉਸ ਦੇ ਬਲਾਤਕਾਰ ਦੀ ਇੱਕ ਪੀੜਤ ਲੜਕੀ ਨੂੰ ਪਹਿਲਾਂ ਪਤਾ ਹੀ ਨਾ ਲੱਗਾ ਕਿ ਇਹ ਕੀ ਬਲਾ ਹੈ, ਜਦ ਉਸ ਦੇ ਨਾਲ ਇਸ ਡੇਰੇ ਨਾਲ ਲਗਦੇ ਕਾਲਜ ਦੇ ਹੋਸਟਲ ਵਿਚ ਰਹਿੰਦੀਆਂ ਕੁੜੀਆਂ ਉਸ ਨੂੰ ਪੁਛਦੀਆਂ ਕਿ ਕੀ ਉਸ ਨੂੰ ਪਿਤਾ ਜੀ ਵਲੋਂ ਮੁਆਫੀ ਮਿਲ ਗਈ ਹੈ। ਇਨ੍ਹਾਂ ਲੜਕੀਆਂ ਨੂੰ ਖੁੱਦ ਉਨ੍ਹਾਂ ਦੇ ਮਾਪੇ ਇਸ ਵਹਿਸ਼ੀ ਦੇ ਡੇਰੇ ਇਸ ਨੂੰ ਰੱਬ ਦਾ ਰੂਪ ਮੰਨ ਕੇ ਛੱਡ ਜਾਂਦੇ ਸਨ ਜਿਸ ਦੀ ਸਜਾ ਇਹ ਅਣਭੋਲ ਕੁੜੀਆਂ ਇਸ ਢੌਂਗੀ ਦਾ ਸ਼ਿਕਾਰ ਹੋ ਕੇ ਭੁਗਤਦੀਆਂ ਰਹੀਆਂ ਅਤੇ ਕਿਨੀਆਂ ਨੇ ਹੀ ਇਸ ਤੋਂ ਬਾਅਦ ਮਜ਼ਬੂਰ ਵੱਸ ਚੁੱਪ ਧਾਰੀ ਰੱਖੀ।

ਇਸੇ ਤਰ੍ਹਾਂ ਹੀ ਆਸਾਰਾਮ, ਆਸੂਮੱਲ ਵੰਡ ਤੋਂ ਪਹਿਲਾਂ ਮੌਜੂਦਾ ਪਾਕਿਸਤਾਨ ਦੇ ਬੇਰਾਨੀ ਇਲਾਕੇ ਵਿਚ ਪੈਦਾ ਹੋਇਆ ਤੇ ਭਾਰਤ ਆ ਕੇ ਉਸ ਦੇ ਮਾਪੇ ਉਸ ਨੂੰ ਸਿਰਫ 4 ਜਮਾਤਾਂ ਹੀ ਪੜ੍ਹਾ ਸਕੇ। ਉਸ ਤੋਂ ਬਾਅਦ ਮੋਕਸ਼ ਯਾਣੀ ਜਮਣ ਮਰਨ ਦੇ ਚੱਕਰ ਤੋਂ ਮੁਕਤੀ ਭਾਲਦਾ ਇੱਧਰ ਉਧਰ ਭਟਕਦਾ ਰਿਹਾ ਤੇ ਆਖਿਰ ਕਿਸੇ ਲੀਲਾ ਸ਼ਾਹ ਦਾ ਚੇਲਾ ਬਣ ਗਿਆ। ਉਸੇ ਤੋਂ ਕੁਝ ਕੁ ਚਲਾਕੀਆਂ ਸਿੱਖ ਕੇ ਉਸ ਨੇ ਅਪਣਾ ਛੋਟਾ ਜਿਹਾ ਡੇਰਾ 1972 ਵਿਚ ਮੋਕਸ਼ ਕੁਟੀਰ ਦੇ ਨਾ ਤੇ ਖੋਲ੍ਹ ਲਿਆ ਤੇ ਅਜ ਕੱਲ ਕਹਿੰਦੇ ਹਨ 10,000 ਕਰੋੜ ਦੀ ਸੰਪਤੀ ਅਤੇ 400 ਆਸ਼ਰਮਾਂ ਦਾ ਮਾਲਕ ਹੈ। ਆਮ ਲੋਕ ਜਿਹੜੇ ਵੱਖ ਵੱਖ ਥਾਂਵਾਂ ਤੋਂ ਜਨਮ ਮਰਨ ਦੇ ਚੱਕਰ ਤੇ 84 ਲੱਖ ਜੂਨੀ ਵਿਚ ਭਟਕਣ ਦੀਆਂ ਗੱਲਾਂ ਸੁਣ ਲੈਂਦੇ ਹਨ, ਡਰ ਕੇ ਇਨ੍ਹਾਂ ਮੋਕਸ ਕੁਟੀਰਾਂ ਵਿਚ ਜਾ ਮੱਥੇ ਟੇਕਦੇ ਹਨ। ਅਸਲ ਵਿਚ ਸੱਚ ਇਹ ਹੈ ਕਿ ਮਰਨ ਤੋਂ ਬਾਅਦ ਕੁਝ ਨਹੀਂ, ਸਭ ਕੁਝ ਖਤਮ। ਪਰ ਇਸੇ ਡਰ ਤੋਂ ਛੁੱਟਕਾਰਾ ਪਾਉਣ ਲਈ ਕਿ ਮੌਤ ਤੋਂ ਬਾਅਦ ਸਭ ਕੁਝ ਖਤਮ ਹੋ ਜਾਵੇਗਾ, ਹਜ਼ਾਰਾਂ ਸਾਲ ਪਹਿਲਾਂ ਰਾਜਿਆ ਮਹਾਰਾਜਿਆਂ ਦੇ ਧਾਰਮਿਕ ਪੁਜਾਰੀ ਉਨ੍ਹਾਂ ਨੂੰ ਇਸ ਡਰ ਤੋਂ ਮੁਕਤ ਕਰਨ ਅਤੇ ਆਪ ਰਾਜਿਆਂ ਦੇ ਸਹਾਰੇ ਐਸ਼ ਕਰਨ ਲਈ, ਹਜ਼ਾਰਾਂ ਸਾਲਾਂ ਤੋਂ ਵੱਖ ਵੱਖ ਵਿਸ਼ਵਾਸ਼ ਬਣਾਉਂਦੇ ਰਹੇ। ਕੋਈ ਕਹਿੰਦਾ ਹੈ ਕਿ ਮਰਨ ਤੋਂ ਬਾਅਦ ਸਰੀਰ ਬਣਿਆਂ ਤਣਿਆਂ ਕਿਸੇ ਦੂਸਰੀ ਦੁਨੀਆਂ ਵਿਚ ਚਲਿਆ ਜਾਂਦਾ ਹੈ, ਦੂਸਰੇ ਦਸਦੇ ਹਨ, ਸਰੀਰ ਤਾਂ ਪੰਜ ਭੂਤਕ ਠੀਕਰਾ ਹੈ ਇਸ ਦੇ ਫੁਟਣ ਨਾਲ ਕੋਈ ਫਰਕ ਨਹੀਂ ਪੈਂਦਾ ਅਸਲ ਵਿਚ ਜੀਵਨ ਦਾ ਰਾਜ ਤਾਂ ਆਤਮਾ ਹੈ ਜੋ ਸਦਾ ਜਿਉਂਦੀ ਰਹਿੰਦੀ ਹੈ ਅਤੇ ਮਰਨ ਉਪਰੰਤ ਕਿਸੇ ਹੋਰ ਜੀਵ ਦੇ ਰੂਪ ਵਿਚ ਜਨਮ ਲੈ ਲੈਂਦੀ ਹੈ।

ਸਰੀਰ ਇਸੇ ਤਰ੍ਹਾਂ ਦੂਸਰੀ ਦੁਨੀਆਂ ਵਿਚ ਚਲਾ ਜਾਵੇਗਾ ਦੇ ਵਿਸ਼ਵਾਸ਼ ਵਿਚੋਂ ਹੀ ਮਿਸਰ ਦੇ ਪਿਰਾਮਿਡ ਉਸਾਰੇ ਗਏ। ਬਾਦਸ਼ਾਹਾਂ ਅਤੇ ਅਮੀਰ ਲੋਕਾਂ ਨੇ ਮੌਜੂਦਾ ਲੋਕਾਂ ਦੀ ਵਰਤੋਂ ਦੀਆਂ ਵਸਤਾਂ, ਉਨ੍ਹਾਂ ਤੋਂ ਖੋਹ ਕੇ ਅਪਣੇ ਅਗਲੇ ਜਨਮ ਖਾਤਰ ਇਕੱਠੀਆਂ ਕਰਕੇ, ਅਪਣੀਆਂ ਪਿਰਾਮਿਡਾਂ ਵਿਚ ਬਣਾਈਆਂ ਕੋਠੜੀਆਂ ਜੋ ਉਹ ਅਪਣੇ ਮਰਨ ਤੋਂ ਪਹਿਲਾਂ ਹੀ ਬਣਾ ਲੈਂਦੇ ਸਨ, ਵਿਚ ਭਰ ਦਿਤੀਆਂ। ਉਨ੍ਹਾਂ ਬੜੇ ਜਤਨ ਕੀਤੇ ਕਿ ਅਗਲੇ ਜਨਮ ਦਾ ਮਾਲ ਕਿਤੇ ਚੋਰੀ ਨਾ ਹੋ ਜਾਵੇ। ਗੁੰਝਲਦਾਰ ਪਿਰਮਿਡ ਬਣਾਏ, ਧਰਤੀ ਹੇਠ ਗੁਪਤ ਥਾਂਵਾਂ ਬਣਾਈਆਂ, ਉਸਾਰੀ ਕਰਨ ਵਾਲੇ ਕਾਰੀਗਰਾਂ ਨੂੰ ਕੰਮ ਖਤਮ ਹੋਣ ਤੇ ਮਾਰ ਦਿੱਤਾ ਗਿਆ। ਪਰ ਉਨ੍ਹਾਂ ਦੇ ਇਸ ਅਗਲੇ ਜੀਵਨ ਦੇ ਖਜਾਨੇ ਨੂੰ ਉਨ੍ਹਾਂ ਦੇ ਮਰਨ ਤੋਂ ਥੋੜੀ ਦੇਰ ਬਾਅਦ ਹੀ ਚੋਰ ਲੁਟੇਰੇ ਅਪਣੀਆਂ ਜਾਨਾਂ ਜੋਖਮ ਵਿਚ ਪਾ ਚੋਰੀ ਕਰ ਲਿਜਾਂਦੇ ਰਹੇ। ਸਿਰਫ ਇੱਕ ਰਾਜੇ, ਟੂਟਾਖਾਮਿਨ ਤੋਂ ਬਿਨਾ ਮਿਸਰ ਦੇ ਸਾਰੇ ਮਹਾਨ ਰਾਜਿਆਂ ਦੀਆਂ ਕਬਰਾਂ ਲੁਟੀਆਂ ਗਈਆਂ। ਟੂਟਾਖਾਮਿਨ ਦੀ ਕਬਰ ਵਿਚੋਂ ਮਿਲੇ ਕੀਮਤੀ ਸੋਨੇ ਚਾਂਦੀ ਦੇ ਸਮਾਨ ਅਤੇ ਹੋਰ ਮਿਲੀ ਸਮੱਗਰੀ ਨੇ ਖੋਜੀਆਂ ਅਤੇ ਦੁਨੀਆਂ ਨੂੰ ਹੈਰਾਨ ਕਰ ਦਿੱਤਾ। ਕਿਨਾ ਤਕੜਾ ਇੰਤਜ਼ਾਮ ਕਰਦੇ ਰਹੇ ਅਗਲੇ ਜਨਮ ਦਾ ਇਹ ਰਾਜੇ ਪਰ ਆਖਿਰ ਵਿਚ ਉਨ੍ਹਾਂ ਅਤੇ ਹੋਰਨਾਂ ਦੀਆਂ ਸਾਂਭ ਕੇ ਰੱਖੀਆਂ ਲਾਸ਼ਾਂ ਉਨ੍ਹਾਂ ਦੇ ਕਿਸੇ ਕੰਮ ਨਾ ਆਈਆਂ ਅਤੇ ਅੱਜ ਚਾਰ ਹਜ਼ਾਰ ਤੋਂ ਵੱਧ ਸਮੇਂ ਬਾਅਦ ਉਹ ਵੱਖ ਵੱਖ ਅਜਾਇਬ ਘਰਾਂ ਵਿਚ ਲੋਕਾਂ ਦੇ ਵੇਖਣ ਲਈ ਧਰੀਆਂ ਪਈਆਂ ਹਨ।

ਚੀਨ ਵਿਚ ਤਾਂ 2500 ਸਾਲ ਪਹਿਲਾਂ ਇੱਕ ਹਾਕਮ ਦੇ ਹੁਕਮਾਂ ਦੀ ਪਾਲਣਾਂ ਕਰਦਿਆਂ ਉਸ ਦੇ ਵਾਰਸਾਂ ਨੇ ਮਕਬਰੇ ਵਿਚ ਮਹਿਲ ਵਿਚਲੇ ਸਾਜਾਂ ਦੇ ਨਾਲ ਨਾਲ 21 ਸਾਜਿੰਦੀਆਂ (ਸਾਜ ਵਜਾਉਣ ਵਾਲੀਆਂ ਕੁੜੀਆਂ) ਵੀ ਜ਼ਮੀਨ ਵਿਚ ਬਣਾਏ ਗੁੱਪਤ ਮਕਬਰੇ ਵਿਚ ਦਬਾ ਦਿੱਤੀਆਂ, ਤਾਂ ਜੋ ਹਾਕਮ ਨੂੰ ਅਗਲੇ ਜਨਮ ਵਿਚ ਵੀ ਰਾਜ ਕਰਨ ਵੇਲੇ ਇਨ੍ਹਾਂ ਦੇ ਗੀਤ ਸੁਣਨ ਦਾ ਮੌਕਾ ਮਿਲਦਾ ਰਹੇ। ਇਹ 220 ਵਰਗ ਮੀਟਰ ਵਿਚ ਫੈਲਿਆ ਮਕਬਰ ਚੀਨੀ ਫੌਜੀਆਂ ਨੇ ਜਦ ਉਹ ਇੱਕ ਟਿੱਬਾ ਪੱਧਰਾ ਕਰ ਰਹੇ ਸਨ 1977 ਵਿਚ ਲੱਭਿਆ। ਇਨ੍ਹਾਂ ਕੁੜੀਆਂ ਦੀ ਜਾਨ ਵੀ ਅਜਾਈਂ ਹੀ ਗਈ, ਉਨ੍ਹਾਂ ਦੇ ਕਫਨ ਹੁਬੇਈ ਦੇ ਇੱਕ ਅਜਾਇਬ ਘਰ ਵਿਚ ਪਏ ਹਨ।

ਭਾਰਤ ਵਿਚਲੇ ਆਤਮਾ ਦੇ ਵਿਸ਼ਵਾਸ਼ ਨੇ ਕਿਨੇ ਹੀ ਵਿਹਮਾਂ ਭਰਮਾਂ ਨੂੰ ਜਨਮ ਦਿੱਤਾ। ਮਰ ਗਏ ਪੁਰਖਿਆਂ ਦੀ ਚਿੰਤਾ ਲੋਕਾਂ ਨੂੰ ਸਤਾਉਂਦੀ ਰਹਿੰਦੀ ਹੈ, ਉਨ੍ਹਾਂ ਦੀ ਆਤਮਾਂ ਦੀ ਸ਼ਾਂਤੀ ਲਈ ਕਿਨੇ ਹੀ ਅਡੰਬਰ ਕੀਤੇ ਜਾਂਦੇ ਹਨ। ਕਈ ਔਤ ਗਏ ਪੁਰਖਿਆਂ ਦੀਆਂ ਮੜ੍ਹੀਆਂ ਤੇ, ਉਨ੍ਹਾਂ ਦੇ ਨਾ ਮੰਨਣ ਦੀ ਸੂਰਤ ਵਿਚ ਕਹਿਰ ਤੋਂ ਡਰਦਿਆਂ, ਗਾਹੇ ਬਗਾਹੇ ਦੀਵੇ ਬਾਲੇ ਜਾਂਦੇ ਹਨ। ਤਿਉਹਾਰਾਂ ਤੇ ਖਾਣ ਪੀਣ ਦਾ ਉਸ ਦੇ ਹਿੱਸੇ ਦਾ ਸਮਾਨ ਰੱਖ ਕੇ ਮੱਥੇ ਟੇਕੇ ਜਾਂਦੇ ਹਨ। ਭੂਤ ਪ੍ਰੇਤ ਇਨ੍ਹਾਂ ਹੀ ਭੜਕਦੀਆਂ ਆਤਮਾਵਾਂ ਦਾ ਰੂਪ ਮੰਨੇ ਜਾਂਦੇ ਹਨ। ਕਿਨੇ ਹੀ ਢੌਂਗੀ ਇਨ੍ਹਾਂ ਭੂਤ ਪ੍ਰੇਤਾਂ ਦੇ ਲੋਕਾਂ ਵਿਚ ਪਸਰੇ ਡਰ ਦਾ ਫਾਇਦਾ ਉੱਠਾ ਕੇ ਲੁੱਟ ਕਰਦੇ ਹਨ। ਕਿਸੇ ਵੀ ਮਾੜੀ ਘਟਨਾ ਜਾਂ ਔਖੇ ਵੇਲੇ ਨੂੰ ਇਨ੍ਹਾਂ ਭੂਤ ਪ੍ਰੇਤਾਂ ਦਾ ਕਾਰਾ ਕਹਿਕੇ ਇਨ੍ਹਾਂ ਤੋਂ ਮੁੱਕਤ ਹੋਣ ਦੇ ਪੈਸੇ ਬਟੋਰੇ ਜਾਂਦੇ ਹਨ।

ਸਾਇੰਸ ਨੇ ਸਿੱਧ ਕਰ ਦਿੱਤਾ ਹੈ ਕਿ ਮਨੁੱਖ ਦੇ ਮਰਨ ਉਪਰੰਤ ਕੁਝ ਵੀ ਸਰੀਰ ਨੂੰ ਛੱਡ ਕੇ ਕਿਸੇ ਹੋਰ ਥਾਂ ਨਹੀਂ ਜਾਂਦਾ। ਇੱਕ ਕਥਿਤ ਤਜਰਬਾ ਵੀ ਝੂਠਾ ਹੈ ਜਿਸ ਵਿਚ ਕਿਹਾ ਜਾਂਦਾ ਹੈ ਕਿ ਰੂਸ ਵਿਚ ਕਿਸੇ ਮਰ ਰਹੇ ਵਿਅਕਤੀ ਦਾ ਸਰੀਰ ਸ਼ੀਸ਼ੇ ਦੇ ਬਕਸੇ ਵਿਚ ਬੰਦ ਕਰ ਦਿੱਤਾ ਗਿਆ। ਜਦ ਉਹ ਮਰਿਆ ਤਾਂ ਬਕਸੇ ਵਿਚ ਤਰੇੜ ਆ ਗਈ। ਕੋਈ ਰੂਹ ਨਹੀਂ ਜੋ ਮਰਨ ਤੇ ਸਰੀਰ ਛਡਦੀ ਹੈ। ਸਰੀਰ ਤਾਂ ਸਿਰਫ ਇੱਕ ਇੰਜਣ ਦੀ ਤਰ੍ਹਾਂ ਹੈ, ਜੋ ਕਿਸੇ ਇੱਕ ਪੁਰਜੇ ਦੇ ਖਰਾਬ ਹੋਣ ਨਾਲ ਖੜ੍ਹ ਜਾਂਦਾ ਹੈ।

ਆਮ ਤੌਰ ਤੇ ਲੋਕ ਨਸ਼ੇ ਛੁਡਵਾਉਣ ਜਾਂ ਹੋਰ ਘਰੇਲੂ ਮੁਸੀਬਤਾਂ ਤੋਂ ਛੁਟਕਾਰਾ ਪਾਉਣ ਲਈ ਇਨ੍ਹਾਂ ਡੇਰਿਆਂ ਦੇ ਜਾਲ ਵਿਚ ਫਸ ਜਾਂਦੇ ਹਨ ਜਿਥੇ ਪਹੁੰਚਣ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਘਟਣ ਦੀ ਥਾਂ ਵਧਦੀਆਂ ਹੀ ਹਨ।

ਕਈ ਲੋਕ ਵੇਖੋ ਵੇਖੀ ਵੀ ਇਨ੍ਹਾਂ ਥਾਂਵਾਂ ਦੇ ਚੱਕਰ ਕਢਦੇ ਹਨ। ਇਸ ਦੀ ਉਘੜਵੀ ਉਦਾਹਰਣ 25-30 ਸਾਲ ਪਹਿਲਾਂ ਸਰਸੇ ਨੇੜੇ ਇੱਕ ਖੇਤਾਂ ਵਿਚ ਰਹਿੰਦੇ ਪਰਿਵਾਰ ਦੇ ਬੱਚੇ ਵੱਲੋਂ ਡੱਕਾ ਲਾ ਕੇ ਬਿਮਾਰੀ ਦੂਰ ਕਰਨ ਦੀ ਲਈ ਜਾ ਸਕਦੀ ਹੈ। ਉਸ ਕੋਲ ਕੋਈ ਸ਼ਕਤੀ ਨਹੀਂ ਸੀ, ਨਾ ਹੀ ਕੋਈ ਉਸ ਤੋਂ ਰਾਜ਼ੀ ਹੋਇਆ, ਪਰ ਐਸਾ ਵਾ ਵੇਲਾ ਉਠਿਆ ਕਿ ਦੂਰੋਂ ਦੂਰੋਂ ਲੋਕ ਇਸ ਥਾਂ ਜਾਣ ਲੱਗੇ, ਚਾਹ ਤੇ ਖਾਣ ਪੀਣ ਦੀਆਂ ਦੁਕਾਨਾਂ ਖੁੱਲ੍ਹ ਗਈਆਂ, ਹਰਿਆਣਾ ਦੀ ਸਰਕਾਰ ਵਾਹਣਾ ਤੋਂ 10 ਰੁਪਏ ਪ੍ਰਤੀ ਵਾਹਣ ਟੈਕਸ ਉਗਰਾਹ ਕੇ ਪੈਸੇ ਕਮਾਉਣ ਲੱਗੀ। ਇਸ ਪ੍ਰੀਵਾਰ ਨੇ ਕੁਝ ਨਾ ਕਮਾਇਆ ਸਗੋਂ ਇਸ ਬੱਚੇ ਨੂੰ ਵੀ ਤੰਗੀ ਦਾ ਸ਼ਿਕਾਰ ਹੋਣਾ ਪਿਆ। ਵੱਧੀ ਭੀੜ ਨੂੰ ਸੰਤੁਸ਼ਟ ਕਰਨ ਲਈ ਉਸ ਦੇ ਹੱਥ ਮੋਰ ਦਾ ਖੰਭ ਪਕੜਾਅ ਦਿੱਤਾ ਗਿਆ ਅਤੇ ਪੀੜਤਾਂ ਨੂੰ ਲੰਬੀ ਲਾਈਨ ਵਿਚ ਬਿਠਾ ਕੇ ਖੰਭ ਲਗਾਉਣ ਦਾ ਕੰਮ ਚੱਲਿਆ। ਅੱਖਾਂ ਦਾ ਇਲਾਜ ਕਰਵਾਉਣ ਆਏ ਲੋਕਾਂ ਦੀਆਂ ਲਾਹੀਆਂ ਐਨਕਾਂ ਦਾ ਢੇਰ ਲੱਗ ਗਿਆ। ਲੰਗ ਮਾਰਦੇ ਲੋਕ ਅਪਣੀਆਂ ਫਾਹੁੜੀਆਂ ਉਸ ਥਾਂ ਸੁੱਟਣ ਲਗ ਪਏ ਇਨ੍ਹਾਂ ਦਾ ਢੇਰ ਲੱਗ ਗਿਆ ਤੇ ਗੁਆਂਢੀ ਖੇਤਾਂ ਵਾਲਿਆਂ ਦੀ ਛੋਲਿਆਂ ਦੀ ਫਸਲ ਲੋਕਾਂ ਨੇ ਮੱਧ ਸੁੱਟੀ। ਇਸ ਥਾਂ ਤੋਂ ਖੰਭ ਲਵਾ ਕੇ ਅਪਣੇ ਘਰ ਤਰਨਤਾਰਨ ਜਾਂਦਾ ਪ੍ਰੀਵਾਰ, ਬਠਿੰਡੇ ਤੋਂ ਕੋਟਕਪੂਰੇ ਜਾ ਰਹੀ ਉਸ ਆਖਰੀ ਬੱਸ ਵਿਚ ਸੀ, ਜਿਸ ਵਿਚ ਮੈਂ ਵੀ ਸਫ਼ਰ ਕਰ ਰਿਹਾ ਸਾਂ। ਮੈਂ ਕਿਹਾ ਕਿ ਸੱਚ ਸੱਚ ਦੱਸਿਓ ਕਿ ਕੀ ਤੁਹਾਨੂੰ ਖੰਭ ਲਾਉਣ ਉਪਰੰਤ ਕੋਈ ਫਾਇਦਾ ਹੋਇਆ ਹੈ? ਉਨ੍ਹਾਂ ਦਾ ਉਤਰ ਸੀ, ਨਹੀਂ ਬਿਲਕੁਲ ਨਹੀਂ। ਮੈਂ ਕਿਹਾ ਕਿ ਕੀ ਇੱਹੋ ਗੱਲ ਅਪਣੇ ਪਿੰਡ ਜਾ ਕੇ ਦੱਸੋਗੇ। ਉਹ ਹੱਸ ਪਏ ਅਤੇ ਉਤਰ ਸੀ, ਕਿਉਂ ਪਿੰਡ ਵਿਚ ਅਪਣੀ ਖਿਲੀ ਉਡਾਉਣੀ ਹੈ, ਉਥੇ ਜਾ ਕੇ ਤਾਂ ਇੱਹੋ ਕਹਾਂਗੇ ਕਿ ਕੁਝ ਕੁ ਫਾਇਦਾ ਹੋਇਆ ਹੈ। ਇਹੀ ਵਰਤਾਰਾ ਹੈ ਸਾਡੇ ਪਿੰਡਾਂ ਦਾ ਜੋ 10 ਹੋਰ ਲੋਕਾਂ ਨੂੰ ਅਜਿਹੀਆਂ ਥਾਂਵਾਂ ਤੇ ਤੋਰ ਦਿੰਦਾ ਹੈ।

ਲੋਕੋ, ਦੋਸਤੋ, ਮਿਤਰੋ, ਭੈਣੋ ਭਰਾਵੋ, ਮਾਤਾਓ, ਬਜ਼ੁਰਗੋ, ਬੱਚਿਓ, ਇਨ੍ਹਾਂ ਠੱਗਾਂ ਤੋਂ ਬਚੋ, ਇਹ ਤੁਹਾਡਾ ਨਾ ਕੁਝ ਸੁਆਰ ਸਕਦੇ ਹਨ ਅਤੇ ਨਾ ਹੀ ਵਿਗਾੜ ਸਕਦੇ ਹਨ।

# ਇੰਡੀਆ ਕਲੱਬ ਸਰੀ ਨੇ ਜਿੱਤਿਆ 21ਵਾਂ ਹਾਕਸ ਫੀਲਡ ਹਾਕੀ ਟੂਰਨਾਮੈਂਟ

## ਵਿੰਨੀਪੈਗ ਕਿੰਗਜ਼ ਵਲੋਂ ਵੀ ਸ਼ਾਨਦਾਰ ਪ੍ਰਦਰਸ਼ਨ, ਸ਼ਹਿਜ਼ਾਦ ਬੱਟ ਨੂੰ ਸਮਰਪਿਤ ਸੀ ਟੂਰਨਾਮੈਂਟ





ਸਵ. ਸ਼ਹਿਜ਼ਾਦ ਬੱਟ





21ਵੇਂ ਹਾਕਸ ਟੂਰਨਾਮੈਂਟ ਵਿਚ ਜੇਤੂ ਰਹੀ ਇੰਡੀਆ ਕਲੱਬ ਸਰੀ ਦੀ ਟੀਮ।

**ਸੁਖਵੀਰ ਗਰੇਵਾਲ**

ਕੈਲਗਰੀ: ਮਰਹੂਮ ਹਾਕੀ ਖਿਡਾਰੀ ਅਤੇ ਕੋਚ ਸ਼ਹਿਜ਼ਾਦ ਬੱਟ ਨੂੰ ਸਮਰਪਿਤ ਨੂੰ 21ਵਾਂ ਹਾਕਸ ਸਾਲਾਨਾ ਫੀਲਡ ਹਾਕੀ ਟੂਰਨਾਮੈਂਟ 19 ਅਤੇ 20 ਮਈ ਨੂੰ ਕੈਲਗਰੀ ਦੇ ਜੈਨਸਿਸ ਸੈਂਟਰ ਵਿੱਚ ਕਿੰਗਜ਼ ਇਲੈਵਨ ਫੀਲਡ ਹਾਕੀ ਕਲੱਬ ਕੈਲਗਰੀ ਵਲੋਂ ਕਰਵਾਇਆ ਗਿਆ। ਟੂਰਨਾਮੈਂਟ ਵਿੱਚ ਕੈਨੇਡਾ ਭਰ ਤੋਂ ਆਈਆਂ ਟੀਮਾਂ ਵਿੱਚ ਕਈ ਕੌਮਾਂਤਰੀ ਖਿਡਾਰੀਆਂ ਨੇ ਭਾਗ ਲਿਆ ਮੇਜ਼ਬਾਨ ਕਲੱਬ ਕਿੰਗਜ਼ ਇਲੈਵਨ ਨੇ ਇਸ ਵਾਰ ਦਾ ਸਮੁੱਚਾ ਟੂਰਨਾਮੈਂਟ ਸ਼ਹਿਜ਼ਾਦ ਬੱਟ ਨੂੰ ਸਮਰਪਿਤ ਕਰਨ ਤੋਂ ਇਲਾਵਾ ਹਰ ਸਾਲ ਜੂਨੀਅਰ ਵਰਗ ਦੇ ਮੁਕਾਬਲੇ ਉਹਨਾਂ ਨੂੰ ਸਮਰਪਿਤ ਕਰਨ ਦਾ ਫੈਸਲਾ ਲਿਆ ਹੈ। ਸ਼ਹਿਜ਼ਾਦ ਬੱਟ ਦੀ ਪਿਛਲੇ ਦਿਨੀਂ ਕੈਲਗਰੀ ਵਿੱਚ ਮੌਤ ਹੋ ਗਈ ਸੀ। ਉਹ ਕੈਂਸਰ ਦੀ ਬਿਮਾਰੀ ਤੋਂ ਪੀੜਤ ਸਨ। ਪਾਕਿਸਤਾਨ ਦੀ ਹਾਕੀ ਵਿੱਚ ਲੰਮਾ ਅਰਸਾ ਸਰਗਰਮ ਰਹਿਣ ਤੋਂ ਬਾਅਦ ਉਹਨਾਂ ਨੇ ਕੈਲਗਰੀ ਸ਼ਹਿਰ ਦੀ ਫੀਲਡ ਹਾਕੀ ਨੂੰ ਕੌਮਾਂਤਰੀ ਪੱਧਰ ਤੱਕ ਲਿਜਾਣ ਵਿੱਚ ਵੱਡਾ ਯੋਗਦਾਨ ਪਾਇਆ। ਉਹਨਾਂ ਦਾ ਬੇਟਾ ਸ਼ਹਿਜ਼ੇਬ ਬੱਟ ਹਾਲ ਹੀ ਵਿੱਚ ਕੈਨੇਡਾ ਦੀ ਜੂਨੀਅਰ ਟੀਮ ਵਲੋਂ ਪੈਨ-ਐਮ ਜੂਨੀਅਰ ਫੀਲਡ ਹਾਕੀ ਚੈਂਪੀਅਨਸ਼ਿਪ ਖੇਡ ਕੇ ਆਇਆ ਹੈ।

ਟੂਰਾਨਮੈਂਟ ਦਾ ਉਦਘਾਟਨ ਅਲਬਰਟਾ ਦੇ ਮੰਤਰੀ ਇਰਫਾਨ ਸਬੀਰ ਨੇ ਕੀਤਾ। ਉਹਨਾਂ ਨੇ ਟੀਮਾਂ ਨਾਲ਼ ਜਾਣ ਪਹਿਚਾਣ ਕਰਨ ਤੋਂ ਬਾਅਦ ਉਹਨਾਂ ਨੂੰ ਖੇਡ ਭਾਵਨਾ ਨਾਲ਼ ਖੇਡਣ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਜੈਨਸਿਸ ਸੈਂਟਰ ਦੇ ਦੋਵੇਂ ਖੇਡ ਮੈਦਾਨਾਂ ਵਿੱਚ ਜੂਨੀਅਰ ਅਤੇ ਸੀਨੀਅਰ ਵਰਗ ਮੈਚ ਚਲਦੇ ਰਹੇ। ਪਹਿਲੇ ਦਿਨ ਸੀਨੀਅਰ, ਜੂਨੀਅਰ ਅਤੇ ਸਬ ਜੂਨੀਅਰ ਵਰਗ ਦੇ ਲੀਗ ਮੈਚਾਂ ਤੋ ਬਾਅਦ ਸੈਮੀਫਾਈਨਲ ਮੈਚਾਂ ਦਾ ਨਿਪਟਾਰਾ ਹੋ ਗਿਆ। 20 ਮਈ ਨੂੰ ਟੂਰਨਾਮੈਂਟ ਦੇ ਮੈਚ ਹੋਰ ਵੀ ਰੌਚਿਕ ਹੋ ਗਏ। ਸੀਨੀਅਰ ਵਰਗ ਦੇ ਪਹਿਲੇ ਸੈਮੀਫਾਈਨਲ ਮੈਚ ਵਿੱਚ ਪਿਛਲੇ ਸਾਲ ਦੀ ਜੇਤੂ ਇੰਡੀਆ ਕਲੱਬ ਸਰੀ ਨੇ ਕਿੰਗਜ਼ ਇਲੈਵਨ ਕੈਲਗਰੀ ਨੂੰ 5-3 ਦੇ ਫਰਕ ਨਾਲ਼ ਅਤੇ ਦੂਜੇ ਸੈਮੀਫਾਈਨਲ ਵਿੱਚ ਵਿਨੀਪੈਗ ਕਿੰਗਜ਼ ਇਲੈਵਨ ਨੇ ਐਡਮਿੰਟਨ ਨੂੰ ਹਰਾ ਕੇ ਫਾਈਨਲ ਵਿੱਚ ਦਾਖਲਾ ਪਾ ਲਿਆ। ਫਾਈਨਲ ਮੈਚ ਵਿੱਚ ਇੰਡੀਆ ਕਲੱਬ ਨੇ ਵਿਨੀਪੈਗ ਕਿੰਗਜ਼ ਇਲੈਵਨ ਨੂੰ 3-0 ਦੇ ਫਰਕ ਨਾਲ਼ ਹਰਾ ਕੇ ਖਿਤਾਬ ਤੇ ਦੁਬਾਰਾ ਕਬਜ਼ਾ ਕਰ ਲਿਆ।

ਵਿਨੀਪੈਗ ਕਿੰਗਜ਼ ਇਲੈਵਨ ਦੀਆਂ ਟੀਮਾਂ ਦਾ ਪ੍ਰਦਰਸ਼ਨ ਕਾਫੀ ਵਧੀਆ ਰਿਹਾ।ਸੀਨੀਅਰ ਵਰਗ ਵਿੱਚ ਇਸ ਕਲੱਬ ਦੀ ਟੀਮ ਨੇ ਉਪ ਜੇਤੂ ਬਣਨ ਤੋਂ ਇਲਾਵਾ ਅੰਡਰ-19 ਉਮਰ ਵਰਗ ਦਾ ਖਿਤਾਬ ਆਪਣੇ ਨਾਂ ਕਰ ਲਿਆ। ਮੇਜ਼ਬਾਨ ਕਿੰਗਜ਼ ਇਲੈਵਨ ਕੈਲਗਰੀ ਦੀ ਟੀਮ ਇਸ ਵਰਗ ਵਿੱਚ ਦੂਜੇ ਸਥਾਨ ਤੇ ਰਹੀ। ਅੰਡਰ-19 ਉਮਰ ਵਰਗ ਦਾ ਫਾਈਨਲ ਮੈਚ ਸਭ ਤੋਂ ਰੌਚਿਕ ਰਿਹਾ ਜਿਸ ਦਾ ਨਿਬੇੜਾ ਪੈਨਲਟੀ ਸਟਰੋਕਾਂ ਰਾਹੀਂ ਹੋਇਆ। ਅੰਡਰ-15 ਉਮਰ ਵਰਗ ਵਿੱਚ ਕਿੰਗਜ਼ ਇਲੈਵਨ ਕੈਲਗਰੀ ਦੀ ਟੀਮ ਨੇ ਪਹਿਲਾ ਅਤੇ ਵਿਨੀਪੈਗ ਕਿੰਗਜ਼ ਇਲੈਵਨ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਅੰਡਰ-12 ਉਮਰ ਵਰਗ ਵਿੱਚ ਕਿੰਗਜ਼ ਇਲੈਵਨ ਕੈਲਗਰੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕਲੱਬ ਵਲੋਂ ਮੁੱਖ ਸਪਾਂਸਰਾਂ ਪਰੋ-ਟੈਕਸ ਬਲਾਕ, ਸਕਾਈ ਬਲਿਊ ਕਸਟਮ ਹੋਮਜ਼, ਕੁਆਲਿਟੀ ਟਰਾਂਸਮਿਸ਼ਨ ਅਤੇ ਬੀ.ਕੇ.ਲਿਕੂਅਰ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ। ਇਸ ਮੌਕੇ ਪਾਲੀ ਵਿਰਕ, ਹਰਪ੍ਰੀਤ ਕੁਲਾਰ, ਜੱਗੀ ਧਾਲੀਵਾਲ, ਦਿਲਪਾਲ ਸਿੰਘ, ਬੌਬੀ ਕੁਲਾਰ, ਦਲਜੀਤ ਪੁਰਬਾ ਅਤੇ ਗੁਰਬਚਨ ਬਰਾੜ ਨੇ ਵੀ ਹਾਜ਼ਰੀ ਭਰੀ।

**ਇੰਡੀਆ ਕਲੱਬ ਟੀਮ:** ਇਕਵਿੰਦਰ ਗਿੱਲ (ਗੋਲ ਕੀਪਰ), ਜਸਟਿਨ ਧਾਲੀਵਾਲ, ਗੁਰਪਿਆਰ ਬਰਾੜ, ਮੁਹੰਮਦ ਸਲਮਾਨ, ਤਰਨਜੀਤ ਸਿੰਘ, ਐਡਮ ਫਰੋਜ਼, ਹਰਬੀਰ ਸਿੱਧੂ ਅਤੇ ਪਰਮ ਦਹੀਆ।

**ਕੋਚਿੰਗ ਪੈਨਲ:**ਨਰਿੰਦਰ ਸੰਘਾ ਅਤੇ ਗੈਰੀ ਸੰਘਾ।





FOR ALL YOUR REAL ESTATE NEEDS
Contact Long time trusted name in the community
Gurbachan Singh Brar
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
* Free no obligation evaluation
* Full time commitment
* Assistance to arrange best mortgage rates
urban 1A-4101 19 ST N.E. CALGARY, AB T2E 6X8
Ph: 403-590-2233 Fax: 403-776-1942



For Honest and Best Results
Please Call:
Cell. (403)-680-1895
Fax. (403)-776-7970
Bus. (403)-457-1216
Email:taranmand@shaw.ca
MAXVALUE REALTY LTD
REAL ESTATE BOARD
MaxValue Reality Ltd.



Taranjit " T.J" Mand
Real Estate Associate

1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
EVERY WEDNESDAY FROM 7PM-9PM (CALGARY TIME) LISTEN LIVE TALK WITH HARCHARAN PARHAR AT 102.7FM IN CALGARY OR ONLINE AT WWW.FM102-7.COM
Website : www.sikhvirsa.com, Email : virsa@sikhvirsa.com

**ਮੁਲਾਕਾਤੀ: ਅਜਮੇਰ ਸਿੱਧੂ**

# ਮੈਂ ਪੁਲੀਟੀਕਲ ਕਵਿਤਾ ਲਿਖਦੀ ਹਾਂ :
# ਪਰਮਿੰਦਰ ਕੌਰ ਸਵੈਚ

ਪਰਮਿੰਦਰ ਕੌਰ ਸਵੈਚ ਕੈਨੇਡਾ ਦੇ ਸ਼ਹਿਰ ਸਰ੍ਹੀ ਵਿੱਚ ਰਹਿੰਦੀ ਹੈ। ਉਸਦਾ ਜਨਮ ਚੜ੍ਹਦੇ ਪੰਜਾਬ ਦੇ ਪਿੰਡ ਈਸੜੂ (ਲੁਧਿਆਣਾ) ਦਾ ਹੈ। ਉਸਨੇ ਕੈਨੇਡਾ ਵਿੱਚ ਪੰਜਾਬੀ ਨਾਟਕਕਾਰੀ, ਕਵਿਤਾ, ਵਾਰਤਕ ਤੇ ਸਮਾਜਕ ਕਾਰਕੁੰਨ ਦੇ ਖੇਤਰ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੋਇਆ ਹੈ। ਉਹ ਭਾਵੇਂ ਅਤਿ ਵਿਕਸਤ ਦੇਸ਼ ਕੈਨੇਡਾ ਦੀ ਵਸਨੀਕ ਹੈ ਪਰ ਉਸਦੇ ਸਾਹਿਤ ਦੇ ਕੇਂਦਰ ਵਿੱਚ ਕਿਰਤ, ਕਿਰਤੀਆਂ ਦੀ ਅਵਾਜ਼ ਅਤੇ ਲੋਕ ਸਰੋਕਾਰ ਪਏ ਹਨ। ਉਹ ਮਨੁੱਖ ਚਾਹੇ ਭਾਰਤ ਦਾ ਹੋਵੇ ਤੇ ਚਾਹੇ ਕੈਨੇਡਾ ਦਾ, ਉਹ ਉਸਦਾ ਪੱਖ ਪੂਰਦੀ ਹੈ ਜਿਹੜਾ ਮਨੁੱਖ ਮਾਰੂ ਪ੍ਰਬੰਧ ਤੋਂ ਪੀੜਤ ਹੈ। ਉਹ ਇੱਕ ਇਹੋ ਜਿਹਾ ਰਾਜ ਪ੍ਰਬੰਧ ਚਾਹੁੰਦੀ ਹੈ, ਜਿੱਥੇ ਵਿਗਿਆਨ ਦਾ ਪਸਾਰਾ ਹੋਵੇ, ਔਰਤ-ਮਰਦ ਨੂੰ ਜਿਊਣ-ਰਹਿਣ, ਖਾਣ-ਪੀਣ, ਪਹਿਨਣ ਦੇ ਸਭ ਹੱਕ ਬਰਾਬਰ ਹੋਣ, ਕਿਸੇ ਕਿਸਮ ਦਾ ਭੇਦ ਭਾਵ ਨਾ ਹੋਵੇ, ਮਨੁੱਖ ਨੂੰ ਜਾਤੀ ਜਬਰ ਨਾ ਸਹਿਣਾ ਪਵੇ, ਧਰਮ-ਦੇਸ਼-ਨਸਲ-ਰੰਗ ਦੇ ਵਿਤਕਰੇ ਦਾ ਸ਼ਿਕਾਰ ਨਾ ਹੋਣਾ ਪਵੇ, ਮਨੁੱਖ ਨੂੰ ਹਰ ਥਾਂ ਮਾਣ ਇੱਜ਼ਤ ਵਾਲਾ ਜੀਵਨ ਮਿਲੇ ਅਤੇ ਉਸਨੂੰ ਸਭ ਸੁੱਖ ਸਹੂਲਤਾਂ ਪ੍ਰਾਪਤ ਹੋਣ।

ਸਵੈਚ ਦੀ ਚਾਹੇ ਕਵਿਤਾ ਹੈ, ਵਾਰਤਕ ਜਾਂ ਨਾਟਕਕਾਰੀ ਉਸਦਾ ਸਬੰਧ ਉਹ ਜੀਵਨ ਦੇ ਸੱਚ ਨਾਲ ਜੋੜਦੀ ਹੈ। ਉਹ ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਪੈਗਾਮ ਵਾਲੇ ਸਾਹਿਤ ਦੀ ਸਿਰਜਣਹਾਰ ਹੈ ਉਹ ਜੁਝਾਰਵਾਦੀ ਕਵਿਤਾ ਦੀ ਦ੍ਰਿਸ਼ਟੀ ਤੋਂ ਸੱਤਾ ਦਾ ਚੀਰ ਫਾੜ ਕਰਦੀ ਹੋਈ ਉਸਨੂੰ ਵੰਗਾਰਦੀ ਹੈ। ਉਸਦੀ ਸਾਹਿਤ ਰਚਨਾ ਲੋਕ ਮੁੱਦਿਆਂ ਨਾਲ ਨੇੜੇ ਤੋਂ ਜੁੜੀ ਹੋਈ ਹੈ। ਉਸਦਾ ਸਾਹਿਤ ਇਨਕਲਾਬ ਦੀ ਪਰਕਰਮਾ ਕਰਦਾ ਹੈ। ਉਹ ਬੋਦੇ ਹੋ ਚੁੱਕੇ ਸਿਸਟਮ ਨੂੰ ਖਤਮ ਕਰਕੇ ਸਮਾਜਵਾਦੀ ਢਾਂਚਾ ਕਾਇਮ ਕਰਨਾ ਚਾਹੁੰਦੀ ਹੈ।

ਉਸਦੇ ਹੁਣ ਤੱਕ ਨਾਟ-ਸੰਗ੍ਰਿਹ 'ਭਲਾ ਮੈਂ ਕੌਣ' (2009), 'ਬਲ਼ਦੇ ਬਿਰਖ' (2011), 'ਤਵਾਰੀਖ਼ ਬੋਲਦੀ ਹੈ ਤੇ ਹੋਰ ਨਾਟਕ' (2016) ਅਤੇ ਕਾਵਿ-ਸੰਗ੍ਰਿਹ 'ਮਖੌਟਿਆਂ ਦੇ ਆਰ ਪਾਰ' (2010) ਅਤੇ 'ਲਹਿਰਾਂ ਦੀ ਵੇਦਨਾ' (2016) ਵਿੱਚ ਛਪ ਚੁੱਕੇ ਹਨ ਅਤੇ 15 ਕੁ ਲੇਖਾਂ ਦੀ ਵਾਰਤਕ ਦੀ ਕਿਤਾਬ ਛਪਣ ਅਧੀਨ ਹੈ। ਉਸਦੀਆਂ ਲਿਖਤਾਂ ਦੇ ਵਿਸ਼ੇ ਸਮਾਜਕ, ਵਿਗਿਆਨਕ, ਆਰਥਿਕ ਤੇ ਰਾਜਨੀਤਕ ਹਨ। ਉਹ ਪੂੰਜੀਵਾਦ, ਸਾਮਰਾਜਵਾਦ, ਮੰਡੀ, ਖਪਤ ਸਭਿਆਚਾਰ ਤੇ ਭੂਮੰਡਲੀਕਰਣ ਵਿੱਚ ਰਾਜਨੀਤਕ ਵਰਤਾਰਿਆਂ ਤੋਂ ਭਲੀਭਾਂਤ ਵਾਕਫ ਹੈ। ਇਹਨਾਂ ਦੀ ਮਾਰ ਨੂੰ ਉਹ ਕਵਿਤਾ, ਲੇਖ ਜਾਂ ਨਾਟਕਾਂ ਵਿੱਚ ਲੈ ਕੇ ਆਉਂਦੀ ਹੈ। ਉਹ ਨਾਰੀ ਵਰਗ ਦੀ ਸੰਵੇਦਨਾ ਨੂੰ ਪਰਵਾਸ ਦੇ ਨੁਕਤਾ ਨਿਗਾਹ ਤੋਂ ਪੇਸ਼ ਕਰਦੀ ਹੈ। ਉਹ ਕੈਨੇਡੀਅਨ ਸਮਾਜ ਵਿੱਚ ਜਗੀਰੂ ਰੁਚੀਆਂ ਲੈ ਕੇ ਆਏ ਏਸ਼ੀਅਨ ਭਾਈਚਾਰੇ ਦੇ ਲੋਕਾਂ ਉੱਤੇ ਤਿੱਖਾ ਵਿਅੰਗ ਵੀ ਕਰਦੀ ਹੈ। ਔਰਤ-ਮਰਦ ਦੇ ਵਿਤਕਰੇ ਨਾਲ ਜੁੜੇ ਕਈ ਪ੍ਰਸੰਗ ਉਸਦੀ ਸਿਮਰਤੀ ਦਾ ਹਿੱਸਾ ਹਨ ਜੋ ਕਿ ਉਸਦੀਆਂ ਲਿਖਤਾਂ ਦੇ ਰੂਪ ਵਿੱਚ ਪੇਸ਼ ਹੁੰਦੇ ਹਨ। ਉਸਦੀਆਂ ਲਿਖਤਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਉਸ ਵਿੱਚ ਪਰਵਾਸੀ ਅਤੇ ਆਵਾਸੀ ਚੇਤਨਾ ਦਾ ਬਰਾਬਰ ਦਾ ਮੇਲਜੋੜ ਹੈ।



ਪਰਮਿੰਦਰ ਕੌਰ ਸਵੈਚ ਇਨਕਲਾਬੀ ਪਰਿਵਾਰ ਦੀ ਜੰਮਪਲ ਹੈ। ਇਸੇ ਲਈ ਉਸਦੇ ਮਨ ਵਿੱਚ ਸਮਾਜ ਦੀਆਂ ਕੁਰੀਤੀਆਂ ਤੇ ਵਿਤਕਰਿਆਂ ਨੂੰ ਖਤਮ ਕਰਨ ਦੀ ਲੋਅ ਹੈ। ਇਹ ਲੋਅ ਉਸਦੇ ਨਾਟਕਾਂ ਵਿੱਚ ਲਟ ਲਟ ਬਲ਼ਦੀ ਹੈ। ਕੈਨੇਡਾ ਦੀ ਨਾਟਕਕਾਰੀ ਵਿੱਚ ਤਰਕਸ਼ੀਲਤਾ ਦੇ ਵਿਸ਼ੇ ਪੇਸ਼ ਕਰਨ ਵਿੱਚ ਵੀ ਸਵੈਚ ਦੀ ਵੱਖਰੀ ਨਾਟ ਪਛਾਣ ਹੈ। 'ਭਗਤ ਸਿੰਘ ਇੱਕ ਸੋਚ', 'ਆਖਰੀ ਖਾਹਸ਼', 'ਤਵਾਰੀਖ ਬੋਲਦੀ ਹੈ' ਅਤੇ 'ਇਨਸਾਫ਼' ਨਾਟਕ ਸਿਰਫ਼ ਅਜ਼ਾਦੀ ਹਾਸਲ ਕਰਨ ਦੇ ਇਤਿਹਾਸਕ ਪ੍ਰਸੰਗ ਅਤੇ ਚੁਰਾਸੀ ਦਾ ਕਤਲੇਆਮ ਹੀ ਨਹੀਂ ਬਲਕਿ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਮਨੁੱਖ ਦੀ ਮੁਕਤੀ ਲਈ ਲੜੇ ਜਾਂਦੇ ਸੰਘਰਸ਼ਾਂ ਦੇ ਲਹੂ ਭਿੱਜੇ ਪ੍ਰਸੰਗ ਹਨ।

ਪਰਮਿੰਦਰ ਕੌਰ ਸਵੈਚ ਕੇਵਲ ਲੇਖਿਕਾ ਹੀ ਨਹੀਂ ਹੈ ਸਗੋਂ ਉਹ ਵੱਖ ਵੱਖ ਜਥੇਬੰਦੀਆਂ ਦੀ ਸਰਗਰਮ ਆਗੂ ਦੀ ਭੂਮਿਕਾ ਵੀ ਨਿਭਾਉਂਦੀ ਹੈ। ਮੈਂ ਆਪਣੀ ਕੈਨੇਡਾ ਫੇਰੀ ਦੌਰਾਨ ਅਕਤੂਬਰ 2016 ਵਿੱਚ ਉਹਨਾਂ ਨਾਲ ਲੰਬੀ ਮੁਲਾਕਾਤ ਕੀਤੀ ਸੀ। ਉਸਦੇ ਕੁੱਝ ਅੰਸ਼ ਪੇਸ਼ ਕਰਨ ਦੀ ਖੁਸ਼ੀ ਲੈ ਰਿਹਾ ਹਾਂ।

**ਅਜਮੇਰ ਸਿੱਧੂ :- ਪਰਮਿੰਦਰ ਜੀ ਸਾਹਿਤ ਤੇ ਇਨਕਲਾਬੀ ਖੇਤਰ ਦੇ ਲੋਕ ਜਾਣਦੇ ਹਨ ਕਿ ਤੁਹਾਡਾ ਜਨਮ ਸ਼ਹੀਦ ਕਰਨੈਲ ਸਿੰਘ ਈਸੜੂ, ਪ੍ਰਿੰਸੀਪਲ ਤਖ਼ਤ ਸਿੰਘ, ਕਿਰਤੀ ਆਗੂ ਜਵਾਹਰ ਸਿੰਘ ਅਤੇ ਨਾਵਲਕਾਰ ਕਰਮਜੀਤ ਕੁੱਸਾ ਦੇ ਪਰਿਵਾਰ ਦਾ ਹੈ। ਤੁਸੀਂ ਵਿਸਥਾਰ ਨਾਲ ਆਪਣੇ ਜਨਮ ਅਤੇ ਪਰਿਵਾਰ ਬਾਰੇ ਦੱਸੋ ?**

**ਪਰਮਿੰਦਰ ਕੌਰ ਸਵੈਚ** :- ਮੇਰਾ ਜਨਮ 16 ਜਨਵਰੀ 1961 ਨੂੰ ਪਿੰਡ ਈਸੜੂ ਜਿਲ੍ਹਾ ਲੁਧਿਆਣਾ ਵਿੱਚ ਹੋਇਆ। ਮੇਰੀ ਮਾਂ ਇੱਕ ਘਰੇਲੂ ਔਰਤ ਸੀ। ਮੇਰੇ ਬਾਪੂ ਜੀ ਕਾਮਰੇਡ ਜਗਤਾਰ ਸਿੰਘ ਖੇਤੀ ਕਰਦੇ ਸਨ ਪਰ ਕਮਿਊਨਿਸਟ ਵਿਚਾਰਧਾਰਾ ਦੇ ਧਾਰਨੀ ਸਨ। ਉਹ ਪਿੰਡ ਦੇ ਵਿੱਚ ਹੋ ਰਹੇ ਧੱਕੇ ਦੇ ਖਿਲਾਫ ਹਮੇਸ਼ਾਂ ਡੱਟ ਕੇ ਖੜ੍ਹਦੇ ਸਨ ਤੇ ਗਰੀਬ ਗੁਰਬੇ ਤੇ ਮਜ਼ਲੂਮਾਂ ਦਾ ਸਾਥ ਦਿੰਦੇ ਸਨ।ਅਸੀਂ ਦੋ ਹੀ ਭੈਣਾਂ ਹਾਂ ਮੈਂ ਤੇ ਮੇਰੀ ਵੱਡੀ ਭੈਣ ਨਿਰਮਲ ਕੌਰ। ਸਾਨੂੰ ਉਹਨਾਂ ਨੇ ਘਰ ਵਿੱਚ ਗਰੀਬੀ ਹੁੰਦੇ ਹੋਏ ਵੀ ਵਧੀਆ ਨਰੋਏ ਵਿਚਾਰਾਂ ਵਾਲੀ ਪ੍ਰਵਰਿਸ਼ ਦੇ ਕੇ ਪਾਲ਼ਿਆ। ਮੇਰੇ ਦਾਦਾ ਜੀ ਜਵਾਹਰ ਸਿੰਘ ਪਹਿਲਾਂ ਗ਼ਦਰ ਪਾਰਟੀ ਤੇ ਕਿਰਤੀ ਪਾਰਟੀ ਵਿੱਚ ਹਰਕਾਰੇ ਅਤੇ ਸੂਹੀਏ ਦੇ ਤੌਰ ਤੇ ਪਾਰਟੀ ਦੀਆਂ ਚਿੱਠੀਆਂ ਅਤੇ ਸੁਨੇਹੇ ਇੱਕ ਥਾਂ ਤੋਂ ਦੂਜੇ ਥਾਂ ਪਹੁੰਚਾਉਣ ਦਾ ਕੰਮ ਕਰਦੇ ਸਨ। ਕਿਰਤੀ ਪਾਰਟੀ ਦੇ ਬਾਬਾ ਰਾਮ ਸਿੰਘ ਕਿਰਤੀ ਸਾਡੇ ਪਿੰਡ ਦੇ ਸਨ ਉਹਨਾਂ ਨੇ ਇੱਕਠਿਆਂ ਕੰਮ ਕੀਤਾ।ਮੇਰੇ ਦਾਦਾ ਜੀ ਨੇ ਉਗੁਰੂ ਕੇ ਬਾਗ" ਅਤੇ ਉਜੈਤੋ ਦੇ ਮੋਰਚੇ" ਵਿੱਚ ਢਾਈ ਸਾਲ ਦੀ ਕੈਦ ਵੀ ਕੱਟੀ। 1955 ਵਿੱਚ ਉਹਨਾਂ ਦੀ ਮੌਤ ਹੋ ਗਈ ਸੀ। ਉਹਨਾਂ ਦੇ ਜੀਵਨ ਸੰਗਰਾਮ ਦੇ ਇਤਿਹਾਸ ਦਾ ਵੇਰਵਾ ਤਾਂ ਲਿਖਤੀ ਰੂਪ ਵਿੱਚ ਥੋੜ੍ਹਾ ਮਿਲਦਾ ਹੈ ਕਿਉਂਕਿ ਉਹ ਕਾਮੇ ਸਨ ਆਗੂ ਨਹੀਂ। ਸ਼ਹੀਦ ਕਰਨੈਲ ਸਿੰਘ ਈਸੜੂ ਮੇਰੇ ਚਾਚਾ ਜੀ ਸਨ। ਉਹ ਦੂਜੇ ਬਾਬੇ ਸੁੰਦਰ ਸਿੰਘ (ਜਵਾਹਰ ਸਿੰਘ ਦਾ ਭਰਾ) ਦਾ ਬੇਟਾ ਸੀ। ਉਹ ਭਾਰਤੀ ਕਮਿਊਨਿਸਟ ਪਾਰਟੀ ਵਲੋਂ ਗੋਆ ਦੀ ਅਜ਼ਾਦੀ ਲਈ 15 ਅਗਸਤ 1955 ਨੂੰ ਸ਼ਹੀਦ ਹੋ ਗਏ ਸਨ। ਪ੍ਰਸਿੱਧ ਗਜ਼ਲਗੋ ਤਖ਼ਤ ਸਿੰਘ ਮੇਰੇ ਤਾਇਆ ਜੀ ਸ਼ਹੀਦ ਕਰਨੈਲ ਸਿੰਘ ਤੋਂ ਵੱਡੇ ਸਨ। ਕਰਮਜੀਤ ਸਿੰਘ ਕੁੱਸਾ ਮੇਰੀ ਭੂਆ ਜੀ ਦੇ ਲੜਕੇ ਸਨ। ਉਹ ਕੁੱਝ ਸਮਾਂ ਨਾਨਕੇ ਸਾਡੇ ਘਰ ਰਹਿ ਕੇ ਪੜ੍ਹਦੇ ਰਹੇ ਤੇ ਬਾਅਦ ਵਿੱਚ ਸਾਡੇ ਨਾਲ ਦੇ ਪਿੰਡ ਨੌਕਰੀ ਕਰਨ ਸਮੇਂ ਵੀ ਰਹੇ। ਉਹਨਾਂ ਦਾ ਸਾਹਿਤਕ ਸਫ਼ਰ ਸਾਡੇ ਘਰ ਤੋਂ ਹੀ ਸ਼ੁਰੂ ਹੋਇਆ ਸੀ।

**ਸਿੱਧੂ :- ਫਿਰ ਤਾਂ ਤੁਹਾਡੇ ਪਰਿਵਾਰ ਦਾ ਇਤਿਹਾਸ ਬੜਾ ਸ਼ਾਨਦਾਰ ਤੇ ਮਾਣ ਵਾਲਾ ਹੈ। ਤੁਸੀਂ ਰਾਜਨੀਤਕ ਤੇ ਸਾਹਿਤਕ ਸਿਖਿਆ ਪਰਿਵਾਰ ਵਿੱਚੋਂ ਹੀ ਲੈ ਲਈ ਹੋਵੇਗੀ। ਤੁਸੀਂ ਆਪਣੀ ਅਕਾਦਮਿਕ ਸਿਖਿਆ ਕਿੱਥੋਂ ਪੂਰੀ ਕੀਤੀ ?**

**ਪਰਮਿੰਦਰ ਕੌਰ** :- ਮੈਂ ਸ਼ਹੀਦ ਕਰਨੈਲ ਸਿੰਘ ਮੈਮੋਰੀਅਲ ਹਾਈ ਸਕੂਲ ਈਸੜੂ ਤੋਂ ਦਸਵੀਂ ਕੀਤੀ। ਏ. ਐਸ. ਕਾਲਜ਼ ਫਾਰ ਵੂਮੈਨ ਖੰਨਾ ਤੋਂ ਗਰੈਜੂਏਸ਼ਨ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ. ਪੰਜਾਬੀ ਕੀਤੀ ਹੈ।

**ਸਿੱਧੂ :- ਜਦੋਂ ਤੁਸੀਂ ਕਾਲਜ਼ ਗਏ ਹੋਣੇ ਆ, ਉਹ ਐਮਰਜੈਂਸੀ ਦੇ ਦਿਨ ਹੋਣਗੇ। ਸਰਕਾਰੀ ਜਬਰ ਹੁੰਦਾ ਹੋਏਗਾ। ਤੁਸੀਂ ਕਾਲਜ਼ ਜਾ ਕੇ ਇਨਕਲਾਬੀ ਸਰਗਰਮੀਆਂ ਨਾਲ ਕਿਵੇਂ ਜੁੜੇ ?**

**ਸਵੈਚ** :- ਮੈਂ 1979 ਵਿੱਚ ਏ. ਐਸ. ਕਾਲਜ਼ ਖੰਨਾ ਤੇ 1981 ਵਿੱਚ ਏ. ਐਸ. ਕਾਲਜ਼ ਫਾਰ ਵੂਮੈਨ ਖੰਨਾ ਵਿੱਚ ਪੜ੍ਹਦੀ ਸੀ। ਉਦੋਂ ਐਮਰਜੈਂਸੀ ਟੁੱਟ ਗਈ ਸੀ, ਨਕਸਲਾਈਟ ਕੈਦੀ ਛੱਡ ਦਿੱਤੇ ਸਨ। ਜਨਤਕ ਕੰਮ ਸ਼ੁਰੂ ਹੋ ਗਿਆ ਸੀ। ਪੰਜਾਬ ਸਟੂਡੈਂਟ ਯੂਨੀਅਨ ਨੇ ਮੁੜ ਸਰਗਰਮੀ ਫੜ ਲਈ ਸੀ ਕਿਉਂਕਿ ਮੇਰੇ ਬਾਪੂ ਜੀ ਕਮਿਊਨਿਸਟ ਸਨ, ਮੈਂ ਕਾਲਜ਼ ਜਾਂਦਿਆਂ ਹੀ ਪੀ. ਐਸ. ਯੂ. ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਵੇਲੇ ਪੀ. ਐਸ. ਯੂ. ਸਭ ਲਈ ਮੁਫ਼ਤ ਵਿਦਿਆ ਤੇ ਰੁਜ਼ਗਾਰ ਦੀ ਮੰਗ ਨੂੰ ਲੈ ਕੇ ਲੜਾਈ ਲੜ ਰਹੀ ਸੀ। ਅਸੀਂ ਸਥਾਨਕ ਕਾਲਜ਼ਾਂ ਵਿੱਚ ਡੋਨੇਸ਼ਨ ਬੰਦ ਕਰਵਾਈ। ਵਿਦਿਆਰਥਣਾਂ ਨੂੰ ਫਿਲਮ ਦੇਖਣ ਤੇ ਪਾਬੰਦੀ ਲਾਈ ਹੋਈ ਸੀ, ਫਿਰ ਉਹ ਚੋਰੀ ਕਰਦੀਆਂ ਸਨ। ਅਸੀਂ ਇਸ ਵਿਰੁੱਧ ਅਵਾਜ਼ ਉਠਾਈ। ਵੱਧ ਫੀਸਾਂ ਦਾਖਲਿਆਂ ਵਿਰੁੱਧ ਸੰਘਰਸ਼ ਹੋਏ। ਸਾਡੇ ਸਮੇਂ ਵਿੱਚ ਸ਼ਹੀਦ ਪ੍ਰਿਥੀਪਾਲ ਸਿੰਘ ਰੰਧਾਵਾ ਦੇ ਕਤਲ ਵਿਰੁੱਧ ਘੋਲ ਅਤੇ ਬੱਸ ਕਿਰਾਇਆ ਘੋਲ ਪੰਜਾਬ ਪੱਧਰ 'ਤੇ ਲੜੇ ਗਏ। ਉਨ੍ਹਾਂ ਵਿੱਚ ਅਸੀਂ ਬਣਦਾ ਯੋਗਦਾਨ ਪਾਇਆ। ਉਨ੍ਹਾਂ ਸਮਿਆਂ ਵਿੱਚ ਕੁੜੀਆਂ ਘੱਟ ਪੜ੍ਹਦੀਆਂ ਹੁੰਦੀਆਂ ਸਨ। ਅਸੀਂ ਪੜ੍ਹੀਆਂ ਵੀ ਤੇ ਪੰਜਾਬ ਦੀ ਇਨਕਲਾਬੀ ਤਹਿਰੀਕ ਵਿੱਚ ਹਿੱਸਾ ਵੀ ਪਾਇਆ। ਅਸੀਂ ਪੰਜਾਬ ਦੀਆਂ ਕੁੜੀਆਂ ਲਈ ਵਿਦਿਆ ਤੇ ਸੰਘਰਸ਼ਾਂ ਦੇ ਰਾਹ ਖੋਲ੍ਹੇ।

**ਸਿੱਧੂ :- ਤੁਸੀਂ ਲਿਖਣਾ ਕਦੋਂ ਕੁ ਸ਼ੁਰੂ ਕੀਤਾ ?**

**ਸਵੈਚ** :- ਕਵਿਤਾ ਬਗੈਰਾ ਲਿਖਣਾ ਤਾਂ ਮੈਂ ਨੌਂਵੀ-ਦਸਵੀਂ ਕਲਾਸ ਵਿੱਚ ਹੀ ਸ਼ੁਰੂ ਕਰ ਦਿੱਤਾ ਸੀ ਪਰ ਕਾਲਜ਼ ਜਾ ਕੇ ਮੈਂ ਬਾਕਾਇਦਾ ਕਵਿਤਾ, ਕਹਾਣੀ ਤੇ ਲੇਖ ਲਿਖਣੇ ਸ਼ੁਰੂ ਕਰ ਦਿੱਤੇ ਸਨ। ਮੈਂ ਕਾਲਜ਼ ਵਿੱਚ ਭਾਸ਼ਨ ਜਾਂ ਕਵਿਤਾ ਮੁਕਾਬਲਿਆਂ ਤੇ ਜਾਂਦੀ ਰਹਿੰਦੀ ਸੀ। ਮੇਰੇ ਟੀਚਰਾਂ ਨੂੰ ਮੇਰੇ ਤੇ ਬਹੁਤ ਮਾਣ ਹੁੰਦਾ ਸੀ ਜਦੋਂ ਕੋਈ ਕਾਲਜ਼ ਵਿੱਚ ਪ੍ਰੋਗਰਾਮ ਹੋਣਾ ਉਹਨਾਂ ਕਹਿ ਦੇਣਾ ਕਿ ਇਸ ਵਿਸ਼ੇ ਤੇ ਬੋਲਣਾ ਹੈ ਸਪੀਚ ਤਿਆਰ ਕਰ ਲਈਂ। ਉਹਨਾਂ ਦਿਨਾਂ ਵਿੱਚ ਮੇਰੇ ਬਾਪੂ ਜੀ ਗੁਰਬਾਣੀ ਚੋਂ ਕੁਟੇਸ਼ਨਾਂ ਦੇ ਕੇ ਮੈਨੂੰ ਲੇਖ ਲਿਖਣ ਵਿੱਚ ਮੱਦਦ ਕਰ ਦਿੰਦੇ ਹੁੰਦੇ ਸਨ। ਲਗਾਤਾਰ 4-5 ਸਾਲ ਮੇਰੀਆਂ ਲਿਖਤਾਂ ਕਾਲਜ਼ ਮੈਗਜ਼ੀਨ ਵਿੱਚ ਛੱਪਦੀਆਂ ਰਹੀਆਂ ਹਨ ਤੇ ਮੈਂ ਕਾਲਜ਼ ਵਿੱਚ ਮੈਗਜੀਨ ਦੀ ਐਡੀਟਰ ਵੀ ਸੀ। ਮੈਗਜੀਨ ਨੂੰ ਵਧੀਆ ਬਣਾਉਣ ਲਈ ਆਪਦੀਆਂ ਲਿਖਤਾਂ ਆਪਣੀਆਂ ਸਹੇਲੀਆਂ ਦੇ ਨਾਂ ਤੇ ਛਪਵਾ ਦੇਈਦੀਆਂ ਸੀ। ਮੈਂ ਇੱਕ ਲੇਖ ਉਸ ਸਮੇਂ ਲੱਚਰ ਸਾਹਿਤ ਬਾਰੇ ਲਿਖਿਆ ਸੀ ਉਹ ਪੰਜਾਬ ਯੂਨੀਵਰਸਿਟੀ ਦੇ ਮੈਗਜ਼ੀਨ 'ਯੂਥ ਇਨ ਸਪਿਰਟਸ' ਵਿੱਚ ਵੀ ਛਪਿਆ ਸੀ। ਇਸੇ ਤਰ੍ਹਾਂ ਮੇਰੀਆਂ ਲਿਖਤਾਂ 'ਪੰਜ ਦਰਿਆ', 'ਮਜ਼ਦੂਰ ਮਾਰਗ' ਤੇ ਹੋਰ ਪੇਪਰਾਂ ਵਿੱਚ ਵੀ ਉਦੋਂ ਛਪੀਆਂ। ਨਾਟਕ ਵੀ ਕਾਲਜ਼ ਸਮੇਂ ਲਿਖ ਕੇ ਪੂਰੀ ਟੀਮ ਨਾਲ ਤਿਆਰ ਕਰਵਾ ਕੇ ਖੇਡਿਆ।

**ਸਿੱਧੂ :- ਕੀ ਪਰਮਿੰਦਰ ਈਸੜੂ ਤੋਂ ਪਰਮਿੰਦਰ ਸਵੈਚ ਬਣਨ ਦਾ ਸਫ਼ਰ ਕਾਲਜ਼ ਤੋਂ ਹੀ ਸ਼ੁਰੂ ਹੋਇਆ ? ਕੀ ਤੁਹਾਡੇ ਜੀਵਨ ਸਾਥੀ ਮਲਕੀਤ ਸਵੈਚ ਵੀ ਵਿਦਿਆਰਥੀ ਜਥੇਬੰਦੀ ਵਿੱਚ ਸਰਗਰਮ ਸਨ ?**

**ਸਵੈਚ** :- ਜੀ ਹਾਂ, ਅਸੀਂ ਇਸ ਸਮੇਂ ਦੌਰਾਨ ਹੀ ਮਿਲੇ। 1982 ਵਿੱਚ ਇੱਕ ਦੂਜੇ ਨੂੰ ਜਾਨਣ ਲੱਗੇ।ਮਲਕੀਤ ਦਾ ਪਿੰਡ ਬਗਲੀ ਖੁਰਦ (ਨੇੜੇ ਸਮਰਾਲਾ) ਹੈ। ਇਹ ਵਿਦਿਆਰਥੀ ਜਥੇਬੰਦੀ ਵਿੱਚ ਤਾਂ ਨਹੀਂ ਪਰ ਮਜ਼ਦੂਰ ਜਥੇਬੰਦੀ ਦੇ ਸਕੱਤਰ ਸਨ। ਇਹ ਉਦੋਂ ਸਰਗਰਮ ਜ਼ਿਆਦਾ ਹੋਏ ਜਦੋਂ ਖੰਨੇ ਦੇ ਨੇੜੇ ਸਟੀਲ ਮਿੱਲ ਰਸੂਲੜਾ ਵਿੱਚ ਮਜ਼ਦੂਰਾਂ ਨੇ ਤਿੰਨ ਮਹੀਨੇ ਦੀ ਲੰਬੀ ਹੜਤਾਲ ਕੀਤੀ। ਅਸੀਂ ਪੰਜਾਬ ਸਟੂਡੈਂਟ ਯੂਨੀਅਨ ਵਲੋਂ ਮਜ਼ਦੂਰਾਂ ਦੀ ਹਮਾਇਤ ਕਰਦੇ ਸਾਂ।ਉਸ ਸਮੇਂ ਹੜਤਾਲ ਤੜਵਾਉਣ ਲਈ ਮਲਕੀਤ ਸਮੇਤ ਤਕਰੀਬਨ 60 ਕੁ ਮਜ਼ਦੂਰ ਤਿੰਨ ਕੁੜੀਆਂ ਸਮੇਤ ਗ੍ਰਿਫਤਾਰ ਕਰ ਲਏ ਸਨ ਤੇ ਇਹ ਸਾਰੇ ਇੱਕ ਮਹੀਨਾ ਜੇਲ੍ਹ ਵਿੱਚ ਵੀ ਰਹੇ। ਆਰ. ਪੀ. ਸਰਾਫ਼ ਨਕਸਲੀਆਂ ਦਾ ਆਗੂ ਤੇ ਥਿੰਕਰ ਹੋਇਆ ਹੈ। ਮਲਕੀਤ ਉਹਨਾਂ ਦੀ ਜਥੇਬੰਦੀ ਦੀ ਅਗਵਾਈ ਵਿੱਚ ਕੰਮ ਕਰਦਾ ਸੀ। ਇਹ ਜਥੇਬੰਦੀ ਇੱਕ 'ਮਜ਼ਦੂਰ ਮਾਰਗ' ਪੇਪਰ ਕੱਢਦੀ ਸੀ। ਮੈਂ ਵੀ ਉਸ ਪੇਪਰ ਵਿੱਚ ਆਪਣੇ ਆਰਟੀਕਲ ਬਗੈਰਾ ਦਿੰਦੀ ਰਹਿੰਦੀ ਸੀ।ਇੱਕ ਸਟੇਜ ਤੇ ਆ ਕੇ ਆਰ. ਪੀ. ਸਰਾਫ਼ ਮਾਰਕਸਵਾਦ-ਲੈਨਿਨਵਾਦ ਤੇ ਮਾਓ ਵਿਚਾਰਧਾਰਾ ਨੂੰ ਅਲਵਿਦਾ ਕਹਿ ਗਿਆ। ਉਸਨੇ ਇੱਕ ਸਮਾਜਸੇਵੀ ਟਾਈਪ ਪਾਰਟੀ ਬਣਾ ਲਈ। ਮਲਕੀਤ ਹੋਰਾਂ ਦੇ ਉਸ ਨਾਲ ਮੱਤਭੇਦ ਹੋ ਗਏ। ਇਹ ਮਾਰਕਸਵਾਦ-ਲੈਨਿਨਵਾਦਦ-ਮਾਓ ਵਿਚਾਰਦਾਰਾ ਤੇ ਅਟੱਲ ਖੜ੍ਹੇ ਸਨ। ਇਨ੍ਹਾਂ ਨਵਾਂ ਗਰੁਪ ਬਣਾ ਕੇ ਉਸਨੂੰ ਚਲਾਉਣ ਦੀ ਕੋਸ਼ਿਸ਼ ਕੀਤੀ ਪਰ ਸਫਲਤਾ ਨਾ ਮਿਲੀ। ਕੁਸ਼ ਚਿਰ ਬਾਅਦ ਇਹ 17 ਮਈ 1988 ਨੂੰ ਕੈਨੇਡਾ ਆ ਗਏ ਅਤੇ ਮੈਂ ਇੰਡੀਆ ਹੀ ਸਰਗਰਮ ਸੀ।

**ਸਿੱਧੂ :- ਤੁਹਾਡਾ ਰਿਸ਼ਤਾ ਜੁੜਨ ਵਿੱਚ ਕੋਈ ਮੁਸ਼ਕਲਾਂ ਆਈਆਂ ਜਾਂ ਸਾਰਾ ਕੁੱਝ ਸੌਖਾ ਹੀ ਹੋ ਗਿਆ ?**

**ਸਵੈਚ** :- ਸਾਡਾ ਰਿਸ਼ਤਾ ਤਾਂ ਪਰਿਵਾਰਾਂ ਦੀ ਸਹਿਮਤੀ ਨਾਲ ਹੀ ਹੋਇਆ ਸੀ ਪਰ ਜਦੋਂ ਮਲਕੀਤ ਦੀ ਭੈਣ ਕੈਨੇਡਾ ਆ ਗਈ ਤਾਂ ਬੀਬੀ (ਸੱਸ ਮਾਂ) ਵੀ ਕੈਨੇਡਾ ਆ ਗਈ। ਮਲਕੀਤ ਉਹਨਾਂ ਤੋਂ ਦੋ ਸਾਲ ਬਾਅਦ 'ਚ ਆਏ ਸਨ। ਏਨੇ ਨੂੰ ਬੀਬੀ ਨੂੰ ਕੈਨੇਡਾ ਲੱਗ ਗਈ ਸੀ, ਫਿਰ ਉਹ ਚਾਹੁੰਦੀ ਸੀ ਕਿ ਕੈਨੇਡਾ ਦੇ ਸਟਿੱਕਰ ਨੂੰ ਹੁਣ ਉਹ ਅਮੀਰ ਘਰ ਵਿੱਚ ਆਪਣਾ ਮੁੰਡਾ ਵਿਆਹਵੇ, ਸੋਹਣੀ ਸੁਨੱਖੀ ਕੁੜੀ ਲਿਆਵੇ ਤੇ ਸਰੀਕੇ ਵਿੱਚ ਆਪਣੀ ਠੁੱਕ ਬਣਾਵੇ। ਆਮ ਲੋਕਾਂ ਦੀ ਸਮਝ ਮੁਤਾਬਕ। ਪਰ ਮਲਕੀਤ ਨੇ ਉਹਨਾਂ ਦੀਆਂ ਗੱਲਾਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਮੇਰੀ ਅਪਲੀਕੇਸ਼ਨ ਭਰ ਦਿੱਤੀ ਅਤੇ ਮੈਂ 10 ਸਤੰਬਰ 1989 ਨੂੰ ਕੈਨੇਡਾ ਆ ਗਈ ਸੀ।

**ਸਿੱਧੂ :- ਵਿਆਹ ਇੰਡੀਆ ਵਿੱਚ ਹੋਇਆ ਸੀ ਜਾਂ ਕੈਨੇਡਾ ਵਿੱਚ ਤੇ ਕਿਵੇਂ ਕੀਤਾ ?**

**ਸਵੈਚ** :- ਵਿਆਹ ਸਾਡਾ ਕਿਸੇ ਧਾਰਮਿਕ ਰਸਮਾਂ ਨਾਲ ਨਹੀਂ ਹੋਇਆ। ਜਦੋਂ ਮੈਂ ਕੈਨੇਡਾ ਆਈ ਤਾਂ ਇਹ ਵਿਲੀਅਮਜ਼ ਲੇਕ ਰਹਿੰਦੇ ਸਨ। ਦੂਜੇ ਤੀਜੇ ਦਿਨ ਅਸੀਂ ਕੋਰਟ ਗਏ ਤੇ ਜੱਜ ਸਾਹਮਣੇ ਵਿਆਹ ਕਰ ਆਏ। ਸਾਨੂੰ ਉੱਥੇ ਕੋਈ ਗਵਾਹ ਦੀ ਲੋੜ ਸੀ। ਕੋਰਟ ਦੇ ਨੇੜੇ ਆਪਣਾ ਪੰਜਾਬੀ ਭਾਈ ਕਾਰ ਡੀਲਰਸ਼ਿੱਪ ਦੀ ਦੁਕਾਨ ਤੇ ਕੰਮ ਕਰਦਾ ਸੀ,



ਪਰਮਿੰਦਰ ਕੌਰ ਸਵੈਚ (ਵਿਚਕਾਰ) ਇਕ ਨਾਟਕ ਦੇ ਮੰਚਨ ਦੌਰਾਨ।



ਪਰਮਿੰਦਰ ਕੌਰ ਸਵੈਚ ਆਪਣੇ ਜੀਵਨ ਸਾਥੀ ਮਲਕੀਤ ਅਤੇ ਬੱਚਿਆਂ ਨਾਲ।

ਮਲਕੀਤ ਉਹ ਨੂੰ ਬੁਲਾ ਲਿਆਏ ਤੇ ਬੱਸ ਉਸ ਦੀ ਗਵਾਹੀ ਨਾਲ ਵਿਆਹ ਹੋ ਗਿਆ। ਆਪਣੀਆਂ ਆਪਣੀਆਂ ਰਿੰਗਾਂ ਲੁਹਾ ਕੇ ਜੱਜ ਸਾਹਮਣੇ ਇੱਕ ਦੂਜੇ ਦੇ ਪਾ ਦਿੱਤੀਆਂ।

ਸਿੱਧੂ :- **ਬੀਬੀ ਦੇ ਵੱਖਰੇ ਵਿਚਾਰ ਹੋਣ ਕਰਕੇ ਬਾਅਦ ਵਿੱਚ ਤਾਂ ਮੁਸ਼ਕਲਾਂ ਨਹੀਂ ਆਈਆਂ ?**

ਸਵੈਚ :– ਮੁਸ਼ਕਲ ਤਾਂ ਹਰ ਕੁੜੀ ਨੂੰ ਹੀ ਆਉਂਦੀ ਹੈ ਜਦ ਉਹ ਬਿਗਾਨੇ ਘਰ ਜਾਂਦੀ ਹੈ ਇੱਥੇ ਤਾਂ ਫਿਰ ਬਿਗਾਨਾ ਦੇਸ਼, ਬਿਗਾਨੀ ਧਰਤੀ, ਬਿਗਾਨਾ ਪਰਿਵਾਰ ਤੇ ਬਿਗਾਨੇ ਲੋਕ ਪਰ ਮਲਕੀਤ ਦੇ ਸਾਥ ਕਰਕੇ ਮੁਸ਼ਕਲਾਂ ਦਾ ਸਾਹਮਣਾ ਕਰਨਾ ਜਲਦੀ ਸੌਖਾ ਹੋ ਗਿਆ। ਨਾਲੇ ਮੇਰੀ ਤਾਂ ਸੋਚ ਹੀ ਸੀ ਕਿ ਜ਼ਿੰਦਗੀ ਐਨੀ ਵੀ ਸੌਖੀ ਨਹੀਂ। ਜ਼ਿੰਦਗੀ ਤਾਂ ਹੈ ਹੀ ਸ਼ੰਘਰਸ਼ ਦਾ ਦੂਜਾ ਨਾਂ।

ਸਿੱਧੂ :- **ਇੱਥੇ ਆ ਕੇ ਇਨਕਲਾਬ ਕਰਨ ਲੱਗ ਪਏ ਜਾਂ ਸਾਮਰਾਜੀ ਸਿਸਟਮ ਨੇ ਆਪਣੇ ਸਾਂਚੇ ਵਿੱਚ ਢਾਲ ਲਏ ?**

**ਸਵੈਚ** :- ਕਾਹਨੂੰ ਭਰਾਵਾ, ਇੱਥੇ ਦੀ ਚਕਾਂਚੌਂਧ ਨੇ ਪਹਿਲਾਂ ਤਾਂ ਸਾਨੂੰ ਵੀ ਸਬਜ਼ਬਾਗ ਦਿਖਾਏ ਹੀ ਨੇ। ਅਸੀਂ ਵੀ ਸਾਰੇ ਪਰਵਾਸੀਆਂ ਵਾਂਗ 15 ਸਾਲ ਨੜਿੰਨਵੇਂ ਦੇ ਚੱਕਰ ਵਿੱਚ ਡਾਲਰਾਂ ਨੂੰ ਰੁਪਈਆਂ ਨਾਲ ਗੁਣਾ ਕਰਦੇ ਰਹੇ ਹਾਂ। ਇੱਥੇ ਆ ਕੇ ਤਾਂ ਇੰਡੀਆ ਨਾਲੋਂ ਟੁੱਟ ਹੀ ਗਏ ਸੀ ਉਦੋਂ ਹੁਣ ਵਾਂਗ ਫੋਨ ਨਹੀਂ ਸੀ ਹੁੰਦੇ। ਚਿੱਠੀਆਂ ਪਾਉਣੀਆਂ ਦੋ ਤਿੰਨ ਮਹੀਨੇ ਬਾਅਦ ਜਾ ਕੇ ਇੱਕ ਦੂਜੇ ਦੀ ਖਬਰ ਸਾਰ ਦਾ ਪਤਾ ਲੱਗਦਾ ਹੁੰਦਾ ਸੀ। ਨਾਲੇ ਜ਼ਿੰਦਗੀ ਸੀਮਤ ਜਿਹੀ ਹੋ ਗਈ ਸੀ ਬੱਚਿਆਂ ਦਾ ਪਾਲਣ ਪੋਸ਼ਣ, ਗਰੋਸਰੀ, ਬੇਸਮੈਂਟਾਂ ਕਿਰਾਏ ਦੇ ਘਰ। ਮੈਨੂੰ ਯਾਦ ਹੈ ਕਿ ਜਦੋਂ ਮੇਰੀ ਵੱਡੀ ਬੇਟੀ ਦੇ ਜਨਮ ਤੋਂ ਕੁੱਝ ਸਮਾਂ ਬਾਅਦ ਮੈਂ ਕਲੀਨ ਅਪ ਦਾ ਕੰਮ ਕਰਨ ਲੱਗ ਪਈ ਉਹ ਵੀ ਰਾਤ ਦਾ। ਸਾਰੀ ਦਿਹਾੜੀ ਮਲਕੀਤ ਨੇ ਕੰਮ ਕਰਕੇ ਆਉਣਾ ਤੇ ਸ਼ਾਮ ਨੂੰ ਜਾਸਮਿਨ ਨੂੰ ਨਾਲ ਲੈ ਕੇ ਅਸੀਂ ਕਲੀਨ ਅੱਪ ਕਰਨ ਤੁਰ ਪੈਣਾ। ਤਿੰਨ ਚਾਰ ਬੈਂਕਾਂ ਦਾ ਕੰਮ ਸੀ। ਜਿਹੜੀ ਵੀ ਮੈਂ ਬੈਂਕ ਸਾਫ਼ ਕਰਨੀ, ਮਲਕੀਤ ਨੇ ਉਹਨਾਂ ਦੇ ਬੈਂਚ ਤੇ ਜਾਸਮਿਨ ਨੂੰ ਹਿੱਕ ਤੇ ਪਾ ਕੇ ਸੌਂ ਜਾਣਾ ਏਸੇ ਤਰ੍ਹਾਂ ਦੂਜੀ, ਤੀਜੀ ਚੌਥੀ ਵਿੱਚ ਕਰਨਾ। ਕਿਤੇ ਸਵੇਰ ਦੇ ਦੋ ਤਿੰਨ ਵਜੇ ਘਰ ਪਹੁੰਚਣਾ। ਦੋ ਢਾਈ ਘੰਟੇ ਸੌਂ ਕੇ ਮਲਕੀਤ ਨੇ ਫੇਰ ਫਰੇਮਿੰਗ( ਲੱਕੜ ਦੇ ਘਰ ਬਣਾਉਣ ਦਾ ਕੰਮ) ਦੇ ਕੰਮ ਤੇ ਚਲੇ ਜਾਣਾ ਤੇ ਮੈਂ ਲੰਚ ਪਾਕੇ ਬੇਟੀ ਨਾਲ ਲਟਾਪੀਂਗ ਹੋਈ ਜਾਣਾ। ਐਨਾ ਕੰਮ ਕਰਨ ਦੇ ਬਾਵਜੂਦ ਗੁਜ਼ਾਰਾ ਉੱਦਾਂ ਕੁ ਦਾ ਹੀ ਚਲਦਾ ਸੀ। ਸੈੱਟ ਹੋਣ ਦੇ ਚੱਕਰ ਵਿੱਚ ਜਾਸਮਿਨ ਨੂੰ ਦੋ ਸਾਲ ਇੰਡੀਆ ਵੀ ਛੱਡ ਰੱਖਿਆ ਪਰ ਅਸੀਂ ਛੇਤੀ ਹੀ ਸਮਝ ਗਏ ਸੀ ਕਿ ਇਹ ਪੈਸੇ ਦੀ ਦੌੜ ਦਾ ਕੋਈ ਅੰਤ ਨਹੀਂ। ਉਸਨੂੰ ਛੱਡ ਕੇ ਆਕੇ ਤਿੰਨ ਚਾਰ ਮਹੀਨੇ ਕੰਮ ਕਰਕੇ ਛੱਡ ਦਿੱਤਾ, ਮੁੜ ਕੇ ਲੋੜਾਂ ਨੂੰ ਹੀ ਸੀਮਤ ਕਰ ਲਿਆ ਪਰ ਭੱਜ ਭਜਾਈ ਛੱਡ ਦਿੱਤੀ ਉਸਤੋਂ ਬਾਅਦ ਮੈਂ ਘਰ ਬੈਠ ਕੇ ਬੱਚੇ ਹੀ ਪਾਲੇ ਹਨ। ਉਹਨਾਂ ਨੂੰ ਪੜ੍ਹਾਇਆ ਹੈ ਮਲਕੀਤ ਦਾ ਆਪਣਾ ਬਿਜ਼ਨਿਸ ਹੈ।

ਸਿੱਧੂ :- **ਬਹੁਤ ਸਾਰੇ ਲੋਕ ਜਿਹਨਾਂ ਨੂੰ ਵਧੀਆ ਰੋਟੀ, ਰਹਿਣ ਸਹਿਣ ਦੀਆਂ ਸਹੂਲਤਾਂ ਮਿਲ ਜਾਂਦੀਆਂ ਨੇ ਉਹ ਫਿਰ ਆਪਣਾ ਰਸਤਾ ਬਦਲ ਲੈਂਦੇ ਹਨ। ਤੁਹਾਨੂੰ ਨੀ ਲੱਗਿਆ ਕਿ ਐਥੇ ਤਾਂ ਹੁਣ ਇਨਕਲਾਬ ਦੀ ਕੀ ਲੋੜ ਹੈ ?**

ਸਵੈਚ :– ਮੈਨੂੰ ਲੱਗਦੈ ਕਿ ਐਥੇ ਇਨਕਲਾਬ ਲਈ ਕੰਮ ਕਰਨ ਦੀ ਜ਼ਿਆਦਾ ਲੋੜ ਹੈ ਕਿਉਂਕਿ ਇੰਡੀਆ ਵਿੱਚ ਤਾਂ ਲੋਕਾਂ ਦੀ ਗਰੀਬੀ ਦੇ ਹਾਲਾਤ ਉਹਨਾਂ ਨੂੰ ਇਨਕਲਾਬ ਦੀ ਲੋੜ ਮਹਿਸੂਸ ਕਰਵਾ ਦਿੰਦੇ ਹਨ ਪਰ ਐਥੇ ਸਰਮਾਏਦਾਰੀ ਸਿਸਟਮ ਨੇ ਐਨੇ ਓਹਲੇ ਘਚੋਲੇ ਰੱਖੇ ਹਨ ਕਿ ਦਿਹਾੜੀ ਕਰਨ ਵਾਲਾ ਆਮ ਵਿਅਕਤੀ ਸਮਝ ਹੀ ਨਹੀਂ ਸਕਦਾ ਕਿ ਉਹ ਜੋ ਸਾਰਾ ਦਿਨ ਟੁੱਟ ਟੁੱਟ ਮਰਦਾ ਹੈ ਉਹਦੇ ਵਿੱਚੋਂ ਉਹਦੇ ਪੱਲੇ ਕਿੰਨਾ ਪੈਂਦਾ ਹੈ। ਇੱਥੇ ਲੋਕ ਸਿਰ ਸਿੱਟ ਕੇ ਕੰਮ ਕਰੀ ਜਾਂਦੇ ਹਨ, ਉਹਨਾਂ ਨੂੰ ਕੁੱਝ ਸੋਚਣ ਦਾ ਤਾਂ ਸਮਾਂ ਹੀ ਨਹੀਂ ਦਿੱਤਾ ਜਾਂਦਾ ਕਿਉਂਕਿ ਉਹਨਾਂ ਦੀਆਂ ਲੋੜਾਂ ਐਨੀਆਂ ਵਧਾ ਦਿੱਤੀਆਂ ਹਨ ਕਿ ਉਹ ਮਜ਼ਬੂਰੀ ਵਸ ਚਲੋ ਚਾਲ ਰਹਿੰਦਾ ਹੈ। ਆਮ ਵਿਅਕਤੀ ਤੇ ਟੈਕਸ ਵੱਧ ਲਾਏ ਜਾਂਦੇ ਹਨ ਤੇ ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਸਰਕਾਰਾਂ ਜਿੰਨਾਂ ਸਹਾਰੇ ਚਲਦੀਆਂ ਹਨ ਉਹਨਾਂ ਨੂੰ ਟੈਕਸਾਂ ਤੇ ਛੋਟਾਂ ਦਿੱਤੀਆਂ ਜਾਂਦੀਆਂ ਹਨ। ਅਸਲ ਵਿੱਚ ਸਿਸਟਮ ਨੇ ਜਨ ਸਾਧਾਰਣ ਦੀ ਹਾਲਤ ਇਹ ਕਰ ਰੱਖੀ ਹੈ ਕਿ ਲੋਕਾਂ ਨੂੰ ਉਨਾ ਕੁ ਦੇਵੋ ਕਿ ਉਹ ਡੰਗ ਟਪਾਈ ਜਾਣ, ਭੁੱਖੇ ਨਾ ਮਰਨ। ਜੇ ਭੁੱਖੇ ਮਰਨ ਲੱਗ ਪਏ ਤਾਂ ਇਨਕਲਾਬ ਬਾਰੇ ਸੋਚਣ ਲੱਗ ਸਕਦੇ ਹਨ। ਇੱਥੇ ਜਿਹੜੀਆਂ ਲੋਕਾਂ ਨੂੰ ਸੁੱਖ ਸਹੂਲਤਾਂ ਦਿੱਤੀਆਂ ਵੀ ਗਈਆਂ ਸਨ। ਇਹ ਉਦੋਂ ਰੂਸ ਦੇ ਇਨਕਲਾਬ ਆਉਣ ਤੋਂ ਬਾਅਦ ਕਿਉਂਕਿ ਸਮਾਜਵਾਦ ਨੇ ਜਿਹੜਾ ਬਦਲ ਦੇ ਦਿੱਤਾ ਸੀ, ਉਸ ਤੋਂ ਡਰਦੇ ਸਨ। ਇਹ ਨਹੀਂ ਸੀ ਚਾਹੁੰਦੇ ਕਿ ਇੱਥੋਂ ਦੀ ਸਾਮਰਾਜੀ ਹਕੂਮਤ ਨੂੰ ਕੋਈ ਢਾਹ ਲੱਗੇ। ਇਸ ਕਰਕੇ ਹੀ ਕੁੱਝ ਸਹੂਲਤਾਂ ਦੇ ਦਿੱਤੀਆਂ ਸਨ ਪਰ ਹੁਣ ਜਦੋਂ ਰੂਸ ਦਾ ਇਨਕਲਾਬ ਫੇਲ੍ਹ ਹੋ ਗਿਆ ਇਹਨਾਂ ਨੇ ਵੀ ਸਭ ਕਾਸੇ ਤੇ ਕੱਟ ਲਾਉਣਾ ਸ਼ੁਰੂ ਕੀਤਾ ਹੋਇਆ ਹੈ।

ਸਿੱਧੂ :- **ਤੁਸੀਂ ਆਪਣੇ ਬੱਚਿਆਂ ਬਾਰੇ ਦੱਸੋ ਕਿ ਉਹ ਕੀ ਕਰਦੇ ਹਨ ?**

**ਸਵੈਚ** :- ਮੇਰੇ ਬੱਚਿਆਂ ਤੇ ਮੈਨੂੰ ਮਾਣ ਹੈ ਕਿ ਸਾਡੀ ਪ੍ਰਵਰਿਸ਼ ਨਾਲ ਉਹ ਚੰਗਾ ਪੜ੍ਹ ਲਿਖ ਗਏ ਹਨ ਤੇ ਵਧੀਆ ਇਨਸਾਨ ਹੋਣ ਦਾ ਸਬੂਤ ਵੀ ਦਿੰਦੇ ਹਨ। ਵੱਡੀ ਬੇਟੀ ਜਾਸਮਿਨ ਨੇ ਸਾਈਕੈਟਰਿਕ ਨਰਸ ਦੀ ਡਿਗਰੀ ਕੀਤੀ ਹੈ ਤੇ ਵਧੀਆ ਗੌਰਮਿੰਟ ਜੌਬ ਕਰ ਰਹੀ ਹੈ। ਬੇਟੇ ਸ਼ਾਨ ਨੇ ਕੰਪਿਊਟਰ ਇੰਜ਼ਨੀਅਰਿੰਗ ਕੀਤੀ ਹੈ ਤੇ ਛੋਟੀ ਬੇਟੀ ਅਨਮੋਲ ਬਿਜ਼ਨਿਸ ਦੀ ਡਿਗਰੀ ਲਈ ਵਿਕਟੋਰੀਆ ਯੂਨੀਵਰਸਿਟੀ ਵਿੱਚ ਦੂਜੇ ਸਾਲ ਵਿੱਚ ਪੜ੍ਹ ਰਹੀ ਹੈ। ਉਹ ਕਮਰਸ ਡੀਪਾਰਮੈਂਟ ਦੀ ਵਾਈਸ ਪ੍ਰੈਜ਼ੀਡੈਂਟ ਹੈ ਤੇ ਸਟੂਡੈਂਟ ਯੂਨੀਅਨ ਦੀ ਡਾਇਰੈਕਟਰ ਵੀ ਹੈ। ਹੋਰ ਵੀ ਬਹੁਤ ਸਾਰੀਆਂ ਨੌਨ ਪ੍ਰੋਫਿਟ ਓਰਗੇਨਾਈਜੇਸ਼ਨਜ਼ ਵਿੱਚ ਕੰਮ ਕਰਦੀ ਹੈ। ਮੇਰੇ ਤਿੰਨੇ ਬੱਚਿਆਂ ਨੇ ਮੇਰੇ ਨਾਲ ਥੀਏਟਰ ਸ਼ੁਰੂ ਕੀਤਾ ਸੀ ਜੋ ਹੁਣ ਤੱਕ ਕਰ ਰਹੇ ਹਨ।

ਸਿੱਧੂ :- **ਤੁਸੀਂ ਮੇਰੇ ਉਹੀ ਸਵਾਲ ਦਾ ਉੱਤਰ ਨਹੀਂ ਦਿੱਤਾ ਕਿ ਕਮਿਊਨਿਟੀ ਵਿੱਚ ਕੰਮ ਕਰਨਾ ਕਦੋਂ ਸ਼ੁਰੂ ਕੀਤਾ ?**

**ਸਵੈਚ** :- ਹਾਂ ਜੀ ਜਦੋਂ ਬੱਚੇ ਥੋੜ੍ਹੇ ਵੱਡੇ ਹੋਏ ਉਹਨਾਂ ਨੂੰ ਇੱਥੋਂ ਦੇ ਰਿਵਾਜ ਮੁਤਾਬਕ ਖੇਡਾਂ ਗਿੱਧੇ ਭੰਗੜਿਆਂ ਵਿੱਚ ਗੁਰਦੀਪ ਆਰਟਸ ਅਕੈਡਮੀ ਵਿੱਚ ਪਾ ਦਿੱਤਾ। ਉੱਥੇ ਹੀ ਮੈਨੂੰ ਤਰਕਸ਼ੀਲ ਸੁਸਾਇਟੀ ਦੇ ਮੈਂਬਰ 2003 ਵਿੱਚ ਮਿਲ ਗਏ ਤੇ ਅਸੀਂ ਉਹਨਾਂ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਸਿੱਧੂ :- **ਤੁਸੀਂ 'ਤਰਕਸ਼ੀਲ ਕਲਚਰਲ ਸੁਸਾਇਟੀ ਆਫ ਕੈਨੇਡਾ' ਦੇ ਆਗੂ ਟੀਮ ਵਿੱਚ ਕੰਮ ਕਰਦੇ ਰਹੇ ਹੋ। ਸੁਸਾਇਟੀ ਲੋਕਾਂ ਵਿੱਚ ਕਿਵੇਂ ਕੰਮ ਕਰਦੀ ਹੈ। ਉਸ ਬਾਰੇ ਦੱਸੋ ? ਇਸ ਅਤਿ ਵਿਕਸਤ ਮੁਲਕ ਵਿੱਚ ਵਹਿਮ ਭਰਮ, ਅੰਧ ਵਿਸ਼ਵਾਸ ਤੇ ਜੋਤਿਸ਼ ਦਾ ਬੋਲਬਾਲਾ ਕਿਉਂ ਹੈ ?**

**ਸਵੈਚ** :- ਮੈਂ ਤਰਕਸ਼ੀਲ ਸੁਸਾਇਟੀ ਵਿੱਚ 2003 ਤੋਂ ਮੈਂਬਰ, ਮੀਤ ਪ੍ਰਧਾਨ, ਜਨਰਲ ਸਕੱਤਰ ਤੇ ਜੁਆਇੰਟ ਸਕੱਤਰ ਦੇ ਤੌਰ ਤੇ ਸਰਗਰਮੀ ਨਾਲ ਕੰਮ ਕਰਦੀ ਰਹੀ ਹਾਂ। ਸੁਸਾਇਟੀ ਵਿੱਚ ਜਾ ਕੇ ਅਸੀਂ ਬਹੁਤ ਸਾਰੇ ਵਧੀਆ ਇਨਸਾਨਾਂ ਨੂੰ ਮਿਲੇ ਜੋ ਇਸ ਸਮਾਜ ਨੂੰ ਵਧੀਆ ਬਣਾਉਣ ਲਈ ਆਪਣਾ ਬਣਦਾ ਯੋਗਦਾਨ ਪਾ ਰਹੇ ਹਨ। ਅਸੀਂ ਸੁਸਾਇਟੀ ਵਲੋਂ ਲੋਕਾਂ ਨੂੰ ਜਾਗਰਿਤ ਕਰਨ ਲਈ ਪੇਪਰਾਂ, ਅਖ਼ਬਾਰਾਂ, ਰੇਡਿਓ, ਟੀ. ਵੀ. ਤੇ ਸ਼ੋਸ਼ਲ ਮੀਡੀਏ ਦਾ ਸਹਾਰਾ ਲੈਂਦੇ ਰਹੇ ਹਾਂ। ਸੁਸਾਇਟੀ ਸਾਲ ਵਿੱਚ ਦੋ ਵੱਡੇ ਪ੍ਰੋਗਰਾਮ ਕਰਵਾਉਂਦੀ ਹੈ ਇੱਕ ਨਾਟਕ ਮੇਲਾ ਤੇ ਦੂਸਰਾ ਮਾਰਚ ਵਿੱਚ ਸ਼ਹੀਦ ਭਗਤ ਸਿੰਘ ਅਤੇ ਔਰਤ ਦਿਵਸ ਨੂੰ ਸਮਰਪਿਤ ਪ੍ਰੋਗਰਾਮ।ਅਸੀਂ ਇੰਡੀਆ ਤੋਂ ਕਲਾਕਾਰ ਜਾਂ ਡਾਇਰੈਕਟਰ ਬੁਲਾ ਕੇ ਨਾਟਕ ਕਰਵਾਉਂਦੇ ਰਹੇ ਹਾਂ। ਹੁਣ ਲੋਕਲ ਕਲਾਕਾਰਾਂ ਦੀ ਟੀਮ ਵੀ ਹੈ। ਤਰਕਸ਼ੀਲ ਵਿਸ਼ੇ ਨਾਲ ਸਬੰਧਤ ਬਹੁਤੇ ਇਕਾਂਗੀ ਤੇ ਨਾਟਕ ਮੈਂ ਇਸੇ ਲੋੜ ਵਿੱਚੋਂ ਲਿਖੇ ਤੇ ਖੇਡੇ ਹਨ। ਅਸੀਂ ਸਾਧਾਂ, ਚੇਲਿਆਂ ਤੇ ਜੋਤਸ਼ੀਆਂ ਨੂੰ ਸਿੱਧਾ ਚੈਲੰਜ ਕਰਕੇ ਭਜਾਉਂਦੇ ਵੀ ਰਹੇ ਹਾਂ।

ਸਿੱਧੂ :- **ਇਸ ਅਤਿ ਵਿਕਸਤ ਮੁਲਕ ਵਿੱਚ ਵੀ ਵਹਿਮ-ਭਰਮ, ਅੰਧ-ਵਿਸ਼ਵਾਸ ਤੇ ਜੋਤਿਸ਼ ਦਾ ਬੋਲ ਬਾਲਾ ਹੈ ?**

**ਸਵੈਚ** :- ਹਾਂ ਜੀ ਅਸੀਂ ਭਾਰਤੀ ਜਿੱਥੇ ਜਾਂਦੇ ਹਾਂ ਆਪਣੀਆਂ ਕਦਰਾਂ ਕੀਮਤਾਂ ਨਾਲ ਲੈ ਕੇ ਜਾਂਦੇ ਹਾਂ। ਫਿਰ ਵਹਿਮ ਭਰਮ ਪਿੱਛੇ ਕਿਵੇਂ ਛੱਡ ਦਿੰਦੇ। ਬਹੁਤੇ ਤਾਂ ਪੜ੍ਹੇ ਲਿਖੇ ਵੀ ਹਰੇਕ ਸਾਲ ਆਪਣੇ ਸ਼ਹੀਦਾਂ ਦੀ ਮਟੀ ਹਰੇਕ ਸਾਲ ਦੁੱਧ ਨਾਲ ਨਹਾਉਣ ਜਾਂਦੇ ਨੇ ਆਪਣੇ ਦੇਸ। ਇਹ ਲੁਟੇਰੀ ਜਮਾਤ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਉਹਨਾਂ ਨੂੰ ਵਰਗਲ਼ਾਉਂਦੀ ਹੈ। ਭੋਲ਼ੇ ਲੋਕ ਹਰ ਮਸਲੇ ਦਾ ਹੱਲ ਸਸਤਾ ਤੇ ਸੌਖਾ ਲੱਭਣਾ ਚਾਹੁੰਦੇ ਹਨ ਪਰ ਜਦ ਇਸ ਜਿਲ੍ਹਣ ਵਿੱਚ ਫਸ ਜਾਂਦੇ ਹਨ ਫਿਰ ਨਿਕਲ ਨਹੀਂ ਸਕਦੇ।

ਸਿੱਧੂ :- **ਐਥੇ ਕਿਹੋ ਜਿਹੀਆਂ ਸਮੱਸਿਆਵਾਂ ਨੇ ਜਿਹਨਾਂ ਕਰਕੇ ਲੋਕ ਵਹਿਮਾਂ ਭਰਮਾਂ ਵਿੱਚ ਪੈਂਦੇ ਨੇ ?**

**ਸਵੈਚ** :- ਕਿਸੇ ਨੂੰ ਬਿਜ਼ਨਿਸ ਵਿੱਚ ਘਾਟਾ ਪੈ ਗਿਆ, ਕਿਸੇ ਦੀ ਜੌਬ ਛੁੱਟਗੀ, ਕਿਸੇ ਦੇ ਬੱਚੇ ਨੀ ਪੜ੍ਹਦੇ ਜਾਂ ਕਿਸੇ ਦੇ ਡਰੱਗ ਖਾਣ ਲੱਗ ਗਏ, ਵਿਆਹ ਤੋਂ ਬਾਅਦ ਸਾਥੀ ਨੂੰ ਵੀਜ਼ਾ ਮਿਲਣ ਦੀ ਸਮੱਸਿਆ, ਕੈਨੇਡਾ ਵਿੱਚ ਸੈਟਲ ਹੋਣ ਦੀ ਸਮੱਸਿਆ, ਰਿਸ਼ਤਿਆਂ ਵਿੱਚ ਮੋਹ ਪਿਆਰ ਦੀ ਘਾਟ, ਇੱਕ ਦੂਜੇ ਨੂੰ ਸਮਾਂ ਨਾ ਦੇਣ ਕਰਕੇ ਰਿਸ਼ਤਿਆਂ ਵਿੱਚ ਵੱਧਦਾ ਕਲੇਸ਼, ਤਲਾਕ ਦੇ ਮਾਮਲੇ, ਪਿੱਛੇ ਰਹਿ ਗਏ ਭੈਣਾਂ ਭਾਈਆਂ ਲਈ ਪੁੱਛ ਪਛੀਕੇ। ਮੁੰਡੇ ਦੀ ਇੱਛਾ ਅਜੇ ਵੀ ਸਾਡੇ ਵਿਚੋਂ ਗਈ ਨਹੀਂ। ਵੱਡੇ ਘਰਾਂ ਦੇ ਸੁਪਨੇ ਅਨੇਕਾਂ ਹੀ ਗੱਲਾਂ ਹਨ। ਇਨ੍ਹਾਂ ਦੇ ਹੱਲ ਲਈ ਲੋਕ ਨਗਾਂ ਵਾਲੀਆਂ ਮੁੰਦੀਆਂ ਖ਼੍ਰੀਦਦੇ ਹਨ। ਲਾਟਰੀ ਪਾਉਣ ਦਾ ਬਹੁਤ ਰਿਵਾਜ ਹੈ ਕੁਸ਼ ਲੋਕ ਤਾਂ ਘਰ ਬੈਠੇ ਹੀ ਇਲਾਜ ਕਰਵਾਉਣਾ ਚਾਹੁੰਦੇ ਹਨ ਤੇ ਘਰੋਂ ਬੈਠੇ ਹੀ ਜੋਤਸ਼ੀਆਂ ਬਗੈਰਾ ਨੂੰ ਕਰੈਡਿਟ ਕਾਰਡ ਦਾ ਨੰਬਰ ਦੇ ਬੈਠਦੇ ਹਨ ਤੇ ਉਹ ਹਜ਼ਾਰਾਂ ਡਾਲਰ ਇਹਨਾਂ ਤੋਂ ਐਂਠ ਲੈਂਦੇ ਹਨ। ਲੁੱਟੇ ਜਾਣ ਤੋਂ ਬਾਅਦ ਇੱਦਾਂ ਦੇ ਕਈ ਕੇਸ ਸਾਡੇ ਸਾਹਮਣੇ ਆਏ ਹਨ।

ਸਿੱਧੂ :- **ਤੁਸੀਂ ਵਹਿਮਾਂ ਭਰਮਾਂ ਤੇ ਜੋਤਸ਼ੀਆਂ ਦੀਆਂ ਠੱਗੀਆਂ ਖਿਲਾਫ਼ ਰੇਡਿਓ, ਟੀ. ਵੀ. ਤੋਂ ਪ੍ਰਚਾਰ ਕਰਦੇ ਹੋ।ਨਗਰ ਕੀਰਤਨਾਂ ਵਿੱਚ ਜਾ ਕੇ ਪੈਂਫਲਿਟ ਵੰਡਦੇ ਹੋ। ਫਿਰ ਵੀ ਤੁਸੀਂ ਵਿਗਿਆਨਕ ਸੋਚ ਵਾਲੇ ਲੋਕ ਸੁੰਗੜ ਰਹੇ ਹੋ ਤੇ ਉਹ ਵੱਧ ਫੁੱਲ ਰਹੇ ਹਨ। ਇਹ ਕਿਉਂ ?**

**ਸਵੈਚ** :- ਜਿੰਨਾਂ ਕੁ ਪ੍ਰਚਾਰ ਅਸੀਂ ਕਰਦੇ ਹਾਂ ਇਹ ਤਾਂ ਉਹਨਾਂ ਦੇ ਮੁਕਾਬਲੇ ਰੀਣ ਕੁ ਹੈ। ਉਹਨਾਂ ਦੇ ਤਾਂ ਹਰ ਹਫਤੇ ਦੇ ਇਕੱਲੇ 2 ਅਖ਼ਬਾਰਾਂ ਵਿੱਚ ਵੀਹ –ਵੀਹ ਐਡਾਂ ਹੁੰਦੀਆਂ ਹਨ। ਸਾਡੀ ਤਾਂ ਕਿਰਤ ਦੀ ਕਮਾਈ ਹੁੰਦੀ ਹੈ ਉਹਨੂੰ ਸੰਜਮ ਕੇ ਵਰਤਣਾ ਹੁੰਦਾ ਹੈ। ਉਹ ਲੁੱਟ ਦੀ ਕਮਾਈ ਨਾਲ ਹੋਰ ਐਡ ਕਰਕੇ ਹੋਰ ਲੁੱਟ ਕਰ ਸਕਦੇ ਹਨ। ਨਾਲੇ ਇਹ ਮੀਡੀਏ ਦਾ ਯੁੱਗ ਹੈ। ਮੀਡੀਆ ਉਹਨਾਂ ਤੋਂ ਪੈਸੇ ਲੈ ਕੇ ਉਹਨਾਂ ਨੂੰ ਵੱਧ ਪ੍ਰਚਾਰਦਾ ਹੈ। ਫਿਰ ਉਹਨਾਂ ਦਾ ਵੱਧਣਾ ਫੁੱਲਣਾ ਸੁਭਾਵਕ ਹੈ। ਉਹਨਾਂ ਦਾ ਜੁਗਾੜ ਵੀ ਇੱਕ ਦੂਜੇ ਦੀ ਮੱਦਦ ਨਾਲ ਚੱਲਦਾ।

ਸਿੱਧੂ :- **ਜਿਵੇਂ ਪੰਜਾਬ/ਭਾਰਤ ਵਿੱਚ ਕੰਮ ਕਰਦੇ ਤਰਕਸ਼ੀਲਾਂ ਅਤੇ ਲੇਖਕਾਂ ਨੂੰ ਸਰਕਾਰੀ, ਗੈਰ-ਸਰਕਾਰੀ, ਧਾਰਮਿਕ ਜਥੇਬੰਦੀਆਂ ਤੇ ਰਾਜਨੀਤਕ ਜਥੇਬੰਦੀਆਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤੀ ਸੰਵਿਧਾਨ ਦੀ 51-ਏ ਧਾਰਾ ਹੁੰਦੇ ਹੋਏ ਵੀ ਤੁਸੀਂ ਵਿਗਿਆਨ ਦਾ ਪ੍ਰਚਾਰ ਨਹੀਂ ਕਰ ਸਕਦੇ। ਇੱਥੇ ਕਿਸ ਕਿਸਮ ਦੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪੈਂਦਾ?**

**ਸਵੈਚ** :- ਇੱਥੇ ਕਈ ਵਾਰ ਫੋਨਾਂ ਬਗੈਰਾ ਤੇ ਧਮਕੀਆਂ ਤਾਂ ਦੇ ਦਿੰਦੇ ਹਨ ਪਰ ਇੱਥੇ ਤਰਕਸ਼ੀਲ ਸੁਸਾਇਟੀ ਦੇ ਕੀਤੇ ਕੰਮ ਦੀ ਲੋਕ ਕਦਰ ਕਰਦੇ ਹਨ, ਮਾਣ ਵੀ ਕਰਦੇ ਹਨ। ਸਾਨੂੰ ਪਿਆਰ ਵੀ ਬਹੁਤ ਮਿਲਦਾ ਹੈ। ਮੇਰਾ ਆਪਣਾ ਤਜਰਬਾ ਹੈ ਕਿ ਮੈਨੂੰ ਸਾਹਮਣੇ ਤੋਂ ਵੀ ਕਹਿ ਦਿੰਦੇ ਹਨ ਕਿ ਤੂੰ ਲੋਕਾਂ ਲਈ ਬਹੁਤ ਕੁਝ ਕਰਦੀ ਹੈਂ ਤਾਂ ਠੀਕ ਹੈ ਪਰ ਜਿਹੜਾ ਤੂੰ ਰੱਬ ਨੂੰ ਨੀ ਮੰਨਦੀ ਸਾਨੂੰ ਉਹ ਠੀਕ ਨਹੀਂ ਲੱਗਦਾ। ਖੈਰ ਔਰਤ ਦਾ ਨਾਸਤਕ ਹੋਣਾ ਇਸ ਸਮਾਜ ਵਿੱਚ ਇੱਕ ਵੱਡੇ ਜਿਗਰੇ ਦਾ ਕੰਮ ਹੈ। ਔਕੜਾਂ ਦੇ ਨਾਲ ਨਿਬੜ ਵੀ ਲਈਦਾ ਹੈ।

ਸਿੱਧੂ :- **ਤੁਸੀਂ ਤਰਕਸ਼ੀਲ ਸੁਸਾਇਟੀ ਵਿੱਚ ਬਹੁਤ ਕੰਮ ਕੀਤਾ। ਹੁਣ ਤੁਸੀਂ ਪਿਛਲੇ ਸਾਲ ਦੇ ਗੈਰ-ਸਰਗਰਮ ਕਿਉਂ ਹੋ?**

**ਸਵੈਚ** :- ਮੈਂ ਸੁਸਾਇਟੀ ਵਿੱਚ 12 ਸਾਲ ਡੱਟ ਕੇ ਕੰਮ ਕੀਤਾ ਹੈ ਮੇਰੀ ਕੈਨੇਡਾ ਵਿੱਚ ਪਛਾਣ ਤਰਕਸ਼ੀਲ ਸੁਸਾਇਟੀ ਨਾਲ ਹੈ। ਮੈਨੂੰ ਮਾਣ ਹੈ ਕਿ ਮੈਂ ਸੁਸਾਇਟੀ ਵਿੱਚ ਰਹਿ ਕੇ ਨਾਟਕ ਲਿਖਣੇ, ਡਾਇਰੈਕਟ ਕਰਨੇ, ਖੇਡਣੇ, ਲੀਫਲੈੱਟ ਲਿਖਣੇ, ਵੰਡਣੇ, ਰਿਪੋਰਟਾਂ ਤਿਆਰ ਕਰਨੀਆਂ, ਲੋਕਾਂ ਦੇ ਮਸਲੇ ਹੱਲ ਕਰਨ ਜਾਣਾ, ਟੀ. ਵੀ., ਰੇਡਿਓ ਤੇ ਟਾਕ ਸ਼ੋ ਕਰਨੇ, ਪ੍ਰਚਾਰ ਕਰਨਾ, ਨਾਟਕ ਟੀਮਾਂ ਨੂੰ ਘਰ ਰੱਖ ਕੇ ਮਹੀਨਾ ਮਹੀਨਾ ਉਹਨਾਂ ਨੂੰ ਸਾਂਭਣਾ ਇਹ ਸਾਰਾ ਕੁੱਝ ਮੇਰੇ ਹਿੱਸੇ ਆਇਆ ਹੈ। ਹੁਣ ਸੁਸਾਇਟੀ ਵਿੱਚ ਨਵੇਂ ਮੈਂਬਰ ਵਧੀਆ ਕੰਮ ਕਰ ਰਹੇ ਹਨ ਇਸ ਕਰਕੇ ਮੈਂ ਉੱਥੇ ਘੱਟ ਕੰਮ ਕਰਦੀ ਹਾਂ।

ਸਿੱਧੂ :- **ਕੀ ਐਨੇ ਸਾਲਾਂ ਦੇ ਦੌਰਾਨ ਕਦੇ ਕਿਸੇ ਬਾਬੇ ਨੂੰ ਸਿੱਧਾ ਟੱਕਰਨ ਦਾ ਮੌਕਾ ਮਿਲਿਆ?**

**ਸਵੈਚ** :- ਜੀ ਹਾਂ, ਕਈ ਮੌਕੇ ਆਏ ਇੱਕ ਤਾਂ ਲੁਧਿਆਣੇ ਤੋਂ ਇੱਥੇ ਆਇਆ ਸੀ ਅਸੀਂ ਅਪੁਇੰਟਮੈਂਟ ਬਣਾ ਕੇ ਮੈਂ, ਜਸਵੀਰ ਤੇ ਅਵਤਾਰ ਅੰਕਲ ਗਏ ਤੇ ਉੱਥੇ ਉਸਨੂੰ ਝੂਠਾ ਕਰਕੇ ਆਏ। ਦੂਸਰਾ ਇੱਕ ਵਾਰ ਕਿਸੇ ਜੋਤਸ਼ੀ ਨੇ ਕਿਸੇ ਔਰਤ ਤੋਂ ਉਸਦਾ ਘਰ ਵਾਲਾ ਇੰਡੀਆ ਤੋਂ ਆਉਣਾ ਸੀ ਉਹਦੇ ਕੇਸ ਲਈ 1200 ਡਾਲਰ ਲੈ ਲਿਆ ਅਤੇ ਹੋਰ ਮੰਗ ਕਰਨ ਲੱਗਿਆ ਤਾਂ ਉਸਦੇ ਰਿਸ਼ਤੇਦਾਰ ਭਰਾ ਨੇ ਸਾਡੇ ਨਾਲ ਸੰਪਰਕ ਕੀਤਾ ਤਾਂ ਮੈਂ ਦੋ ਹੋਰ ਮੈਂਬਰ ਤੇ ਮੀਡੀਏ ਨੂੰ ਲੈ ਕੇ ਉੱਥੇ ਪਹੁੰਚ ਗਈ। ਬਾਬਾ ਮੇਰੇ ਪੈਰਾਂ 'ਚੋਂ ਹੀ ਨਹੀਂ ਸੀ ਉੱਠ ਰਿਹਾ ਤੇ ਉਸੇ ਸਮੇਂ ਉਸ ਲੜਕੀ ਦੇ ਪੈਸੇ ਮੁੜਵਾਏ। ਇਹ ਯੂ ਟਿਊਬ ਤੇ ਸਾਰੀ ਵੀਡਿਓ ਪਈ ਹੈ, ਦੇਖ ਸਕਦੇ ਹੋ।

ਸਿੱਧੂ :- **ਇਸ ਤੋਂ ਇਲਾਵਾ ਵੀ ਤੁਸੀਂ ਕਿਸੇ ਜਥੇਬੰਦੀ ਵਿੱਚ ਕੰਮ ਕਰਦੇ ਹੋ?**

**ਸਵੈਚ** :- ਹਾਂ ਜੀ ਮੈਂ ਮੈਂਬਰ ਤਾਂ ਕਾਫੀ ਜਥੇਬੰਦੀਆਂ ਦੀ ਹਾਂ ਜਿਵੇਂ ਸਾਰੀਆਂ ਸਾਹਿਤ ਸਭਾਵਾਂ, ਪ੍ਰੋਗਰੈਸਿਵ ਨਾਰੀ ਐਸੋਸ਼ੀਏਸ਼ਨ, ਸ਼ਹੀਦ ਮੇਵਾ ਸਿੰਘ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਸ਼ਹੀਦ ਭਗਤ ਸਿੰਘ ਮੈਮੋਰੀਅਲ ਰਨ ਸੁਸਾਇਟੀ, ਸੰਗਮ ਸਿਸਟਰਜ਼, ਪ੍ਰੋਗਰੈਸਿਵ ਆਰਟ ਕਲੱਬ ਤੇ ਈਸਟ ਇੰਡੀਅਨ ਡਿਫੈਂਸ ਕਮੇਟੀ ਆਦਿ। ਇਹਨਾਂ ਵਿੱਚੋਂ ਤਿੰਨ ਜਥੇਬੰਦੀਆਂ ਸਾਲ ਵਿੱਚ ਇੱਕ ਈਵੈਂਟ ਕਰਵਾਉਂਦੀਆਂ ਨੇ ਉਹਨਾਂ ਵਿੱਚ ਜ਼ੋਰ ਲਾ ਕੇ ਮਹੀਨਾ ਕੁ ਕੰਮ ਕਰਨਾ ਪੈਂਦਾ ਹੈ। ਅੱਜ ਕੱਲ ਜ਼ਿਆਦਾ ਸਮਾਂ ਮੈਂ ਪ੍ਰੋਗਰੈਸਿਵ ਆਰਟ ਕਲੱਬ ਨੂੰ ਦਿੰਦੀ ਹਾਂ ਉਹ ਸਾਡੀ ਨਵੀਂ ਜਥੇਬੰਦੀ ਹੈ ਜਿਸ ਵਿੱਚ ਅਸੀਂ ਕੁੱਝ ਅਰਸੇ ਬਾਅਦ ਨਿਰੋਲ ਨਾਟਕਾਂ ਦਾ ਪ੍ਰੋਗਰਾਮ ਕਰਦੇ ਹਾਂ।

ਸਿੱਧੂ :- **ਤੁਹਾਡੇ ਜੀਵਨ ਦਾ ਅਹਿਮ ਹਿੱਸਾ ਨਾਟਕਕਾਰੀ ਹੈ। ਅੱਜ ਕੱਲ ਨਾਟਕਾਂ ਦੀਆਂ ਸਰਗਰਮੀਆਂ ਕਿਹੋ ਜਿਹੀਆਂ ਚੱਲ ਰਹੀਆਂ ਹਨ?**

**ਸਵੈਚ** :- ਮੈਂ ਇੱਥੇ ਕਨੇਡਾ ਆ ਕੇ ਥੀਏਟਰ ਦੀ ਸ਼ੁਰੂਆਤ ਗੁਰਦੀਪ ਆਰਟਸ ਅਕੈਡਮੀ ਦੇ ਡਾਇਰੈਕਟਰ ਗੁਰਦੀਪ ਭੁੱਲਰ ਹੋਰਾਂ ਨਾਲ ਕੀਤੀ ਸੀ। ਫੇਰ ਤਰਕਸ਼ੀਲ ਸੁਸਾਇਟੀ ਵਿੱਚ ਮੇਰੇ ਲਿਖੇ ਤੇ ਡਾਇਰੈਕਟ ਕੀਤੇ ਨਾਟਕ ਖੇਡੇ ਜਾਣ ਲੱਗੇ। ਹੁਣ ਅਸੀਂ 2016 ਤੋਂ ਪ੍ਰੋਗਰੈਸਿਵ ਆਰਟ ਕਲੱਬ ਸਰ੍ਹੀ ਦੇ ਨਾਂ ਥੱਲੇ ਥੀਏਟਰ ਕਰਨ ਲੱਗੇ ਹਾਂ। ਇਸ ਵਿੱਚ ਅਸੀਂ ਸਾਡਾ ਮੁੱਖ ਮਕਸਦ ਇਹ ਹੈ ਕਿ ਜੋ ਲੱਚਰ ਸਾਹਿਤ ਸਮਾਜ ਵਿੱਚ ਪ੍ਰੋਸਿਆ ਜਾ ਰਿਹਾ ਹੈ ਉਹਦਾ ਬਦਲ ਉਸਾਰੂ ਨਾਟਕਾਂ, ਕੋਰਿਓਗਰਾਫੀ, ਗਿੱਧਾ, ਭੰਗੜਾ, ਗੀਤ, ਕਵਿਤਾਵਾਂ ਜਾਂ ਸਕਿੱਟਾਂ ਰਾਹੀਂ ਦੇ ਸਕੀਏ।

ਸਿੱਧੂ :- **ਤੁਸੀਂ ਪਰਿਵਾਰ ਦੇ ਪੰਜ ਜੀਅ ਨਾਟਕ ਕਰਦੇ ਹੋ। ਜਾਸਮਿਨ, ਸ਼ਾਨ ਤੇ ਅਨਮੋਲ ਪੰਜਾਬੀ ਭਾਸ਼ਾ ਬੋਲ ਤਾਂ ਲੈਂਦੇ ਹਨ ਪਰ ਪੰਜਾਬੀ ਪੜ੍ਹਨੀ ਨਹੀਂ ਆਉਂਦੀ। ਫੇਰ ਇਹ ਪੰਜਾਬੀ ਭਾਸ਼ਾ ਦੇ ਨਾਟਕ ਕਿਵੇਂ ਕਰ ਲੈਂਦੇ ਹਨ?**

**ਸਵੈਚ** :- ਸਾਡੀ ਟੀਮ ਵਿੱਚ ਇਕੱਲੇ ਮੇਰੇ ਬੱਚੇ ਹੀ ਨਹੀਂ ਸਗੋਂ ਹੋਰ ਬੱਚੇ ਵੀ ਨਾਟਕ ਕਰਦੇ ਹਨ ਜਿਨ੍ਹਾਂ ਨੂੰ ਪੰਜਾਬੀ ਪੜ੍ਹਨੀ ਲਿਖਣੀ ਨਹੀਂ ਆਉਂਦੀ। ਅਸੀਂ ਉਹਨਾਂ ਨੂੰ ਰੋਮਨ ਲਿੱਪੀ ਵਿੱਚ ਸਕਰਿਪਟ ਲਿਖ ਕੇ ਦੇ ਦਿੰਦੇ ਹਾਂ। ਬੱਚਿਆਂ ਨੂੰ ਯਾਦ ਕਰਨ ਦੀ ਸਮੱਸਿਆ ਨਹੀਂ ਆਉਂਦੀ ਉਹ ਤਾਂ ਜਲਦੀ ਹੀ ਚਾਅ ਚਾਅ ਵਿੱਚ ਯਾਦ ਕਰ ਲੈਂਦੇ ਹਨ।

ਸਿੱਧੂ :- **ਨਾਟਕ ਕਰਨ ਵਿੱਚ ਕਿਸ ਕਿਸਮ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ?**

**ਸਵੈਚ** :- ਨਾਟਕ ਕਰਨ ਦੀਆਂ ਤਾਂ ਜਿੰਨੀਆਂ ਕਹਿ ਲਵੋ, ਮੁਸ਼ਕਲਾਂ ਹੀ ਮੁਸ਼ਕਲਾਂ ਹਨ। ਪਹਿਲੀ ਮੁਸ਼ਕਲ ਸਕਰਿਪਟ ਦੀ ਹੁੰਦੀ ਹੈ ਕਿਉਂਕਿ ਅਸੀਂ ਜ਼ਿਆਦਾ ਪਿਛੋਕੜ ਨਾਲ ਜੁੜੇ ਹੋਏ ਹਾਂ, ਬਹੁਤੀ ਵਾਰ ਇੰਡੀਆ ਦੇ ਨਾਟਕਕਾਰਾਂ ਦੇ ਨਾਟਕ ਖੇਡੇ ਜਾਂਦੇ ਹਨ। ਇੱਥੇ ਜਿਹੜੇ ਲੋਕ ਬਹੁਤ ਪੁਰਾਣੇ ਆਏ ਹਨ, ਉਹ ਪੰਜਾਬ ਨਾਲੋਂ ਟੁੱਟ ਚੁੱਕੇ ਹਨ ਉਹ ਇਥੋਂ ਦਾ ਕੁੱਝ ਚਾਹੁੰਦੇ ਹਨ। ਨਾਟਕ ਜਿੱਥੇ ਖੇਡਿਆ ਜਾਂਦਾ ਹੈ ਉਸ ਧਰਤੀ ਦਾ ਹੋਵੇ ਤਾਂ ਹੀ ਉਹ ਉਹਨਾਂ ਨੂੰ ਆਪਣਾ ਲੱਗਦਾ ਹੈ। ਇਸ ਕਰਕੇ ਹੀ ਮੈਂ ਇੱਥੇ ਲੋੜ 'ਚੋਂ ਨਾਟਕ ਲਿਖਣਾ ਸ਼ੁਰੂ ਕੀਤਾ ਸੀ। ਦੂਸਰੀ ਮੁਸ਼ਕਲ ਕਲਾਕਾਰਾਂ ਦੀ ਹੈ, ਉਹਨਾਂ ਕੋਲ ਸਮਾਂ ਨਹੀਂ ਹੁੰਦਾ। ਜੇ ਕਿਸੇ ਕੋਲ ਸਮਾਂ ਹੈ ਤਾਂ ਸਾਰਿਆਂ ਕੋਲ ਇੱਕਠਿਆਂ ਕੋਲ ਨਹੀਂ ਹੁੰਦਾ ਸੋ ਰੀਹਰਸਲ ਲਈ ਬਹੁਤ ਦਿੱਕਤਾਂ ਅਉਂਦੀਆਂ ਹਨ। ਬਹੁਤੀ ਵਾਰ ਸੀਮਤ ਕਲਾਕਾਰਾਂ ਨਾਲ ਹੀ ਕੰਮ ਸਾਰਨਾ ਪੈਂਦਾ ਹੈ। ਤੀਸਰੀ ਮੁਸ਼ਕਲ ਲੋਕਾਂ ਨੂੰ ਇਕੱਠੇ ਕਰਨ ਦੀ ਹੋ ਜਾਂਦੀ ਹੈ, ਉਹੀ ਸਮੇਂ ਦੀ ਘਾਟ ਕਰਕੇ। ਇਸ ਕਰਕੇ ਹੀ ਮੇਰੇ ਜ਼ਿਆਦਾ ਲਘੂ ਨਾਟਕ ਹਨ। ਟੋਰਾਂਟੋ ਵੱਲ ਅਜੇ ਲੋਕ ਨਾਟਕ ਦੇਖਣ ਆ ਜਾਂਦੇ ਹਨ ਕਿਉਂਕਿ ਉੱਥੇ ਕਾਫੀ ਦੇਰ ਤੋਂ ਕਾਫੀ ਗਰੁੱਪ ਨਾਟਕ ਕਰਦੇ ਹਨ, ਉੱਥੇ ਲੋਕ ਆਏ ਵੀ ਜ਼ਿਆਦਾਤਰ ਅੱਸੀਵਿਆਂ ਵਿੱਚ ਹਨ। ਦੂਸਰਾ ਉੱਥੇ ਲੋਕ ਅੱਠੇ ਘੰਟੇ ਦੀ ਡਿਊਟੀ ਕਰਕੇ ਵੀਕਐਂਡ ਤੇ ਵਿਹਲੇ ਹੁੰਦੇ ਹਨ ਪਰ ਸਾਡੇ ਵੈਨਕੂਵਰ ਦੇ ਏਰੀਏ ਵਿੱਚ ਲੋਕਾਂ ਦੇ ਛੋਟੇ ਛੋਟੇ ਆਪਣੇ ਬਿਜ਼ਨਿਸ ਹਨ ਉਹ ਬਹੁਤੀ ਵਾਰ ਸੈਟਰਡੇ ਸੰਡੇ ਵੀ ਕੰਮ ਕਰਦੇ ਰਹਿੰਦੇ ਹਨ। ਸਾਡੇ ਨਾਲ ਕੁੱਝ ਇੰਡੀਆ ਤੋਂ ਆਏ ਵਿਦਿਆਰਥੀ ਵੀ ਨਾਟਕਾਂ ਵਿੱਚ ਕੰਮ ਕਰਦੇ ਹਨ, ਉਹਨਾਂ ਦੀ ਜ਼ਿੰਦਗੀ ਵੀ ਬਹੁਤ ਮੁਸ਼ਕਲ ਵਿੱਚ ਹੁੰਦੀ ਹੈ। ਉਹ ਵਿਚਾਰੇ ਪੜ੍ਹਦੇ ਵੀ ਹਨ, ਕੰਮ ਵੀ ਕਰਦੇ ਹਨ ਤੇ ਫਿਰ ਸਾਡੇ ਨਾਲ ਰੀਹਰਸਲਾਂ ਵੀ ਕਰਦੇ ਹਨ। ਇਹਨਾਂ ਬੱਚਿਆਂ ਦੀ ਸਿਦਕਦਿਲੀ ਹੈ ਕਿ ਉਹ ਫਿਰ ਵੀ ਥੀਏਟਰ ਨੂੰ ਜ਼ਿੰਦਾ ਰੱਖਣ ਲਈ ਸਾਡਾ ਸਾਥ ਦੇ ਰਹੇ ਹਨ।

ਸਿੱਧੂ :- **ਤੁਸੀਂ ਨਾਟਕ ਕਦੋਂ ਲਿਖਣੇ ਤੇ ਕਿਹੋ ਜਿਹੇ ਵਿਸ਼ਿਆਂ ਤੇ ਨਾਟਕ ਲਿਖਦੇ ਹੋ ?**

**ਸਵੈਚ** :- ਨਾਟਕ ਤਾਂ ਮੈਂ ਕਾਲਜ ਟਾਈਮ ਤੋਂ ਹੀ ਲਿਖਣੇ ਸ਼ੁਰੂ ਕਰ ਦਿੱਤੇ ਸਨ। ਉੱਥੇ ਇੱਕ ਨਾਟਕ 'ਦਾਜ ਦੀ ਲਾਹਨਤ' ਲਿਖਿਆ ਤੇ ਕਾਲਜ ਵਿੱਚ ਅਤੇ ਭਾਜੀ ਗੁਰਸ਼ਰਨ ਸਿੰਘ ਹੋਰਾਂ ਦੀ ਸਟੇਜ਼ ਤੇ ਖੰਨੇ ਦੇ ਨੇੜੇ ਪਿੰਡ ਦਾਊਦਪੁਰ ਵਿੱਚ ਖੇਡਿਆ ਸੀ। ਫਿਰ ਇੱਥੇ ਆ ਗਈ। ਇੱਥੇ ਮੈਂ ਪਹਿਲਾ ਨਾਟਕ 'ਭਲਾ ਮੈਂ ਕੌਣ' 2003 ਵਿੱਚ ਲਿਖਿਆ ਸੀ ਤੇ ਉਹ ਗੁਰਦੀਪ ਭੁੱਲਰ ਦੀ ਨਿਰਦੇਸ਼ਨਾ ਹੇਠ 8–9 ਵਾਰੀ ਖੇਡਿਆ ਵੀ ਗਿਆ ਹੈ। ਉਸਤੋਂ ਬਾਅਦ ਮੈਂ ਲਗਾਤਾਰ ਨਾਟਕ ਲਿਖਣੇ ਸ਼ੁਰੂ ਕੀਤੇ। ਉਹ ਸਾਰੇ ਐਥੋਂ ਦੀਆਂ ਸਮੱਸਿਆਵਾਂ ਜਾਂ ਜੀਵਨ ਬਾਰੇ ਹਨ ਜਿਵੇਂ ਡਰੱਗ ਦੀ ਸਮੱਸਿਆ, ਭਰੂਣ ਹੱਤਿਆ, ਸਮਾਜਿਕ ਤੇ ਸਭਿਆਚਾਰਕ ਕਦਰਾਂ ਕੀਮਤਾਂ ਵਿੱਚ ਗਿਰਾਵਟ, ਸਿਆਸੀ ਘਾਲੇ ਮਾਲ਼ੇ, ਬਾਬਿਆਂ ਜੋਤਸ਼ੀਆਂ ਦੀ ਲੁੱਟ ਖਸੁੱਟ ਬਾਰੇ, ਪਰਵਾਸੀ ਜੀਵਨ ਦੀਆਂ ਮੁਸ਼ਕਲਾਂ, ਖਪਤ ਸਭਿਆਚਾਰ, ਆਰਥਿਕ, ਸਮਾਜਿਕ ਮਸਲੇ, ਕੁੱਝ ਨਾਟਕ ਮੈਂ ਇਤਿਹਾਸਕ ਪੱਖ ਤੋਂ ਵੀ ਲਿਖੇ ਹਨ।

ਸਿੱਧੂ :- **ਤੁਸੀਂ ਦੱਸਿਆ ਕਿ ਤੁਸੀਂ ਈਸਟ ਇੰਡੀਅਨ ਡਿਫੈਂਸ ਕਮੇਟੀ ਨਾਲ ਕੰਮ ਕਰਦੇ ਹੋ। ਇਸ ਕਮੇਟੀ ਦੇ ਕੰਮ ਕੀ ਹਨ? ਹੁਣ ਵੀ ਪਹਿਲਾਂ ਵਾਂਗ ਨਸਲਵਾਦ ਹੁੰਦਾ ਹੈ?**

**ਸਵੈਚ** :- ਮੈਂ ਇਸ ਜਥੇਬੰਦੀ ਨਾਲ 2010 ਵਿੱਚ ਕੰਮ ਕਰਨਾ ਸ਼ੁਰੂ ਕੀਤਾ ਸੀ।। ਈਸਟ ਇੰਡੀਅਨ ਡੀਫੈਂਸ ਕਮੇਟੀ ਇੱਕ ਰਾਜਨੀਤਕ ਵਿਚਾਰਾਂ ਵਾਲੀ ਜਥੇਬੰਦੀ ਹੈ। ਇਹ ਜਥੇਬੰਦੀ 1973 ਵਿੱਚ ਹੋਂਦ ਵਿੱਚ ਆਈ ਸੀ ਉਦੋਂ ਇਸਦੀ ਸਾਰੇ ਕੈਨੇਡਾ ਵਿੱਚ ਬਹੁਤ ਚੜ੍ਹਾਈ ਸੀ ਕਿਉਂਕਿ ਉਸ ਸਮੇਂ ਨਸਲਵਾਦ ਦੇ ਵਿਰੁੱਧ ਇਸ ਜਥੇਬੰਦੀ ਨੇ ਦੋ ਦਹਾਕੇ ਡੱਟ ਕੇ ਕੰਮ ਕੀਤਾ। ਇਹ ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਮਜ਼ਦੂਰਾਂ ਦੇ ਹੱਕਾਂ ਲਈ ਅਤੇ ਇਨਕਲਾਬੀ ਸੰਘਰਸ਼ਾਂ ਦੀ ਹਮਾਇਤ ਕਰਨ ਵਾਲੀ ਜਥੇਬੰਦੀ ਹੈ। ਇਸਨੇ ਤੇ ਤਰਕਸ਼ੀਲ ਸੁਸਾਇਟੀ ਨੇ ਪਹਿਲ ਕਦਮੀ ਕਰਦੇ ਹੋਏ 2012 ਵਿੱਚ ਸਾਰੇ ਕੈਨੇਡਾ ਵਿੱਚ ਸੰਪਰਕ ਬਣਾ ਕੇ 2013 ਦਾ ਗ਼ਦਰ ਸ਼ਤਾਬਦੀ ਵਰ੍ਹਾ ਮਨਾਉਣ ਲਈ, 2014 ਦਾ ਕਾਮਾਗਾਟਾਮਾਰੂ ਤੇ 2015 ਦਾ ਸ਼ਹੀਦ ਭਾਈ ਮੇਵਾ ਸਿੰਘ ਤੇ ਸ਼ਹੀਦ ਕਰਤਾਰ ਸਰਾਭੇ ਦੀ ਸ਼ਹੀਦੀ ਵਰ੍ਹੇ ਨੂੰ ਕਨੇਡੀਅਨ ਕਮਿਊਨਿਟੀ ਵਿੱਚ ਲਿਜਾਣ ਲਈ ਹਰ ਸੰਭਵ ਕੋਸ਼ਿਸ਼ ਕੀਤੀ। 17 ਜਥੇਬੰਦੀਆਂ ਨਾਲ ਰਲ਼ ਕੇ ਗ਼ਦਰੀ ਸ਼ਹੀਦਾਂ ਨੂੰ ਵੱਡੇ ਪੱਧਰ ਤੇ ਯਾਦ ਕੀਤਾ ਤੇ ਸ਼ਰਧਾਂਜ਼ਲੀਆਂ ਦਿੱਤੀਆਂ ਗਈਆਂ। ਇਹ ਉਂਜ ਵੀ ਸਮੇਂ ਦਰ ਸਮੇਂ ਜਿੱਥੇ ਕਿਤੇ ਕੁੱਝ ਗਲਤ ਹੋ ਰਿਹਾ ਹੁੰਦਾ ਹੈ ਆਪਣੀ ਅਵਾਜ਼ ਜਾਂ ਸੁਨੇਹਾ ਲੋਕਾਂ ਤੱਕ ਪਹੁੰਚਾਉਂਦੀ ਰਹਿੰਦੀ

ਹੈ।ਦੂਸਰੀ ਗੱਲ ਨਸਲਵਾਦ ਹੁਣ ਚਾਹੇ ਪਹਿਲਾਂ ਵਰਗਾ ਨਹੀਂ ਪਰ ਅਜੇ ਵੀ ਨੌਕਰੀਆਂ ਬਗੈਰਾ ਤੇ ਹੁੰਦਾ ਹੈ। ਜਿਹੜੇ ਨਵੇਂ ਇੰਮੀਗਰਾਂਟ ਆਉਂਦੇ ਹਨ ਉਹਨਾਂ ਨਾਲ ਵਿਤਕਰਾ ਹੋ ਹੀ ਜਾਂਦਾ ਹੈ।

**ਸਿੱਧੂ :- ਤੁਸੀਂ ਪੜ੍ਹਨ ਲਿਖਣ ਤੇ ਥੀਏਟਰ ਕਰਨ ਵਾਲੇ ਖੇਡਾਂ ਵਿੱਚ ਵੀ ਕਿਵੇਂ ਮੋਹਰੀ ਹੋਏ ਫਿਰਦੇ ਹੋ ? ਸ਼ਹੀਦ ਮੇਵਾ ਸਿੰਘ ਟੂਰਨਾਮੈਂਟ ਤੇ ਸ਼ਹੀਦ ਭਗਤ ਸਿੰਘ ਦੌੜ ਕਰਾਉਣ ਦਾ ਸ਼ੌਕ ਕਿਵੇਂ ਜਾਗਿਆ ?**

**ਸਵੈਚ** :- ਇਹ ਦੋਨੋਂ ਜਥੇਬੰਦੀਆਂ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਕਮਾਨ ਥੱਲੇ 2009 ਵਿੱਚ ਹੋਂਦ ਵਿੱਚ ਆਈਆਂ, ਮੈਂ ਉਦੋਂ ਤੋਂ ਹੀ ਇਹਨਾਂ ਵਿੱਚ ਵੱਧ ਚੜ੍ਹ ਕੇ ਯੋਗਦਾਨ ਪਾਉਂਦੀ ਹਾਂ ਕਿਉਂਕਿ ਇਹਨਾਂ ਜਥੇਬੰਦੀਆਂ ਦੇ ਉਦੇਸ਼ ਤੇ ਟੀਚੇ ਲੋਕ ਹਿਤਾਂ ਦੀ ਪੂਰਤੀ ਕਰਦੇ ਹਨ। ਦੌੜ ਜਾਂ ਖੇਡਾਂ ਦੇ ਨਾਲ ਨਾਲ ਇਸ ਵਿੱਚ ਜੋ ਸਾਡੇ ਸ਼ਹੀਦਾਂ ਦਾ ਸੁਨੇਹਾ ਜਾਂ ਉਹਨਾਂ ਦਾ ਸੁਫ਼ਨਾ ਜੋ ਅਜੇ ਅਧੂਰਾ ਹੈ, ਉਸਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਇਹ ਜਥੇਬੰਦੀਆਂ ਕਰ ਰਹੀਆਂ ਹਨ। ਟੂਰਨਾਮੈਂਟ ਦੇ 'ਖੇਡਾਂ ਮੁਨਾਫ਼ੇ ਲਈ ਨਹੀਂ ਲੋਕਾਂ ਲਈ', 'ਪਹਿਲਾਂ ਦੋਸਤੀ ਫਿਰ ਮੁਕਾਬਲਾ' ਤੇ 'ਨਾ ਨਸ਼ਾ ਨਾ ਹਿੰਸਾ' ਇਹ ਮੁੱਖ ਟੀਚੇ ਹਨ। ਇਹ ਲੋਕਾਂ ਤੱਕ ਪਹੁੰਚਾਉਣ ਲਈ ਅਸੀਂ ਇੱਕ ਮੈਗ਼ਜ਼ੀਨ ਕੱਢਦੇ ਹਾਂ ਜਿਸਦੀ ਮੈਂ ਵੀ ਇੱਕ ਸੰਪਾਦਕ ਹਾਂ। ਦੌੜ ਤੇ ਭਗਤ ਸਿੰਘ ਦੀ ਸੋਚ ਦੀ ਪੈਰ੍ਹਵੀ ਕਰਦਾ ਇੱਕ ਲੀਫਲੈੱਟ ਵੀ ਵੰਡਿਆ ਜਾਂਦਾ ਹੈ। ਦਰਅਸਲ ਈਸਟ ਇੰਡੀਅਨ ਡੀਫੈਂਸ ਕਮੇਟੀ ਦੀ ਸਮਝ ਹੈ ਕਿ ਸਮਾਜ ਨੂੰ ਤੰਦਰੁਸਤ ਰੱਖ ਕੇ ਅਤੇ ਭਾਰਤ ਤੇ ਕੈਨੇਡਾ ਦੇ ਕੌਮੀ ਸ਼ਹੀਦਾਂ (ਸਹੀਦ ਮੇਵਾ ਸਿੰਘ ਨੂੰ ਕੈਨੇਡਾ ਦਾ ਕੌਮੀ ਸ਼ਹੀਦ ਮਨਵਾਉਣ ਲਈ ਸੰਘਰਸ਼ ਕਰ ਰਹੇ ਹਾਂ।) ਦੀ ਵਿਰਾਸਤ ਨੂੰ ਲੋਕਾਂ ਵਿੱਚ ਫੈਲਾ ਕੇ ਹੀ ਇੱਕ ਪਲੈਟਫਾਰਮ ਤੇ ਇਕੱਠਾ ਕੀਤਾ ਜਾ ਸਕਦਾ ਹੈ। ਕਮੇਟੀਆਂ ਦਾ ਨੁਕਤਾ ਨਿਗਾਹ ਖੇਡਾਂ ਨੂੰ ਪ੍ਰਫੁੱਲਤ ਕਰਨਾ, ਸਰੀਰਕ ਤੰਦਰੁਸਤੀ ਅਤੇ ਸ਼ਹੀਦਾਂ ਦੇ ਅਧੂਰੇ ਕਾਜ ਨਾਲ ਲੋਕਾਂ ਨੂੰ ਜੋੜਨਾ ਹੈ।

**ਸਿੱਧੂ :- ਜੋ ਤੁਸੀਂ ਦੇਸ਼ ਭਗਤ ਯਾਦਗਾਰ ਹਾਲ ਤੋਂ ਬਾਅਦ ਵਿਦੇਸ਼ਾਂ ਵਿੱਚ ਇੱਕ ਵੱਡਾ ਮਾਅਰਕਾ 'ਪ੍ਰੋਗਰੈਸਿਵ ਕਲਚਰਲ ਸੈਂਟਰ' ਦਾ ਮਾਰਿਆ ਹੈ, ਉਸ ਬਾਰੇ ਜਾਣਕਾਰੀ ਦਿਉ। ਇਹ ਸੁਫ਼ਨਾ ਕਿਵੇਂ ਸਾਕਾਰ ਹੋਇਆ ?**

**ਸਵੈਚ** :- ਦੇਸ਼ ਭਗਤਾਂ ਦੀ ਡੈਮੋਕਰੇਟਿਕ ਤੇ ਸੈਕੂਲਰ ਸੋਚ ਨੂੰ ਪ੍ਰਚਾਰਨ ਤੇ ਕੈਨੇਡਾ ਦੀ ਜਨਤਾ ਦੀਆਂ ਸਭਿਆਚਾਰਕ, ਸਿਆਸੀ ਤੇ ਸਮਾਜੀ ਲੋੜਾਂ ਪੂਰੀਆਂ ਕਰਨ ਲਈ ਇਹ ਹਾਲ ਬਣਾਇਆ ਗਿਆ ਹੈ ਕਿਉਂਕਿ ਇੱਥੇ ਜੋ ਥਾਵਾਂ ਕਿਸੇ ਧਾਰਮਿਕ ਅਦਾਰਿਆਂ ਨਾਲ ਜੁੜੀਆਂ ਹਨ, ਲੋਕ ਉੱਥੇ ਹੀ ਇਕੱਠੇ ਹੁੰਦੇ ਸਨ ਜਾਂ ਪ੍ਰਾਈਵੇਟ ਹਾਲ ਹਨ, ਉਹਨਾਂ ਦੇ ਖਰਚੇ ਬਹੁਤ ਹਨ ਸੋ ਲੋਕਾਂ ਨੂੰ ਸਾਰਿਆਂ ਨੂੰ ਜਾਤਾਂ ਧਰਮਾਂ ਤੋਂ ਉੱਪਰ ਉੱਠ ਕੇ ਇਹ ਇੱਕ ਅਜਿਹੀ ਥਾਂ ਹੈ ਜੋ ਸਿਰਫ਼ ਤੇ ਸਿਰਫ਼ ਲੋਕਾਂ ਦੀ ਹੈ। ਇਹ ਹਾਲ ਈਸਟ ਇੰਡੀਅਨ ਡੀਫੈਂਸ ਕਮੇਟੀ ਬੀ. ਸੀ. ਤੇ ਬਹੁਤ ਸਾਰੀਆਂ ਅਗਾਂਹਵਧੂ ਤੇ ਜਮਹੂਰੀ ਪਸੰਦ ਸ਼ਖਸ਼ੀਅਤਾਂ ਦੇ ਆਰਥਿਕ ਸਹਿਯੋਗ ਨਾਲ ਬਣਿਆ ਹੈ। ਹੁਣ ਅਸੀਂ ਇਸਨੂੰ ਲੋਨ ਬਗੈਰਾ ਤੋਂ ਫਰੀ ਕਰਵਾ ਲਿਆ ਹੈ।ਇਹ ਬੀ. ਸੀ. ਦੇ ਸਾਹਿਤਕ, ਸਭਿਆਚਾਰਕ, ਰੰਗਮੰਚੀ, ਸਮਾਜਿਕ ਤੇ ਰਾਜਨੀਤਕ ਸਮਾਗਮਾਂ ਦੇ ਕੇਂਦਰ ਵਜੋਂ ਉਭਰਿਆ ਹੈ।

**ਸਿੱਧੂ :- ਹੋਰਨਾਂ ਜਥੇਬੰਦੀਆਂ ਵਿੱਚ ਕਿਸ ਤਰ੍ਹਾਂ ਦੀ ਸ਼ਮੂਲੀਅਤ ਕਰਦੇ ਹੋ ?**

**ਸਵੈਚ** :- ਮੈਂ ਪ੍ਰੋਗਰੈਸਿਵ ਕਲਚਰਲ ਨਾਰੀ ਐਸੋਸ਼ੀਏਸ਼ਨ ਤੇ ਸੰਗਮ ਸਿਸਟਰਜ਼ ਦੇ ਸਲਾਨਾ ਪ੍ਰੋਗਰਾਮਾਂ ਵਿੱਚ ਨਾਟਕ ਜਾਂ ਸਕਿੱਟ ਤਿਆਰ ਕਰਵਾ ਕੇ ਪੇਸ਼ ਕਰਦੀ ਹਾਂ ਜੋ ਸਾਰੇ ਪ੍ਰੋਗਰਾਮ ਲਈ ਖਿੱਚ ਦਾ ਕੇਂਦਰ ਹੁੰਦੀ ਹੈ। ਸਾਹਿਤ ਸਭਾਵਾਂ ਵਿੱਚ ਮੈਂ ਆਪਣੀ ਰਚਨਾ ਸਾਂਝੀ ਕਰਦੀ ਹਾਂ ਤੇ ਸਾਹਿਤਕਾਰਾਂ ਦੀ ਛਤਰ ਛਾਇਆ ਵਿੱਚ ਬੈਠਣ ਦਾ ਸਕੂਨ ਜੋ ਕਿਸੇ ਵੀ ਕੰਮ ਨਾਲੋਂ ਵੱਧ ਅਹਿਮੀਅਤ ਰੱਖਦਾ ਹੈ, ਉਹ ਪ੍ਰਾਪਤ ਕਰਦੀ ਹਾਂ।

**ਸਿੱਧੂ :- ਤੁਸੀਂ ਐਨੀਆਂ ਜਥੇਬੰਦੀਆਂ ਵਿੱਚ ਕਿਵੇਂ ਕੰਮ ਕਰਦੇ ਹੋ ? ਕਹਾਣੀਕਾਰ ਹਰਪ੍ਰੀਤ ਸੇਖਾ ਨੇ ਮੈਨੂੰ ਕਿਹਾ, ''ਪਰਮਿੰਦਰ ਤੇ ਜਸਵੀਰ ਮੰਗੂਵਾਲ ਨੂੰ ਕੰਮ ਕਰਦਿਆਂ ਦੇਖ ਕੇ ਸਾਨੂੰ ਆਪਣੇ ਮਰਦ ਹੋਣ ਤੇ ਸ਼ਰਮ ਆਉਂਦੀ ਹੈ" ਤੁਹਾਡੇ ਲੋਕ ਸੇਵਾ ਦੇ ਕੰਮਾਂ ਕਾਰਣ ਤੁਹਾਡੇ ਪਰਿਵਾਰ ਤੇ ਕੰਮ ਪ੍ਰਭਾਵਤ ਨਹੀਂ ਹੁੰਦੇ ?**

**ਸਵੈਚ** :- ਬਹੁਤੀਆਂ ਜਥੇਬੰਦੀਆਂ 'ਚ ਕੰਮ ਕਰਨ ਦੀ ਗੱਲ ਤਾਂ ਕੰਮ ਕਰਨ ਦੀ ਲਗਨ ਹੋਣੀ ਚਾਹੀਦੀ ਹੈ ਤਾਂ ਹੀ ਇਨਸਾਨ ਲੋਕਾਂ ਲਈ ਕੰਮ ਕਰ ਸਕਦਾ ਹੈ। ਮੈਂ ਇਹ ਸਾਰੇ ਕੰਮ ਆਪਣੇ ਨਿੱਜੀ ਮੁਫ਼ਾਦ ਲਈ ਨਹੀਂ ਕਰ ਰਹੀ ਇਸ ਕਰਕੇ ਜਿੰਨਾ ਵੱਧ ਤੋਂ ਵੱਧ ਕਰ ਸਕਦੀ ਹੁੰਦੀ ਹਾਂ ਕੋਸ਼ਿਸ਼ ਕਰ ਰਹੀ ਹਾਂ। ਜਸਵੀਰ ਤੇ ਮੇਰੀ ਦੋਸਤੀ ਸਾਡੀ ਸੋਚ, ਸਾਡੀ ਸਮਝ ਤੇ ਸਾਡੀ ਵਿਚਾਰਧਾਰਾ ਇੱਕ ਹੋਣ ਕਰਕੇ ਹੈ ਇਸ ਕਰਕੇ ਅਸੀਂ ਇੱਕ ਦੂਜੇ ਨੂੰ ਉਤਸ਼ਾਹਤ ਕਰਕੇ ਇਕੱਠੀਆਂ ਕੰਮ ਕਰਦੀਆਂ ਹਾਂ, ਸਾਡੇ ਵਿੱਚ ਇੱਕ ਦੂਜੇ ਦੀਆਂ ਲੱਤਾਂ ਖਿੱਚਣ ਦੀ ਭਾਵਨਾ ਅਜੇ ਉਤਪੰਨ ਨਹੀਂ ਹੋਈ। ਇਸ ਕਰਕੇ ਕੰਮ ਚਲਦਾ ਹੈ। ਘਰਦੇ ਕੰਮਾਂ ਦੇ ਪ੍ਰਭਾਵਤ ਹੋਣ ਦੀ ਗੱਲ ਇਹ ਹੈ ਕਿ ਤੁਸੀਂ ਕਿਹੜੇ ਕੰਮ ਨੂੰ ਕਿਉਂ, ਕਦੋਂ, ਕਿੱਥੇ, ਕਿਸ ਲਈ ਤਰਜ਼ੀਹ ਦਿੰਦੇ ਹੋ, ਇਹ ਮਨੁੱਖ ਦੀ ਸੋਚ ਤੇ ਅਧਾਰਤ ਹੈ। ਮੇਰਾ ਖਿਆਲ ਹੈ ਮੈਨੂੰ ਇਹ ਗੁੜ੍ਹਤੀ ਮੇਰੇ ਪਰਿਵਾਰ, ਮੇਰੇ ਬਾਪੂ ਜੀ ਵਲੋਂ ਮੈਨੂੰ ਮਿਲੀ ਹੈ। ਇੱਥੇ ਆ ਕੇ ਮੈਂ ਦੋ ਕੁ ਸਾਲ ਹੀ ਕੰਮ ਕੀਤਾ ਸੀ ਉਸਤੋਂ ਬਾਅਦ ਮੈਂ ਆਪਣੇ ਬੱਚਿਆਂ ਤੇ ਘਰ ਦੇ ਕੰਮਾਂ ਨੂੰ ਅਗੇਤ ਪਿਛੇਤ ਕਰਕੇ ਇੱਧਰ ਸਮਾਂ ਦੇ ਲੈਂਦੀ ਹਾਂ। ਦੂਸਰਾ ਮਲਕੀਤ ਮੇਰੇ ਰਾਹਾਂ ਵਿੱਚ ਕਦੇ ਰੋੜਾ ਨਹੀਂ ਬਣੇ ਸਗੋਂ ਉਤਸ਼ਾਹਤ ਕਰਦੇ ਹਨ। ਦੂਰ ਨੇੜੇ ਦੇ ਪ੍ਰੋਗਰਾਮਾਂ ਤੇ ਜਾਣ ਲਈ ਵੀ ਟਿਕਟ ਆਪ ਬੁੱਕ ਕਰਨਗੇ, ਮੈਂ ਤਾਂ ਸਿਰਫ਼ ਦੱਸਦੀ ਹੀ ਹੁੰਦੀ ਹਾਂ।

**ਸਿੱਧੂ :- ਭਾਰਤ ਦੇਸ਼ ਵਰਣ ਵਿਵਸਥਾ ਅਤੇ ਚਮਤਕਾਰਾਂ ਦੀਆਂ ਨੀਹਾਂ ਉੱਤੇ ਖੜ੍ਹਾ ਹੈ। ਕੈਨੇਡਾ, ਅਮਰੀਕਾ ਤੇ ਇੰਗਲੈਂਡ ਆਏ ਭਾਰਤੀ ਵੀ ਇਹ ਬਿਮਾਰੀਆਂ ਨਾਲ ਲੈ ਕੇ ਆਏ ਹਨ। ਜਿਹੜੇ ਇੱਥੋਂ ਦੇ ਬੱਚੇ ਆ, ਉਨ੍ਹਾਂ ਵਿੱਚ ਵੀ ਇਹ ਵਾਇਰਸ ਹਨ। ਮੈਂ ਅਨਮੋਲ, ਸ਼ਾਨ ਤੇ ਜਾਸਮਿਨ ਨਾਲ ਵਿਚਰਿਆ ਹਾਂ, ਉਹਨਾਂ ਨੂੰ ਜਾਤ ਪਾਤ ਦਾ ਇਲਮ ਹੀ ਨਹੀਂ। ਉਹ ਵਿਆਹ ਵੀ ਆਪਣੇ ਮਨ ਚਾਹੇ ਸਾਥੀ ਨਾਲ ਕਰ ਸਕਦੇ ਹਨ, ਉਹ ਜੋ ਵੀ ਜਾਤ, ਧਰਮ ਜਾਂ ਦੇਸ਼ ਦਾ ਹੋਵੇ। ਇਹ ਤੁਹਾਡੇ ਸੁਚੇਤ ਯਤਨਾਂ ਕਰਕੇ ਹੈ ?**

**ਸਵੈਚ** :- ਦਰਅਸਲ ਇੱਥੇ ਬਹੁਤੇ ਭਾਰਤੀ ਆਪਣੇ ਬੱਚਿਆਂ ਨਾਲ ਜਾਤ ਧਰਮ ਦੀਆਂ ਗੱਲਾਂ ਕਰਦੇ ਹਨ। ਬੱਚੇ ਵੀ ਉਹਨਾਂ ਦੀ ਨਕਲ ਕਰਦੇ ਹਨ। ਅਸੀਂ ਕਮਿਊਨਿਸਟ ਪਰਿਵਾਰਾਂ ਵਿੱਚ ਜੰਮੇ ਪਲ਼ੇ ਤੇ ਰਹਿ ਰਹੇ ਹਾਂ। ਸਾਡਾ ਸਿਰਫ਼ ਦੋ ਜਮਾਤਾਂ ਵਿੱਚ ਵਿਸ਼ਵਾਸ ਹੈ ਇੱਕ ਗਰੀਬ ਜਮਾਤ ਹੈ ਦੂਸਰੀ ਅਮੀਰ। ਸਾਡੇ ਬੱਚੇ ਜਾਤਾਂ, ਧਰਮਾਂ ਇਲਾਕਿਆਂ ਤੇ ਦੇਸ਼ਾਂ ਦੀ ਸੰਕੀਰਨ ਸੋਚ ਨੂੰ ਨਹੀਂ ਮੰਨਣਗੇ। ਨਾਲੇ ਜੇ ਅਸੀਂ ਹੀ ਇਹ ਗੰਦ ਖਾਨਾ ਨਾਲ ਚੁੱਕੀ ਫਿਰਾਂਗੇ, ਫੇਰ ਸਾਡੇ ਫਲਸਫੇ ਦਾ ਕੀ ਬਣੇਗਾ ?

**ਸਿੱਧੂ :- ਪ੍ਰਵਾਸੀ ਕਵਿਤਾ ਜ਼ਿਆਦਾਤਰ ਭੂ-ਹੇਰਵੇ, ਨਸਲਵਾਦ, ਵਿਦੇਸ਼ ਪੁੱਜਣ ਦਾ ਸੰਘਰਸ਼, ਸਿਟੀਜਨ ਬਣਨ ਦਾ ਸੁਫ਼ਨਾ ਤੇ ਦੁਖਾਂਤ, ਬਣ ਤੇ ਟੁੱਟ ਰਹੇ ਘਰ, ਪਤਿਤ ਹੋ ਰਹੇ ਰਿਸ਼ਤੇ, ਔਰਤ-ਮਰਦ ਸਬੰਧਾਂ ਅਤੇ ਔਰਤ ਦੁਆਲੇ ਘੁੰਮਦੀ ਹੈ। ਪਰ ਤੁਹਾਡੀ ਰਾਜਸੀ ਕਵਿਤਾ ਹੈ। ਆਪਣੇ ਯੁੱਗ ਦੇ ਸਵਾਲਾਂ ਨੂੰ ਸੰਬੋਧਨ ਹੈ। ਇਹ ਵੱਖਰਾਪਣ ਕਿਉਂ ?**

**ਸਵੈਚ** :- ਮੈਂ ਪੁਲੀਟੀਕਲ ਕਵਿਤਾ ਲਿਖਦੀ ਹਾਂ। ਮੈਨੂੰ ਲੱਗਦੈ ਇਸ ਕਵਿਤਾ ਦੀ ਲੋੜ ਹੈ। ਜਦੋਂ ਅਸੀਂ ਇਤਿਹਾਸ ਵੱਲ ਨਜ਼ਰ ਮਾਰਦੇ ਹਾਂ ਕਿ ਜਦੋਂ ਗੁਰੂ ਗੋਬਿੰਦ ਸਿੰਘ ਨੇ ਚੰਡੀ ਦੀ ਵਾਰ ਜਾਂ ਗ਼ਦਰੀ ਬਾਬਿਆਂ ਨੇ ਗ਼ਦਰੀ ਕਵਿਤਾ ਲਿਖੀ। ਉਹ ਚਾਹੇ ਕਵਿਤਾ ਦੇ ਤੱਤਾਂ ਦੇ ਪੱਖੋਂ ਊਣੀ ਹੋਵੇ ਪਰ ਉਹ ਕਵਿਤਾ ਜਾਗਣ ਦਾ ਹੋਕਾ ਸੀ ਤੇ ਲੋਕ ਸਮੇਂ ਸਮੇਂ ਤੇ ਜਾਗੇ ਵੀ। ਮੈਂ ਵੀ ਉਹਨਾਂ ਦੇ ਨਕਸ਼ ਕਦਮਾਂ ਤੇ ਚਲਦੀ ਹੋਈ ਰਾਜਸੀ ਤੇ ਸਮਾਜਿਕ ਤਬਦੀਲੀ ਦੀ ਇੱਛਾ ਲਈ ਕਵਿਤਾ ਲਿਖਦੀ ਹਾਂ।

**ਸਿੱਧੂ :- ਬਾਹਰਲੇ ਮੁਲਕਾਂ ਵਿੱਚ ਵਸਦੇ ਜੁਝਾਰਵਾਦੀਆਂ ਜਾਂ ਪ੍ਰਗਤੀਵਾਦੀਆਂ 'ਤੇ ਦੋਸ਼ ਲੱਗਦਾ ਹੈ ਕਿ ਉਹ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਦੇਸ਼ਾਂ ਦੀਆਂ ਸੁੱਖ ਸਹੂਲਤਾਂ ਦਾ ਅਨੰਦ ਮਾਣਦੇ ਹਨ ਪਰ ਇਨ੍ਹਾਂ ਦੇਸ਼ਾਂ ਵਿਰੁੱਧ ਲਿਖਦੇ ਹਨ। ਆਪਣੇ ਕਈ ਪੰਜਾਬੀ ਲੇਖਕ ਇਹ ਵੀ ਕਹਿ ਦਿੰਦੇ ਹਨ ਕਿ ਜੇ ਇਹ ਮੁਲਕ ਬੁਰੇ ਨੇ, ਇਹ ਲੋਕ ਇੱਥੇ ਕੀ ਕਰਦੇ ਹਨ ? ਭਾਰਤ ਜਾਣ। ਉੱਥੇ ਇਨਕਲਾਬ ਕਰਨ।**

**ਸਵੈਚ** :- ਭਾਰਤ ਸਾਡੀ ਮਾਤਭੂਮੀ ਹੈ ਤੇ ਇਹ ਹੈ ਕਰਮਭੂਮੀ। ਕਰਮਭੂਮੀ ਨੇ ਸਾਨੂੰ ਰੋਟੀ ਰੋਜ਼ੀ ਦਿੱਤੀ ਹੈ ਅਸੀਂ ਇਸ ਨੂੰ ਵੀ ਬਹੁਤ ਪਿਆਰ ਕਰਦੇ ਹਾਂ। ਚਾਹੇ ਭਾਰਤ ਦੇਸ਼ ਦੇ ਹਾਕਮ ਹਨ ਜਾਂ ਕੈਨੇਡਾ ਦੇ, ਅਸੀਂ ਉਹਨਾਂ ਦੀਆਂ ਗਲਤ ਨੀਤੀਆਂ ਦੇ ਖਿਲਾਫ਼ ਹਾਂ, ਜਿਹੜੀਆਂ ਮਨੁੱਖ ਲਈ ਮਾਰੂ ਹਨ। ਅਸੀਂ ਇਸ ਦੇਸ਼ ਨੂੰ ਹੋਰ ਵੀ ਸੋਹਣਾ, ਸਾਫ਼ ਸੁਥਰਾ ਤੇ ਮਨੁੱਖਾਂ ਦੀਆਂ ਸਭ ਸਹੂਲਤਾਂ ਵਾਲਾ ਵੇਖਣ ਦੇ ਚਾਹਵਾਨ ਹਾਂ। ਅਸੀਂ ਵਿਸ਼ਵ ਚੌਧਰੀਆਂ, ਸਾਮਰਾਜੀਆਂ ਅਤੇ ਉਹਨਾਂ ਦੀ ਧੌਂਸ ਦੇ ਖਿਲਾਫ਼ ਹਾਂ। ਸਾਡੇ ਸੰਘਰਸ਼ਾਂ ਦੀ ਇੱਥੋਂ ਦੇ ਗੋਰੇ ਵੀ ਹਮਾਇਤ ਕਰਦੇ ਹਨ। ਅਸੀਂ ਉਹਨਾਂ ਦੇ ਸੰਘਰਸ਼ਾਂ ਵਿੱਚ ਜਾਂਦੇ ਹਾਂ। ਪਿੱਛੇ ਜਿਹੇ ਕੈਨੇਡਾ ਦੇ ਸਕੂਲਾਂ ਵਿੱਚ ਆਧਿਆਪਕ ਲੰਬੀ ਹੜਤਾਲ ਤੇ ਗਏ ਤਾਂ ਅਸੀਂ ਉਹਨਾਂ ਦਾ ਸਾਥ ਦਿੱਤਾ। ਇੱਥੇ ਵੀ ਸਭ ਅੱਛਾ ਨਹੀਂ ਹੈ। ਨਾਲੇ ਮੈਂ ਜਿਹੜੇ ਮਾਰਕਸੀ ਫਲਸਫ਼ੇ ਤੇ ਯਕੀਨ ਕਰਦੀ ਹਾਂ ਉਹ ਤਾਂ ਕਹਿੰਦਾ ਹੈ, ਉਦੁਨੀਆਂ ਭਰ ਦੇ ਕਿਰਤੀਓ ਇੱਕ ਹੋ ਜਾਓ" ਹੁਣ ਤਾਂ ਗਲੋਬਲੀ ਪੱਧਰ ਤੇ ਦੁਨੀਆਂ ਇੱਕ ਹੈ।

**ਸਿੱਧੂ :- ਜਿਹੜੇ ਸਾਹਿਤ ਦੀ ਤੁਸੀਂ ਸਿਰਜਣਾ ਕਰਦੇ ਹੋ।ਕੀ ਉਹ ਬਹੁਤੀ ਵਾਰ ਨਾਅਰਾ ਨਹੀਂ ਬਣ ਜਾਂਦਾ ?**

**ਸਵੈਚ** :- ਮੈਨੂੰ ਲੱਗਦੇ ਜਿਹੜਾ ਸਾਹਿਤ ਔਰਤ ਮਰਦ ਦੇ ਸਬੰਧਾਂ ਜਾਂ ਉਹਦੀ ਦੇਹ ਤੇ ਲਿਖਿਆ ਜਾ ਰਿਹੈ ਉਹ ਤਾਂ ਸਾਡੀ ਬੁੱਧੀ ਨੂੰ ਅਨੰਦਤ ਰੂਪ ਵਿੱਚ ਸੁਲਾਉਣ ਦੀ ਕੋਸ਼ਿਸ਼ ਕਰ ਰਿਹੈ। ਸਾਹਿਤ ਨੂੰ ਤਾਂ ਸਾਨੂੰ ਆਰਾਂ ਲਾ ਲਾ ਕੇ ਟੁੰਬਣਾ ਚਾਹੀਦਾ ਹੈ, ਜਗਾਉਣਾ ਚਾਹੀਦਾ ਹੈ ਕਿਉਂਕਿ ਇਸ ਖਪਤਵਾਦੀ ਸਿਸਟਮ ਵਿੱਚ ਅਸੀਂ ਨਿੱਜ ਤੋਂ ਉੱਪਰ ਦੇਖਣ ਸੋਚਣ ਸਮਝਣ ਦਾ ਤਾਂ ਸਾਡੇ ਕੋਲ ਟਾਈਮ ਹੀ ਨਹੀਂ। ਸਾਨੂੰ ਰੰਗਾਂ ਦਾ, ਸੁਹਜ ਦਾ, ਕਲਾ ਦਾ ਭਾਵੇਂ ਗਿਆਨ ਨਾ ਵੀ ਹੋਵੇ ਪਰ ਇਹ ਪਤੈ ਕਿ ਕ੍ਰਾਂਤੀਕਾਰੀ ਸਾਹਿਤ ਨੇ ਹੀ ਲੋਕਾਂ ਦਾ ਜੀਵਨ ਸੁਧਾਰਨਾ ਹੈ ਤੇ ਲੋਕਾਂ ਵਿੱਚ ਜ਼ਿੰਦਾ ਵੀ ਰਹਿਣਾ ਹੈ। ਉਦਾਹਰਣਾਂ ਸਾਡੇ ਸਾਹਮਣੇ ਹਨ :- ਪਾਸ਼, ਉਦਾਸੀ, ਲ਼ਾਲ ਸਿੰਘ ਦਿਲ, ਆਦਿ।

**ਸਿੱਧੂ :- ਸਾਹਿਤ ਕਿੰਨਾ ਕੁ ਸਮਾਜਿਕ ਤਬਦੀਲੀ ਵਿੱਚ ਯੋਗਦਾਨ ਪਾਉਂਦਾ ਹੈ ?**

**ਸਵੈਚ** :- ਕਹਿੰਦੇ ਹਨ ਕਲਮ ਤੇ ਤਲਵਾਰ ਦਾ ਵਾਰ ਇੱਕੋ ਜਿੰਨੀ ਮਾਰ ਕਰਦਾ ਹੈ। ਇਸ ਕਰਕੇ ਮੈਂ ਵੀ ਮੰਨਦੀ ਕਿ ਕ੍ਰਾਂਤੀਕਾਰੀ ਸਾਹਿਤ ਦਾ ਸਮਾਜਿਕ ਤਬਦੀਲੀ ਵਿੱਚ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਇੱਕ ਗੀਤ 'ਪਗੜੀ ਸੰਭਾਲ ਜੱਟਾ' ਤੋਂ ਇਸੇ ਨਾਂ ਦੀ ਲਹਿਰ ਚੱਲ ਪਈ ਸੀ ਜਿਸ ਵਿੱਚ ਚਾਚਾ ਅਜੀਤ ਸਿੰਘ ਹੋਰਾਂ ਨੇ ਅੰਗਰੇਜ਼ ਹਕੂਮਤ ਨੂੰ ਵਖ਼ਤ ਪਾ ਦਿੱਤਾ ਸੀ।

**ਸਿੱਧੂ :- ਅੱਜ ਪੰਜਾਬੀ ਦਾ ਮੁੱਖ ਧਾਰਾ ਦਾ ਸਾਹਿਤ ਰੈਵੋਲਿਊਸ਼ਨਰੀ ਸਾਹਿਤ ਤੋਂ ਪਿੱਠ ਕਰਕੇ ਖੜ੍ਹਾ ਹੈ। ਫੇਰ ਤੁਸੀਂ ਕਿਉਂ ਅਜਿਹਾ ਸਾਹਿਤ ਸਿਰਜਦੇ ਹੋ ?**

**ਸਵੈਚ** :- ਮੇਰਾ ਖਿਆਲ ਹੈ ਕਿ ਸਾਹਿਤ ਮਾਹੌਲ ਮੁਤਾਬਕ ਸਿਰਜਿਆ ਜਾਂਦਾ ਹੈ, ਜਿਉਂ ਜਿਉਂ ਲੋਕਾਂ ਦੀਆਂ ਸਮੱਸਿਆਵਾਂ ਵਧਦੀਆਂ ਹਨ ਤਿਉਂ ਤਿਉਂ ਲੋਕ ਜਾਗਦੇ ਹਨ। ਸਾਹਿਤ ਸਿਰਜਣਾ ਵਿੱਚ ਵੀ ਤਬਦੀਲੀ ਹੁੰਦੀ ਰਹਿੰਦੀ ਹੈ। ਪ੍ਰਵਾਸੀ ਸਾਹਿਤ ਵਿੱਚ ਖਾਸ ਤੌਰ ਤੇ ਅਮਰੀਕਾ ਵਿੱਚ ਜਦੋਂ ਉਹਨਾਂ ਦੀ ਆਰਥਿਕਤਾ ਵਿੱਚ ਨਿਘਾਰ ਆਇਆ ਤਾਂ ਲੋਕਾਂ ਨੇ ਸੋਚਣਾ ਸ਼ੁਰੂ ਕੀਤਾ ਕਿ ਕਾਰਣ ਕੀ ਹਨ ? ਇਸੇ ਕਰਕੇ ਉੱਥੇ ਰਾਜਸੀ ਕਵਿਤਾ ਤੇ ਕਹਾਣੀ ਲਿਖੀ ਜਾ ਰਹੀ ਹੈ ਤੇ ਵਧੀਆ ਹੁੰਘਾਰਾ ਵੀ ਮਿਲ ਰਿਹਾ ਹੈ। ਭਾਰਤ ਦੇ ਹਾਲਾਤ ਜਿਉਂ ਜਿਉਂ ਬਿਗੜ ਰਹੇ ਹਨ, ਹੁਣ ਉੱਥੇ ਵੀ ਇਨਕਲਾਬੀ ਕਵਿਤਾ ਲਿਖੀ ਜਾ ਰਹੀ ਹੈ। ਖੈਰ ਨਿੱਜ ਨਾਲ ਜੁੜੀ ਕਵਿਤਾ ਮੈਨੂੰ ਤਾਂ ਲਿਖਣੀ ਹੀ ਨਹੀਂ ਆਉਂਦੀ ਨਾ ਕਦੇ ਉਹਦੇ ਬਾਰੇ ਸੋਚਿਐ। ਆਪਣਾ ਘੇਰਾ ਵਿਸ਼ਾਲ ਹੈ ਮੇਰੇ ਕਲਾਵੇ ਵਿੱਚ ਤਾਂ ਸਾਰੀ ਦੁਨੀਆਂ ਆਉਂਦੀ ਹੈ।

**ਸਿੱਧੂ :- ਮੈਂ ਤੁਹਾਡੇ ਨਾਟਕ ਦੇਖੇ ਹਨ। ਪਹਿਲਾਂ ਨਾਲੋਂ ਤਾਂ ਬਹੁਤ ਸੁਧਾਰ ਹੈ। ਪਰ ਅਜੇ ਤੁਸੀਂ ਭਾਰਤੀ ਥੀਏਟਰ ਨਾਲੋਂ ਕਾਫ਼ੀ ਪਿੱਛੇ ਹੋ ? ਇਹਦੇ ਕੀ ਕਾਰਣ ਹਨ ?**

**ਸਵੈਚ** :- ਪਹਿਲੀ ਗੱਲ ਤਾਂ ਇਹ ਹੈ ਕਿ ਮੈਂ ਨਾਟਕ ਗੁਰਸ਼ਰਨ ਭਾਜੀ ਹੋਰਾਂ ਤੋਂ ਪ੍ਰਭਾਵਤ ਹੋ ਕੇ ਲਿਖਣਾ ਸ਼ੁਰੂ ਕੀਤਾ ਕਿਉਂਕਿ ਜਦੋਂ ਮੈਂ ਇੰਡੀਆ ਸੀ ਉਦੋਂ ਅਸੀਂ ਮੇਰੇ ਪਿੰਡ ਭਾਜੀ ਦੇ ਨਾਟਕ ਕਰਵਾਉਂਦੇ ਹੁੰਦੇ ਸੀ। ਮੇਰੇ ਨਾਟਕ ਜ਼ਿਆਦਾ ਵਿਸ਼ੇ-ਵਿਚਾਰਾਂ ਦੇ ਦੁਆਲੇ ਘੁੰਮਦੇ ਹਨ। ਭਾਜੀ ਵਾਂਗ ਹੀ ਥੋੜ੍ਹੇ ਸਾਜੋ ਸਮਾਨ ਨਾਲ ਭੱਖਦੇ ਮਸਲਿਆਂ ਤੇ ਅਧਾਰਤ, ਨੁੱਕੜ ਨਾਟਕ ਦੀ ਪੇਸ਼ਕਾਰੀ ਹੁੰਦੀ ਹੈ।ਮੈਂ ਹਮੇਸ਼ਾਂ ਇਹ ਕਹਿੰਦੀ ਹਾਂ ਕਿ ਮੇਰਾ ਨਾਟਕ ਪ੍ਰੋਫ਼ੈਸ਼ਨਲ ਨਹੀਂ ਹੈ। ਇਹਨਾਂ ਦਾ ਤਾਂ ਸਾਰਾ ਖਰਚਾ ਅਸੀਂ ਕਲਾਕਾਰ, ਲੇਖਕ, ਡਾਇਰੈਕਟਰ ਸਭ ਕੁੱਝ ਕੋਲੋਂ ਕਰਦੇ ਹਾਂ। ਅਸੀਂ ਟਿਕਟ ਵੀ ਨਹੀਂ ਲਾਉਂਦੇ ਪਰ ਕੁੱਝ ਸਾਡੇ ਹਮਾਇਤੀ ਪ੍ਰੋਗਰਾਮ ਦਾ ਖਰਚਾ ਦੇ ਦਿੰਦੇ ਹਨ। ਉਂਜ ਇੱਥੇ ਸਮੇਂ ਦੀ ਘਾਟ ਤੇ ਕੰਮ ਦਾ ਤਣਾਓ ਦੇ ਬਾਵਜੂਦ ਅਸੀਂ ਆਪਣੇ ਕੰਮ ਤੋਂ ਖੁਸ਼ ਹਾਂ, ਬੇਸ਼ੱਕ ਭਾਰਤੀ ਥਿਏਟਰ ਤੱਕ ਨਾ ਵੀ ਪਹੁੰਚ ਸਕੀਏ ਪਰ ਅਸੀਂ ਲੋਕਾਂ ਨੂੰ ਨਾਟਕ ਦੇਖਣ ਦੀ ਚੇਟਕ ਜ਼ਰੂਰ ਲਾ ਰਹੇ ਹਾਂ। ਲੋਕਾਂ ਨੂੰ ਜੋ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਸੁਨੇਹਾ ਦੇਣਾ ਚਾਹੁੰਦੀ ਹਾਂ, ਉਹਦੇ ਲਈ ਤਨੋਂ ਮਨੋਂ ਜ਼ੋਰ ਲਾਈਦਾ ਹੈ।

**ਸਿੱਧੂ :- ਤੁਹਾਨੂੰ ਭਵਿੱਖ ਵਿੱਚ ਵਿਦੇਸ਼ ਵਿੱਚ ਚੰਗੇ ਸਾਹਿਤ ਦੀ ਸਿਰਜਣਾ ਅਤੇ ਨਵੀਆਂ ਜੁਗਤਾਂ ਤੇ ਤਕਨੀਕਾਂ ਵਾਲੇ ਰੰਗਮੰਚ ਦੀ ਆਸ ਹੈ ?**

**ਸਵੈਚ** :- ਜੀਵੇ ਆਸਾ ਮਰੇ ਨਿਰਾਸ਼ਾ। ਅਸੀਂ ਤਾਂ ਇਸੇ ਆਸ ਨਾਲ ਮੈਦਾਨ ਵਿੱਚ ਹਾਂ। ਚੰਗਾ ਸਾਹਿਤ ਲਿਖਿਆ ਵੀ ਜਾਵੇਗਾ। ਥੀਏਟਰ ਵੀ ਨਵੀਆਂ ਪੁਲਾਂਘਾਂ ਪੁੱਟੇਗਾ। ਪੰਜਾਬੀ ਲੋਕ ਸਿਆਣੇ ਵੀ ਹੋਣਗੇ। ਉਹ ਸਾਡੇ ਸਾਹਿਤਕਾਰਾਂ ਅਤੇ ਨਾਟਕਾਰਾਂ ਦੇ ਪੰਜਾਬ ਜਾਂ ਕੁੱਲ ਦੁਨੀਆਂ ਬਾਰੇ ਫਿਕਰਾਂ ਨੂੰ ਸਮਝਣਗੇ। ਸਾਡੇ ਨਾਲ ਜ਼ਰੂਰ ਕਦਮ ਨਾਲ ਕਦਮ ਮਿਲਾ ਕੇ ਵੀ ਚੱਲਣਗੇ।

**ਅਜਮੇਰ ਸਿੱਧੂ**
**ਮਾਰਫ਼ਤ : ਜੰਡੇ ਹੇਅਰ ਡਰੈਸਰਜ਼**
**ਚੰਡੀਗੜ੍ਹ ਰੋਡ ਨਵਾਂ ਸ਼ਹਿਰ-144514**
**ਫੋਨ ਨੰ: 94630-63990**

# ਫਾਸ਼ਿਸਟ ਧਿਰਾਂ ਦੇ ਟਾਕਰੇ ਲਈ, ਜਮਾਤੀ ਲੜਾਈ ਦੇਣ ਵਾਲੀ ਨਵੀਂ ਕਮਿਊਨਿਸਟ ਪਾਰਟੀ ਦੀ ਲੋੜ

ਅੱਜ ਦੇਸ ਵਿੱਚ ਸਾਡੀਆਂ ਕਮਿਊਨਿਸਟ ਧਿਰਾਂ, ਕਿਸੇ ਗਿਣਤੀ ਵਿਚ ਨਹੀਂ ਰਹੀਆਂ, ਕਿਉਂਕਿ ਉਹ ਜਮਾਤੀ ਲੜਾਈ (ਪਾਰਲੀਮੈਂਟਰੀ) ਨੂੰ ਛੱਡਕੇ, ਲੰਮੇ ਸਮੇ ਤੋਂ ਜਮਾਤੀ ਭਿਆਲੀ ਦੀ ਪਟੜੀ ਚੜ੍ਹ ਚੁੱਕੀਆਂ ਹਨ। ਜਿਸ ਕਰਕੇ ਮਿਹਨਤਕਸ਼ ਜਨਤਾ ਨੂੰ ਉਹਨਾਂ ਉਪਰ ਵਿਸ਼ਵਾਸ਼ ਨਹੀਂ ਰਿਹਾ। ਇਸੇ ਕਰਕੇ ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿਚ ਉਨਾਂ ਦੀ ਗਿਣਤੀ ਨਾਮ ਮਾਤਰ ਰਹਿ ਗਈ ਹੈ ਅਤੇ ਫਾਸ਼ਿਸਟ ਤਾਕਤਾਂ ਦੇਸ ਉਪਰ ਮੁਕੰਮਲ ਕਬਜੇ ਵਲ ਵੱਧ ਰਹੀਆਂ ਹਨ। ਇਹਨਾਂ ਦੇ ਟਾਕਰੇ ਲਈ ਜਮਾਤੀ ਟੱਕਰ ਦੇਣ ਵਾਲੀ ਨਵੀਂ ਕਮਿਊਨਿਸਟ ਪਾਰਟੀ ਦੀ ਅਣ ਸਰਦੀ ਲੋੜ ਹੈ, ਤਾਂ ਜੋ ਫਾਸ਼ਿਸਟ ਤਾਕਤਾਂ ਦਾ ਮੁਕਾਬਲਾ ਕੀਤਾ ਜਾ ਸਕੇ। ਪਾਰਟੀ ਦੀ ਲੀਡਰਸ਼ਿਪ ਸਿਰਫ ਮਿਹਨਤੀ ਤੇ ਗਰੀਬ ਜਨਤਾ ਵਿਚੋਂ ਹੋਵੇ ਅਤੇ ਬਿਨਾ ਜਿੱਤ ਹਾਰ ਦੀ ਪਰਵਾਹ ਕੀਤੇ, ਹਰ ਮੋਰਚੇ ਉਤੇ ਜਮਾਤੀ ਟੱਕਰ ਦਿਤੀ ਜਾਵੇ। ਜਿਸ ਦੀ ਮੈਂਬਰਸ਼ਿਪ ਕੇਵਲ ਮੇਹਨਤਕਸ਼ ਜਨਤਾ ਵਿਚੋਂ ਹੀ ਕੀਤੀ ਜਾਵੇ, ਸਰਦੇ ਪੁਜਦੇ ਲੋਕਾਂ ਨੂੰ ਪਾਰਟੀ ਦੇ ਮੈਂਬਰ ਨਾਂ ਬਣਾਇਆ ਜਾਵੇ ਤਾਂ ਹੀ ਅਸੀਂ ਫਾਸ਼ਿਸਟ ਤਾਕਤਾਂ ਦਾ ਮੁਕਾਬਲਾ ਕਰ ਸਕਦੇ ਹਾਂ। ਜੱਦ ਵੀ ਕਿਸੇ ਧਿਰ ਨੇ ਮੇਹਨਤੀ ਲੋਕਾਂ ਦੀ ਗੱਲ ਹੀ ਕੀਤੀ ਤਾਂ ਲੋਕਾਂ ਨੇ ਉਸ ਨੂੰ ਹਥਾਂ ਉਪਰ ਚੁਕਿਆ ਅਤੇ ਉਸ ਨੂੰ ਰਾਜਨੀਤੀ ਦੀਆਂ ਪੌੜੀਆਂ ਚੜਾ ਕੇ ਤਾਕਤ ਬਖਸ਼ੀ, ਪਰ ਉਹ ਤਾਕਤ ਮਿਲਦਿਆਂ ਹੀ ਲੋਕਾਂ ਨੂੰ ਭੁਲ ਜਾਂਦੇ ਰਹੇ। ਜਿਸ ਦੀ ਮਿਸਾਲ ਹਨ, 1977 ਵਿਚ ਬਣੀ ਜਨਤਾ ਪਾਰਟੀ ਅਤੇ ਉਸ ਤੋਂ ਬਾਅਦ ਬਹੁਜਨ ਸਮਾਜ ਪਾਰਟੀ ਅਤੇ ਆਮ ਆਦਮੀ ਪਾਰਟੀ ਦਾ ਉਭਾਰ ਅਤੇ ਨਿਘਾਰ। ਜਦੋਂ ਉਹਨਾਂ ਲੋਕਾਂ ਦੀ ਗੱਲ ਕੀਤੀ ਤਾਂ ਲੋਕਾਂ ਉਹਨਾਂ ਨੂੰ ਤਾਕਤ ਬਖਸ਼ੀ, ਜਦ ਉਨਾਂ ਤਾਕਤ ਵਿਚ ਆ ਕੇ ਧਨੀਆਂ ਨਾਲ ਹੱਥ ਮਿਲਾਏ ਤਾਂ ਲੋਕਾਂ ਉਨਾਂ ਤੋਂ ਅਪਣੇ ਹੱਥ ਪਿਛੇ ਖਿੱਚ ਲਏ। ਸੀਪੀਐਮ ਨੂੰ ਲਗਾਤਾਰ 30 ਸਾਲ ਪੱਛਮੀ ਬੰਗਾਲ ਵਿਚ ਲੋਕਾਂ ਨੇ ਤਾਕਤ ਬਖਸ਼ੀ। ਪਾਰਟੀ ਦੀ ਸਰਕਾਰ ਨੇ ਟਾਟਿਆਂ ਨੂੰ ਨੈਨੋਂ ਕਾਰ ਦੇ ਕਾਰਖਾਨੇ ਲਈ ਨੰਦੀ ਗਰਾਂਮ ਵਿਚ ਜਮੀਨ ਦੇਣ ਲਈ, ਕਈ ਪਿੰਡ ਖਾਲੀ ਕਰਵਾਉਣ ਲਈ ਲੋਕਾਂ ਤੇ ਗੋਲੀਆਂ ਚਲਾਈਆਂ ਤੇ ਸਿਰੇ ਦੀ ਜਮਾਤੀ ਭਿਆਲੀ ਦਾ ਨੰਗਾ ਨਾਚ ਕੀਤਾ। ਲੋਕਾਂ ਨੇ ਡੱਟ ਕੇ ਉਸ ਦਾ ਵਿਰੋਧ ਕੀਤਾ, ਲੋਕਾਂ ਦੀ ਹਿਮਾਇਤ ਸਿਰਫ ਤਿਰਮੂਲ ਕਾਂਗਰਸ ਦੀ ਆਗੂ, ਮੰਮਤਾ ਬੈਨਰਜੀ ਨੇ ਕੀਤੀ। ਆਉਂਦੀਆਂ ਵਿਧਾਨ ਸਭਾ ਚੋਣਾਂ ਵਿੱਚ ਬੰਗਾਲ ਦੀ ਜਨਤਾ ਨੇ ਰਾਜ ਦੀ ਵਾਗਡੋਰ ਮੰਮਤਾ ਜੀ ਨੂੰ ਸੌਂਪ ਦਿੱਤੀ, ਤੇ ਟਾਟੇ ਦੇ ਹਿਮਾਇਤੀਆਂ ਨੂੰ ਜਮਾਤੀ ਭਿਆਲੀ ਦੀ ਐਸੀ ਸਜ਼ਾ ਦਿੱਤੀ ਕਿ ਉਹ ਉਸ ਤੋਂ ਅਗਲੀਆਂ ਚੋਣਾਂ ਵੀ ਹਾਰ ਗਏ।


ਦੇਸ਼ ਦੀ 70 ਕ੍ਰੋੜ ਜਨਤਾ ਨੂੰ ਸਿਰਫ ਕੁੱਲੀ, ਗੁੱਲੀ ਅਤੇ ਜੁੱਲੀ ਦੇ ਫਿਕਰਾਂ ਵਿਚ ਜਿੰਦਗੀ ਗੁਜਾਰਨੀ ਪੈ ਰਹੀ ਹੈ, 40 ਕ੍ਰੋੜ ਲੋਕ ਭੁੱਖਮਰੀ ਦਾ ਸ਼ਿਕਾਰ ਹਨ। ਦੂਜੇ ਪਾਸੇ ਧਨੀ ਲੋਕ 125 ਕਮਰਿਆਂ ਵਾਲੀਆਂ ਆਲੀਸ਼ਾਨ ਬਿਲਡਿੰਗਾਂ ਬਣਾਕੇ, ਦੁਨੀਆਂ ਭਰ ਵਿਚੋਂ ਇੱਕ ਨੰਬਰ ਦੇ ਅਮੀਰ ਹੋਣ ਦਾ ਵਿਖਾਵਾ ਕਰ ਰਹੇ ਹਨ। ਸਰਕਾਰਾਂ ਨੇ ਮਿਹਨਤੀ ਲੋਕਾਂ ਦੀ ਲੁੱਟ ਹੋਰ ਤਿੱਖੀ ਕਰ ਦਿੱਤੀ ਹੈ। ਉਹਨਾਂ ਨੂੰ ਸਿਰਫ ਚੋਣਾਂ ਵੇਲੇ ਸਬਜਬਾਗ ਵਿਖਾਏ ਜਾਂਦੇ ਹਨ, ਤੇ ਚੋਣਾਂ ਤੋਂ ਬਾਅਦ ਆਖ ਦਿਤਾ ਜਾਂਦਾ ਹੈ, ਇਹ ਤਾਂ ਚੋਣ ਜੁਮਲੇ ਸਨ। ਮੇਹਨਤੀ ਜਨਤਾ ਵਿਚ ਜਮਾਤੀ ਸੋਚ ਹੈ, ਪਰ ਜਮਾਤੀ ਪਾਰਟੀ ਦੀ ਲੋੜ ਹੈ, ਜਦ ਵੀ ਚੋਣਾਂ ਵਿਚ ਟੱਕਰ ਅਮੀਰ ਗਰੀਬ ਵਿਚ ਹੋਵੇ ਤਾਂ ਜਿੱਤ ਹਮੇਸ਼ਾ ਗਰੀਬ ਦੀ ਹੁੰਦੀ ਹੈ। ਕੁਝ ਉਧਾਰਨਾਂ ਪੇਸ਼ ਹਨ= ਫਰੀਦਕੋਟ ਪਾਰਲੀਮੈਂਟ ਸੀਟ ਉਪਰ ਅਕਾਲੀ ਪਾਰਟੀ ਵਲੋਂ ਸੁਖਬੀਰ ਬਾਦਲ ਧਨ ਦੀ ਕਮੀ ਨਹੀ, ਬਾਪ ਮੁੱਖ-ਮੰਤਰੀ। ਕਾਂਗਰਸ ਵਲੋਂ ਕਿਰਨ ਬਰਾੜ ਬੇਟੀ, ਹਰਚਰਨ ਬਰਾੜ ਧਨ ਦੀ ਕਮੀ ਨਹੀ। ਇਕ ਅਜ਼ਾਦ ਉਮੀਦਵਾਰ ਸਧਾਰਨ ਕਿਸਾਨ ਪ੍ਰੀਵਾਰ ਵਿਚੋਂ ਖੜਾ ਹੋ ਗਿਆ, ਲੋਕ ਆਖਣ ਧਨੀਆਂ ਦੇ ਭੇੜ ਵਿੱਚ ਜਗਮੀਤ ਬਰਾੜ ਦਾ ਕੀ ਬਣੂ ਐਵੇਂ ਫਸ ਗਿਆ। ਜਦ ਚੋਣ ਨਤੀਜਾ ਆਇਆ ਤਾਂ ਦੋਵਾਂ ਸਰਦਾਰਾਂ ਦੇ ਧੀ ਅਤੇ ਪੁੱਤਰ ਹਾਰ ਗਏ ਅਤੇ ਲੋਕਾਂ ਨੇ ਜਗਮੀਤ ਬਰਾੜ ਨੂੰ ਮੈਂਬਰ ਲੋਕਸਭਾ ਬਣਾ ਕੇ ਦਿੱਲੀ ਭੇਜ ਦਿਤਾ, ਇਹ ਲੋਕਾਂ ਦਾ ਜਮਾਤੀ ਨਿਰਨਾ ਸੀ। ਨੰਬਰ 2 = ਮੁਕਤਸਰ ਵਿਧਾਨਸਭਾ ਸੀਟ= ਅਕਾਲੀ ਦਲ ਵਲੋਂ ਭਾਈ ਕੁਕੂ, (ਪੂਰਾ ਨਾਂ ਪਤਾ ਨਹੀਂ) ਵੱਡਾ ਧੰਨਵਾਨ, ਤੇ ਕਾਂਗਰਸ ਵਲੋਂ ਹਰਚਰਨ ਬਰਾੜ। ਤੀਸਰਾ ਇਕ ਅਜਾਦ ਉਮੀਦਵਾਰ ਪੇਂਡੂ ਕਿਸਾਨ, ਪਿੰਡ ਮਰਾੜਾਂ ਦਾ ਸਰਪੰਚ (ਪੂਰਾ ਨਾਂ ਪਤਾ ਨਹੀਂ) ਉਸ ਨੂੰ ਮਰਾੜ ਹੀ ਆਖਦੇ ਹਨ, ਖੱੜਾ ਹੋ ਗਿਆ। ਲੋਕ ਆਖਣ ਮਰਾੜ ਐਵੇਂ ਖੜ੍ਹਾ ਹੋ ਗਿਆ ਏਹਦਾ ਸਰਦਾਰਾਂ ਨਾਲ ਕੀ ਮੁਕਾਬਲਾ ਹੈ, ਪਰ ਜਦ ਨਤੀਜਾ ਆਇਆ ਤਾਂ ਦੋਵੇਂ ਸਰਦਾਰ ਹੋ ਗਏ ਚਿੱਤ ਤੇ ਮਰਾੜ ਗਿਆ ਜਿੱਤ। ਮੇਰੇ ਪਿੰਡ ਬਰਗਾੜੀ ਪੰਚਾਇਤ ਸੰਮਤੀ ਦੀ ਚੋਣ, ਅੱਠ ਪਿੰਡਾਂ ਦਾ ਜੋਨ, ਅਕਾਲੀ ਦਲ ਵਲੋਂ ਇਕ ਧੰਨੀ ਸਰਦਾਰ, ਕਾਂਗਰਸ ਵਲੋਂ ਵੀ ਚੰਗੇ ਪੈਸੇ ਵਾਲਾ ਨੌਂਜਵਾਨ ਖੜਾ ਕੀਤਾ, ਇਕ ਅਜਾਦ ਉਮੀਦਵਾਰ ਬਿਲਕੁਲ ਗਰੀਬ ਘਰ ਦਾ ਨੌਂਜਵਾਨ ਖੜ੍ਹਾ ਹੋ ਗਿਆ। ਉਹ ਪੰਡਤ ਬਰਾਦਰੀ ਵਿਚੋਂ ਸੀ, ਉਹਨਾਂ ਦੀਆਂ ਤਿੰਨ ਕੁ ਸੌ ਵੋਟਾਂ ਪਿੰਡ ਵਿਚ ਸਨ, ਸਾਰੇ ਆਖਣ ਇਹ ਪੰਡਤ ਐਵੇਂ ਪੰਗੇ ਲੈਂਦਾ ਇਹਨੂੰ ਕੀਹਨੇ ਵੋਟ ਪਾਉਣੀ ਐਂ। ਗਰੀਬ ਘਰਾਂ ਦੇ ਪੰਦਰਾਂ-ਵੀਹ ਨੌਂਜਵਾਨ ਉਹਦੇ ਨਾਲ ਤੁਰ ਪਏ, ਉਹਨਾਂ ਅਠਾਂ ਪਿੰਡਾਂ ਵਿਚ ਸਈਕਲਾਂ ਤੇ ਜਾ ਕੇ ਵੋਟਾਂ ਮੰਗੀਆਂ। ਕਾਂਗਰਸੀ ਤੇ ਅਕਾਲੀਆਂ ਨੇ ਖੂਬ ਜੀਪਾਂ ਘੁਮਾਈਆਂ, ਜਦ ਨਤੀਜਾ ਆਇਆ ਤਾਂ ਗਰੀਬ ਅਜ਼ਾਦ ਉਮੀਦਵਾਰ ਜਿੱਤ ਗਿਆ। ਉਸ ਨੇ ਦੋਵਾਂ ਉਮੀਦਵਾਰਾਂ ਦੀਆਂ ਸਾਂਜੀਆਂ ਵੋਟਾਂ ਨਾਲੋਂ ਵੀ 175 ਵੋਟਾਂ ਜਿਆਦਾ ਲੈ ਕੇ ਜਿੱਤ ਹਾਸਲ ਕੀਤੀ, ਇਹ ਹੈ ਲੋਕਾਂ ਦੀ ਜਮਾਤੀ ਚੇਤਨਾ ਦਾ ਨਤੀਜਾ। ਲੋਕ ਜਮਾਤੀ ਚੇਤਨਾ ਨੂੰ ਨਹੀਂ ਭੁਲੇ, ਇਹ ਤਾਂ ਸਾਡੀਆਂ ਕਮਿਉਨਿਸਟ ਧਿਰਾਂ ਹਨ, ਜੋ ਲੋਕਾਂ ਨੂੰ ਭੁਲ ਕੇ ਧੰਨੀਆਂ ਨਾਲ ਸਾਂਝ ਪਾ ਕੇ, ਆਪਣੇ ਖਾਤਮੇ ਦੇ ਰਾਹ ਪੈ ਗਈਆਂ।

**ਕਾਮਰੇਡ ਗੁਰਮੇਲ ਬਰਗਾੜੀ ਬਰੈਂਪਟਨ, ਕੈਨੇਡਾ**
**ਫੋਨ**= 416-845-7534

# ਕ੍ਰਾਂਤੀ ਦੀ ਗਾਥਾ ਦਾ ਸ਼ਾਇਰ : ਸੰਤ ਰਾਮ ਉਦਾਸੀ

- ਅਜਮੇਰ ਸਿੱਧੂ

## (20 ਅਪ੍ਰੈਲ 1939- 6 ਨਵੰਬਰ 1986)




(ਪਿਛਲੇ ਅੰਕ ਦੀ ਬਾਕੀ)

ਸਾਨੂੰ ਸਾਡੇ ਇਲਾਕੇ ਦਾ ਇੱਕ ਟੈਕਸੀ ਡਰਾਈਵਰ ਸੁਰਜੀਤ ਸਿੰਘ, ਜੋ ਕਈ ਸਾਲਾਂ ਤੋਂ ਕਲਕੱਤੇ ਰਹਿ ਰਿਹਾ ਸੀ ਤੇ ਬੱਜਬੱਜ ਘਾਟ ਦੇ ਇਲਾਕੇ ਦਾ ਵੀ ਚੰਗਾ ਜਾਣੂ ਸੀ, ਮਿਲ ਪਿਆ। ਉਸ ਨੇ ਵੀ ਸਾਨੂੰ ਉਸ ਪਾਸੇ ਦੇ ਖ਼ਤਰਿਆਂ ਤੋਂ ਜਾਣੂ ਕਰਵਾਇਆ ਤੇ ਨਾ ਜਾਣ ਦੀ ਸਲਾਹ ਦਿੱਤੀ ਪਰ ਸਾਥੀ ਅਮਰ ਹੋਰਾਂ ਦੇ ਆਪਣੇ ਫੈਸਲੇ ਤੇ ਅਟੱਲ ਰਹਿਣ ਕਰਕੇ, ਸੁਰਜੀਤ ਤੇ ਉਸ ਦਾ ਇੱਕ ਹੋਰ ਸਾਥੀ ਸਾਨੂੰ ਆਪਣੀਆਂ ਟੈਕਸੀਆਂ 'ਚ ਬਿਠਾ ਕੇ ਉਸ ਔਖੇ ਪੈਂਡੇ ਤੇ ਲੈ ਗਏ। ਰਸਤੇ ਵਿੱਚ ਥਾਂ-ਥਾਂ ਸਿੱਖਾਂ ਦੀਆਂ ਟੈਕਸੀਆਂ, ਮਕਾਨ ਦੇ ਹੋਟਲ ਸੜੇ ਹੋਏ ਵੇਖੇ। ਕਰਫਿਊ ਵਾਲੇ ਇਲਾਕਿਆਂ ਤੋਂ ਏਧਰ-ਉਧਰ ਦੀ ਹੁੰਦੇ ਹੋਏ, ਅਸੀਂ ਯਾਦਗਾਰ ਤੇ ਪੁੱਜ ਗਏ। ਸੁਰਜੀਤ ਸਿੰਘ ਖੜ੍ਹੇ-ਖੜੋਤੇ ਪੰਜ ਦਸ ਮਿੰਟਾਂ ਵਿੱਚ ਸ਼ਰਧਾਂਜ਼ਲੀ ਭੇਂਟ ਕਰਕੇ ਵਾਪਸ ਮੁੜਨ ਦੇ ਹੱਕ ਵਿੱਚ ਸੀ ਪਰ ਅਸੀਂ ਸਾਰੇ ਖਾਸ ਕਰਕੇ ਕਾਮਰੇਡ ਅੱਚਰਵਾਲ ਹੋਰੀਂ ਕੁਝ ਚਿਰ ਤਸੱਲੀ ਤੇ ਧੀਰਜ ਨਾਲ ਉੱਥੇ ਬੈਠਣ ਦੇ ਇੱਛਕ ਸਨ ਤੇ ਅਸੀਂ ਇੰਝ ਹੀ ਕੀਤਾ। ਭਾਵੇਂ ਅਸੀਂ ਆਪਣੇ ਵੱਲੋਂ ਭੇਸ ਕੁਝ ਬਦਲਿਆ ਹੋਇਆ ਸੀ। ਪਰ ਆਪਣੀ ਪੰਜਾਬੀਆਂ ਵਾਲੀ ਚਾਲ-ਢਾਲ ਤੋਂ ਅਸੀਂ ਸੌਖੇ ਹੀ ਪਛਾਣੇ ਜਾ ਰਹੇ ਸੀ। ਪਤਾ ਲੱਗਾ ਕਿ ਯਾਦਗਾਰ ਦੇ ਨੇੜੇ ਵਸੀ ਚਾਲੀ ਕੁ ਘਰਾਂ ਵਾਲੀ ਪੰਜਾਬੀਆਂ ਦੀ ਖਾਸ ਕਰ ਸਿੱਖਾਂ ਦੀ ਬਸਤੀ ਉੱਪਰ ਅਜੇ ਇੱਕ ਅੱਧਾ ਦਿਨ ਪਹਿਲਾਂ ਹੀ ਹਮਲਾ ਹੋਇਆ ਸੀ। ਸਾਥੀ ਅਮਰ ਸਿੰਘ ਨੇ ਕਿਹਾ ਕਿ ਸਾਨੂੰ ਇਨ੍ਹਾਂ ਪੰਜਾਬੀਆਂ ਦੀ ਸਾਰ ਲੈਣੀ ਚਾਹੀਦੀ ਹੈ। ਇਸ ਤੇ ਅਸੀਂ ਉਨ੍ਹਾਂ ਬਿਪਤਾ ਮਾਰੇ ਲੋਕਾਂ ਨੂੰ ਵੀ ਮਿਲੇ। ਉਨ੍ਹਾਂ ਆਪਣਾ ਬਚਾਅ ਬਹੁਤ ਹੀ ਬਹਾਦਰੀ ਨਾਲ ਕੀਤਾ ਸੀ। ਉਨ੍ਹਾਂ ਨਾਲ ਗੱਲ-ਬਾਤ ਵਿੱਚ ਸਾਨੂੰ ਕਈ ਘੰਟੇ ਲੱਗ ਗਏ। ਇਸ ਸਾਰੇ ਅਰਸੇ ਦੌਰਾਨ ਵੀ ਕਾਮਰੇਡ ਅਮਰ ਜਿਸ ਸੰਜੀਦਗੀ ਤੇ ਧੀਰਜ ਨਾਲ ਵਿਚਰਦਾ ਰਿਹਾ ਉਹ ਕਾਬਲੇ ਤਾਰੀਫ਼ ਸੀ।

(ਹਾਕਮ ਸਿੰਘ ਸਮਾਓ, ਨਿਡਰਤਾ ਤੇ ਠਰੰਮੇ ਦਾ ਮੁਜੱਸਮਾ-ਨਕਸਲੀ ਯੋਧਾ ਸ਼ਹੀਦ ਅਮਰ ਸਿੰਘ ਅੱਚਰਵਾਲ, ਸੰਪਾਦਕ ਬਲਵੀਰ ਪਰਵਾਨਾ ਤੇ ਸੁਖਦਰਸ਼ਨ ਨੱਤ, ਪੰਨਾ 10-13)

"ਜਦੋਂ ਇੰਦਰਾ ਗਾਂਧੀ ਦਾ ਕਤਲ ਹੋਇਆ, ਉਦੋਂ ਬਿਹਾਰ ਵਿੱਚ ਸਾਡੀ ਪਾਰਟੀ ਦੀ ਮੀਟਿੰਗ ਸੀ। ਮੀਟਿੰਗ ਖ਼ਤਮ ਕਰਨ ਤੋਂ ਬਾਅਦ ਜਦੋਂ ਅਸੀਂ ਤੁਰੇ ਤਾਂ ਸਾਨੂੰ ਪਤਾ ਲੱਗਾ ਕਿ ਸਿੱਖਾਂ ਨੂੰ ਜਿਉਂਦੇ ਸਾੜਿਆ ਜਾ ਰਿਹਾ ਹੈ। ਉਨ੍ਹਾਂ ਦੇ ਘਰ ਅਤੇ ਵਪਾਰ ਨੂੰ ਤਬਾਹ ਕੀਤਾ ਜਾ ਰਿਹਾ ਹੈ। ਮੇਰੇ ਸਾਥੀ ਕਾਮਰੇਡਾਂ ਨੇ ਮੈਨੂੰ ਪੰਜਾਬ ਆਉਣ ਤੋਂ ਰੋਕਿਆ ਵੀ ਪਰ ਮੈਂ ਨਾ ਮੰਨਿਆ। ਮੈਨੂੰ ਮਾਣ ਸੀ ਕਿ ਮੈਂ ਨਕਸਲਾਈਟ ਹਾਂ। ਮੈਨੂੰ ਕਿਸੇ ਕੁਝ ਕਹਿ ਕੇ ਮਰਨਾ ਪਰ ਰਾਹ ਵਿੱਚ ਜੋ ਹਲਾਤ ਸਨ, ਬੜੇ ਭਿਆਨਕ ਸਨ। ਮੈਨੂੰ ਗੱਡੀ ਵਿੱਚ, ਟੈਕਸੀ ਵਿੱਚ....ਕਈ ਥਾਂ ਹਮਲੇ ਦਾ ਸ਼ਿਕਾਰ ਹੋਣਾ ਪਿਆ ਪਰ ਹਰ ਵਾਰ ਨਾਲ ਦੇ ਕਾਮਰੇਡ ਸਾਥੀ ਬਚਾਅ ਲੈਂਦੇ। ਮੈਂ ਸਿਰ ਤੋਂ ਪੱਗ ਲਾਹ ਲਈ ਸੀ। ਦਾੜ੍ਹੀ ਕੱਟੀ ਹੋਈ ਸੀ। ਫਿਰ ਵੀ ਮੈਂ ਦੂਰ ਤੋਂ ਹੀ ਪਛਾਣਿਆ ਜਾਂਦਾ ਸੀ ਕਿ ਮੈਂ ਸਿੱਖ ਹਾਂ। ਜਦੋਂ ਭੀੜ ਹਮਲਾ ਕਰਦੀ, ਮੇਰੇ ਸਾਥੀ ਕਹਿੰਦੇ 'ਇਹ ਸਿੱਖ ਨਹੀਂ, ਕਾਮਰੇਡ ਹੈ।' ਭੀੜ ਵਿੱਚੋਂ ਕੋਈ ਬੋਲਦਾ 'ਤਾਂ ਕੀ ਹੋਇਆ ਕਾਮਰੇਡ ਆ ਹੈਅ ਤਾਂ ਸਿੱਖ ਹੀ। ਇਨ੍ਹਾਂ ਸਾਡੀ ਮਾਂ (ਇੰਦਰਾਂ ਗਾਂਧੀ) ਮਾਰੀ ਆ।' ਪਰ ਕਾਮਰੇਡਾਂ ਨੇ ਮੈਨੂੰ ਬਚਾਅ ਲਿਆ ਅਤੇ ਦਿੱਲੀ ਪਹੁੰਚਾ ਦਿੱਤਾ। ਮੈਂ 31 ਅਕਤੂਬਰ ਤੋਂ 7 ਨਵੰਬਰ ਤੱਕ ਦਿੱਲੀ ਆਪਣੇ ਸਾਥੀਆਂ ਦੀ ਨਿਗਰਾਨੀ ਹੇਠ ਰਿਹਾ। ਫ਼ਿਰ ਫ਼ੌਜ ਨੇ 7 ਨਵੰਬਰ ਨੂੰ ਸਾਨੂੰ ਦਿੱਲੀ ਤੋਂ ਕੱਢ ਕੇ ਪੰਜਾਬ ਭੇਜਿਆ।"

[ਕਾਮਰੇਡ ਤਾਰਾ ਸਿੰਘ ਚਲਾਕੀ, ਸਾਬਕਾ ਸੂਬਾ ਸਕੱਤਰ ਸੀ. ਪੀ. ਆਈ. (ਐਮ. ਐਲ.) ਸੱਤਿਆ ਨਰੈਣ ਸਿੰਘ]

"2 ਨਵੰਬਰ 1984 ਨੂੰ ਅਸੀਂ ਗਵਾਲੀਅਰ ਰੇਲਵੇ ਸਟੇਸ਼ਨ 'ਤੇ ਮੌਤ ਦੇ ਘੇਰੇ ਵਿੱਚ ਘਿਰ ਗਏ ਸਾਂ। ਸਾਰੇ ਸਿੱਖ ਸਮਝਦੇ ਸਨ ਕਿ ਅੱਜ ਅਣਆਈ ਮੌਤ ਮਾਰੇ ਜਾਣਗੇ।....ਗਵਾਲੀਅਰ ਰੇਲਵੇ ਸਟੇਸ਼ਨ ਦੇ ਦੋਹੀਂ ਪਾਸੀ ਫਿਰਕੂ ਜਨੂੰਨੀ ਪੰਜਾਬ ਮੇਲ ਗੱਡੀ ਨੂੰ ਘੇਰਾ ਘੱਤ ਰਹੇ ਸਨ। ਲੁਟੇਰੇ ਗੁੰਡਿਆਂ ਦੇ ਟੋਲੇ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਇਕੱਠੇ ਹੋਏ ਦਿਸ ਰਹੇ ਸਨ। ਕਈਆਂ ਦੇ ਹੱਥਾਂ ਵਿੱਚ ਹਾਕੀਆਂ, ਕਈਆਂ ਦੇ ਹੱਥਾਂ ਵਿੱਚ ਨੰਗੀਆਂ ਕ੍ਰਿਪਾਨਾਂ ਦਿਸ ਰਹੀਆਂ ਸਨ। ਬਹੁਤ ਲੁਟੇਰਿਆਂ ਦੇ ਹੱਥਾਂ ਵਿੱਚ ਤਿਰਸ਼ੂਲ ਦਿਸ ਰਹੇ ਸੀ। ਕਈਆਂ ਦੇ ਹੱਥਾਂ ਵਿੱਚ ਛੁਰੇ ਵੀ ਦੇਖੇ ਗਏ ਸਨ। ਕਈਆਂ ਦੇ ਹੱਥਾਂ ਵਿੱਚ ਬਟਣ ਵਾਲੇ ਚਾਕੂ ਵੀ ਨਜ਼ਰ ਆ ਰਹੇ ਸਨ। ਉਹ ਤਿਰਸ਼ੂਲ ਖੱਬੇ ਮੋਢਿਆਂ ਨਾਲ ਲਾ ਕੇ ਸੱਜੀ ਬਾਂਹ ਉੱਚੀ ਕਰਕੇ ਬਜਰੰਗ ਬਲੀ ਦੇ ਨਾਹਰੇ ਲਗਾ ਰਹੇ ਸਨ। ਕਈ-ਕਈ ਵਾਰੀ ਜੈ ਭਾਰਤ ਦੇ ਨਾਅਰੇ ਵੀ ਸੁਣਾਈ ਦੇ ਰਹੇ ਸਨ।

...ਫਿਰਕਾਪ੍ਰਸਤੀ ਦੇ ਗੁੰਡੇ ਹਜੂਮ ਨੇ ਮੋਟੇ-ਮੋਟੇ ਪੱਥਰ ਚੁੱਕ ਲਏ ਸਨ। ਰੇਲ ਦੇ ਡੱਬਿਆਂ ਵਿੱਚ ਬੈਠੇ ਮੁਸਾਫਰਾਂ 'ਤੇ ਹਮਲਾ ਕਰਨਾ ਸ਼ੁਰੂ ਕਰ ਦਿੱਤਾ ਸੀ। ਅੰਦਰ ਡੱਬਿਆਂ ਵਿੱਚ ਬੰਦ ਮੁਸਾਫਰ ਕੰਬ ਰਹੇ ਸਨ। ਕਈ ਖਿੜਕੀਆਂ ਦੇ ਸ਼ੀਸ਼ੇ ਟੁੱਟ ਗਏ ਸਨ। ਮੁਸਾਫ਼ਰਾਂ ਨੇ ਆਪੋ ਆਪਣੀਆਂ ਖਿੜਕੀਆਂ ਦੇ ਸਟਰ ਬੰਦ ਕਰ ਲਏ ਸਨ। ਬੱਚਿਆਂ ਅਤੇ ਔਰਤਾਂ ਨੂੰ ਡਰ ਨਾਲ ਗਸ਼ੀਆਂ ਗੋਤੇ ਪੈਣੇ ਸ਼ੁਰੂ ਹੋ ਗਏ ਸਨ।

(ਗੁਰਦਾਸ ਸਿੰਘ ਘਾਰੂ, ਪਗਡੰਡੀਆਂ ਤੋਂ ਜੀਵਨ ਮਾਰਗ ਤੱਕ, ਪੰਨਾ 140-141)

ਪੰਜਾਬੀ ਭਾਸ਼ਾ ਦਾ ਐਡਾ ਵੱਡਾ ਸ਼ਾਇਰ ਸੰਤ ਰਾਮ ਉਦਾਸੀ ਵੀ ਫਿਰਕੂ ਜਨੂੰਨੀਆਂ ਦੀ ਮਾਰ ਤੋਂ ਬਚ ਨਾ ਸਕਿਆ। ਉਹ ਇਸ ਘਟਨਾ ਨਾਲ ਬਹੁਤ ਪ੍ਰੇਸ਼ਾਨ ਹੋ ਗਿਆ ਸੀ। ਜੋ ਘਟਨਾ ਉਦਾਸੀ ਨਾਲ ਵਾਪਰੀ, ਉਨ੍ਹਾਂ ਦੀ ਬੇਟੀ ਇਕਬਾਲ ਕੌਰ ਉਦਾਸੀ ਇਉਂ ਬਿਆਨ ਕਰਦੀ ਹੈ :

'ਉਹ ਹਰ ਸਾਲ ਕਲਕੱਤੇ, ਨੇਪਾਲ ਅਤੇ ਕਾਨਪੁਰ ਬੁਲਾਏ ਜਾਂਦੇ ਪਰ 1986 ਵਾਲੇ ਸਾਲ ਜਦ ਉਨ੍ਹਾਂ ਨੂੰ ਨੇਪਾਲ (ਇੱਕ ਜਾਣਕਾਰੀ ਮੁਤਾਬਕ ਉਹ ਦਿੱਲੀ ਗਏ ਸਨ। -ਸੰਪਾਦਕ) ਤੋਂ ਸੱਦਾ ਆਇਆ ਤਾਂ ਉਹ ਜਾਣ ਲਈ ਪਹਿਲਾਂ ਦੀ ਤਰ੍ਹਾਂ ਰਾਜ਼ੀ ਨਾ ਹੋਏ। ਫੇਰ ਜੱਕੋ ਤੱਕੀ ਕਰਦੇ ਚਲੇ ਗਏ। ਵਾਪਸੀ 'ਤੇ ਟਰੇਨ ਵਿੱਚ ਉਨ੍ਹਾਂ ਨੂੰ ਬੜੀ ਬਦਸਲੂਕੀ ਦਾ ਸਾਹਮਣਾ ਕਰਨਾ ਪਿਆ। ਗੱਡੀ ਵਿੱਚ ਬੈਠੇ ਹਿੰਦੂ ਮੁਸਾਫਿਰਾਂ ਨੇ ਉਨ੍ਹਾਂ ਤੇ ਬੀੜੀਆਂ ਸੁੱਟੀਆਂ। ਪੱਗ ਤੇ ਦਾੜ੍ਹੀ ਦੇਖ ਕੇ (ਸਿੱਖ ਸਮਝ ਕੇ) ਉਨ੍ਹਾਂ 'ਤੇ ਸਿੱਖਾਂ ਪ੍ਰਤੀ ਭੱਦੇ ਵਿਅੰਗ ਕੱਸੇ ਗਏ। ਪਾਪਾ ਜੀ ਦੇ ਦੱਸਣ ਮੁਤਾਬਿਕ ਇਹ ਸਾਰੇ ਚੰਗੇ ਪੜ੍ਹੇ ਲਿਖੇ ਸਨ ਤੇ ਬਹੁਤਿਆਂ ਦੇ ਹੱਥਾਂ ਵਿੱਚ ਰੋਟੀ ਵਾਲੇ ਟਿਫਨ ਫੜੇ ਹੋਏ ਸਨ। ਪਾਪਾ ਜੀ ਦੇ ਦੱਸਣ ਮੁਤਾਬਿਕ ਉਨ੍ਹਾਂ ਦਾ (ਪਾਪਾ ਜੀ ਦਾ) ਬੇਹੱਦ ਨਿਰਾਦਰ ਕੀਤਾ ਗਿਆ ਤੇ ਉਨ੍ਹਾਂ ਨੂੰ ਗੱਡੀ 'ਚੋਂ ਧੱਕੇ ਮਾਰ ਕੇ ਬਾਹਰ ਸੁੱਟ ਦਿੱਤਾ। ਉਨ੍ਹਾਂ ਘਰ ਆ ਕੇ ਸਾਰੀ ਵਿਥਿਆ ਸੁਣਾਈ।'

[ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਪੰਨਾ 47]

ਸੰਤ ਰਾਮ ਉਦਾਸੀ ਨਕਸਲੀ ਲਹਿਰ ਦੀਆਂ ਮੁਸ਼ਕਲਾਂ ਤੋਂ ਚਿੰਤਤ ਸੀ। ਉਹ ਪੰਜਾਬ ਵਿੱਚ ਸਰਕਾਰੀ ਤੇ ਫਿਰਕੂ ਮਾਰਧਾੜ ਤੋਂ ਦੁਖੀ ਸੀ। ਉਹ ਪਰਿਵਾਰਕ ਕਲੇਸ਼ ਤੋਂ ਵੀ ਦੁਖੀ ਲੱਗਦਾ ਸੀ। ਜਦੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਤੋਂ ਵਾਪਸ ਆਉਂਦਿਆਂ ਰੇਲ ਗੱਡੀ ਵਿੱਚ ਉਦਾਸੀ ਦੀ ਮੌਤ ਹੋ ਗਈ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਸਾਬਕਾ ਪ੍ਰੋਫ਼ੈਸਰ ਡਾ. ਬਲਕਾਰ ਸਿੰਘ ਉਸਦੇ ਨਾਲ ਸੀ। ਉਸਨੇ ਉਦਾਸੀ ਦੇ ਅੰਤਿਮ ਛਿਣਾਂ ਬਾਰੇ ਲਿਖਿਆ ਹੈ-

ਇਹ ਇਤਫ਼ਾਕ ਦੀ ਗੱਲ ਹੈ ਕਿ ਜ਼ਿੰਦਗੀ ਦੇ ਆਖ਼ਰੀ ਪਲਾਂ ਵਿੱਚ ਉਸ ਕੋਲ ਮੈਂ ਹੀ ਸੀ। ਉਸਨੂੰ ਕਵੀ ਵਜੋਂ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ ਵਿਖੇ ਸੱਦਿਆ ਹੋਇਆ ਸੀ ਅਤੇ ਮੈਂ ਵੀ ਉਥੇ ਲੈਕਚਰ ਦੇਣ ਵਾਸਤੇ ਨਿਮੰਤ੍ਰਿਤ ਸੀ। ਉਦਾਸੀ ਵਿਛੜਿਆਂ ਵਾਂਗ ਮੈਨੂੰ ਮਿਲਿਆ ਸੀ ਅਤੇ ਮੇਰੇ ਨਾਲ ਆਪਣੇ ਪਰਿਵਾਰ ਬਾਰੇ ਗੱਲਾਂ ਕਰਦਾ ਰਿਹਾ ਸੀ। ਉਹ ਸ਼ਿਕਾਇਤਾਂ ਨਾਲ ਭਰਿਆ ਪਿਆ ਸੀ ਅਤੇ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟਿਆ ਹੋਇਆ ਸੀ। ਕਵੀ ਦਰਬਾਰ ਵਿੱਚ ਉਸਨੇ ਸਿੱਖੀ ਨਾਲ ਜੁੜੇ ਹੋਏ ਆਪਣੇ ਗੀਤਾਂ ਨੂੰ ਇੰਨਾ ਭਿੱਜ ਕੇ ਗਾਇਆ ਸੀ ਕਿ ਮੈਨੂੰ ਡਰ ਲੱਗਦਾ ਸੀ ਕਿ ਕਿਤੇ ਇੰਨੀ ਉੱਚੀ ਸੁਰ ਉਸਦਾ ਸਰੀਰਕ ਨੁਕਸਾਨ ਨਾ ਕਰ ਦੇਵੇ? ਉਸਦੀ ਗਾਇਕੀ ਦਾ ਬਹੁਤ ਚੰਗਾ ਪ੍ਰਭਾਵ ਪਿਆ ਸੀ। ਉਹ ਨੰਦੇੜ ਵਿਖੇ ਆਪਣੇ ਸਾਥੀ ਕਵੀਆਂ ਨਾਲ ਠਹਿਰਿਆ ਹੋਇਆ ਸੀ ਪਰ ਮੌਕਾ ਮਿਲਦਿਆਂ ਹੀ ਮੇਰੇ ਨਾਲ ਦੁੱਖ ਸੁੱਖ ਫੋਲਣ ਲੱਗ ਪੈਂਦਾ ਸੀ। ਦੁੱਖ ਸੁਖ ਫੋਲਣ ਦਾ ਜਜ਼ਬਾ ਏਨਾ ਹਾਵੀ ਸੀ ਉਦਾਸੀ ਉੱਤੇ ਕਿ ਉਹ ਆਪਾ ਵਿਰੋਧੀ ਵੀ ਹੋ ਜਾਂਦਾ ਸੀ। ਇਉਂ ਲੱਗਦਾ ਸੀ ਜਿਵੇਂ ਉਸਦਾ ਭਰੋਸਾ ਟੁੱਟ ਗਿਆ ਹੋਵੇ। ਉਸਦਾ ਮਨ ਪੂਰੀ ਤਰ੍ਹਾਂ ਉਖੜਿਆ ਹੋਇਆ ਸੀ ਅਤੇ ਉਹ ਭਜੂੰ-ਭਜੂੰ ਕਰਦਾ ਸੀ....ਉਹ ਦਾਇਮੀ ਬੀਮਾਰਾਂ ਵਾਂਗ ਤਿਆਰ ਹੋਇਆ ਸੀ। ਰਿਕਸ਼ੇ ਵਿੱਚ ਬੈਠਣ ਵੇਲੇ ਮੈਨੂੰ ਪਤਾ ਲੱਗਿਆ ਕਿ ਉਸਨੇ ਸ਼ਰਾਬ ਪੀਤੀ ਸੀ ਅਤੇ ਟੋਟ ਕਰਕੇ ਵੀ ਉਸਦਾ ਮਾੜਾ ਹਾਲ ਸੀ। ਮੈਂ ਖਿੱਝ ਗਿਆ ਸੀ ਅਤੇ ਬੋਲਣਾ ਬਿਲਕੁੱਲ ਨਹੀਂ ਚਾਹੁੰਦਾ ਸੀ ਪਰ ਉਦਾਸੀ ਚੁੱਪ ਰਹਿਣ ਵਾਸਤੇ ਤਿਆਰ ਨਹੀਂ ਸੀ। ਉਦਾਸੀ ਕੋਲੋ ਲੁਕਾਇਆ ਵੀ ਕੀ ਜਾ ਸਕਦਾ ਸੀ? ਉਸਨੇ ਸਟੇਸ਼ਨ ਤੱਕ ਜਾਂਦਿਆਂ ਬਹੁਤ ਸਾਰੀਆਂ ਗੱਲਾਂ ਕੀਤੀਆਂ ਕਿਉਂਕਿ ਉਹ ਲਗਾਤਾਰ ਬੋਲੀ ਜਾ ਰਿਹਾ ਸੀ। ਮੈਨੂੰ ਉਦੋਂ ਵੀ ਚੇਤਾ ਨਹੀਂ ਸੀ ਕਿ ਉਸਨੇ ਕੀ ਕਿਹਾ ਹੈ ਕਿਉਂਕਿ ਮੈਂ ਉਸਨੂੰ ਸੁਣ ਹੀ ਨਹੀਂ ਰਿਹਾ ਸੀ। ਗੱਡੀ ਕੁਝ ਲੇਟ ਸੀ ਅਤੇ ਉਥੇ ਉਦਾਸੀ ਨੇ ਫਿਰ ਆਪਣੇ ਝੋਰਿਆਂ ਅਤੇ ਸ਼ਿਕਵਿਆਂ ਦਾ ਕਿੱਸਾ ਛੋਹ ਲਿਆ।

[ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਪੰਨਾ 71-72]

"ਸੰਘੇ ਬਾਈ ਅਸੀਂ ਬਹੁਤ ਚਿਰਾਂ ਤੋਂ ਬਾਅਦ ਮਿਲੇ ਹਾਂ। ਮੈਨੂੰ ਸ਼ਰਾਬ ਦੀ ਬੋਤਲ ਮੰਗਵਾ ਦੇ। ਫੇਰ ਆਪਾਂ ਰੱਜ ਕੇ ਗੱਲਾਂ ਕਰਨੀਆਂ ਹਨ। ਮੈਂ ਘਰ ਦੀ ਜ਼ਿੰਦਗੀ ਤੋਂ ਤੰਗ ਆ ਗਿਆ ਹਾਂ।" ਮੈਂ ਆਖਿਆ, "ਉਦਾਸੀ ਹੁਣ ਢਾਈ ਵੱਜ ਗਏ ਹਨ। ਹੁਣ ਆਪਾਂ ਨੂੰ ਆਰਾਮ ਕਰਨਾ ਚਾਹੀਦਾ ਹੈ। ਆਪਾਂ ਸਵੇਰੇ ਗੱਲਾਂ-ਬਾਤਾਂ ਕਰਾਂਗੇ।" ਉਦਾਸੀ ਨੇ ਫੇਰ ਆਖਿਆ, "ਨਹੀਂ ਬਾਈ ਜੀ, ਨਹੀਂ ਆਪਾਂ ਕਾਫੀ ਚਿਰਾਂ ਤੋਂ ਵਿਛੜੇ ਹੋਏ ਹਾਂ। ਅੱਜ ਵਰਗਾ ਫੇਰ ਮੌਕਾ ਨਹੀਂ ਮਿਲੇਗਾ। ਤੂੰ ਉੱਠ ਕੇ ਲੈ ਆ।" ਸੰਘੇ ਨੇ ਦੱਸਿਆ ਕਿ ਉਦਾਸੀ ਆਖਣ ਲੱਗਿਆ, "ਬਾਈ ਗੁਰਚਰਨ ਸਿੰਘ ਮੈਂ ਤੈਨੂੰ ਕਾਫੀ ਚਿਰਾਂ ਤੋਂ ਮਿਲਣਾ ਚਾਹੁੰਦਾ ਸੀ। ਮੈਨੂੰ ਪਤਾ ਨਹੀਂ ਸੀ ਕਿ ਤੁਸੀਂ ਗੁਰੂ ਚਰਨਾਂ ਦੀ ਸ਼ਰਨ ਲਈ ਹੋਈ ਹੈ। ਹੁਣ ਤੇਰਾ ਮੈਨੂੰ ਪਤਾ ਲੱਗ ਗਿਆ ਹੈ। ਮੈਨੂੰ ਪੀਣ ਤੋਂ ਵੀ ਵੱਧ ਖੁਸ਼ੀ ਹੋਈ ਹੈ। ਮੈਂ ਘਰ ਤੋਂ ਸੰਨਿਆਸ ਲੈਣਾ ਚਾਹੁੰਦਾ ਹਾਂ। ਤੂੰ ਮੇਰਾ ਥੋੜ੍ਹਾ ਬਹੁਤਾ ਸਾਥ ਜ਼ਰੂਰ ਦੇ। ਮੈਂ ਘਰ ਤੋਂ ਦੂਰ ਜਾਣਾ ਚਾਹੁੰਦਾ ਹਾਂ।"

(ਉਦਾਸੀ ਦਾ ਅੰਤਲਾ ਸਮਾਂ : ਗੁਰਚਰਨ ਸੰਘੇ ਦੀ ਜ਼ੁਬਾਨੀ, ਪਗਡੰਡੀਆਂ ਤੋਂ ਜੀਵਨ ਮਾਰਨ ਤੱਕ, ਗੁਰਦਾਸ ਸਿੰਘ ਘਾਰੂ, ਪੰਨਾ 184-185)

ਸੰਤ ਰਾਮ ਉਦਾਸੀ ਇਨਕਲਾਬ ਦੇ ਬਿਖੜੇ ਪੈਂਡਿਆਂ ਦਾ ਰਾਹੀ ਸੀ। ਉਹ ਪੰਜਾਬ ਦੇ ਉਬੜ ਖਬੜਿਆਂ ਰਾਹਾਂ ਵਿੱਚ ਸ਼ਹੀਦ ਭਗਤ ਸੁੰਹ ਵਾਲੀ ਰਾਜਨੀਤੀ ਕਰਦਾ ਰਿਹਾ। ਉਸਨੇ ਇਨ੍ਹਾਂ ਰਾਹਾਂ ਨਾਲ ਹੀ ਆਪਣੇ ਸੁਰ ਮੇਲੇ ਹੋਏ ਸਨ ਪਰ ਉਹ ਇਨ੍ਹਾਂ ਦਿਨਾਂ ਵਿੱਚ ਬੇਤਾਲ ਹੋ ਗਿਆ ਸੀ। ਉਹ ਆਪਣੇ ਆਪ ਨਾਲ ਜੂਝ ਰਿਹਾ ਸੀ। ਉਹ ਤਖ਼ਤ ਸ੍ਰੀ ਹਜ਼ੂਰ ਸਾਹਿਬ ਨੰਦੇੜ (ਮਹਾਂਰਾਸ਼ਟਰ) ਵਿਖੇ ਗੁਰਗੱਦੀ ਸਮਾਗ਼ਮਾਂ ਸਬੰਧੀ ਧਾਰਮਿਕ ਕਵੀ ਦਰਬਾਰ 'ਚ ਸ਼ਾਮਲ ਹੋਣ ਲਈ 1 ਨਵੰਬਰ 1986 ਨੂੰ ਰਾਏਸਰ (ਬਰਨਾਲਾ) ਤੋਂ ਗਿਆ ਸੀ। ਵਾਪਸੀ 'ਤੇ 6 ਨਵੰਬਰ 1986 ਨੂੰ ਨੰਦੇੜ ਰੇਲਵੇ ਸਟੇਸ਼ਨ ਤੋਂ ਮਾਨਮਾੜ੍ਹ ਸਟੇਸ਼ਨ ਤੱਕ ਆਉਂਦਿਆਂ ਰਾਹ ਵਿੱਚ ਹੀ ਟ੍ਰੇਨ ਵਿੱਚ ਸੁੱਤਾ ਪਿਆ ਰਹਿ ਗਿਆ।

ਇਨ੍ਹਾਂ ਅੰਤਲੇ ਸਮਿਆਂ ਵਿੱਚ (1985-86) ਵਿੱਚ ਉਦਾਸੀ ਦੀ ਕਲਮ ਤੋਂ ਬਹੁਤ ਘੱਟ ਰਚਨਾ ਹੋਈ, ਜਦਕਿ 1984 ਤੋਂ ਬਾਅਦ ਦੇ ਸਾਲ ਪੰਜਾਬ ਵਿੱਚ ਉਥਲ ਪੁਥਲ ਵਾਲੇ ਹਨ। ਇਨ੍ਹਾਂ ਸਾਲਾਂ ਵਿੱਚ ਖਾਲਿਸਤਾਨੀ ਲਹਿਰ ਨੇ ਜ਼ੋਰ ਫੜਿਆ। ਇਨ੍ਹਾਂ ਸਾਲਾਂ ਵਿੱਚ ਉਸਦੀ ਕਵਿਤਾ ਨਾ ਇਨਕਲਾਬੀ ਲਹਿਰ ਦੇ ਵਿਰੋਧ ਵਿੱਚ ਭੁਗਤਦੀ ਹੈ ਤੇ ਨਾ ਹੀ ਖਾਲਿਸਤਾਨੀ ਲਹਿਰ ਦੇ ਹੱਕ ਵਿੱਚ ਖੜ੍ਹਦੀ ਹੈ। 'ਮੈਂ ਹਾਂ ਪੰਜਾਬ ਬੋਲਦਾ' ਅਤੇ 'ਕਿਸਨੂੰ ਵਤਨ ਕਹਾਂ।' ਵਰਗੀਆਂ ਨਜ਼ਮਾਂ ਖ਼ੂਨੋ ਖ਼ੂਨ ਕੀਤੇ ਪੰਜਾਬ ਦੇ ਦਰਦ ਵਾਲੀਆਂ ਹਨ। ਉਹ ਪੰਜਾਬ ਨੂੰ ਲਹੂ-ਲੂਹਾਣ ਤੱਕ ਕੇ ਧਾਹਾਂ ਮਾਰਦਾ ਹੈ।

ਵਾਰਿਸ, ਮੋਹਨ, ਕਾਦਰ, ਧਨੀ,
ਸਤਿਲੁਜ ਝਨਾਂ ਨੂੰ ਮੇਲਦੇ
ਖੇਡਦੇ, ਗੀਟੇ ਰਹੇ, ਕਿਉਂ ਨਾਲ
ਸਿਰੀਆਂ ਖੇਲਦੇ?
ਗੁੰਦਵਿਆਂ ਜਿਸਮਾਂ ਦੇ ਨਾਂ ਤੇ
ਫੁੱਟਦੀਆਂ ਮੁੱਛਾਂ ਦੇ ਨਾਂ
ਮੈਂ ਹਾਂ ਪੰਜਾਬ ਬੋਲਦਾ....।

[ਸੰਤ ਰਾਮ ਉਦਾਸੀ (ਸ਼ਖ਼ਸੀਅਤ ਅਤੇ ਸਮੁੱਚੀ ਰਚਨਾ), ਪੰਨਾ 230]

ਇਹ ਕਤਲਾਂ ਦੇ ਦਿਨ ਸਨ। ਉਦਾਸੀ ਲਈ ਸੋਗ ਦੇ ਦਿਨ ਸਨ। ਉਹ ਵਿਯੋਗ ਵਿੱਚ ਡੁੱਬਿਆ ਰਹਿੰਦਾ ਸੀ। ਉਹ ਖ਼ਬਰਾਂ ਦੇ ਟਾਇਮ ਰੇਡਿਓ ਕੰਨ ਨੂੰ ਲਾਈ ਰੱਖਦਾ। ਕਿਸੇ ਨਾ ਕਿਸੇ ਉਸਦੇ ਕਾਮਰੇਡ ਸਾਥੀ ਦੀ ਸ਼ਹਾਦਤ ਦਰੀਆਂ ਵਿਛਾ ਦਿੰਦੀ। ਉਹ ਕੁਰਲਾ ਉੱਠਦਾ-

ਇੱਕ ਦਿਨ ਅਚਾਨਕ ਹੀ ਘਰ ਟੈਲੀਗ੍ਰਾਮ ਆਈ, ਗੇਲੇ ਚਾਚੇ ਦੀ ਸੂਏ ਵਿੱਚ ਡਿੱਗਣ ਨਾਲ ਮੌਤ ਹੋ ਗਈ। ਬਹੁਤ ਦੁਖੀ ਹੋਇਆ ਸਾਡਾ ਪਰਿਵਾਰ। ਪਾਪਾ ਜੀ ਲਗਾਤਾਰ ਰੋਈ ਜਾਂਦੇ। ਪਤਾ ਨਹੀਂ ਕੀ ਵਾਪਰਿਆ। ਅਜੇ ਮਹੀਨਾ ਪਹਿਲਾਂ ਤਾਂ ਸਾਡੇ ਕੋਲ ਦੋ ਦਿਨ ਰਹਿ ਕੇ ਗਏ ਸੀ। ਕੁਝ ਹੀ ਦਿਨਾਂ ਵਿੱਚ ਕਾ. ਬਲਦੇਵ ਮਾਨ ਦਾ ਕਤਲ ਹੋ ਗਿਆ। ਪਤਾ ਨਹੀਂ ਉਨ੍ਹਾਂ 'ਤੇ ਇੰਨਾ ਅਸਰ ਕਿਉਂ ਪੈ ਗਿਆ ਕਿ ਉਹ ਮਾਨ ਦੇ ਕਤਲ ਤੋਂ ਬਾਅਦ ਅਕਸਰ ਹੀ ਰੋ ਪੈਂਦੇ ਸੀ। ਇੱਕ ਦਿਨ ਕਾ. ਛੋਟਾ ਸਿੰਘ ਸੁਲਾਤਨਪੁਰੀ ਘਰ ਆਏ। ਉਸ ਕੋਲ ਪਾਪਾ ਜੀ ਬੜਾ ਰੋਏ ਤੇ ਰੋਈ ਗਏ। ਕਾ. ਛੋਟਾ ਸਿੰਘ ਨੇ ਰੋਣ ਦਾ ਕਾਰਨ ਪੁੱਛਿਆ। ਉਹ ਮਸਾਂ ਹੀ ਰੋਂਦੇ-ਰੋਂਦੇ "ਕਾ. ਮਾਨ" ਕਹਿ ਸਕੇ ਸੀ। ਰਾਤ ਨੂੰ ਕਾ. ਛੋਟਾ ਸਿੰਘ ਤੇ ਪਾਪਾ ਜੀ ਨੇ ਰਲ ਕੇ ਸ਼ਰਾਬ ਪੀਤੀ ਤੇ ਉਨ੍ਹਾਂ ਉੱਚੀ ਉੱਚੀ ਗਾਉਣਾ ਸ਼ੁਰੂ ਕਰ ਦਿੱਤਾ-

"ਮਾਂ ਧਰਤੀਏ ਸਦਾ ਸੁਹਾਗਣੇ ਨੀ
ਮੇਰੇ ਯਾਰਾਂ ਨੂੰ ਜਨਮ ਨਾ ਦੇਈਂ ਉਥੇ,
ਜਿੱਥੇ ਖ਼ੂਨ ਹੈ ਮੇਰਿਆਂ ਵੀਰਿਆਂ ਦਾ
ਵਿਛਿਆ ਸੜਕਾਂ ਤੇ ਹੱਕਾਂ ਦੀ ਲੁੱਕ
ਬਣ ਕੇ।

ਅਸੀਂ ਸਾਰਾ ਪਰਿਵਾਰ ਪ੍ਰੇਸ਼ਾਨ ਸਾਂ। ਚੁੱਪਚਾਪ ਇਹ ਸਾਰਾ ਕੁਝ ਦੇਖ ਰਹੇ ਸਾਂ। ਫੇਰ ਉਹ ਬਿਨਾਂ ਰੋਟੀ ਖਾਧੇ ਹੀ ਸੌਂ ਗਏ। ਕਾ. ਛੋਟਾ ਸਿੰਘ ਨੇ ਪਾਪਾ ਜੀ ਦਾ ਧੀਰਜ ਬੰਨ੍ਹਾਇਆ, 'ਉਦਾਸੀ ਇਹ ਵੀ ਕੀ ਰੋਣਾ ਹੋਇਆ, ਕਾਮਰੇਡਾਂ ਦੇ ਕਤਲ ਹੋਣਾ ਕੋਈ ਨਵੀਂ ਗੱਲ ਨਹੀਂ ਹੈ, ਅਜੇ ਤਾਂ ਕੀ ਪਤਾ ਹੋਰ ਕਿੰਨਿਆਂ ਨੇ ਕਤਲ ਹੋਣਾ ਹੈ।"

[ਇਕਬਾਲ ਕੌਰ ਉਦਾਸੀ, ਸੰਤ ਰਾਮ ਉਦਾਸੀ (ਜੀਵਨ ਅਤੇ ਸਮੁੱਚੀ ਰਚਨਾ), ਸੰਪਾਦਕ : ਰਾਜਿੰਦਰ ਰਾਹੀ, ਪੰਨਾ 45]

ਉਦਾਸੀ ਦੀ ਮੌਤ 47 ਸਾਲ ਦੀ ਉਮਰ ਵਿੱਚ ਹੋ ਜਾਂਦੀ ਹੈ। ਏਹੋ ਜਿਹੇ ਕਿਹੜੇ ਕਾਰਨ ਹਨ। ਉਹ ਛੋਟੀ ਉਮਰ ਵਿੱਚ ਹੀ ਪਰਿਵਾਰ ਅਤੇ ਸਾਥੀਆਂ ਨੂੰ ਅਲਵਿਦਾ ਕਹਿ ਗਿਆ। ਇੱਕ ਗੱਲ ਤਾਂ ਸਾਫ਼ ਹੈ ਕਿ ਨਕਸਲਬਾੜੀ ਲਹਿਰ ਉਸਦੀ ਜਿੰਦ ਜਾਨ ਸੀ। ਉਸਦੀ ਇਸ ਲਹਿਰ ਨੂੰ ਕਾਫੀ ਪਛਾੜਾਂ ਲੱਗੀਆਂ। ਪਹਿਲਾ ਫੇਜ ਜ਼ਮੀਨੀ ਕਬਜ਼ਿਆਂ ਅਤੇ ਵਿਦਿਆਰਥੀ ਸੰਘਰਸ਼ਾਂ ਦਾ ਸੀ। ਜ਼ਮੀਨੀ ਕਬਜ਼ਿਆਂ ਅਤੇ ਸਫ਼ਾਏ ਦੀ ਲਾਈਨ ਪਿੱਛੋਂ ਲਹਿਰ ਦੇ ਆਗੂਆਂ ਅਤੇ ਕਾਰਕੁਨਾਂ ਦਾ ਕਾਫੀ ਜਾਨੀ ਨੁਕਸਾਨ ਹੋਇਆ। ਫਿਰ ਮੋਗਾ ਗੋਲੀ ਕਾਂਡ ਅਤੇ ਕਾਲਾ ਸੰਘਾ ਸੰਘਰਸ਼ ਪਿੱਛੋਂ ਜਨਤਕ ਲਹਿਰ ਦਾ ਉਭਾਰ ਆਇਆ। ਇਸ ਦੌਰ ਵਿੱਚ ਹੀ ਸੰਤ ਰਾਮ ਉਦਾਸੀ ਅਤੇ ਜੈਮਲ ਸਿੰਘ ਪੱਡਾ ਵਰਗੇ ਕਵੀ ਸਟੇਜਾਂ ਰਾਹੀਂ ਮਸ਼ਹੂਰ ਹੋਏ। ਫੇਰ ਐਮਰਜੈਂਸੀ ਦੌਰਾਨ ਇਨਕਲਾਬੀ ਕਾਰਕੁਨਾਂ ਨੂੰ ਜੇਲ੍ਹਾਂ ਦਾ ਨਰਕ ਭੋਗਣਾ ਪਿਆ। ਐਮਰਜੈਂਸੀ ਤੋਂ ਬਾਅਦ ਨਕਸਲੀ ਲਹਿਰ ਗਰੁੱਪਾਂ ਵਿੱਚ ਵੰਡੀ ਗਈ। ਇਸਦੇ ਬਾਵਜੂਦ ਵੀ ਇਹ ਗਰੁੱਪ ਜਨਤਕ ਲਹਿਰ ਖੜ੍ਹੀ ਕਰਨ ਵਿੱਚ ਕਾਮਯਾਬ ਹੋ ਗਏ। ਅਜੇ ਜਨਤਕ ਲਹਿਰ ਦਾ ਮੂੰਹ ਮੱਥਾ ਬਣਨ ਹੀ ਲੱਗਾ ਸੀ, ਉਦੋਂ ਹੀ ਖਾਲਿਸਤਾਨੀ ਲਹਿਰ ਇਸਦੇ ਨਾਲ ਟਕਰਾਅ ਵਿੱਚ ਆ ਗਈ।

1983 ਤੱਕ ਤਾਂ ਕਮਿਊਨਿਸਟਾਂ ਦੀ ਸਥਿਤੀ ਠੀਕ ਰਹੀ। ਕਾਲਜਾਂ ਵਿੱਚ ਕਿਤੇ ਪੰਜਾਬ ਸਟੂਡੈਂਟ ਯੂਨੀਅਨ ਭਾਰੂ ਹੋ ਜਾਂਦੀ, ਕਿਤੇ ਸਿੱਖ ਸਟੂਡੈਂਟ ਫੈਡਰੇਸ਼ਨ ਵਾਲੇ ਬਾਜ਼ੀ ਮਾਰ ਜਾਂਦੇ। ਖਾਲਿਸਤਾਨੀਆਂ ਲਈ ਸਭ ਤੋਂ ਵੱਡੀ ਚੁਣੌਤੀ ਨਕਸਲਾਈਟ ਜਨਤਕ ਆਗੂ ਸਨ, ਉਨ੍ਹਾਂ ਦਾ ਲੋਕਾਂ ਵਿਚ ਕਾਫ਼ੀ ਆਧਾਰ ਸੀ ਪਰ ਸਾਕਾ ਨੀਲਾ ਤਾਰਾ ਪਿੱਛੋਂ ਖਾਲਿਸਤਾਨੀ ਲਹਿਰ ਦੀ ਚੜ੍ਹਤ ਹੋਣ ਲੱਗੀ।

ਸੰਤ ਰਾਮ ਉਦਾਸੀ, ਉਸਦੇ ਸਮਕਾਲੀ ਲੇਖਕਾਂ ਅਤੇ ਇਨਕਲਾਬੀ ਆਗੂਆਂ ਲਈ ਇਹ ਸਮਾਂ ਬੜਾ ਖਤਰਨਾਕ ਸੀ ਅਤੇ ਚੁਣੌਤੀ ਭਰਭੂਰ ਸੀ। ਖਾਲਿਸਤਾਨੀਆਂ ਲਈ ਪੰਜਾਬ ਦੇ ਲੋਕਾਂ ਵਿੱਚ ਆਪਣਾ ਆਧਾਰ ਕਾਇਮ ਕਰਨ ਲਈ ਇਨਕਲਾਬੀ ਕਮਿਊਨਿਸਟਾਂ ਦੇ ਆਧਾਰ ਨੂੰ ਖਤਮ ਕਰਨਾ ਜ਼ਰੂਰੀ ਸੀ।

(ਬਾਕੀ ਅਗਲੇ ਅੰਕ 'ਚ)



ਅੰਮ੍ਰਿਤ ਦੀਵਾਨਾ ਨੇ ਥੋੜ੍ਹਾ ਲਿਖਿਆ ਪਰ ਪੁਖਤਾ ਲਿਖਿਆ, ਉਸਦਾ ਨਾਂ ਸਾਹਿਤ ਜਗਤ ਵਿੱਚ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ ਕਿਉਂਕਿ ਉਸਦੀਆਂ ਕਵਿਤਾਵਾਂ ਆਪਣੇ ਮੂੰਹੋਂ ਬੋਲਦੀਆਂ ਹਨ ਕਿ ਉਹ ਇੱਕ ਪ੍ਰਗਤੀਸ਼ੀਲ ਵਿਚਾਰਧਾਰਾ ਦਾ ਮੁਦੱਈ ਹੈ। ਉਸਦੀ ਕਲਮ ਸਮਾਜ ਦੇ ਸੰਵੇਦਨਸ਼ੀਲ ਸਰੋਕਾਰਾਂ ਨੂੰ ਮੁੱਖ ਰੱਖਦਿਆਂ ਰਾਜਨੀਤਕ ਤਾਣੇ-ਬਾਣੇ ਹੇਠ ਚੱਲ ਰਹੀ ਕੋਝੀ ਸਿਆਸਤ, ਧਾਰਮਿਕ ਪਾਖੰਡਵਾਦ ਦੇ ਮਖੌਟੇ ਵਿੱਚ ਉਲਝੀ, ਆਰਥਿਕ ਮੰਦਹਾਲੀ ਦੀ ਗੁਰਬਤ ਵਿੱਚ ਜੁਝਦੀ, ਸਮਾਜਿਕ ਸਮੱਸਿਆਵਾਂ ਨਾਲ ਘੁਲਦੀ ਲੋਕਾਈ, ਹਿੰਸਾ ਦੀ ਭੱਠੀ ਵਿੱਚ ਬਲਦੀ ਔਰਤ ਦੀ ਬਾਤ ਪਾਉਂਦੀ ਹੈ। ਉਸਨੇ ਕਵਿਤਾ ਅਤੇ ਗ਼ਜ਼ਲ ਦੋਨੋਂ ਕਾਵਿ-ਰੂਪਾਂ ਤੇ ਹੱਥ ਅਜਮਾਈ ਕੀਤੀ ਹੈ। ਇਹ ਕਾਗਜ਼ ਕਾਲੇ ਕਰਨ ਵਾਲਾ ਕਵੀ ਨਹੀਂ। ਇਸਦੀ ਪਹਿਲੀ ਪੁਸਤਕ 'ਮਹਿਕ ਦੀ ਆਮਦ' (1987), ਦੂਸਰੀ 'ਸੰਵੇਦਨਾ' (2001), ਤੇ ਤੀਸਰੀ 'ਖੁਸ਼ਆਮਦੀਦ' (2009) ਸਾਹਿਤ ਸੰਸਾਰ ਦੇ ਸਨਮੁੱਖ ਹੋਈਆਂ ਸਨ। ਉਹ ਕੈਨੇਡਾ ਦੇ ਸ਼ਹਿਰ ਸਰੀ ਵਿੱਚ ਆਪਣੇ ਪਰਿਵਾਰ ਸਮੇਤ ਰਹਿ ਰਿਹਾ ਹੈ। ਸਾਨੂੰ ਇਸ 'ਤੇ ਬਹੁਤ ਆਸਾਂ ਹਨ ਕਿ ਉਸਦੀ ਕਲਮ ਆਪਣਾ ਸੰਘਰਸ਼ਮਈ ਸਫ਼ਰ ਅਨੇਕਾਂ ਅੜਚਣਾਂ ਦੇ ਬਾਵਜੂਦ ਵੀ ਜ਼ਿੰਦਾਦਿਲੀ ਨਾਲ ਪੂਰਾ ਕਰਦੀ ਰਹੇਗੀ ਅਤੇ ਅਗਾਂਹਵਧੂ ਲੋਕਾਂ ਦੀ ਉਂਗਲ ਫੜ ਕੇ ਮੰਜ਼ਲਾਂ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕਰਦੀ ਰਹੇਗੀ। -ਪਰਮਿੰਦਰ ਸਵੈਚ

## ਮਹਾਂਪੁਰਸ਼

ਵੈਸੇ ਕਮਾਲ ਹੈ।
ਤੁਹਾਡਾ ਸਾਡੀ ਮਾਨਸਿਕਤਾ 'ਤੇ
ਹਕੂਮਤ ਕਰਨ ਦਾ
ਹੁਨਰ ਲਾਜਵਾਬ ਹੈ,
ਅਸੀਂ ਸੁਚੇਤ ਰੂਪ 'ਚ
ਤੁਹਾਡੇ ਕੋਲੋਂ ਭਾਵੇਂ ਕਿੰਨਾ
ਬੇਮੁੱਖ ਹੋ ਜਾਈਏ
ਪਰ ਸਾਡੇ ਅਚੇਤ ਮਨ ਦੀ
ਕਿਸੀ ਦੀਵਾਰ ਦੀ ਨੁਕਰੇ
ਤੁਸੀਂ ਕਿਰਲੀ ਵਾਂਗ
ਚਿਪਕੇ ਹੀ ਰਹਿੰਦੇ ਹੋ।
• • •

## ਨਵੇਂ ਵਰ੍ਹੇ ਲਈ ਦੁਆ ਨਹੀਂ

ਮੈਂ ਇਸ ਵਾਰ
ਨਵੇਂ ਵਰ੍ਹੇ ਦੀ ਸੁੱਖ ਸ਼ਾਂਤੀ ਲਈ
ਕੋਈ ਦੁਆ ਨਹੀਂ ਨਹੀਂ ਕਰਾਂਗਾ,
ਸਾਲਾਂ ਦੇ ਸਾਲ ਲੰਘ ਗਏ
ਨਵੇਂ ਵਰ੍ਹੇ ਦੀ ਪੂਰਬ ਸੰਧਿਆ 'ਤੇ
ਇਬਾਦਤਗਾਹਾਂ ਵਿਚ ਦੁਆਵਾਂ,
ਅਰਦਾਸਾਂ 'ਤੇ ਪ੍ਰਾਰਥਨਾਵਾਂ ਕਰਦਿਆਂ,
ਪਰ ਕਿਸੇ ਪਾਸਿਓਂ ਵੀ ਨਹੀਂ ਆਈ
ਕੋਈ ਠੰਡ-ਮੱਠ ਦੀ ਕਨਸੋਅ।

ਫਲਸਤੀਨ ਵਿਚ ਬੰਬਾਂ ਦੀ ਬਾਰਿਸ਼
ਕਦੇ-ਕਦੇ ਹਲਕੀ ਤੋਂ ਦਰਮਿਆਨੀ
ਤਾਂ ਹੋ ਜਾਂਦੀ ਹੈ, ਪਰ ਰੁਕਦੀ ਨਹੀਂ।
ਇਰਾਕ, ਅਫ਼ਗਾਨਿਸਤਾਨ, ਪਾਕਿਸਤਾਨ
ਕਸ਼ਮੀਰ, ਆਂਧਰਾ 'ਚ ਮਨੁੱਖੀ ਮਾਸ ਦਾ
ਹੋ ਰਿਹਾ ਹੈ ਬਾਰਬੇਕਿਊ।

ਯਾਦ ਆ ਰਿਹਾ ਬੁੱਧ ਦਾ ਕਥਨ
'ਨਹੀਂ ਹੈ ਕਿੱਧਰੇ ਵੀ
ਕਿਸੇ ਸਰਵ-ਸ਼ਕਤੀਮਾਨ ਦੀ ਹੋਂਦ'
ਜੇ ਉਹ ਹੈ ਤਾਂ ਦੱਸੇ ਕਿ
ਕੀ ਕਮੀ ਹੈ ਸਾਡੀਆਂ ਜੋਦੜੀਆਂ ਵਿਚ..?
ਸਾਡੀਆਂ ਲਿਲਕੜੀਆਂ ਅੰਦਰ...?

ਆਓ ਵਿਸ਼ਵ ਭਰ ਦੇ ਮਨੁੱਖਤਾ ਦੇ ਹਾਮੀਓ!
ਦੁਆਵਾਂ ਨੂੰ ਛੱਡ ਕੇ ਆਓ,
ਆਪਣੇ ਅੰਦਰੋਂ ਸਾਰੇ ਸੱਪ ਸਪੋਲੀਏ
ਕੱਢ ਕੇ ਬਾਹਰ ਸੁੱਟ ਦੇਈਏ,
ਤੇ ਮਨਾਂ ਵਿਚ ਮੁਹੱਬਤ ਦੇ
ਗੁਲਮੋਹਰਾਂ ਨੂੰ ਉਗਾਈਏ।
• • •

## ਫੈਸਲੇ ਤੋਂ ਬਾਅਦ

(ਏਅਰ ਇੰਡੀਆ ਦੇ ਦੁਖਾਂਤ ਦੇ ਨਾਂਅ)

ਮਹਾਂਸਾਗਰ ਵਿਚ ਭਟਕਦੀਆਂ
ਹੋਈਆਂ ਰੂਹਾਂ ਨੇ ਜੁੜ ਕੇ
ਅੱਜ ਫੇਰ ਕੀਤਾ ਹੋਵੇਗਾ ਵਿਰਲਾਪ
ਥਰਥਰਾ ਗਈ ਹੋਵੇਗੀ
ਚੁਫੇਰੇ ਦੀ ਕਾਇਨਾਤ।

ਫਿਰ ਪਾਣੀਆਂ ਉਤੇ
ਸੱਥਰ ਵਿਛਿਆ ਹੋਵੇਗਾ,
ਲਹਿਰਾਂ ਨੂੰ ਕਾਂਬਾ ਛਿੜਿਆ ਹੋਵੇਗਾ।
ਉਨ੍ਹਾਂ ਜੇਗਾਂ ਅੰਬਰ ਡੁਸਕਿਆ ਹੋਵੇਗਾ,
ਇਕ ਸੋਗੀ ਜਿਹਾ
ਮੰਜ਼ਰ ਵਿਲਕਿਆ ਹੋਵੇਗਾ।

ਪੌਣਾਂ ਨੇ ਰਲ
ਵੈਣ ਪਾਇਆ ਹੋਵੇਗਾ,
ਮੋਏ ਨਿਆਂ ਦਾ
ਮਰਸੀਆ ਗਾਇਆ ਹੋਵੇਗਾ।
• • •

## ਇਕ ਚੌਕ ਦਾ ਸਿਰਨਾਵਾਂ

ਸਵੇਰ ਸਾਰ
ਸ਼ਹਿਰ ਦੇ ਚੌਕ ਦੁਆਲੇ
ਹੱਡਾ ਰੋੜੀ 'ਚ ਕੱਠੀਆਂ ਹੋਈਆਂ
ਗਿਰਝਾਂ ਵਾਂਗ
ਜੁੜ ਕੇ ਬਹਿ ਗਏ ਹਨ ਗੁਲਾਮ
ਉਡੀਕ ਰਹੇ ਨੇ ਰੰਗ ਬਿਰੰਗੀਆਂ
ਕਾਰਾਂ, ਮੋਟਰਸਾਈਕਲਾਂ ਵਾਲੇ ਆਪਣੇ ਖਰੀਦਦਾਰ
ਸ਼ਹਿਰ ਦੇ ਚੌਕ ਵਿਚਾਲੇ
ਸੰਵਿਧਾਨ ਦੇ ਨਿਰਮਾਤਾ ਦਾ ਬੁੱਤ
ਬੇਬੱਸ ਚੁੱਪਚਾਪ ਖੜ੍ਹਾ ਹੈ।
ਹੋ ਗਈ ਹੈ ਨਿਲਾਮੀ ਸ਼ੁਰੂ,
ਵਿਕ ਰਹੇ ਹਨ ਦਿਨ ਭਰ ਲਈ
ਤੀਹ-ਤੀਹ ਰੁਪਏ 'ਚ ਇਨਸਾਨ
ਕੱਲ੍ਹ ਹੀ ਆਪਣੇ ਦੇਸੋਂ ਪੁੱਜਾ ਰਾਮ ਭਰੋਸੇ
ਔਹ ਬਹਿ ਗਿਆ ਹੈ ਮਾਰੂਤੀ ਦੀ
ਪਿਛਲੀ ਗੁਰਗੁਦੀ ਸੀਟ 'ਤੇ
ਤੇ ਅੱਜ ਉਸ ਦੀਆਂ ਸੋਚਾਂ 'ਚ
ਪਿੰਡ ਦਾ ਠਾਕੁਰ ਉਸ ਨਾਲੋਂ
ਕਿਤੇ ਨੀਵਾਂ ਹੈ।
ਚੁਗ ਲਏ ਗਏ ਹਨ
ਕੁਝ ਮੋਕਲੇ ਹੱਡਾਂ ਵਾਲੇ ਜਿਸਮ
ਰਹਿ ਗਏ ਹਨ
ਮੁਫਲਸੀ ਦੀ ਧੁਨੱਖੀ 'ਚ
ਪਿੰਜੇ ਹੋਏ ਪਿੰਜਰ
ਕੁਝ ਲੰਮੇ ਪੈ ਗਏ ਹਨ ਫੁੱਟਪਾਥ 'ਤੇ
ਆਪਣੇ ਕਰਮਾਂ ਨੂੰ ਫਿਟਕਾਰਦੇ,
ਕਿ ਉਨ੍ਹਾਂ ਦਾ ਮੁੱਲ ਕਿਉਂ ਨਹੀਂ ਪਿਆ
ਅੱਜ ਮੰਡੀ ਵਿਚ?
ਤੇ ਬਾਕੀ ਪਰਤ ਗਏ ਹਨ ਆਪਣੇ ਘਰਾਂ ਨੂੰ
ਘਰ, ਕਿ ਜਿਸ ਵਿਚ ਉਡੀਕ ਹੈ ਅੱਜ
ਦੀ ਕਮਾਈ 'ਚੋਂ
ਬਾਪ ਨੂੰ ਪੈਂਦੀਆਂ ਉਲਾਂ ਵਾਸਤੇ ਦਵਾਈ
ਗੁਆਂਢੀਆਂ ਤੋਂ ਉਧਾਰ ਲਿਆਂਦਾ ਮੋੜਨ
ਲਈ ਆਟਾ
ਨਿੱਕੇ ਮੁੰਡੇ ਦੀ ਫੱਟੀ ਨੂੰ ਗਾਚਣੀ
ਸ਼ਹਿਰ ਦਾ ਚੌਕ ਮੁੜ ਖਾਲੀ ਹੋ ਗਿਆ ਹੈ
ਸਿਰਫ਼ ਭਾਰਤੀ ਸੰਵਿਧਾਨ ਦੇ ਨਿਰਮਾਤਾ ਦਾ
ਬੇਬੱਸ ਤੇ ਚੁੱਪਚਾਪ ਬੁੱਤ ਖੜ੍ਹਾ ਹੈ।
• • •

## ਨਾਸਤਿਕ ਸੋਚ

(ਭਗਤ ਸਿੰਘ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ)

ਭਗਤ ਸਿੰਘ!
ਤੇਰੀ ਨਾਸਤਿਕ ਸੋਚ ਨੂੰ
ਅਰਬਾਂ ਖਰਬਾਂ ਵਾਰੀ ਪ੍ਰਣਾਮ।

ਤੂੰ ਕੁਝ ਅਰਸਾ
ਹੋਰ ਜਿਉਂਦਾ ਰਹਿ
ਆਪਣੇ ਸੁਤੰਤਰਤਾ ਦੇ
ਖਵਾਬ ਦੀ ਪੂਰਤੀ ਹੁੰਦੀ ਵੇਖਦਾ,
ਤਾਂ ਤੈਨੂੰ ਆਪਣੀ ਸੋਚ ਦੀ
ਸਾਰਥਿਕਤਾ ਦਾ ਅਹਿਸਾਸ ਹੁੰਦਾ,
ਕਿ ਕਿੰਝ ਆਸਤਿਕਾਂ ਨੇ ਰਲ ਕੇ
ਮੁਰਦਿਆਂ ਨਾਲ ਭਰੀਆਂ ਰੇਲਾਂ ਦਾ
ਆਦਾਨ ਪ੍ਰਦਾਨ ਕੀਤਾ।
ਔਰਤਾਂ ਦੀਆਂ ਛਾਤੀਆਂ ਵੱਢ
ਬੋਰੀਆਂ ਵਿਚ ਖਰਬੂਜਿਆਂ ਵਾਂਗ
ਭਰ ਕੇ ਭੇਜੀਆਂ।
ਕਿੰਝ ਕੰਜਕਾਂ ਕੁਆਰੀਆਂ
ਦੇ ਅੰਗਾਂ ਵਿਚੋਂ
ਲਹੂ ਦੇ ਘਰਾਲ ਵਗਾਏ।

ਤੇ ਇਹ ਧਰਮੀ ਕਰਮੀ ਲੋਕ
ਹੁਣ ਵੀ ਗਾਹੇ ਬਗਾਹੇ
ਸਾਡੀਆਂ ਬਸਤੀਆਂ ਵਿਚ ਆ ਕੇ
ਨਾਅਰੇ ਲਾਉਂਦੇ ਸਾਨੂੰ ਅੱਗ ਦੇ
ਲਿਬਾਸ ਨੇ ਪਹਿਨਾਉਂਦੇ।
ਸਾਡੀਆਂ ਪਤਨੀਆਂ ਦੇ
ਗਰਭ 'ਚ ਖੋਭ ਕੇ
ਖੰਜਰ ਨੇ ਘੁਮਾਉਂਦੇ।
ਸਾਡੇ ਗੁਲਮੋਹਰੀ
ਬੱਚਿਆਂ ਦੇ ਸਕੂਲ
ਬਾਰੂਦਾਂ ਨਾਲ ਨੇ ਉਡਾਉਂਦੇ।

ਤੇ ਅਜਿਹਾ ਸਭ ਕੁਝ
ਹੁੰਦਾ ਹੀ ਰਹੇਗਾ,
ਜਦ ਤੱਕ ਤੇਰੀ "ਸੋਚ ਦਾ ਸੱਚ"
ਸਮੁੱਚੇ ਵਿਸ਼ਵ ਦੀ ਰੂਹ 'ਚ
ਨਹੀਂ ਧੁਰ ਉਤਰ ਜਾਂਦਾ।
• • •

## ਜੇਲ੍ਹ ਵਾਲੀ ਬੇਬੇ

ਭਗਤ ਸਿੰਘ! ਤੇਰੀ ਜੇਲ੍ਹ ਵਾਲੀ ਬੇਬੇ
ਅੱਜ ਵੀ ਬਹੁਤ ਉਦਾਸ ਹੈ,
ਸ਼ਾਇਦ ਤੂੰ ਵਿਸ਼ਵਾਸ ਨਾ ਕਰੇ
ਇਸ ਪ੍ਰਜਾਤਾਂਤਰਿਕ ਵਤਨ ਦੇ ਕਈ
ਭਾਗਾਂ ਵਿਚ
ਉਸਦੇ ਪੁੱਤਰ ਨੂੰ ਅੱਜ ਵੀ ਨਹੀਂ ਇਹ ਹੱਕ
ਕਿ ਉਹ ਵਿਆਹ ਦੇ ਸ਼ਗਨਾਂ 'ਚ ਚੜ੍ਹ ਸਕੇ ਘੋੜੀ
ਨਾ ਹੀ ਉਹ ਲੰਘ ਸਕਦਾ ਹੈ
ਪਾ ਕੇ ਕੋਈ ਚੱਪਲ ਜੁੱਤੀ
ਠਾਕੁਰ ਦੀ ਹਵੇਲੀ ਅੱਗਿਉਂ।
ਅੱਜ ਵੀ ਬੇਬੇ ਦੀਆਂ ਧੀਆਂ ਦੀ
ਕੰਜਕਤਾ ਦੀ ਕਰਕੇ ਚੀਰਫਾੜ
ਤੇ ਮੁਰਦਾਂ ਦੇਹਾਂ ਨੂੰ
ਟੰਗ ਦਿੱਤਾ ਜਾਂਦਾ ਹੈ ਅੰਬਾਂ ਦੇ ਨਾਲ

ਭਗਤ ਸਿੰਘ! ਬਹੁਤ ਮਜ਼ਬੂਤ ਹਨ
ਕੰਧਾਂ ਰੇਤ ਦੀਆਂ

ਵਰ੍ਹਦੀ ਅੱਗ ਵਿਚ
ਭੱਠਿਆਂ 'ਤੇ ਪਥੇਰ ਕਰਦਿਆਂ
ਸੜਕਾਂ 'ਤੇ ਲੁੱਟ ਪਾਉਂਦਿਆਂ
ਪੈਰਾਂ 'ਚ ਪਏ ਹੋਏ ਨੇ।
ਕਾਲੇ ਅੰਗੂਰਾਂ ਜਿਹਾ ਛਾਲੇ
ਮੱਥੇ 'ਚ ਠੁਕੇ ਹੋਏ ਨੇ
ਜਾਤੀ-ਸੂਚਕ ਗਾਹਲਾਂ ਦੇ ਕਿੱਲ

ਭਗਤ ਸਿੰਘ!
ਤੇਰੀ ਸ਼ਹਾਦਤ ਤੋਂ ਲੈ ਕੇ ਅੱਜ ਤੱਕ
ਬਹੁਤ ਤੰਦਰੁਸਤ ਹੋਇਆ ਹੈ
ਡਾਕਟਰੀ ਵਿਗਿਆਨ
ਪਰ ਨਹੀਂ ਕਰ ਸਕਿਆ ਉਹ
ਵਿਵਸਥਾ ਨੂੰ ਲੱਗੀ
ਇਸ ਤਪਦਿਕ ਦਾ ਇਲਾਜ
ਭਗਤ ਸਿੰਘ! ਮੁਆਫ਼ ਕਰਨਾ
ਭਲਾ ਤੈਨੂੰ ਇਹ ਸਭ ਦੱਸ ਕੇ
ਮੈਂ ਕਿਉਂ ਕਰ ਰਿਹਾ
ਤੇਰੀ ਰੂਹ ਨੂੰ ਬੇਆਰਾਮ?
ਇਸ ਹਨ੍ਹੇਰੀ ਸੁਰੰਗ ਨੂੰ
ਪਾਰ ਕਰਨ ਲਈ ਤਾਂ
ਪਹਿਨ ਕੇ ਅੱਗ ਦਾ ਲਿਬਾਸ
ਖੁਦ ਨੂੰ ਹੀ ਬਣਨਾ ਪੈਣਾ ਬਲਦੀ ਮਿਸ਼ਾਲ
• • •

## ਔਰਤ ਹਾਂ

ਔਰਤਾਂ ਹਾਂ,
ਪਹਿਲੀ ਰਾਤ ਨੂੰ
ਪਤੀ ਦੇ ਕਦਮਾਂ 'ਚ ਤਨ-ਮਨ ਦੀ
ਸ਼ੁੱਧਤਾ, ਪਾਕੀਜ਼ਗੀ, ਤਾਜ਼ਗੀ ਨੂੰ
ਅਰਪਣ ਕਰਨਾ ਹੈ,
ਫਿਰ ਉਸ ਦੀ ਗੋਦ 'ਚ ਬੈਠ
ਉਸਦੇ ਇਸ਼ਕੀਆ-ਕਿੱਸਿਆਂ ਦਾ
ਹੁੰਗਾਰਾ ਭਰਨਾ ਹੈ।

ਔਰਤ ਹਾਂ, ਅੱਗ ਹਾਂ
ਸਾਰਾ-ਸਾਰਾ ਦਿਨ ਪਰਿਵਾਰ ਲਈ
ਚੁੱਲ੍ਹੇ 'ਚ ਮੱਠੀ-ਮੱਠੀ ਬਲਣਾ ਹੈ
ਤੇ ਸ਼ਾਮ ਢਲਦਿਆਂ ਹੀ
ਸਾਈਂ ਲਈ ਸੇਜ 'ਤੇ ਪੁੱਜ
ਅੰਗਿਆਰ ਬਣ ਦਹਿਕਣਾ ਹੈ।

ਔਰਤ ਹਾਂ, ਬਾਰਿਸ਼ ਹਾਂ
ਘਰ ਦੇ ਹਰੇਕ ਜੀਅ ਲਈ
ਸਦਾ ਖਿੜੇ ਮੱਥੇ
ਠੰਡੀ ਫੁਆਰ ਬਣਨਾ ਹੈ
ਤੇ ਇਕਾਂਤ ਦੀ ਬੁੱਕਲ ਮਾਰ
ਦੀਦਿਆਂ 'ਚੋਂ ਕੋਸੇ ਹੰਝੂ
ਬਣ ਬਰਸਣਾ ਹੈ।

ਔਰਤ ਹਾਂ, ਨਦੀ ਹਾਂ
ਘਰ ਅਤੇ ਸਮਾਜ ਦੇ
ਦੋਵਾਂ ਕਿਨਾਰਿਆਂ ਵਿਚਕਾਰ
ਚੁੱਪ-ਚਾਪ ਨੀਵੀਂ ਪਾ ਕੇ
ਵਗਣਾ ਹੈ,
ਤੇ ਕਦੇ ਵੀ ਸਿਰ ਉਠਾ ਕੇ
ਚੌਗਿਰਦੇ ਵੱਲ ਨਹੀਂ ਤੱਕਣਾ ਹੈ।

ਔਰਤ ਹਾਂ, ਸੜਕ ਹਾਂ
ਆਪਣਿਆਂ ਜਾਇਆਂ ਨੂੰ
ਮੰਜ਼ਿਲ-ਏ-ਮਕਸੂਦ ਤੱਕ
ਪਹੁੰਚਣ ਲਈ ਸੜਕ ਬਣਨਾ ਹੈ,
ਪਰ ਬਾਅਦ 'ਚ ਆਪਣਾ ਜੀਵਨ
ਖੱਡਿਆਂ-ਟੋਇਆਂ ਦੀ
ਜੂਨ 'ਚ ਹੰਢਾਣਾ ਹੈ।

ਔਰਤ ਹਾਂ,
ਕਿਉਂਕਿ ਮੈਂ ਇਕ ਔਰਤ ਹਾਂ।
• • •

## ਜ਼ਬਰ-ਜਿਨਾਹ ਕਾਂਡ ਤੇ ਮੈਂ

ਰਾਜਧਾਨੀ ਵਿਚ ਹੋਏ
ਜ਼ਬਰ-ਜਿਨਾਹ ਕਾਂਡ ਵਿਚ
ਦੋਸ਼ੀ ਪੰਜ ਹੀ ਨਹੀਂ
ਮੇਰਾ ਅਸਤਿਤਵ ਵੀ ਸ਼ਾਮਲ ਸੀ।
ਤੁਸੀਂ ਚੌਂਕੇ ਨਾ, ਮੈਂ ਸਿੱਧ ਕਰਦਾਂ...

ਕਿਸ਼ੋਰ ਅਵਸਥਾ 'ਚ ਹੀ ਬੱਸਾਂ ਵਿਚ
ਸਹਿਪਾਠਣਾ ਨਾਲ ਮੈਂ ਖਹਿਕੇ ਲੰਘਦਾ,
ਝੋਨਾ ਲਾਉਂਦੀਆਂ ਕਾਮੀਆਂ
ਦੇ ਗਮਲਿਆਂ ਵੱਲ
ਕਾਮੀ ਨਜ਼ਰਾਂ ਦਾ ਪੰਜਾ ਵਧਾਉਂਦਾ,
ਪਤਨੀ ਨਾਲ ਤੁਰਦਿਆਂ ਕੋਲੋਂ ਲੰਘਦੀ
ਕੁੜੀ ਨੂੰ
ਬੰਬ ਦਾ ਬਿੰਬ ਦਿੰਦਾ,
ਪੋਚੇ ਲਾਉਂਦੀ 'ਕੰਮ ਵਾਲੀ'
ਨੂੰ ਮੇਰਾ ਟੀਰ ਤਾੜਦਾ,
ਗੁਆਂਢੀਆਂ ਦੀ ਪਿੰਕੀ ਨੂੰ ਗੁੱਡਾ ਆਖਦਾ
ਇਕੱਲੀ ਮਿਲੇ ਤਾਂ ਉਸ ਵਿਚੋਂ ਹਾਣ ਭਾਲਦਾ,
ਦਫ਼ਤਰ 'ਚ ਸਹਿਕਰਮਣ
ਅੱਗੇ ਕਬੂਤਰ ਵਾਂਗ ਗੁਟਕਦਾ,
ਦੋਸ਼ੀਆਂ ਅਤੇ ਮੇਰੀ ਸੋਚ 'ਚ ਫੈਲੀ
ਕਾਮੁਕ ਅਰਾਜਕਤਾ ਦਾ
ਸਫ਼ਰ ਸਮਾਨੰਤਰ ਚੱਲਦਾ,
ਅਗਲਾ ਕਰਮ ਨਤੀਜਨ,
ਵਹਿਸ਼ੀਆਨਾ ਕਾਰਾ ਹੈ

ਫਿਰ ਮੈਂ ਵੀ ਤਾਂ ਗੁਨਾਹ ਦਾ
ਭਾਗੀਦਾਰ ਹੋਇਆ
ਸੋ ਸਜ਼ਾ ਦਾ ਕੁਝ ਹਿੱਸਾ
ਮੇਰੇ ਲਈ ਵੀ ਰਾਖਵਾਂ ਹੋਵੇ।
• • •

## ਉਹ ਚਾਹੇ ਤਾਂ...

ਉਹ ਚਾਹੇ ਤਾਂ ਤਪਦੇ ਸੂਰਜ ਨੂੰ
ਬਰਫ਼ ਦਾ ਗੋਲਾ ਬਣਾ ਦੇਵੇ
ਉਹ ਚਾਹੇ ਤਾਂ ਮਾਰੂਥਲ ਵਿਚ
ਸੁਨਾਮੀ ਲਿਆ ਦੇਵੇ।

ਉਹ ਚਾਹੇ ਤਾਂ ਪੈਰੋਂ ਆਰੀ ਨੂੰ
ਹਿਮਾਲਿਆ 'ਤੇ ਚੜ੍ਹਾ ਦੇਵੇ
ਉਹ ਚਾਹੇ ਤਾਂ ਜੋਤ-ਹੀਣ ਨੂੰ
ਤ੍ਰਿਲੋਕੀ ਦੇ ਦੀਦਾਰ ਕਰਵਾ ਦੇਵੇ
ਪਰ ਉਸ ਦੇ ਨਾਂ 'ਤੇ ਜਦੋਂ
ਫਸਾਦ ਹੋ ਰਹੇ ਹੋਣ
ਬਾਲਾਂ ਤੇ ਵਡੇਰਿਆਂ ਨੂੰ
ਛੁਰਿਆਂ ਨਾਲ ਕੋਹਿਆ ਜਾ ਰਿਹਾ ਹੋਵੇ
ਚੌਦਾਂ ਆਸਤਿਕ ਦਰਿੰਦੇ
ਚੌਦਾਂ ਵਰ੍ਹਿਆਂ ਦੀ ਬਾਲੜੀ ਦੇ
ਮਾਸ ਦੇ ਬੁਰਕ ਭਰ ਰਹੇ ਹੋਣ
ਬੱਸ ਉਦੋਂ ਉਹ ਬੇਬੱਸ ਹੁੰਦਾ ਹੈ।
• • •

## ਦੀਵਾਲੀ ਏਦਾਂ ਮਨਾਈਏ

ਆਓ ਇਸ ਵਾਰ ਦੀਵਾਲੀ ਨੂੰ
ਆਪਾਂ ਦੀਵੇ ਬਨ੍ਹੇਰਿਆਂ ਦੀ ਥਾਂ
ਆਪਣੇ ਮਨਾਂ 'ਚ ਬਾਲੀਏ
ਕਲੀਆਂ, ਰੰਗ, ਰੋਗਨ ਦੀਵਾਰਾਂ ਦੀ ਥਾਂ
ਆਪਣੀ ਧੁਆਖੀ ਗਈ ਸੋਚ ਉਤੇ ਕਰੀਏ
ਤੇ ਸ਼ੱਕ, ਨਫ਼ਰਤ, ਦਹਿਸ਼ਤ, ਕੱਟੜਤਾ
ਦੇ ਸਾਰੇ ਜਾਲੇ ਲਾਹ ਦੇਈਏ
ਆਓ ਇਸ ਵਾਰ ਕਾਲੀ ਰੁੱਤ ਦੀ ਸਾਜ਼ਿਸ਼
ਤਹਿਤ ਮਾਰੀ ਗਈ ਮਨੁੱਖਤਾ ਦਾ
ਵਹੀਆਂ ਲੈ ਕੇ ਹਿਸਾਬ-ਕਿਤਾਬ ਕਰੀਏ
ਆਤਸ਼ਬਾਜ਼ੀਆਂ ਅਸਮਾਨ ਦੀ ਬਜਾਏ
ਕਾਲੇ ਮੂੰਹ ਵਾਲੇ ਅਤੀਤ ਵੱਲ ਛੱਡੀਏ
ਹੱਟੀਆਂ ਦੇ ਸਾਰੇ ਬੰਬ ਪਟਾਖੇ
ਫਿਰਕੂ ਦੈਂਤ ਦੇ ਜਿਸਮ 'ਤੇ ਬੰਨ੍ਹ ਚੌਕ 'ਚ
ਅੱਗ ਲਾ ਦਈਏ
ਸਾਰੇ ਹਥਿਆਰ ਖੋਹ ਕੇ
ਹਰ ਹੱਥ 'ਚ ਉਲਫਤ ਦੀਆਂ
ਫੁਲਝੜੀਆਂ ਫੜਾ ਦੇਈਏ
ਤਾਂ ਕਿ ਮੁੜ ਕਦੇ
ਕਿਸੇ ਮੰਦਰ 'ਤੇ ਹਮਲਾ ਨਾ ਹੋਵੇ
ਕੋਈ ਮਸਜਿਦ ਨਾ ਢਹੇ
ਕਿਸੀ ਦਰਗਾਹ ਦੁਆਲੇ ਘੇਰਾ ਨਾ ਪਵੇ।
• • •

## ਖਤਰਾ

ਭੁੱਖ ਮਰੀ ਦੀ ਗੱਲ
ਨਾ ਕਰੋ।
ਮਹਾਂਮਾਰੀ ਦੀ ਗੱਲ
ਨਾ ਕਰੋ।
ਬੇਰੁਜ਼ਗਾਰੀ ਦੀ ਗੱਲ
ਨਾ ਕਰੋ।
ਜਦੋਂ ਧਰਮ ਨੂੰ
ਖਤਰਾ ਹੋਵੇ ਤਾਂ
ਰੋਟੀ,
ਬੀਮਾਰੀ,
ਨੌਕਰੀ ਵਰਗੇ ਸ਼ਬਦਾਂ ਦੀ
ਕੋਈ ਅਹਿਮੀਅਤ
ਨਹੀਂ ਰਹਿੰਦੀ।
• • •
ਬੰਦ ਕਰੋ
ਰੱਤੀ ਰਾਮਾ!
'ਆਪਣੀ ਚਾਹ ਦੀ ਦੁਕਾਨ ਬੰਦ ਕਰ'
ਹਜੂਮ ਵਿਚੋਂ ਜਨੂੰਨ ਕੜਕਿਆ।

'ਹਜ਼ੂਰ! ਮੈਂ ਟੱਬਰਦਾਰ ਹਾਂ,
ਸ਼ਾਹਾਂ ਦਾ ਕਰਜ਼ਦਾਰ ਹਾਂ।
ਸਾਰਾ ਦਿਨ ਭੱਠੀ ਵਿਚ
ਕੋਲਿਆਂ ਦੀ ਥਾਂ ਆਪ ਜਲਦਾ ਹਾਂ,
ਤਾਂ ਕਿਤੇ ਸ਼ਾਮ ਨੂੰ ਘਰ
ਮੇਰੇ ਚੁੱਲ੍ਹਾ ਬਲਦਾ ਹੈ।

'ਚੁੱਪ ਕਰ ਜਾਹ,
ਨਾ ਕਰ ਬਹਿਸ।
ਨਾਲੇ ਦੇ ਤੂੰ ਸਾਨੂੰ ਚੰਦਾ,
ਅਸੀਂ ਲਿਆਉਣਾ ਹੈ-
ਕੁਝ ਅਸਲਾ,
ਧਰਮ ਨੂੰ ਜਦੋਂ ਹੋਵੇ ਖਤਰਾ
ਫਿੱਕਾ ਪੈ ਜਾਂਦਾ ਹੈ ਹਰ ਮਸਲਾ।'

ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ,
ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ 403-455-4220
ਟੋਰਾਂਟੋ : ਹਰਬੰਸ ਸਿੰਘ 416-817-7142
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਸੰਘਰਸ਼ ਸ਼ੀਲ ਲੋਕ ਜਮਹੂਰੀ ਹੱਕਾਂ ਲਈ ਸਦਾ ਲੜਦੇ ਰਹਿਣਗੇ, ਸਾਨੂੰ ਹਮੇਸ਼ਾ ਆਸ਼ਾਵਾਦੀ ਰਹਿਣਾ ਚਾਹੀਦੈ : ਬੂਟਾ ਸਿੰਘ

## *ਭਾਰਤ ਵਿਚ ਜਮਹੂਰੀ ਅਧਿਕਾਰਾਂ ਦੀ ਮੌਜੂਦਾ ਸਥਿਤੀ ਬਾਰੇ ਵਿਨੀਪੈਗ (ਕੈਨੇਡਾ) 'ਚ ਕਰਵਾਇਆ ਸੈਮੀਨਾਰ*

ਵਿਨੀਪੈਗ , (ਅਮਰਜੀਤ ਢਿੱਲੋਂ) : ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿਨੀਪੈਗ (ਕੈਨੇਡਾ) ਵਲੋਂ ਭਾਰਤ ਵਿਚ ਜਮਹੂਰੀ ਅਧਿਕਾਰਾਂ ਦੀ ਮੌਜੂਦਾ ਸਥਿਤੀ ਬਾਰੇ ਸੈਮੀਨਾਰ ਕਰਵਾਇਆ ਗਿਆ। ਸਰ ਵਿਲੀਅਮ ਸਟਿਫਨਸਨ ਲਾਇਬ੍ਰੇਰੀ ਵਿਨੀਪੈਗ ਵਿਖੇ ਕਰਵਾਏ ਇਸ ਸੈਮੀਨਾਰ ਦੇ ਮੁੱਖ ਬੁਲਾਰੇ ਪੰਜਾਬ ਦੇ ਉਘੇ ਬੁੱਧੀਜੀਵੀ ਅਤੇ ਅਨੁਵਾਦਕ ਸਾਥੀ ਬੂਟਾ ਸਿੰਘ ਸਨ। ਸਟੇਜ ਸਕੱਤਰ ਦੇ ਫਰਜ਼ ਨਿਭਾਉਂਦਿਆਂ ਮੰਗਤ ਸਹੋਤਾ ਨੇ ਸਭ ਤੋਂ ਪਹਿਲਾਂ ਜਸਵੀਰ ਮੰਗੂਵਾਲ ਨੂੰ ਕਵਿਤਾ ਪੜ੍ਹਣ ਦਾ ਸੱਦਾ ਦਿੱਤਾ। ਜਸਵੀਰ ਕੌਰ ਨੇ ਆਪਣੀ ਬਹੁਤ ਹੀ ਭਾਵਪੂਰਤ ਕਵਿਤਾ 'ਧਾਰਮਿਕ ਜਨੂੰਨੀਆਂ ਦੇ ਨਾਮ' ਪੜ੍ਹੀ। ਇਸ ਤੋਂ ਬਾਦ ਜਸਦੇਵ ਸਿੰਘ ਲਲਤੋਂ ਵਲੋਂ ਕਵਿਤਾ ਪੜ੍ਹਣ ਤੋਂ ਬੂਟਾ ਸਿੰਘ ਵਲੋਂ ਅਨੁਵਾਦਤ ਤੀਸਤਾ ਸੀਤਲਵਾੜ ਦੀ ਪੁਸਤਕ 'ਸੰਵਿਧਾਨ ਕਾ ਜ਼ਾਂਬਾਜ਼ ਮੁਹਾਫਿਜ਼' ਰਿਲੀਜ਼ ਕੀਤੀ ਗਈ। ਆਪਣੇ ਮੁਖ ਭਾਸ਼ਣ ਦੀ ਸ਼ੁਰੂਆਤ ਕਰਦਿਆਂ ਸਾਥੀ ਬੂਟਾ ਸਿੰਘ ਨੇ ਜੌਹਨ ਕੁਰਨ ਦੀਆਂ ਇਹਨਾਂ ਲਾਈਨਾਂ ਦਾ ਹਵਾਲਾ ਦਿੰਦਿਆਂ ਕਿਹਾ ਕਿ 'ਕੁਦਰਤ ਨੇ ਮਨੁੱਖ ਨੂੰ ਇਕੋ ਇਕ ਸ਼ਰਤ 'ਤੇ ਆਜ਼ਾਦੀ ਦਿਤੀ ਹੈ, ਉਹ ਹੈ ਸਦਾ ਲਈ ਚੇਤੰਨਤਾ। ਜੇ ਇਹ ਟੁੱਟ ਗਈ, ਤਾਂ ਗੁਲਾਮੀ ਦੀਆਂ ਜ਼ੰਜੀਰਾਂ ਏਸ ਗੁਨਾਹ ਦੀ ਸਜ਼ਾ ਹੋਣਗੀਆਂ।' ਸੋ ਸਾਡਾ ਅਜਿਹੇ ਸਮਾਗਮ ਕਰਵਾਉਣ ਦਾ ਮਕਸਦ ਆਜਾਦੀ ਦੀ ਇਸ ਚੇਤੰਨਤਾ ਨੂੰ ਸਦਾ ਸਦਾ ਲਈ ਕਾਇਮ ਰੱਖਣ ਦਾ ਜਤਨ ਹੈ। ਸਾਡੇ ਪੰਜਾਬੀ ਦੇ ਇਨਕਲਾਬੀ ਸ਼ਾਇਰ ਲਾਲ ਸਿੰਘ ਦਿਲ ਨੇ ਕਿਹਾ ਹੈ ਕਿ ' ਜੋ ਲੜਣਾ ਨਹੀਂ ਜਾਣਦੇ, ਜੋ ਲੜਣਾ ਨਹੀਂ ਚਾਹੁੰਦੇ, ਉਹ ਅਕਸਰ ਗੁਲਾਮ ਬਣਾ ਲਏ ਜਾਂਦੇ ਹਨ।' ਅੱਜ ਭਾਰਤ ਵਿਚ ਮਿਥਿਹਾਸਕ ਕਾਲ ਦਾ ਪੁਰਾਣਾ ਸਮਾਂ ਦੁਹਰਾ ਕੇ ਇਤਿਹਾਸ ਦੇ ਪਹੀਏ ਨੂੰ ਪੁੱਠਾ ਗੇੜਾ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਆਰ ਐਸ ਐਸ (ਰਾਸ਼ਟਰੀ ਸਵਿਯਮ ਸੇਵਕ ਸੰਘ) ਅਤਿ ਪਿਛਾਖੜੀ ਗਰੁੱਪ ਹੈ, ਭਾਜਪਾ ਤਾਂ ਸਿਰਫ ਇਸਦਾ ਮੁਖੌਟਾ ਹੈ, ਅਸਲ 'ਚ ਇਸ ਸਮੇਂ ਨੀਤੀਆਂ ਆਰ ਐਸ ਐਸ ਦੀਆਂ ਹੀ ਚਲ ਰਹੀਆਂ ਹਨ ਜੋ ਭਾਰਤ ਨੂੰ ਹਿੰਦੂਤਵ ਦੇ ਨਾਹਰੇ ਹੇਠ ਵੰਡਣਾ ਚਾਹੁੰਦੇ ਹਨ। ਸੰਘ ਹਮੇਸ਼ਾ ਚਾਹੁੰਦਾ ਹੈ ਕਿ ਭਾਰਤ ਇਕ ਹਿੰਦੂ ਰਾਸ਼ਟਰ ਬਣੇ ਇਸ ਵਿਚ ਮੁਸਲਮਾਨਾ ਅਤੇ ਇਸਾਈਆਂ ਆਦਿ ਲਈ ਕੋਈ ਥਾਂ ਨਾ ਹੋਵੇ। ਮੁਸਲਮਾਨਾਂ ਅਤੇ ਇਸਾਈਆਂ ਤੋਂ ਬਾਦ ਸੰਘ ਦੇ ਤੀਜੇ ਦੁਸ਼ਮਣ ਕਮਿਊਨਿਸਟ ਹਨ। ਸੰਘ ਜੋ ਕਿ ਬਾਹਰੋਂ ਆਏ ਆਰੀਅਨ ਧਾੜਵੀਆਂ ਦਾ ਹੀ ਰੂਪ ਹੈ ਹਮੇਸ਼ਾ ਮੂਲ ਭਾਰਤੀ ਦਰਾਵੜਾਂ ਅਤੇ ਦੂਸਰੀਆਂ ਕੌਮਾਂ ਨੂੰ ਜਾਤ ਪਾਤ ਅਤੇ ਧਰਮਾਂ ਦੇ ਨਾਮ 'ਤੇ ਲੜਾ ਕੇ ਰਾਜ ਕਰਦਾ ਰਿਹਾ ਹੈ। ਇਹ ਭਾਰਤੀ ਸੰਵਿਧਾਨ ਦੀ ਬਜਾਏ ਆਪਣੇ ਗਰੰਥ 'ਮਨੂੰ ਸਮਿਰਤੀ' ਨੂੰ ਹੀ ਆਪਣਾ ਸੰਵਿਧਾਨ ਸਮਝਦੇ ਹਨ। ਇਸ ਮਨੂਸਿਮਰਤੀ ਵਿਚ ਦਲਿਤਾਂ ਅਤੇ ਔਰਤਾਂ ਦੇ ਖਿਲਾਫ ਰੱਜ ਕੇ ਭੰਡੀ ਪਰਚਾਰ ਕੀਤਾ ਗਿਆ ਹੈ। ਭਾਰਤ ਦੇ ਪਛੜੇਵੇਂ ਦਾ ਮੁਖ ਕਾਰਨ ਹੀ ਇਹ ਜਾਤ ਵਰਣ ਵਾਲੇ ਅਤੇ ਅੰਧ ਵਿਸ਼ਵਾਸੀ ਗ੍ਰੰਥ ਹਨ। ਇਹਨਾਂ ਗ੍ਰੰਥਾਂ ਦੇ ਅਧਾਰ 'ਤੇ ਹੀ ਇਹ ਲੋਕ ਝੂਠ ਦਰ ਝੂਠ ਬੋਲ ਰਹੇ ਹਨ ਕਿ ਭਾਰਤ ਵਿਚ ਇਕ ਲੱਖ ਸਾਲ ਪਹਿਲਾਂ ਜਹਾਜ ਚਲਦੇ ਸਨ। ਉਹਨਾਂ ਕਿਹਾ ਕਿ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਮਨੁੱਖੀ ਸੱਭਿਅਤਾ ਦੀ ਉਮਰ ਅਜੇ ਸਿਰਫ ਦਸ ਹਜਾਰ ਸਾਲ ਦੇ ਕਰੀਬ ਹੈ। ਦੁਨੀਆਂ ਦੇ ਵਿਗਿਆਨ 'ਚ ਭਾਰਤੀਆਂ ਦਾ ਕੋਈ ਯੋਗਦਾਨ ਨਹੀਂ। ਪਰ ਇਹ ਪਿਛਾਖੜੀ ਪਾਰਟੀਆਂ ਅਤੇ ਸੰਘ ਪਰਿਵਾਰ ਵਿਗਿਆਨ ਰਾਹੀਂ, ਵਿਗਿਆਨ ਦੀ ਨਿੰਦਿਆ ਕਰ ਕੇ ਅੰਧ ਵਿਸ਼ਵਾਸ਼ ਦਾ ਹਨੇਰਾ ਕਾਇਮ ਰੱਖਣਾ ਚਾਹੁੰਦੇ ਹਨ। ਇਸ ਅੰਧ ਵਿਸ਼ਵਾਸ਼ ਕਾਰਨ ਭਾਰਤ ਦੋ ਹਜਾਰ ਸਾਲ ਤੱਕ ਗੁਲਾਮ ਰਿਹਾ ਅਤੇ ਅੱਜ ਵੀ ਜ਼ਿਹਨੀਅਤ ਭਾਰਤੀਆਂ 'ਤੇ ਭਾਰੂ ਹੈ।



ਵਿਨੀਪੈਗ 10-2 ਵਿਚ ਸਾਥੀ ਬੂਟਾ ਸਿੰਘ ਵਿਨੀਪੈਗ ਵਿਖੇ ਸਰੋਤਿਆਂ ਨੂੰ ਸੰਬੋਧਨ ਕਰਦੇ ਹੋਏ। ਫੋਟੋ: ਅਮਰਜੀਤ ਢਿੱਲੋਂ-431 336 6656

ਭਾਜਪਾ ਦੇ ਮੋਦੀ ਵੀਰ ਸਾਵਰਕਾਰ ਬਾਰੇ ਬੂਟਾ ਸਿੰਘ ਨੇ ਕਿਹਾ ਕਿ ਉਹ ਅੰਗਰੇਜ਼ਾਂ ਦਾ ਪਿੱਠੂ ਸੀ ਅਤੇ ਅੰਗਰੇਜੀ ਰਾਜ ਸਮੇਂ ਅਕਸਰ ਕਿਹਾ ਕਰਦਾ ਸੀ ਕਿ ਹਿੰਦੂਆਂ ਨੂੰ ਅੰਗਰੇਜਾਂ ਦੇ ਖਿਲਾਫ ਲੜਣ ਦੀ ਥਾਂ ਆਪਣੀ ਤਾਕਤ ਬਚਾ ਕੇ ਰੱਖਣੀ ਚਾਹੀਦੀ ਹੈ ਤਾਂ ਕਿ ਅੰਗਰੇਜਾਂ ਦੇ ਜਾਣ ਤੋਂ ਬਾਦ ਮੁਸਲਮਾਨਾਂ, ਇਸਾਈਆਂ ਅਤੇ ਕਮਿਊਨਿਸਟਾਂ ਦੇ ਖਿਲਾਫ ਲੜਣ ਲਈ ਵਰਤੀ ਜਾ ਸਕੇ। ਇਸ ਤੋਂ ਇਲਾਵਾ ਔਰਤਾਂ ਦਾ ਜਿਨਸੀ ਸ਼ੋਸ਼ਣ ਵੀ ਇਹਨਾਂ ਦਾ ਸਿਆਸੀ ਏਜੰਡਾ ਹੈ। ਉਹ ਕਹਿੰਦੇ ਹਨ ਕਿ ਸ਼ਿਵਾ ਜੀ ਵਰਗਿਆਂ ਨੇ ਕਬਜੇ 'ਚ ਆਈਆਂ ਮੁਸਲਿਮ ਔਰਤਾਂ ਨਾਲ ਬਲਾਤਕਾਰ ਨਾ ਕਰਕੇ ਬਹੁਤ ਮਾੜਾ ਕੀਤਾ। ਉਹ ਚਾਹੁੰਦੇ ਹਨ ਕਿ ਮੁਸਲਿਮ ਔਰਤਾਂ ਨਾਲ ਵੱਧ ਤੋਂ ਵੱਧ ਬਲਾਤਕਾਰ ਕੀਤੇ ਜਾਣ। ਭਾਰਤ ਵਿਚ ਕਠੂਆਂ ਅਤੇ ਉਨ੍ਹਾਵਾ ਵਰਗੀਆਂ ਘਟਨਾਵਾਂ ਸੰਘ ਪਰਿਵਾਰ ਦੀ ਸੋਚੀ ਸਮਝੀ ਚਾਲ ਦਾ ਹੀ ਹਿੱਸਾ ਹਨ। ਆਸਾ ਰਾਮ ਵਰਗੇ ਬਲਾਤਕਾਰੀ ਬਾਬੇ ਇਹਨਾਂ ਦੀ ਛਤਰ ਛਾਇਆ ਹੇਠ ਪਲਦੇ ਰਹੇ ਹਨ। ਉਹਨਾਂ ਕਿਹਾ ਕਿ 1947 ਤੋਂ ਲੈ ਕੇ ਹੁਣ ਤੱਕ ਭਾਰਤੀ ਹਾਕਮਾਂ (ਸਟੇਟ) ਵਲੋਂ ਅੰਦਰੂਨ ਸੁਰੱਖਿਆ ਦੇ ਨਾ 'ਤੇ ਫੌਜ ਅਤੇ ਸੁਰੱਖਿਆ ਏਜੰਸੀਆਂ ਦਾ ਦੁਰਉਪਯੋਗ ਕੀਤਾ ਜਾ ਰਿਹਾ ਹੈ। ਸਰਕਾਰਾਂ ਬਦਲਣ ਨਾਲ ਕੋਈ ਫਰਕ ਨਹੀਂ ਪੈਂਦਾ (ਸਾਡੀ ਧੌਣ 'ਤੇ ਪੰਜਾ ਹੈ ਸਦਾ ਰਹਿੰਦਾ, ਕਾਂਗਰਸ ਆਈ ਹੋਵੇ ਭਾਵੇਂ ਗਈ ਹੋਵੇ।) ਬੰਗਾਲੀ ਇਨਕਲਾਬੀਆਂ ਦੇ ਖਿਲਾਫ ਈਸਟ ਇੰਡੀਆ ਕੰਪਨੀ ਨੇ ਜਿਹੜੀਆਂ ਦੇਸ਼ ਧਰੋਹ ਦੀਆਂ ਧਾਰਾਵਾਂ ਲਾਈਆਂ ਸਨ, ਅੱਜ ਵੀ ਉਹਨਾਂ ਦੀ ਹੀ ਵਰਤੋਂ ਕੀਤੀ ਜਾ ਰਹੀ ਹੈ, ਸਗੋਂ ਇਹਨਾਂ ਨੂੰ ਹੋਰ ਵੀ ਖਤਰਨਾਕ ਬਣਾ ਦਿਤਾ ਗਿਆ ਹੈ। 1992 ਤੋਂ ਲੈਕੇ ਹੁਣ ਤੱਕ ਕਾਰਪੋਰੇਟ ਕੰਪਨੀਆਂ ਦੀ ਰਾਖੀ ਅਤੇ ਉਹਨਾਂ ਲਈ ਜ਼ਮੀਨ 'ਤੇ ਕਬਜੇ ਕਰਵਾਉਣ ਲਈ ਸੰਵਿਧਾਨ ਵਿਚ ਅਨੇਕਾਂ ਸੋਧਾਂ ਕੀਤੀਆਂ ਗਈਆਂ ਹਨ। ਜਿਸ ਕਾਰਪੋਰੇਟ ਜਗਤ ਦੀ ਬਦੌਲਤ ਮੋਦੀ ਵਰਗੇ ਪਰਧਾਨ ਮੰਤਰੀ ਬਣਦੇ, ਇਹ ਉਸੇ ਦੀ ਕਠਪੁਤਲੀ ਬਣਕੇ ਹੀ ਉਹ ਆਪਣਾ ਕੰਮ ਕਰਦੇ ਹਨ। ਮੋਦੀ ਅਤੇ ਮਨਮੋਹਨ ਸਿੰਘ 'ਚ ਸਿਰਫ ਇਹ ਹੀ ਫਰਕ ਹੈ ਕਿ ਮਨਮੋਹਨ ਸਿੰਘ ਕੋਲ ਹਿੰਦੂਤਵ ਦਾ ਨਾਹਰਾ ਨਹੀਂ ਸੀ, ਬਾਕੀ ਨੀਤੀਆਂ ਦੋਵਾਂ ਦੀਆਂ ਸਾਰੀਆਂ ਇਕੋ ਹੀ ਹਨ। ਉਹਨਾਂ ਕਿਹਾ ਕਿ ਭਾਰਤ ਦੇ 15 ਕਰੋੜ ਆਦਿਵਾਸੀ ਆਪਣੇ ਜਲ, ਜੰਗਲ, ਜ਼ਮੀਨ ਦੀ ਰਾਖੀ ਲਈ ਆਪਾ ਵਾਰੂ ਲੜਾਈ ਲੜ ਰਹੇ ਹਨ। ਇਹਨਾਂ ਨੂੰ ਦਬਾਉਣ ਲਈ 70 ਹਜ਼ਾਰ ਕਰੋੜ ਰੁਪੈ ਭਾਰਤੀ ਦੀ ਅੰਦਰੂਨੀ ਸੁਰੱਖਿਆ ਦੇ ਨਾਮ ਹੇਠ ਹਰ ਸਾਲ ਖਰਚ ਕੀਤੇ ਜਾ ਰਹੇ ਹਨ। 80% ਅਪਾਹਜ ਪ੍ਰੋ: ਸਾਈਂ ਬਾਬਾ ਵਰਗੇ ਵਿਅਕਤੀਆਂ ਨੂੰ ਉਮਰ ਕੈਦ ਕਰਕੇ ਜੇਲ੍ਹਾਂ 'ਚ ਸੁੱਟ ਦਿੱਤਾ ਗਿਆ ਹੈ ਤਾਂ ਕਿ ਆਦਿ ਵਾਸੀਆਂ ਦੇ ਹੱਕ 'ਚ ਆਵਾਜ ਬੁਲੰਦ ਨਾ ਕਰ ਸਕਣ। ਦੂਜੇ ਪਾਸੇ ਸਰਕਾਰ 'ਚ ਮੁੱਖ ਮੰਤਰੀ ਬਣੇ ਯੋਗੀ ਅਦਿਤਆ ਵਰਗੇ ਆਪਣੇ ਖਿਲਾਫ ਹੋਏ ਕੇਸ ਖੁਦ ਹੀ ਵਾਪਸ ਕਰਵਾ ਰਹੇ ਹਨ। ਉਹਨਾਂ ਕਿਹਾ ਕਿ ਡਾ: ਅੰਬੇਦਕਰ ਨੇ ਵੀ ਸੰਵਿਧਾਨ ਬਣਾਉਣ ਤੋਂ ਬਾਦ ਜਦ ਦੇਖਿਆ ਕਿ ਇਹ ਸੰਵਿਧਾਨ ਦਲਿਤਾਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਰਾਖੀ ਕਰਨ 'ਚ ਅਸਮਰੱਥ ਹੈ ਤਾਂ ਉਹਨਾਂ ਕਿਹਾ ਸੀ ਕਿ ਇਹ ਸੰਵਿਧਾਨ ਹੁਣ ਕਿਸੇ ਕੰਮ ਦਾ ਨਹੀਂ ਰਿਹਾ। ਉਹਨਾਂ ਨਹਿਰੂ ਦੀ ਕੈਬਨਿਟ 'ਚੋਂ ਅਸਤੀਫਾ ਦੇ ਕੇ ਇਸ ਸੰਵਿਧਾਨ ਨੂੰ ਅੱਗ ਲਾਉਣ ਦਾ ਐਲਾਨ ਕਰ ਦਿੱਤਾ ਸੀ। ਆਕਸੀਜਨ ਦੀ ਘਾਟ ਨਾਲ ਮਰ ਰਹੇ ਬੱਚਿਆਂ ਨੂੰ ਬਚਾਉਣ ਵਾਲੇ ਉਤਰ ਪਰਦੇਸ਼ ਦੇ ਡਾ: ਕਫੀਲ ਨੂੰ ਸਿਰਫ ਇਸ ਲਈ ਜੇਲ੍ਹ 'ਚ ਸੁੱਟ ਦਿਤਾ ਗਿਆ ਕਿਉਂਕਿ ਉਹ ਮੁਸਲਮਾਨ ਸੀ।

ਭਾਰਤ ਦੇ ਮੀਡੀਆ ਬਾਰੇ ਉਹਨਾਂ ਕਿਹਾ ਕਿ ਇਹ ਪੂਰੀ ਤਰ੍ਹਾਂ ਕਾਰਪੋਰੇਟ ਜਗਤ ਦੇ ਅਧੀਨ ਹੈ ਅਤੇ ਇਸਦਾ ਚਿਹਰਾ ਕਦੇ ਵੀ ਲੋਕ ਪੱਖੀ ਨਹੀਂ ਹੋ ਸਕਦਾ। ਇਕ ਕਾਰਪੋਰੇਟ ਘਰਾਣਾ 27 ਟੀ ਵੀ ਚੈਨਲਾਂ ਦਾ ਮਾਲਕ ਹੈ। ਇੰਨਾਂ ਕੁਝ ਹੋਣ ਦੇ ਬਾਵਜੂਦ ਅਸੀਂ ਆਸ਼ਾਵਾਦੀ ਹਾਂ। ਪਰਿਵਰਤਣ ਕੁਦਰਤ ਦਾ ਨਿਯਮ ਹੈ। ਇਹ ਕਾਲੇ ਬੱਦਲ ਸਦਾ ਨਹੀਂ ਰਹਿ ਸਕਦੇ। ਜਿੱਤ ਅਖੀਰ ਸੰਘਰਸ਼ੀਲ ਲੋਕਾਂ ਦੀ ਹੀ ਹੋਵੇਗੀ। ਕੈਨੇਡਾ ਅਮਰੀਕਾ ਆਦਿ ਦੇਸ਼ਾਂ 'ਚ ਬੈਠੇ ਅਗਾਂਹਵਧੂ ਸੋਚ ਵਾਲੇ ਭਾਰਤੀ (ਪੰਜਾਬੀ) ਜੋ ਇਸ ਤਰਾਂ ਦੇ ਸੰਵਾਦ ਰਚਾਉਂਦੇ ਹਨ, ਉਹ ਵਧਾਈ ਦੇ ਪਾਤਰ ਹਨ ਅਤੇ ਅਜਾਦੀ ਦੀ ਚੇਤੰਨਤਾ ਦੀ ਜੋਤ ਜਗਾਉਣ 'ਚ ਅਹਿਮ ਰੋਲ ਕਰ ਰਹੇ ਹਨ। ਉਹਨਾਂ ਕਿਹਾ ਕਿ ਅਮਰੀਕਾ-ਕੈਨੇਡਾ ਦੀ ਇਸ ਧਰਤੀ 'ਤੇ ਅਜਾਦੀ ਦੀ ਚਿਣਗ ਲਾਉਣ ਵਾਲੇ ਗਦਰੀ ਬਾਬਿਆਂ ਤੇ ਗਦਰੀ ਸੂਰਬੀਰਾਂ ਦੇ ਤੁਸੀਂ ਸੱਚੇ ਵਾਰਸ ਹੋ। ਇਸ ਮੌਕੇ ਜਮਹੂਰੀ ਹੱਕਾਂ ਦੇ ਅਲੰਬਰਦਾਰ ਮਦੀਹਾ ਗੌਹਰ ਅਤੇ ਜਸਟਿਸ ਰਜਿੰਦਰ ਸੱਚਰ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਥੇ ਔਰਤਾਂ ਦੇ ਜਿਨਸੀ ਸ਼ੋਸ਼ਣ ਰੋਕਣ ,ਕਠੂਆ -ਉਨ੍ਹਾਵਾ ਵਰਗੀਆਂ ਬਲਾਤਕਾਰ ਦੀਆਂ ਘਟਨਾਵਾਂ ਦੀ ਨਿਖੇਧੀ ਅਤੇ ਪ੍ਰੋ: ਸਾਈਂ ਬਾਬਾ ਨੂੰ ਰਿਹਾ ਕਰਨ ਦੇ ਮਤੇ ਪੇਸ਼ ਕੀਤੇ ਗਏ ,ਜਿਹਨਾਂ ਨੂੰ ਸਾਰੇ ਹਾਜਰ ਸਰੋਤਿਆਂ ਨੇ ਹੱਥ ਖੜ੍ਹੇ ਕਰਦੇ ਪ੍ਰਵਾਨਗੀ ਦਿੱਤੀ। ਇਸ ਮੌਕੇ ਸਾਥੀ ਬੂਟਾ ਸਿੰਘ ਵਲੋਂ ਸਾਰੇ ਹਾਜਰ ਸਰੋਤਿਆਂ ਦੇ ਜਵਾਬ ਵੀ ਦਿੱਤੇ ਗਏ। ਇਸ ਮੌਕੇ ਅਗਾਂਹਵਧੂ ਪੁਸਤਕਾਂ ਦਾ ਸਟਾਲ ਵੀ ਲਾਇਆ ਗਿਆ, ਜਿਸ ਵਿਚ ਤੀਸਤਾ ਸੀਤਲਵਾੜਨ ਦੀ ਪੁਸਤਕ ਸੰਵਿਧਾਨ ਕਾ ਜ਼ਾਂਬਾਜ਼ ਮੁਹਾਫਿਜ ਤੋਂ ਇਲਾਵਾ ਅਮਰਜੀਤ ਢਿੱਲੋਂ ਦਬੜ੍ਹੀਖਾਨਾ ਦੀ ਪੁਸਤਕ 'ਜਿਥੇ ਦੁਨੀਆਂ ਮੁਕਦੀ ਹੈ' ਵੀ ਰੱਖੀ ਗਈ। ਅਖੀਰ ਵਿਚ ਜਗਮੋਹਣ ਢੁੱਡੀ ਕੇ ਵਲੋਂ ਬੂਟਾ ਸਿੰਘ ਅਤੇ ਸਾਰੇ ਹਾਜਰੀਨ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਮੁਖਤਿਆਰ ਸਿੰਘ ਢੁੱਡੀ ਕੇ, ਬਲਜੀਤ ਸਿੰਘ ਸਿੱਧੂ, ਕਮਲ, ਜਸਵਿੰਦਰ ਕੌਰ, ਹਰਨੇਕ ਧਾਲੀਵਾਲ, ਐਮ ਪੀ ਸਿੰਘ, ਯੋਗ ਰਾਹੀ ਗੁਪਤਾ, ਬੀਰਬਲ ਭਦੌੜ, ਦਰਸ਼ਨ ਸਿੰਘ ਵਾਂਦਰ, ਡਾ. ਜਸਵਿੰਦਰ ਸਿੰਘ ਕਮਲ, ਹਰਿੰਦਰ ਗਿੱਲ ਚੂਹੜਚੱਕ (ਮੋਗਾ), ਅਮਰਜੀਤ ਸਿੰਘ ਨਥਾਣਾ ਅਤੇ 60 ਦੇ ਕਰੀਬ ਹੋਰ ਪਤਵੰਤੇ ਹਾਜ਼ਰ ਸਨ।


# ਸੰਤਾਂ, ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਨੂੰ ਚੁਣੌਤੀ





ਇਹ ਚੁਣੌਤੀ ਹੇਠ ਲਿਖੀਆਂ ਸ਼ਰਤਾਂ ਨਾਲ ਲਾਗੂ ਹੋਵੇਗੀ

ਮਾਸਟਰ ਭਜਨ ਸਿੰਘ : 403-455-4220, ਪ੍ਰੋ. ਗੋਪਾਲ ਕਾਉਂਕੇ : 403-970-3588



ਜਗਦੇਵ ਸਿੰਘ ਸਿੱਧੂ
403-351-1136

# ਕੈਨੇਡਾ ਦੀਆਂ ਮੁਆਫ਼ੀਆਂ-1





ਇਸਨੂੰ ਮਨੁੱਖੀ ਫ਼ਿਤਰਤ ਕਹਿ ਲਓ ਜਾਂ ਇਤਿਹਾਸਕ ਕਰਤੂਤਾਂ ਕਿ ਸਮੇਂ ਦੇ ਜਰਵਾਣੇ ਜਾਂ ਹਾਕਮ ਆਪਣੇ ਤੋਂ ਕਮਜ਼ੋਰਾਂ ਅਤੇ ਆਮ ਜਨਤਾ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਧੱਕੇਸ਼ਾਹੀ, ਬੇਇਨਸਾਫ਼ੀ ਅਤੇ ਜ਼ੁਲਮ ਭਰਿਆ ਵਤੀਰਾ ਕਰਦੇ ਆਏ ਹਨ। ਯੁੱਗ ਪਲਟਦੇ ਹਨ, ਤਖਤੋ ਤਾਜ਼ ਮਿਟਦੇ ਹਨ, ਆਮ ਲੋਕ ਜਾਗਦੇ ਹਨ, ਉਨ੍ਹਾਂ ਅੰਦਰ ਰੋਹ ਉੱਸਲ-ਵੱਟੇ ਲੈਂਦਾ ਹੈ। ਉਹ ਸਮੇਂ ਦੇ ਹਾਕਮਾਂ ਤੋਂ ਹਿਸਾਬ ਮੰਗਦਾ ਹੈ ਅਤੇ ਉਹ ਇਸ ਰੋਹ ਨੂੰ ਠੰਢਾ ਕਰਨ ਵਾਸਤੇ ਵਾਹ ਲੱਗਦੀ ਕੋਈ ਨਾ ਕੋਈ ਢੰਗ ਅਖ਼ਤਿਆਰ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ। ਭਾਵੇਂ ਇਹ ਵਰਤਾਰਾ ਵੱਖੋ-ਵੱਖ ਮੁਲਕਾਂ ਅੰਦਰ ਵੱਖੋ-ਵੱਖਰੇ ਰੂਪਾਂ ਵਿੱਚ ਜਾਹਰ ਹੁੰਦਾ ਹੈ ਪਰ ਕੈਨੇਡਾ ਵਿੱਚ ਖਾਸ ਕਰਕੇ ਇਸਦਾ ਇੱਕ ਆਪਣਾ ਹੀ ਅੰਦਾਜ਼ ਹੈ ਤੇ ਉਹ ਹੈ 'ਮੁਆਫ਼ੀਨਾਮੇ'।

ਕਿਸੇ ਧੱਕੇਸ਼ਾਹੀ ਜਾਂ ਕੀਤੀ ਗਈ ਜ਼ਾਲਮਾਨਾ ਕਾਰਵਾਈ ਲਈ ਪਿੱਛੋਂ ਆ ਕੇ ਕਿਸੇ ਸਰਕਾਰ ਦੁਆਰਾ ਮੁਆਫ਼ੀ ਮੰਗਣ ਦਾ ਮਤਲਬ ਤਾਂ ਇਹੋ ਹੋ ਸਕਦਾ ਹੈ ਕਿ ਉਹ ਮੰਨਦੀ ਹੈ ਕਿ ਧੱਕੇਸ਼ਾਹੀ, ਬੇਇਨਸਾਫ਼ੀ ਕੀਤੀ ਗਈ ਸੀ। ਇਹ ਇੱਕ ਜ਼ਖ਼ਮਾਂ 'ਤੇ ਮੱਲ੍ਹਮ ਲਾਉਣ ਵਾਲੀ ਕਾਰਵਾਈ ਵੀ ਹੋ ਸਕਦੀ ਹੈ। ਪੀੜ੍ਹਤ ਵਰਗ ਦੇ ਪੀੜ੍ਹੀਆਂ ਤੋਂ ਪਨਪ ਰਹੇ ਰੋਹ ਨੂੰ ਸ਼ਾਂਤ ਕਰਨ ਦਾ ਯਤਨ ਵੀ ਹੋ ਸਕਦੀ ਹੈ। ਸਿਰਫ਼ ਮੁਆਫ਼ੀ ਹੀ ਕਾਫ਼ੀ ਨਹੀਂ ਹੁੰਦੀ ਸਗੋਂ ਸੰਬੰਧਤ ਪੀੜਤ ਵਰਗ ਨਾਲ ਹੋਈ ਬੇਇਨਸਾਫ਼ੀ ਵਜੋਂ ਝੱਲੇ ਗਏ ਨੁਕਸਾਨ ਦੀ ਪੂਰਤੀ ਵੀ ਕਰਨੀ ਜ਼ਰੂਰੀ ਹੈ। ਨਾਲ ਹੀ ਇਹ ਵਚਨਬੱਧਤਾ ਵੀ ਹੋਣੀ ਚਾਹੀਦੀ ਹੈ ਕਿ ਅੱਗੇ ਤੋਂ ਕੋਈ ਸਰਕਾਰ ਜਨਤਾ ਦੇ ਕਿਸੇ ਵਰਗ ਨਾਲ ਕਿਸੇ ਵੀ ਤਰ੍ਹਾਂ ਦਾ ਬੇਇਨਸਾਫ਼ੀ ਭਰਿਆ ਅਣ-ਮਨੁੱਖੀ ਵਰਤਾਰਾ ਨਹੀਂ ਕਰੇਗੀ।

ਇਸਨੂੰ ਮਨੁੱਖੀ ਫਿਤਰਤ ਕਹਿ ਲਓ ਜਾਂ ਇਤਿਹਾਸਕ ਕਰਤਤੂਾਂ ਕਿ ਸਮੇਂ ਦੇ ਜਰਵਾਣੇ ਜਾਂ ਹਾਕਮ ਆਪਣੇ ਤੋਂ ਕਮਜ਼ੋਰਾਂ ਅਤੇ ਆਮ ਜਨਤਾ ਨਾਲ ਕਿਸੇ ਨਾ ਕਿਸੇ ਰੂਪ ਵਿੱਚ ਧੱਕੇਸ਼ਾਹੀ ਬੇਇਨਸਾਫ਼ੀ ਅਤੇ ਜ਼ੁਲਮ ਭਰਿਆ ਵਤੀਰਾ ਕਰਦੇ ਆਏ ਹਨ। ਯੁੱਗ ਪਲਟਦੇ ਹਨ ਤਖਤੋਂ ਵੱਟੇ ਲੈਂਦਾ ਹੈ। ਉਹ ਸਮੇਂ ਦੇ ਹਾਕਮਾਂ ਤੋਂ ਹਿਸਾਬ ਮੰਗਦਾ ਹੈ ਅਤੇ ਉਹ ਇਸ ਰੋਹ ਨੂੰ ਠੰਢਾ ਕਰਨ ਵਾਸਤੇ ਵਾਹ ਲੱਗਦੀ ਕੋਈ ਨਾ ਕੋਈ ਢੰਗ ਅਖ਼ਤਿਆਰ ਕਰਨ ਲਈ ਮਜ਼ਬੂਰ ਹੋ ਜਾਂਦੇ ਹਨ, ਭਾਵੇਂ ਇਹ ਵਰਤਾਰਾ ਵੱਖੋ ਵੱਖੋ ਮੁਲਕਾਂ ਅੰਦਰ ਵੱਖੋ-ਵੱਖਰੇ ਰੂਪਾਂ ਵਿੱਚ ਜ਼ਾਹਰ ਹੁੰਦਾ ਹੈ। ਪਰ ਕੈਨੇਡਾ ਵਿੱਚ ਖਾਸ ਕਰਕੇ ਇਸਦਾ ਇੱਕ ਆਪਣਾ ਹੀ ਅੰਦਾਜ਼ ਹੈ। ਉਹ ਹੈ 'ਮੁਆਫ਼ੀਨਾਮੇ'।

ਕਿਸੇ ਧੱਕੇਸ਼ਾਹੀ ਜਾਂ ਕੀਤੀ ਗਈ ਜ਼ਾਲਮਾਨਾ ਕਾਰਵਾਈ ਲਈ ਪਿੱਛੋਂ ਆ ਕੇ ਕਿਸੇ ਸਰਕਾਰ ਦੁਆਰਾ ਮੁਆਫ਼ੀ ਮੰਗਣ ਦਾ ਮਤਲਬ ਤਾਂ ਇਹੋ ਹੋ ਸਕਦਾ ਹੈ ਕਿ ਉਹ ਮੰਨਦੀ ਹੈ ਕਿ ਧੱਕੇਸ਼ਾਹੀ ਬੇਇਨਸਾਫ਼ੀ ਕੀਤੀ ਗਈ ਸੀ ਇਹ ਇੱਕ ਜਖਮਾਂ 'ਤੇ ਮੱਲ੍ਹਮ ਲਾਉਣ ਵਾਲੀ ਕਾਰਵਾਈ ਵੀ ਹੋ ਸਕਦੀ ਹੈ। ਪੀੜ੍ਹਤ ਵਰਗ ਦੇ ਪੀੜ੍ਹੀਆਂ ਤੋਂ ਪਨਪ ਰਹੇ ਰੋਹ ਨੂੰ ਸ਼ਾਂਤ ਕਰਨ ਦਾ ਯਤਨ ਵੀ ਹੋ ਸਕਦੀ ਹੈ। ਸਿਰਫ਼ ਮੁਆਫ਼ੀ ਹੀ ਕਾਫ਼ੀ ਨਹੀਂ ਹੁੰਦੀ ਸਗੋਂ ਸੰਬੰਧਤ ਪੀੜਤ ਵਜੋਂ ਝੱਲੇ ਗਏ ਨੁਕਸਾਨ ਦੀ ਪੂਰਤੀ ਵੀ ਕਰਨੀ ਵੀ ਜ਼ਰੂਰੀ ਹੈ। ਨਾਲ ਹੀ ਇਹ ਵਚਨਬੱਧਤਾ ਵੀ ਹੋਣੀ ਚਾਹੀਦੀ ਹੈ ਕਿ ਅੱਗੇ ਤੋਂ ਕੋਈ ਸਰਕਾਰ ਜਨਤਾ ਦੇ ਕਿਸੇ ਵਰਗ ਨਾਲ ਕਿਸੇ ਵੀ ਤਰ੍ਹਾਂ ਦਾ ਬੇਇਨਸਾਫ਼ੀ ਭਰਿਆ ਅਣ-ਮਨੁੱਖੀ ਵਰਤਾਰਾ ਨਹੀਂ ਕਰੇਗੀ। ਜਦੋਂ ਕੋਈ ਸਰਕਾਰ ਸ਼ਰੇਆਮ ਇਸ ਤਰ੍ਹਾਂ ਮੁਆਫ਼ੀ ਮੰਗਦੀ ਹੈ ਤਾਂ ਇਸਦਾ ਆਮ ਤੌਰ 'ਤੇ ਸਵਾਗਤ ਕਰਨਾ ਬਣਦਾ ਹੈ।

**ਚੀਨੀ ਮਜ਼ਦੂਰ:** 1867 ਵਿੱਚ ਕੈਨੇਡਾ ਦਾ ਫੈਡਰੇਸ਼ਨ ਵੱਲੋਂ ਹੋਂਦ ਵਿੱਚ ਆਉਣਾ ਨਵੀਂਆਂ ਸੰਭਾਵਨਾਵਾਂ ਲੈ ਕੇ ਆਇਆ। ਵਿਕਾਸ ਦੇ ਕਾਰਜ ਵਿੱਢੇ ਗਏ, ਜਿਨ੍ਹਾਂ ਵਿੱਚ ਮੁੱਖ ਤੌਰ 'ਤੇ ਕੈਨੇਡਾ ਦੇ ਦੂਰ-ਦੁਰਾਡੇ ਖੇਤਰਾਂ ਨੂੰ ਸੜਕ ਅਤੇ ਰੇਲਵੇ ਲਾਈਨ ਦੁਆਰਾ ਜੋੜਨ ਦਾ ਕੰਮ ਸੀ, ਜੋ ਪਹਿਲ ਦੇ ਤੌਰ 'ਤੇ ਲਿਆ ਗਿਆ। ਰੇਲਵੇ ਲਾਈਨ ਮੈਦਾਨੀ ਅਤੇ ਪਹਾੜੀ ਇਲਾਕਿਆਂ ਨੂੰ ਪਾਰ ਕਰਕੇ ਬਨਣੀ ਸੀ। ਥਾਂ-ਥਾਂ 'ਤੇ ਔਖੀਆਂ ਹਾਲਤਾਂ ਦਾ ਟਾਕਰਾ ਕਰਨਾ ਪੈਂਦਾ ਸੀ। ਸਾਰਾ ਕੰਮ ਹੱਥੀਂ ਕਰਨਾ ਸੀ ਕਿਉਂਕਿ ਲੋੜੀਂਦੀ ਮਸ਼ੀਨਰੀ ਉਸ ਵੇਲੇ ਤੱਕ ਵਿਕਸਿਤ ਨਹੀਂ ਸੀ ਹੋਈ। ਇਸ ਕੰਮ ਲਈ ਯੂਰਪੀਅਨ ਮਜ਼ਦੂਰ ਨਾ ਕਾਫ਼ੀ ਅਤੇ ਮਹਿੰਗੇ ਸਨ। ਪਹਿਲਾਂ-ਪਹਿਲ 1858 ਵਿੱਚ ਚੀਨੀ ਲੋਕ ਕੈਨੇਡਾ ਵਿੱਚ ਆਉਣੇ ਸ਼ੁਰੂ ਹੋਏ। ਮਗਰੋਂ 1870 ਵਿੱਚ ਰੇਲਵੇ ਦੇ ਠੇਕੇਦਾਰ ਇਨਾਂ ਨੂੰ ਮਜ਼ਦੂਰੀ ਕਰਨ ਲਈ ਲੈ ਕੇ ਆਉਣ ਲੱਗੇ ਕਿਉਂਕਿ ਇਹ ਯੂਰਪੀਅਨ ਮਜ਼ਦੂਰਾਂ ਨਾਲੋਂ ਸਸਤੇ ਪੈਂਦੇ ਸਨ। ਬਹੁਤੇ ਚੀਨੀ ਮਜ਼ਦੂਰ 1888ਵਿਆਂ ਵਿੱਚ ਆਏ ਜਦੋਂ ਬ੍ਰਿਟਿਸ਼ ਕੋਲੰਬੀਆ ਸੈਕਸ਼ਨ ਦੀ ਕੈਨੇਡੀਅਨ ਪੈਸਿਫਿਕ ਰੇਲਵੇ (ਸੀ.ਪੀ.ਆਰ) ਦਾ ਠੇਕੇਦਾਰ ਐਂਡਰਿਊ ਇਨ੍ਹਾਂ ਨੂੰ ਕਾਫ਼ੀ ਗਿਣਤੀ ਵਿੱਚ ਲੈ ਕੇ ਆਇਆ। ਰੇਲਵੇ ਦਾ ਇਹ ਹਿੱਸਾ ਜੰਗਲਾਂ, ਝੀਲਾਂ, ਪਹਾੜੀਆਂ, ਦਰਿਆਵਾਂ ਆਦਿ ਨੂੰ ਪਾਰ ਕਰਕੇ ਬਨਣਾ ਸੀ ਜਿਸ ਵਾਸਤੇ ਔਖੇ ਅਤੇ ਭਾਰੇ ਕੰਮ ਦੀ ਜ਼ਰੂਰਤ ਸੀ। ਇਹ ਕੰਮ ਕਰਨ ਲਈ ਚੀਨੀ ਮਜ਼ਦੂਰ ਢੁੱਕਵੇਂ ਅਤੇ ਸਸਤੇ ਸਾਬਤ ਹੋਏ। ਉਨ੍ਹਾਂ ਨੂੰ ਬੰਦਰਗਾਹਾਂ ਤੋਂ ਸਿੱਧੇ ਰੇਲਵੇ ਲਾਈਨ ਉੱਪਰ ਪੈਂਦੇ ਯੇਲ, ਪੋਰਟ ਮੂਡੀ ਅਤੇ ਸਵੋਨਾ ਦੇ ਕੈਂਪਾਂ ਅੰਦਰ ਲਿਜਾ ਕੇ ਤਾੜਿਆ ਗਿਆ। ਸੰਨ 1881 ਅਤੇ 1884 ਦਰਮਿਆਨ ਆਏ 15701 ਚੀਨੀ ਕਾਮਿਆਂ ਵਿੱਚੋਂ ਅੱਧਿਆਂ ਨੂੰ ਸਿੱਧੇ ਸੀ.ਪੀ. ਆਰ. ਦੇ ਮਜ਼ਦੂਰਾਂ ਵਜੋਂ ਕੰਮ 'ਤੇ ਲਿਆ ਗਿਆ ਜਦੋਂ ਕਿ ਬਾਕੀ ਦੇ ਬਹੁਤਿਆਂ ਨੂੰ ਉਸਾਰੀ ਕਰਨ ਵਾਲੀ ਸ਼ਨਾਅਤ ਵਿੱਚ ਕੰਮ 'ਤੇ ਲਿਆ ਗਿਆ। ਰੇਲ ਪਟੜੀ ਵਿਛਾਉਣ ਸਮੇਂ ਸਖ਼ਤ ਕੰਮ ਕਰਨ ਦੀਆਂ ਹਾਲਤਾਂ, ਬੇਮੇਲ ਮੌਸਮ, ਜੰਗਲਾਂ ਅਤੇ ਪਹਾੜਾਂ ਆਦਿ ਦੀਆਂ ਦੁਸ਼ਵਾਰੀਆਂ ਅਤੇ ਕਈ ਕਿਸਮ ਦੀਆਂ ਬਿਮਾਰੀਆਂ ਕਾਰਨ 600 ਚੀਨੀ ਮਜ਼ਦੂਰ ਮੌਤ ਦੇ ਮੂੰਹ ਜਾ ਪਏ। ਬ੍ਰਿਟਿਸ਼ ਕੋਲੰਬੀਆਂ ਦੇ ਸਕੀਨਾ ਰਿਵਰ ਦੀਆਂ ਮੱਛੀਆਂ ਦੀਆਂ ਡੱਬਾਬੰਦ ਕਰਨ ਵਾਲੀਆਂ ਫੈਕਟਰੀਆਂ (ਕੈਨਰੀਜ) ਵਿੱਚ ਚੀਨੀਆਂ ਨੇ ਹੀ ਮਜਦੂਰੀ ਦੀ ਘਾਟ ਪੂਰੀ ਕੀਤੀ ਸੀ। ਉਨ੍ਹਾਂ ਨੂੰ ਪੀਸ ਮੀਲ (ਪ੍ਰਤੀ ਪੈਕਟ ਦੇ ਹਿਸਾਬ) ਨਾਲ ਮਜ਼ਦੂਰੀ ਦਿੱਤੀ ਜਾਂਦੀ ਸੀ।

ਉਸ ਵੇਲੇ ਦੇ ਪ੍ਰਧਾਨ ਮੰਤਰੀ ਜੌਹਨ ਮੈਕਡਾਨਲਡ ਨੇ 1883 ਵਿੱਚ ਹਾਊਸ ਆਫ਼ ਕਾਮਨਜ ਵਿੱਚ ਕਿਹਾ ਸੀ ਕਿ ਜਦੋਂ ਤੱਕ ਹੋਰ ਮਜ਼ਦੂਰ ਨਹੀਂ ਮਿਲਦੇ ਉਦੋਂ ਤੱਕ ਚੀਨੀ ਮਜ਼ਦੂਰ ਲੈਣੇ ਠੀਕ ਹਨ ਅਤੇ ਜਦੋਂ ਹੋਰ ਮਜ਼ਦੂਰ ਮਿਲ ਜਾਣਗੇ ਤਾਂ ਇਨ੍ਹਾਂ ਨੂੰ ਹਟਾ ਲਿਆ ਜਾਏਗਾ, ਉਹੀ ਗੱਲ ਹੋਈ। ਰੇਲਵੇ ਲਾਈਨ ਦਾ ਕੰਮ ਖ਼ਤਮ ਹੋਣ ਮਗਰੋਂ 1885 ਵਿੱਚ ਚੀਨੀ ਕਾਮਿਆਂ ਦੀ ਆਮਦ ਉੱਪਰ ਪਾਬੰਦੀਆ ਲਾ ਦਿੱਤੀਆਂ। ਮੈਕਡਾਨਲਡ ਨੇ ਕੈਨੇਡਾ ਅੰਦਰ ਆਉਣ ਵਾਲੇ ਹਰੇਕ ਚੀਨੀ ਦੇ ਸਿਰ 'ਤੇ 50 ਡਾਲਰ ਦਾ ਟੈਕਸ ਜੜ ਦਿੱਤਾ। ਨਾਲ ਹੀ ਉਨ੍ਹਾਂ ਦੀ ਗਿਣਤੀ ਘਟਾ ਕੇ ਸੀਮਤ ਕਰ ਦਿੱਤੀ। ਪ੍ਰਧਾਨ ਮੰਤਰੀ ਸਰ ਵਿਲਫਰਡ ਲਾਰੀਅਰ ਨੇ ਇਹ ਟੈਕਸ ਵਧਾ ਕੇ ਇੱਕ ਸੌ ਡਾਲਰ ਪ੍ਰਤੀ ਵਿਅਕਤੀ ਕਰ ਦਿੱਤਾ। ਸੰਨ 1884 ਵਿੱਚ ਚੀਨੀ ਮੂਲ ਦੇ ਲੋਕਾਂ ਨੂੰ ਸਰਕਾਰੀ (ਕਰਾਊਨ) ਜ਼ਮੀਨਾਂ ਖਰੀਦਣ ਦੀ ਮਨਾਹੀ ਕਰ ਦਿੱਤੀ ਗਈ। 1890 ਵਿੱਚ ਉਨ੍ਹਾਂ ਨੂੰ ਸਰਕਾਰੀ ਨਿਰਮਾਣ ਅਧੀਨ ਕੰਮਾਂ 'ਤੇ ਲੈਣ ਤੋਂ ਵਰਜਿਆ ਗਿਆ। 1907 ਤੱਕ ਬ੍ਰਿਟਿਸ਼ ਕੋਲੰਬੀਆਂ ਸਰਕਾਰ ਨੇ ਚੀਨੀਆਂ (ਜਪਾਨੀਆਂ ਅਤੇ ਭਾਰਤੀਆਂ ਸਮੇਤ) ਨੂੰ ਸ਼ਹਿਰੀ ਅਧਿਕਾਰਾਂ ਤੋਂ ਵਾਂਝੇ ਕਰਕੇ ਉਨ੍ਹਾਂ ਨੂੰ ਨਗਰ ਨਿਗਮਾਂ, ਸਕੂਲ ਬੋਰਡਾਂ ਅਤੇ ਜਿਊਰੀ ਵਿੱਚ ਕੰਮ ਕਰਨ ਤੋਂ ਵਿਰਵੇ ਕਰ ਦਿੱਤਾ। ਜੁਲਾਈ 1923 ਨੂੰ ਚਾਈਨੀਜ਼ ਐਕਸਕਲੂਜ਼ਨ ਬਿੱਲ ਪਾਸ ਕਰਕੇ ਚੀਨੀ ਲੋਕਾਂ ਦਾ ਕੈਨੇਡਾ ਆਉਣਾ ਲਗਭਗ ਬੰਦ ਹੀ ਕਰ ਦਿੱਤਾ। ਸਿਰਫ਼ ਵਿਦਿਆਰਥੀ ਜਾਂ ਸਰਕਾਰੀ ਪ੍ਰਤੀਨਿਧ ਹੀ ਆ ਸਕਦੇ ਸਨ। ਗੋਰਿਆਂ ਦੁਆਰਾ ਨਸਲੀ ਭੇਦ-ਭਾਵ ਦੀ ਨੀਤੀ ਅਪਨਾਉਣ ਕਰਕੇ ਚੀਨੀਆਂ ਨੂੰ ਆਪਣੀ ਮਜ਼ਦੂਰੀ ਤੇ ਚੀਨੀ ਕਾਸ਼ਤਕਾਰਾਂ ਨੂੰ ਆਪਣੀਆਂ ਜਿਣਸਾਂ ਸਸਤੀਆਂ ਵੇਚਣੀਆ ਪਈਆਂ ਨਹੀਂ ਤਾਂ ਉਹ ਮੰਡੀ ਦੀ ਮੁਕਾਬਲੇਬਾਜ਼ੀ ਵਿੱਚ ਬਚ ਨਹੀਂ ਸਨ ਸਕਦੇ।

ਆਖ਼ਰ 1947 ਵਿੱਚ ਜੁਲਾਈ 1923 ਦਾ ਕਾਨੂੰਨ ਰੱਦ ਕਰ ਦਿੱਤਾ ਗਿਆ। ਸੂਬਾਈ ਅਤੇ ਫੈਡਰਲ ਸਰਕਾਰਾਂ ਨੇ ਚੀਨੀ ਮੂਲ ਦੇ ਕੈਨੇਡੀਅਨ ਲੋਕਾਂ ਤੋਂ ਜਨਤਕ ਮੁਆਫੀਆਂ ਮੰਗ ਲਈਆਂ ।

**ਅਫ਼ਰੀਕ ਵਿੱਲ:** ਜਦੋਂ ਯੂਰਪੀਅਨ ਲੋਕ ਅਮਰੀਕਾ ਦੀਆਂ ਤੇਰਾਂ ਕਾਲੋਨੀਆਂ ਵਿੱਚ ਆਏ ਤਾਂ ਅਫ਼ਰੀਕਾ ਤੋਂ ਗੁਲਾਮਾਂ ਨੂੰ ਲੈ ਕੇ ਆਏ ਜਿਨ੍ਹਾਂ ਤੋਂ ਖੇਤਾਂ ਅਤੇ ਹੋਰ ਧੰਦਿਆਂ 'ਚ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ ਸੀ।

ਜਦੋਂ 1776 ਵਿੱਚ ਇਨ੍ਹਾਂ ਕਾਲੋਨੀਆਂ ਨੇ ਬਰਤਾਨਵੀ ਸਰਕਾਰ ਤੋਂ ਬਗਾਵਤ ਕਰਕੇ ਵੱਖ ਫੈਡਰੇਸ਼ਨ ਬਣਾ ਲਈ ਤਾਂ ਬਰਤਾਨਵੀ ਫੌਜਾਂ ਨਾਲ ਇਨ੍ਹਾਂ ਦੀ ਲੜਾਈ ਚੱਲਦੀ ਰਹੀ। 17 ਅਕਤੂਬਰ 1781 ਨੂੰ ਬਰਤਾਨਵੀ ਜਨਰਲ ਲਾਰਡ ਕਾਰਨਵਾਲਿਸ ਨੇ ਯਾਰਕ ਟਾਊਨ (ਵਰਜੀਨੀਆ) ਦੇ ਸਥਾਨ 'ਤੇ ਜਨਰਲ ਜਾਰਜ਼ ਵਾਸ਼ਿੰਗਟਨ ਅੱਗੇ ਆਤਮ ਸਮਰਪਣ ਕਰ ਦਿੱਤਾ ਅਤੇ ਲੜਾਈ ਖ਼ਤਮ ਹੋ ਗਈ। ਇਸ ਤਰ੍ਹਾਂ ਕਾਲੋਨੀਆਂ ਦੀ ਫੈਡਰੇਸ਼ਨ ਵਜੋਂ ਸੰਯੁਕਤ ਰਾਜ ਅਮਰੀਕਾ ਹੋਂਦ ਵਿੱਚ ਆ ਗਿਆ ਪਰ ਅਫ਼ਰੀਕਾ ਤੋਂ ਗੁਲਾਮ ਆਉਂਦੇ (ਵਿਕਦੇ) ਰਹੇ। ਕੈਨੇਡਾ ਬਰਤਾਨੀਆਂ ਦੇ ਅਧੀਨ ਕਾਲੋਨੀ ਬਣਿਆ ਰਿਹਾ। ਸੰਨ 1812 ਵਿੱਚ ਅਮਰੀਕਾ ਅਤੇ ਕੈਨੇਡਾ ਦੀ ਆਪਸੀ ਲੜਾਈ ਤੋਂ ਮਗਰੋਂ ਮੌਕਾ ਤਾੜ ਕੇ ਬਹੁਤ ਸਾਰੇ ਪਿਛਲੇ ਗੁਲਾਮ ਕੈਨੇਡਾ ਵਿੱਚ ਪ੍ਰਵੇਸ਼ ਕਰ ਗਏ। ਇਨ੍ਹਾਂ ਵਿੱਚੋਂ ਕਈਆਂ ਨੇ ਹੈਲੀਫੈਕਸ ਦੇ ਤੱਟ ਉੱਪਰ ਬੈਡਫੋਰਡ ਬੇਸਿਨ 'ਤੇ ਨਿੱਕਾ ਜਿਹਾ ਕਸਬਾ ਵਸਾ ਲਿਆ ਜਿਸਨੂੰ 'ਅਫ਼ਰੀਕ ਵਿੱਲ' ਦਾ ਨਾਂਅ ਦਿੱਤਾ ਗਿਆ।

ਇਸ ਵਿੱਚ ਲਗਭਗ ਚਾਰ ਸੌ ਵਸਨੀਕ ਸਨ। ਪ੍ਰਸ਼ਾਸ਼ਨ ਵੱਲੋਂ ਇਨ੍ਹਾਂ ਨੂੰ ਕਿਸੇ ਕਿਸਮ ਦੀਆਂ ਸਹੂਲਤਾਂ ਤਾਂ ਕੀ ਦੇਣੀਆਂ ਸਨ ਸਗੋਂ ਕੁੱਝ ਨਾਖੁਸ਼ਗਵਾਰ ਅਦਾਰੇ ਇਸ ਕਸਬੇ ਦੇ ਨਾਲ ਲੱਗਵੇਂ ਬਣਾ ਦਿੱਤੇ। ਇਹ ਸਨ 1853 ਵਿੱਚ ਰਾਕਹੀਡ ਜੇਲ੍ਹ 1858 ਵਿੱਚ ਹੈਲੀਫੈਕਸ ਦੇ ਰਸਾਇਣਕ ਖਾਦ ਦੇ ਨਿਪਟਾਰੇ ਵਾਲੇ ਟੋਏ, 1870 ਵਿਆਂ ਵਿੱਚ ਸੰਕਰਾਮਕ ਬਿਮਾਰੀਆਂ ਦਾ ਹਸਪਤਾਲ ਅਤੇ 1955 ਵਿੱਚ ਗੰਦ-ਮੰਦ ਦਾ ਖੁੱਲ੍ਹਾ ਜਮਾਵੜਾ (ਗਾਰਬੇਜ ਡੰਪ) ਅਤੇ ਇਸਨੂੰ ਬਾਲਣ ਦਾ ਢਾਂਚਾ ਵਗੈਰਾ-ਵਗੈਰਾ, ਅਜਿਹੇ ਸੰਸਥਾਨ ਤਾਂ ਜਾਨਵਰਾਂ ਦੀ ਰੱਖ ਦੇ ਨੇੜੇ ਵੀ ਨਹੀਂ ਬਣਾਏ ਜਾਂਦੇ। ਇਨ੍ਹਾਂ ਗੁਲਾਮੀ ਤੋਂ ਖਹਿੜਾ ਛੁਡਾ ਕੇ ਆਏ ਹਾਲਾਤ ਦੇ ਮਾਰੇ ਮਨੁੱਖਾਂ ਨੂੰ ਤਾਂ ਜੀਵ ਹੀ ਨਹੀਂ ਸਮਝਿਆ ਗਿਆ। ਹੈਲੀਫੈਕਸ ਦੇ ਲੋਕ ਅਤੇ ਕੌਂਸਲਰ ਆਫਰੀਕ ਵਿੱਲ ਨੂੰ ਨਸਲੀ ਨਿਗਾਹ ਤੋਂ ਇਕ ਗੰਦਗੀ ਦੀ ਬਸਤੀ (ਸਲੱਮ) ਵਜੋਂ ਵੇਖਦੇ ਸਨ ਅਤੇ ਇਨਾਂ ਲੋਕਾਂ ਨਾਲ ਘ੍ਰਿਣਾ ਕਰਦੇ ਸਨ। ਇਨ੍ਹਾਂ ਲੋਕਾਂ ਨੂੰ ਨਾ ਤਾਂ ਪਾਣੀ ਦੀ ਸਹੂਲਤ, ਨਾ ਸੀਵਰੇਜ ਦੀ, ਨਾ ਸਟਰੀਟ ਲਾਈਟ, ਨਾ ਅੱਗ ਬੁਝਾਊ ਪ੍ਰਬੰਧ ਅਤੇ ਨਾ ਹੀ ਸਿਹਤ ਅਤੇ ਪੁਲੀਸ ਸੇਵਾ ਦੀ ਸਹੂਲਤ ਵੱਲ ਕੋਈ ਧਿਆਨ ਦਿੱਤਾ ਗਿਆ। ਇਨਾਂ ਨੂੰ ਹਰ ਤਰ੍ਹਾਂ ਨਾਲ ਇਨ੍ਹਾਂ ਦੇ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ।

ਫਿਰ 1960 ਵਿੱਚ ਬਿਨਾਂ ਇਨ੍ਹਾਂ ਦੀ ਸਲਾਹ ਲਿਆਂ ਅਤੇ ਬਿਨਾਂ ਪੁੱਛਿਆਂ-ਦੱਸਿਆਂ ਇਨ੍ਹਾਂ ਬੇਸਹਾਰੇ ਵਸ਼ਿੰਦਿਆਂ ਨੂੰ ਇੱਥੋਂ ਪੱਟ ਕੇ ਹੈਲੀਫੈਕਸ ਦੀਆਂ ਵੱਖ-ਵੱਖ ਥਾਵਾਂ 'ਤੇ ਖਿੰਡਾ ਦਿੱਤਾ ਗਿਆ। ਇਨ੍ਹਾਂ ਦੇ ਅਫ਼ਰੀਕ ਵਿੱਲ ਨੂੰ ਬੁਲਡੋਜ਼ਰਾਂ ਨਾਲ ਢਾਹ ਕੇ ਮਲੀਆਮੇਟ ਕਰ ਦਿੱਤਾ ਗਿਆ। ਅਜਿਹਾ ਕਰਨ ਵੇਲੇ ਨਾ-ਮਾਤਰ ਮੁਆਵਜ਼ਾ ਵੀ ਮਸਾਂ ਦਿੱਤਾ ਗਿਆ। ਇਹ ਘਿਨਾਉਣਾ ਅਣ-ਮਨੁੱਖੀ ਵਤੀਰਾ ਕੈਨੇਡੀਅਨਾਂ ਦੇ ਮੱਥੇ 'ਤੇ ਸਦੀਵੀਂ ਕਲੰਕ ਬਣ ਕੇ ਰਹੇਗਾ।

ਸੰਨ 2002 ਵਿੱਚ ਕੈਨੇਡਾ ਦੀ ਫੈਡਰੇਸ਼ਨ ਸਰਕਾਰ ਨੇ ਅਫਰੀਕ ਵਿੱਲ ਦੇ ਕਾਲੇ ਬਾਸ਼ਿੰਦਿਆਂ ਦੇ ਉਜਾੜੇ ਲਈ ਮੁਆਫ਼ੀ ਮੰਗ ਲਈ ਅਤੇ ਅਫ਼ਰੀਕ ਵਿੱਲ ਦੀ ਜਗ੍ਹਾ ਨੂੰ ਕੌਮੀ ਇਤਿਹਾਸਕ ਯਾਦਗਾਰ ਵਜੋਂ ਮਾਨਤਾ ਦੇ ਕੇ ਸੰਭਾਲ ਲਿਆ। ਕੀ ਇਸ ਨਾਲ ਉਨ੍ਹਾਂ ਗੁਲਾਮੀ ਤੋਂ ਭੱਜੇ ਮਾਨਵਾਂ ਜਾਂ ਉਨ੍ਹਾਂ ਦੀਆਂ ਮਗਰੋਂ ਆਈਆਂ ਪੀੜ੍ਹੀਆਂ ਨੂੰ ਕੋਈ ਅਸਲੀ ਰੂਪ ਵਿੱਚ ਰਾਹਤ ਮਿਲ ਸਕਦੀ ਹੈ? ਹਾਂ ਅੱਖਾਂ ਪੂੰਝੀਆਂ ਗਈਆ ਹਨ।

**ਰਿਹਾਇਸ਼ੀ ਸਕੂਲ:** 17ਵੀਂ-18 ਵੀਂ ਸਦੀ ਵਿੱਚ ਜਿਹੜੀਆਂ ਵਪਾਰਕ ਕੰਪਨੀਆਂ ਦੇ ਕਾਰੋਬਾਰੀ ਅਤੇ ਆਬਾਦਕਾਰ ਕੈਨੇਡਾ ਦੀ ਧਰਤੀ 'ਤੇ ਆਏ ਉਹ ਆਪਣੇ ਨਾਲ ਖਾਸ ਤੌਰ 'ਤੇ ਮਸੀਹੀ ਪ੍ਰਚਾਰਕ ਲੈ ਕੇ ਆਏ। ਇਨ੍ਹਾਂ ਨੇ ਇੱਥੇ ਚਰਚ ਸਥਾਪਤ ਕਰਕੇ ਇੱਥੋਂ ਦੇ ਮੂਲ ਨਿਵਾਸੀਆਂ (ਐਬਰਿਜਨਲ) ਨੂੰ ਖਾਸ ਕਰਕੇ ਉਨ੍ਹਾਂ ਦੇ ਬੱਚਿਆਂ ਨੂੰ ਈਸਾਈ ਧਰਮ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਜਦੋਂ 1867 ਵਿੱਚ ਕੈਨੇਡਾ ਫੈਡਰੇਸ਼ਨ ਬਣ ਗਿਆ ਤਾਂ ਇਸਦੇ ਪਹਿਲੇ ਪ੍ਰਧਾਨ ਮੰਤਰੀ ਜੌਹਨ ਅਲੈਗਜ਼ੈਂਡਰ ਮੈਕਾਡਾਨਲਡ ਨੇ ਨਸਲੀ ਵਿਤਕਰੇ ਦੀ ਭਾਵਨਾ ਤਹਿਤ ਇੱਥੋਂ ਦੇ ਮੂਲ ਨਿਵਾਸੀਆਂ ਦੀ ਉੱਕਾ ਪਰਵਾਹ ਨਾ ਕਰਦਿਆਂ ਨਿਰਣਾ ਲਿਆ ਕਿ "ਇੰਡੀਅਨ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪਿਤਰੀ ਅਸਰ ਤੋਂ ਜਿੰਨਾ ਹੋ ਸਕੇ ਦੂਰ ਰੱਖਿਆ ਜਾਵੇ। ਅਜਿਹਾ ਸਿਰਫ਼ ਇੱਕੋ ਤਰੀਕੇ ਨਾਲ ਹੋ ਸਕਦਾ ਹੈ ਜੇ ਉਨ੍ਹਾਂ ਨੂੰ ਸਨਅਤੀ ਸਕੂਲਾਂ ਵਿੱਚ ਰੱਖਿਆ ਜਾਵੇ ਜਿੱਥੇ ਉਹ ਗੋਰੇ ਲੋਕਾਂ ਦੀਆਂ ਆਦਤਾਂ ਅਤੇ ਤੌਰ ਤਰੀਕੇ ਸਿੱਖ ਸਕਣਗੇ।" ਇਸ ਨੀਤੀ ਦੇ ਅਧੀਨ ਇਨ੍ਹਾਂ ਬੱਚਿਆਂ ਨੂੰ ਜ਼ਬਰਦਸਤੀ ਮਾਪਿਆ ਤੋਂ ਖੋਹ ਕੇ ਖਾਸ ਤੌਰ 'ਤੇ ਬਣਾਏ ਚਰਚ ਨਾਲ ਲੱਗਦੇ ਸਕੂਲਾਂ ਵਿੱਚ ਤਾੜਿਆ ਗਿਆ। ਇੱਥੋਂ ਉਹ ਕਿਸੇ ਪਾਸੇ ਨਹੀਂ ਸੀ ਜਾ ਸਕਦੇ। ਆਉਣ ਸਾਰ ਉਨ੍ਹਾਂ ਨੂੰ ਸਿਰਫ਼ ਅੰਗ੍ਰੇਜ਼ੀ ਵਿੱਚ ਬੋਲਣ ਦੀ ਹਦਾਇਤ ਸੀ, ਜੋ ਉਨ੍ਹਾਂ ਨੂੰ ਆਉਂਦੀ ਨਹੀਂ ਸੀ। ਨਾ ਉਹ ਆਪਣੀ ਬੋਲੀ ਵਿੱਚ ਗੱਲਾਂ ਕਰ ਸਕਦੇ ਸਨ ਅਤੇ ਨਾ ਆਪਣੇ ਗੀਤ ਗਾ ਸਕਦੇ ਸਨ। ਨਾ ਆਪਣੇ ਰਸਮ-ਰਿਵਾਜ ਅਤੇ ਸਭਿਆਚਾਰ ਬਾਰੇ ਗੱਲਾਂ ਕਰ ਸਕਦੇ ਸਨ। ਅੰਗ੍ਰੇਜ਼ੀ ਵਿੱਚ ਗੱਲਾ ਨਾ ਕਰਨ ਦੀ ਭੈੜੀ ਅਤੇ ਸਖ਼ਤ ਸਜ਼ਾ ਦਿੱਤੀ ਜਾਂਦੀ ਸੀ। ਕੁੱਝ ਸਮੇਂ ਬਾਅਦ ਉਹ ਆਪਣੀ ਬੋਲੀ ਅਤੇ ਸੱਭਿਆਚਾਰ ਭੁੱਲ ਜਾਂਦੇ ਸਨ। ਪਰ ਨਵੀਂ ਬੋਲੀ ਅੰਗ੍ਰੇਜ਼ੀ ਅਤੇ ਬਰਤਾਨਵੀ ਅਤੇ ਫਰਾਂਸੀਸੀ ਸੱਭਿਆਚਾਰ ਪੂਰੀ ਤਰ੍ਹਾਂ ਅਪਨਾਉਣ ਤੋਂ ਅਸਮਰੱਥ ਹੋ ਜਾਂਦੇ ਸਨ। ਉਹ ਆਪਣਾ ਧਰਮ ਭੁੱਲ ਕੇ ਈਸਾਈ ਧਰਮ ਸਿੱਖ ਰਹੇ ਸਨ। ਮਤਲਬ ਉਨਾਂ ਨੂੰ ਆਉਂਦਿਆ ਹੀ ਈਸਾਈ ਬਣਾ ਲਿਆ ਜਾਂਦਾ ਸੀ ਇਸ ਅਜੀਬੋ-ਗਰੀਬ ਤਾਣੇ-ਬਾਣੇ ਅੰਦਰ ਉਹ ਆਪਣਾ ਦਿਮਾਗੀ ਤਵਾਜਨ ਗੁਆਂ ਲੈਂਦੇ ਸਨ।

ਇਨ੍ਹਾਂ ਸਕੂਲਾਂ ਵਿੱਚ ਕੋਈ ਬੁਨਿਆਦੀ ਸਹੂਲਤਾਂ ਵੀ ਮੁਹੱਈਆਂ ਨਹੀਂ ਕਰਵਾਈਆਂ ਜਾਂਦੀਆਂ ਸਨ। ਬੱਚਿਆਂ ਦਾ ਜਿਨਸੀ ਸ਼ੋਸ਼ਣ ਵੀ ਕੀਤਾ ਜਾਂਦਾ ਸੀ, ਇੱਥੇ ਉਹ ਕਈ ਕਿਸਮ ਦੀਆ ਬੀਮਾਰੀਆਂ (ਜੋ ਯੂਰਪੀਅਨ ਨਾਲ ਹੀ ਲੈ ਕੇ ਆਏ ਸਨ) ਦਾ ਸ਼ਿਕਾਰ ਹੋ ਜਾਂਦੇ ਸਨ ਜਿਨ੍ਹਾਂ ਦੇ ਇਲਾਜ ਦਾ ਕੋਈ ਤਸੱਲੀਬਖਸ਼ ਪ੍ਰਬੰਧ ਨਹੀਂ ਸੀ ਹੁੰਦਾ। ਅਨੇਕਾਂ ਬੱਚੇ ਮੌਤ ਦੇ ਮੂੰਹ ਪੈ ਜਾਂਦੇ ਸਨ। ਜਿਹੜੇ ਭੱਜਣ ਦੀ ਕੋਸ਼ਿਸ਼ ਕਰਦੇ ਉਹ ਰਸਤੇ ਤੋਂ ਅਨਜਾਣ ਹੋਣ ਕਰਕੇ ਜੰਗਲਾਂ ਵਿੱਚ ਭਟਕ ਕੇ ਮਰ ਜਾਂਦੇ ਸਨ। ਇਨ੍ਹਾਂ ਨੂੰ ਸੰਤੁਲਤ ਰੱਜਵੀਂ ਖੁਰਾਕ ਵੀ ਨਹੀਂ ਸੀ ਮਿਲਦੀ। ਅੰਦਾਜ਼ਨ 30 ਤੋਂ 50 ਫ਼ੀਸਦੀ ਬੱਚੇ ਬੀਮਾਰੀ, ਕੁੱਟ-ਮਾਰ, ਕੁਪੋਸ਼ਣ ਅਤੇ ਲਾਪਰਵਾਹੀ ਕਰਕੇ ਮਰ ਜਾਂਦੇ ਸਨ।

ਅਜਿਹੇ ਰਿਹਾਇਸ਼ੀ (ਰੈਜ਼ੀਡੈਂਸ਼ੀਅਲ) ਸਕੂਲ 140 ਸਾਲ ਤੱਕ ਬਕਾਇਦਾ ਚੱਲਦੇ ਰਹੇ, ਜਿਸ ਦੌਰਾਨ ਕੋਈ ਡੇਢ ਲੱਖ ਬੱਚੇ ਧੱਕੇ ਨਾਲ ਜ਼ਬਰਦਸਤੀ ਮਾਪਿਆਂ ਤੋਂ ਖੋਹੇ ਗਏ। ਕੈਨੇਡਾ ਅੰਦਰ ਸਿਰਫ਼ ਇਹੋ ਅਜਿਹੇ ਸਕੂਲ ਸਨ, ਜਿਨ੍ਹਾਂ ਦੇ ਨਾਲ ਲੱਗਦੇ ਕਬਰਸਤਾਨ ਬਣੇ ਹੋਏ ਸਨ। ਹਜ਼ਾਰਾਂ ਦੀ ਗਿਣਤੀ ਵਿੱਚ ਬੱਚੇ ਮਰਦੇ ਰਹੇ ਜਿਨ੍ਹਾਂ ਨੂੰ ਚੁੱਪਚਾਪ ਇਨ੍ਹਾਂ ਕਬਰਸਤਾਨਾਂ ਵਿੱਚ ਦਫ਼ਨਾਇਆ ਜਾਂਦਾ ਰਿਹਾ। ਇਨ੍ਹਾਂ ਵਿੱਚੋਂ ਸੈਂਕੜੇ ਬੱਚੇ ਇਨ੍ਹਾਂ ਕਬਰਾਂ ਵਿੱਚ ਬੇਨਾਮੀ ਦੀ ਹਾਲਤ ਵਿੱਚ ਦੱਬੇ ਪਏ ਹਨ। 20ਵੀਂ ਸਦੀ ਦੇ ਸ਼ੁਰੂ ਵਿੱਚ ਦੱਖਣੀ ਅਫ਼ਰੀਕਾ ਤੋਂ ਇੱਕ ਕਮੇਟੀ ਇਨ੍ਹਾਂ ਸਕੂਲਾਂ ਨੂੰ ਵੇਖ ਕੇ ਗਈ (ਦੱਖਣੀ ਅਫ਼ਰੀਕਾ ਦੀ ਉਸ ਵੇਲੇ ਦੀ ਨਸਲਵਾਦੀ ਗੋਰੀ ਸਰਕਾਰ ਵੱਲੋਂ) ਅਤੇ ਅਜਿਹੇ ਸਕੂਲ ਦੱਖਣੀ ਅਫ਼ਰੀਕਾ ਵਿੱਚ ਖੋਲ੍ਹਣ ਦਾ ਪ੍ਰਭਾਵ ਲੈ ਕੇ ਗਈ ਜਿਸ ਸਦਕਾ ਉੱਥੇ ਨਸਲੀ ਵਿਤਕਰੇ (ਅਪਾਰਥੀਡ) ਵਿੱਚ ਹੋਰ ਵਾਧਾ ਹੋਇਆ।

ਇਨ੍ਹਾਂ ਸਕੂਲਾਂ ਦਾ ਲਗਾਤਾਰ ਵਿਰੋਧ ਹੋਣ ਕਰਕੇ ਆਖ਼ਰ 1993 ਵਿੱਚ ਐਂਗਲੀਕਨ ਚਰਚ ਨੇ ਇਸ ਅਣਮਨੁੱਖੀ ਵਰਤਾਰੇ ਲਈ ਇੱਥੋਂ ਦੇ ਮੂਲ ਨਿਵਾਸੀਆਂ ਤੋਂ ਮੁਆਫ਼ੀ ਮੰਗ ਲਈ। ਮਗਰੋਂ 1998 ਵਿੱਚ ਯੂਨਾਈਟਿਡ ਚਰਚ ਅਤੇ ਕੈਨੇਡਾ ਦੀ ਫੈਡਰਲ ਸਰਕਾਰ ਨੇ ਵੀ ਮੁਆਫ਼ੀ ਮੰਗ ਲਈ। ਮਨੁੱਖੀ ਅਧਿਕਾਰ ਟ੍ਰਿਬਿਊਨਲ ਨੇ ਆਪਣੀ ਜਨਵਰੀ 2016 ਦੀ ਰਿਪੋਰਟ ਵਿੱਚ ਖੁਲਾਸਾ ਕੀਤਾ ਹੈ ਕਿ ਇਨ੍ਹਾਂ ਦੁਰਵਿਵਹਾਰ ਵਾਲੀਆਂ ਘਟਨਾਵਾਂ ਤੋਂ ਦੋ ਤਰੀਕਿਆਂ ਨਾਲ ਬਚਾਅ ਹੋ ਸਕਦਾ ਹੈ। ਸਾਡੇ ਬੱਚਿਆਂ ਦੀ ਸਹੀ ਸੰਭਾਲ ਅਤੇ ਉਨ੍ਹਾਂ ਦੀ ਵਿੱਦਿਆ। ਆਪਣੇ ਭਾਈਚਾਰੇ ਅੰਦਰ ਰਹਿੰਦਿਆਂ ਹਰ ਤਰ੍ਹਾਂ ਦੀ ਵਿੱਦਿਆ ਪੂਰਨ ਰੂਪ ਵਿੱਚ ਗ੍ਰਹਿਣ ਕਰਨ ਦੀ ਬਰਾਬਰੀ ਭਾਵ ਬੱਚਿਆਂ ਨੂੰ ਉਨ੍ਹਾਂ ਦੀ ਆਪਣੀ ਬੋਲੀ ਵਿੱਚ ਉਨ੍ਹਾਂ ਦੇ ਆਪਣੇ ਸੱਭਿਆਚਾਰ, ਆਪਣੀ ਮਾਤ-ਭੂਮੀ ਬਾਰੇ ਪੜ੍ਹਾਈ ਕਰਾਉਣੀ। ਤਾਂ ਹੀ ਉਨ੍ਹਾਂ ਵਿੱਚ ਸਵੈ-ਭਰੋਸਾ, ਸਵੈ-ਮਾਣ ਅਤੇ ਆਪਣੇ ਭਾਈਚਾਰੇ ਦੇ ਗੌਰਵ ਦੀ ਭਾਵਨਾ ਦਾ ਜ਼ਰੂਰੀ ਅਹਿਸਾਸ ਜਾਗੇਗਾ। ਅਸੀਂ ਆਪਣੇ ਫਸਟ ਨੇਸ਼ਨ ਮੈਟਿਸ ਅਤੇ ਇਨਿਊਟ ਬੱਚਿਆਂ 'ਤੇ ਉਤਨਾ ਹੀ ਖਰਚ ਕਰਨ ਦੀ ਸ਼ੁਰੂਆਤ ਕਰੀਏ ਜਿਤਨਾ ਮੁਲਕ ਭਰ ਵਿੱਚ ਹੋਰ ਸਾਰੇ ਬੱਚਿਆਂ 'ਤੇ ਕੀਤਾ ਜਾ ਰਿਹਾ ਹੈ।

ਹੁਣ ਕੈਨੇਡਾ ਅੰਦਰ ਮੰਗ ਜ਼ੋਰ ਫੜ ਰਹੀ ਹੈ ਕਿ ਪੋਪ ਵੀ ਆਪਣੀ ਕੈਨੇਡਾ ਫੇਰੀ ਸਮੇਂ ਮੂਲ ਨਿਵਾਸੀਆਂ ਤੋਂ ਇਸ ਵਰਤਾਰੇ ਖਾਤਰ ਜਨਤਕ ਤੌਰ 'ਤੇ ਮੁਆਫ਼ੀ ਮੰਗਣ।

**ਸਿਰਾਂ ਦੇ ਮੁੱਲ:** 19 ਅਕਤੂਬਰ 1744 ਨੂੰ ਮੈਸਾਚੂਸਟ ਦੇ ਗਵਰਨਰ ਵਿਲੀਅਮ ਸ਼ਰਲੇ ਨੇ ਫੁਰਮਾਨ ਜਾਰੀ ਕਰਕੇ ਨੋਵਾ ਸਕੋਸ਼ੀਆ ਦੇ ਮਿਕਮੈਕ ਅਤੇ ਮਾਲੀਸੀਟ ਕਬੀਲਿਆਂ ਦੇ ਮੂਲ ਨਿਵਾਸੀਆਂ ਵਿਰੁੱਧ ਲੜਾਈ ਦਾ ਐਲਾਨ ਕਰ ਦਿੱਤਾ, ਤਾਂ ਜੋ ਉਹ ਅੰਗ੍ਰੇਜ਼ ਧਾੜਵੀਆਂ ਦੇ ਦੁਸ਼ਟ ਇਰਾਦਿਆਂ ਵਿੱਚ ਰੁਕਾਵਟ ਨਾ ਬਣ ਸਕਣ। ਇਸ ਫੁਰਮਾਨ ਮੁਤਾਬਕ ਇਨ੍ਹਾਂ ਮੂਲ ਨਿਵਾਸੀਆਂ ਦੇ ਸਿਰਾਂ ਦੇ ਮੁੱਲ ਇਸ ਤਰ੍ਹਾਂ ਰੱਖੇ ਗਏ, ਜਿਹੜਾ ਇਨ੍ਹਾਂ ਦੇ ਕਿਸੇ ਬਾਰਾਂ ਸਾਲ ਜਾਂ ਇਸਤੋਂ ਵਡੇਰੀ ਉਮਰ ਵਾਲੇ ਨਰ ਸਖਸ਼ ਨੂੰ ਮਾਰ ਕੇ ਉਸਦਾ ਸਿਰ ਸਬੂਤ ਵਜੋਂ ਪੇਸ਼ ਕਰੇਗਾ ਉਸਨੂੰ ਹਰੇਕ ਸਿਰ ਪਿੱਛੇ 100 ਪੌਂਡ ਮਿਲਣਗੇ, ਜਿਹੜਾ ਅਜਿਹੇ ਕਿਸੇ ਨਰ ਨੂੰ ਫੜ ਕੇ ਜ਼ਿੰਦਾ ਲਿਆਵੇਗਾ ਉਸਨੂੰ 125 ਪੌਂਡ ਮਿਲਣਗੇ, ਮੂਲ ਨਿਵਾਸੀ ਔਰਤ ਅਤੇ ਬੱਚਿਆਂ ਦੇ ਸਿਰ ਪਿੱਛੇ 50 ਪੌਂਡ, ਔਰਤਾਂ ਅਤੇ ਬੱਚਿਆਂ ਨੂੰ ਫੜ ਕੇ ਪੇਸ਼ ਕਰਨ ਵਾਲੇ ਨੂੰ 55 ਪੌਂਡ ਪ੍ਰਤੀ ਵਿਅਕਤੀ ਮਿਲਣਗੇ। ਇਹ ਔਰੰਗਜ਼ੇਬੀ ਫ਼ੁਰਮਾਨ ਬੜੀ ਬੇਰਹਿਮੀ ਨਾਲ ਲਾਗੂ ਕੀਤਾ ਗਿਆ।

1749 'ਚ ਅੰਗ੍ਰੇਜ਼ਾਂ ਨੇ ਹੈਲੀਫੈਕਸ

ਬਨਾਉਣਾ ਸ਼ੁਰੂ ਕੀਤਾ। ਬਰਤਾਨਵੀ ਪਾਰਲੀਮੈਂਟ ਨੇ ਦਾਅਵਾ ਕੀਤਾ ਕਿ ਜਾਨ ਲੈਣ ਅਤੇ ਸਿਰ ਵੱਢਣ ਦਾ ਹੱਕ ਰੱਬ ਤੇ ਕੁਦਰਤ ਨੇ ਉਨ੍ਹਾਂ ਨੂੰ ਦਿੱਤਾ ਹੈ। (ਮੈਕਸ ਦੀ ਕਿਤਾਬ ਕੈਪੀਟਲ 'ਦਾਸ ਕੈਪੀਟਲ' ਦਾ ਅੰਗ੍ਰੇਜ਼ੀ ਅਨੁਵਾਦ ਸਫ਼ਾ 916)


ਬਰਤਾਨੀਆਂ ਅਤੇ ਫਰਾਂਸ ਦੀ ਸੱਤ ਸਾਲਾ (1756-63) ਲੜਾਈ ਦੌਰਾਨ ਕੈਨੇਡੀਅਨ ਕਾਲੋਨੀਆਂ ਵਿੱਚ ਵੀ ਇਨ੍ਹਾਂ ਮੁਲਕਾਂ ਦੀਆਂ ਬਸਤੀਵਾਦੀ ਫੌਜਾਂ ਵਿਚਕਾਰ ਲੜਾਈ ਛਿੜੀ ਰਹੀ। ਇਸ ਦੀ ਲਪੇਟ ਵਿੱਚ ਇੱਥੋਂ ਦੇ ਮੂਲ ਨਿਵਾਸੀ ਐਵੇਂ ਹੀ ਵਲ੍ਹੇਟੇ ਗਏ। ਨਵੇ ਗਵਰਨਰ ਲਾਰਡ ਕਾਰਨਵਾਲਿਸ ਨੇ ਇੱਥੋਂ ਦੇ ਅਕਾਡੀਅਨ (ਹੁਣ ਦੇ ਨੋਵਾ ਸਕੋਸੀਆ ਅਤੇ ਨਿਊ ਬਰੁੰਜ਼ਵਿਕ ਦੇ ਮਿਕਮੈਕ ਮਾਲੀਸੀਟ ਆਦਿ ਲੋਕ) ਲੋਕਾਂ ਨੂੰ ਫਰਾਂਸੀਸੀਆਂ ਦੇ ਸਮਰਥਨ ਵਿੱਚ ਜਾਣ ਤੋਂ ਰੋਕਣ ਲਈ ਉਨ੍ਹਾਂ ਨੂੰ ਹੋਰ ਵੀ ਕਈ ਕਿਸਮ ਦੇ ਤਸੀਹੇ ਦਿੱਤੇ। ਸੰਨ 1755 ਵਿੱਚ ਉਨ੍ਹਾਂ ਨੂੰ ਬਰਤਾਨਵੀ ਬਾਦਸ਼ਾਹ ਦੇ ਵਫ਼ਾਦਾਰ ਰਹਿਣ ਦੀ ਸਹੁੰ ਚੁੱਕਣ ਲਈ ਮਜ਼ਬੂਰ ਕੀਤਾ ਗਿਆ। ਉਨ੍ਹਾਂ ਲੋਕਾਂ ਨੇ ਸਹੁੰ ਤਾਂ ਚੁੱਕੀ ਪਰ ਇਸ ਸ਼ਰਤ ਨਾਲ ਕਿ ਉਹ ਇਸ ਨਵੀਂ ਬਾਦਸ਼ਾਹਤ ਖਾਤਰ ਲੜਨ ਲਈ ਹਥਿਆਰ ਨਹੀਂ ਚੁੱਕਣਗੇ। ਉਨ੍ਹਾਂ ਦੀ ਇਸ ਨਿਰਪੱਖਤਾ ਵਾਲੀ ਹਰਕਤ ਨੂੰ ਬਾਗੀ ਕਾਰਵਾਈ ਗਰਦਾਨ ਕੇ ਗਵਰਨਰ ਅਤੇ ਉਸਦੀ ਕੌਂਸਲ ਨੇ ਅਕਾਡੀਅਨ ਲੋਕਾਂ ਨੂੰ ਉਨ੍ਹਾਂ ਦੀ ਹੀ ਆਪਣੀ ਜੱਦੀ-ਪੁਸ਼ਤੀ ਧਰਤੀ ਤੋਂ ਉਜਾੜ ਕੇ ਬਾਹਰ ਕੱਢਣ ਦਾ ਫੈਸਲਾ ਲਿਆ । ਇਹ ਨਸਲਕੁਸ਼ੀ ਦੀ ਕਾਰਵਾਈ ਸੀ। ਪਹਿਲੀ ਗਰਮੀ ਦੀ ਰੁੱਤੇ ਅੰਗ੍ਰੇਜ਼ ਫੌਜੀਆਂ ਨੇ ਧਰਤੀ ਦੇ ਇਨ੍ਹਾਂ ਅਸਲੀ ਮਾਲਕਾਂ ਦੇ ਅੱਠ ਹਜ਼ਾਰ ਮਰਦ, ਔਰਤਾਂ ਅਤੇ ਬੱਚਿਆਂ ਨੂੰ ਘੇਰ ਕੇ ਅਤੇ ਇਕੱਠੇ ਕਰਕੇ ਉਸ ਵੇਲੇ ਦੀਆਂ ਤੇਰਾਂ ਬਰਤਾਨਵੀ ਬਸਤੀਆਂ (ਹੁਣ ਅਮਰੀਕਾ) ਦੀਆਂ ਮੁੱਖ ਬੰਦਰਗਾਹਾਂ ਵੱਲ ਜਹਾਜ਼ਾਂ 'ਤੇ ਲੱਦ ਕੇ ਧੱਕ ਦਿੱਤਾ। ਪਿੱਛੇ ਉਨ੍ਹਾਂ ਦੇ ਘਰ -ਘਾਟ ਪਿੰਡਾਂ ਅਤੇ ਫਸਲਾਂ ਨੂੰ ਅੱਗਾਂ ਲਾ ਕੇ ਤਬਾਹ ਕਰ ਦਿੱਤਾ। ਇਸ ਸ਼ਰਮਨਾਕ ਪਾਲਿਸੀ ਨੂੰ ਬੜੀ ਦਰਿੰਦਗੀ ਨਾਲ ਅੰਜਾਮ ਦਿੱਤਾ ਗਿਆ। ਇਸ ਕਾਰਵਾਈ ਨਾਲ ਬਰਤਾਨਵੀ ਧਾੜਵੀਆਂ ਨੂੰ ਆਬਾਦ ਹੋਣ ਲਈ ਨਵੀਆਂ ਜ਼ਮੀਨਾਂ ਮੁੜ ਤੋਂ ਮੁਫ਼ਤੀ ਹਥਿਆਉਣ ਦਾ ਰਾਹ ਖੁੱਲ੍ਹ ਗਿਆ। ਅਕਾਡੀਅਨਾਂ ਦਾ ਉਜਾੜਾ ਅਤੇ ਦੇਸ਼ ਨਿਕਾਲਾ ਅਗਲੇ ਤਕਰੀਬਨ ਦਸ ਸਾਲ ਤੱਕ ਚੱਲਦਾ ਰਿਹਾ। ਘਰੋਂ ਉਜਾੜੇ ਲੋਕ ਬਸਤੀਆਂ ਦੀਆਂ ਬੰਦਰਗਾਹਾਂ ਅੰਦਰਲੇ ਵਾਸੀਆਂ ਵਿਚਕਾਰ ਅਲੋਪ ਹੋ ਗਏ ਜਿੱਥੇ ਉਨ੍ਹਾਂ ਨੂੰ ਧੱਕੇ ਨਾਲ ਭੇਜਿਆ ਗਿਆ ਸੀ। ਭੀੜ-ਭੜੱਕੇ ਵਾਲੇ ਜਹਾਜ਼ਾਂ ਵਿੱਚ ਜਿਨ੍ਹਾਂ ਰਾਹੀ ਇਨ੍ਹਾਂ ਨੂੰ ਖਿੰਡਾ ਕੇ ਭੇਜਿਆ ਜਾ ਰਿਹਾ ਸੀ, ਬੜੀ ਤੇਜ਼ੀ ਨਾਲ ਬੀਮਾਰੀ ਫੈਲ ਗਈ ਜਿਸਨੇ ਕਿੰਨੇ ਹੀ ਯਾਤਰੀਆਂ ਦੀਆਂ ਜਾਨਾਂ ਲੈ ਲਈਆਂ। ਇਨ੍ਹਾਂ ਕਾਲੋਨੀਆਂ ਦੇ ਬਹੁਤੇ ਹੁਕਮਰਾਨਾਂ ਨੇ ਬਿਮਾਰ ਅਣਚਾਹੇ, ਅਤੇ ਨਕਾਰਾ ਹੋ ਚੁੱਕੇ ਮੁਹਾਜਿਰਾਂ ਨੂੰ ਜਹਾਜ਼ਾਂ ਵਿੱਚ ਤਾੜ ਕੇ ਬਰਤਾਨੀਆ ਭੇਜ ਦਿੱਤਾ ਜਿਨ੍ਹਾਂ ਵਿੱਚੋਂ ਕੁੱਝ ਫਰਾਂਸ ਪਹੁੰਚ ਗਏ। ਸੈਂਕੜੇ ਅਕਾਡੀਅਨ ਲੁੱਕ-ਛਿਪ ਕੇ ਅੰਗ੍ਰੇਜ਼ੀ ਫੌਜ਼ਾਂ ਨਾਲ ਟੱਕਰ ਲੈਂਦੇ ਰਹੇ ਅਤੇ ਜੰਗਲਾਂ ਵਿੱਚ ਲੁੱਕ ਕੇ ਸਮਾਂ ਕੱਢਦੇ ਰਹੇ। ਬੰਦਰਗਾਹ 'ਤੇ ਤਾੜੇ ਹੋਏ ਲੋਕਾਂ ਵਿੱਚੋ ਕੁਝ ਹਿੰਮਤੀ ਲੋਕ ਸੁਰੰਗਾਂ ਬਣਾ ਕੇ ਬਚ ਨਿਕਲੇ। ਸੱਤ ਸਾਲਾ ਜੰਗ ਦੇ ਖ਼ਾਤਮੇ 'ਤੇ 1764 ਵਿੱਚ ਅਕਾਡੀਅਨਾਂ ਨੂੰ ਨੋਵਾ ਸਕੋਸ਼ੀਆ ਪਰਤਣ ਦਾ ਹੱਕ ਮਿਲ ਗਿਆ। ਕੁੱਝ ਲੋਕ ਵਾਪਸ ਆਏ ਵੀ ਪਰ ਉਨ੍ਹਾਂ ਦੇ ਘਰ ਅਤੇ ਜ਼ਮੀਨਾਂ ਅੰਗ੍ਰੇਜ਼ਾਂ ਦੇ ਕਬਜ਼ੇ ਵਿੱਚ ਸਨ। ਇਨ੍ਹਾਂ ਸਾਲਾਂ ਦੌਰਾਨ ਜੁਲਾਈ 1758 ਵਿੱਚ ਬਰਤਾਨੀਆਂ ਦੁਆਰਾ ਲੂਈਬਰਗ ਜਿੱਤਣ ਤੋ ਬਾਅਦ ਆਈਲੇਸੇਂਟ ਜੀਨ (ਹੁਣ ਪੀ.ਈ.ਆਈ) ਦੇ 6000 ਵਾਸੀ ਅਕਾਡੀਅਨਾਂ ਨੂੰ ਘੇਰ ਕੇ ਇੰਗਲੈਂਡ ਅਤੇ ਫਰਾਂਸ ਵੱਲ ਭੇਜ ਦਿੱਤਾ ਸੀ, ਜਿਸ ਦੌਰਾਨ ਇਨ੍ਹਾਂ ਦੇ ਭਰੇ ਹੋਏ ਤਿੰਨ ਜਹਾਜ਼ ਉੱਤਰੀ ਅਟਲਾਂਟਿਕ ਦੇ ਸਮੁੰਦਰੀ ਤੂਫ਼ਾਨ ਅੰਦਰ ਘਿਰ ਕੇ ਡੁੱਬ ਗਏ ਅਤੇ ਕੋਈ ਇੱਕ ਹਜ਼ਾਰ ਅਕਾਡੀਅਨਾਂ ਦੀਆਂ ਜਾਨਾਂ ਚਲੀਆ ਗਈਆਂ। ਅੱਜ ਤੋਂ ਕੋਈ 90 ਸਾਲ ਪਹਿਲਾਂ ਕੈਨੇਡੀਅਨ ਨੈਸ਼ਨਲ ਰੇਲਵੇ ਦੁਆਰਾ ਹੈਲੀਫੈਕਸ ਦੇ ਸਾਊਥ ਐਂਡ ਹੈਲੀਫੈਕਸ ਸਕੇਅਰ (ਕਾਰਨਵਾਲਿਸ ਪਾਰਕ) ਦੇ ਸਥਾਨ 'ਤੇ ਕਾਰਨਵਾਲਿਸ ਦਾ ਕਾਂਸ਼ੀ ਦਾ ਬੁੱਤ ਲਾਇਆ ਗਿਆ ਸੀ

ਇੱਥੋਂ ਦੇ ਨਿਵਾਸੀ ਮਿਕਮੈਕ ਦੇ ਲੋਕਾਂ ਵੱਲੋਂ ਇਸ ਜ਼ਾਲਮ ਦੇ ਬੁੱਤ ਦਾ ਸਮੇਂ-ਸਮੇਂ ਵਿਰੋਧ ਹੁੰਦਾ ਰਹਿੰਦਾ ਸੀ। ਅਜੇ ਪਿਛਲੇ ਸਾਲ ਇਸ ਬੁੱਤ ਦੇ ਹਟਾਉਣ ਨੂੰ ਲੈ ਕੇ ਕਈ ਝੜਪਾਂ ਵੀ ਹੋਈਆਂ ਸਨ। ਪਿਛਲੇ ਕੈਨੇਡਾ ਦਿਵਸ ਮੌਕੇ 'ਪਰਾਊਡ ਬੁਆਇਜ਼' ਨਾਂਅ ਦੇ ਸੱਜ-ਪਿਛਾਖੜੀ ਟੋਲੇ ਦੇ ਪੰਜ ਮੁੰਡਿਆਂ ਨੇ ਬੁੱਤ ਦੇ ਨੇੜੇ ਮੁਜ਼ਾਹਰਾ ਕਰ ਰਹੇ ਮਿਕਮੈਕੀਆਂ ਨਾਲ ਪੰਗਾ ਲੈ ਲਿਆ ਸੀ। ਇਸਤੋਂ ਦੋ ਹਫ਼ਤੇ ਮਗਰੋਂ ਸ਼ਹਿਰ ਦੀ ਇੱਕ ਟੋਲੀ ਦੁਆਰਾ ਬੁੱਤ ਦੇ ਦੁਆਲੇ ਕਾਲਾ ਲਿਬਾਸ ਵਲ੍ਹੇਟ ਦਿੱਤਾ ਗਿਆ ਸੀ। ਉਸ ਮੌਕੇ ਮੇਅਰ ਮਾਈਕ ਸਾਵੇਜ ਨੇ ਬੁੱਤ ਨੂੰ ਹਟਾਉਣ ਬਾਰੇ ਵਿਚਾਰ ਕਰਨ ਦਾ ਵਾਅਦਾ ਵੀ ਕੀਤਾ ਸੀ। ਜਦੋਂ ਇਸ ਮਸਲੇ ਬਾਰੇ ਨੋਵਾ ਸਕੌਸ਼ੀਆ ਦੀ ਅਸੈਂਬਲੀ, ਸਿਟੀ ਕੌਂਸਲ ਅਤੇ ਮਿਕਮੈਕ ਮੁਖੀਆਂ ਦਰਮਿਆਨ ਕੋਈ ਸਹਿਮਤੀ ਨਾ ਬਣ ਸਕੀ ਅਤੇ ਗੱਲਬਾਤ ਟੁੱਟ ਗਈ ਤਾਂ ਮਿਕਮੈਕ ਮੁਖੀਆਂ (ਚੀਫ਼) ਨੇ 26 ਜਨਵਰੀ 2018 ਨੂੰ ਇਹ ਬੁੱਤ ਹਟਾਉਣ ਦਾ ਹੋਕਾ ਦੇ ਦਿੱਤਾ। ਤਿੰਨ ਦਿਨ ਮਗਰੋਂ ਸਿਟੀ ਕੌਂਸਲ ਦੇ ਏਜੰਡੇ 'ਚ ਬੁੱਤ ਨੂੰ ਹਟਾਉਣ ਦੀ ਐਮਰਜੈਂਸੀ ਮੱਦ ਸ਼ਾਮਲ ਕਰ ਲਈ ਗਈ। ਮੇਅਰ ਨੇ ਇਸਦੇ ਪੱਖ ਵਿੱਚ ਕਿਹਾ ਕਿ ਇਹ ਬੁੱਤ ਮਿਕਮੈਕ ਭਾਈਚਾਰੇ ਨਾਲ ਸਤਿਕਾਰ ਪੂਰਨ ਅਤੇ ਸਦੀਵੀਂ ਰਿਸ਼ਤਾ ਬਨਾਉਣ ਲਈ ਹੋ ਰਹੀ ਤਰੱਕੀ ਦੇ ਰਾਹ ਵਿੱਚ ਅੜਿੱਕਾ ਬਣ ਰਿਹਾ ਹੈ।

30 ਜਨਵਰੀ 2018 ਨੂੰ ਹੈਲੀਫੈਕਸ ਰੀਜ਼ਨਲ ਕੌਂਸਲ ਨੇ 12-4 ਦੀ ਵੋਟ ਨਾਲ ਇਸ ਬੁੱਤ ਨੂੰ ਹਟਾਉਣ ਦਾ ਫੈਸਲਾ ਲੈ ਹੀ ਲਿਆ। ਅਗਲੇ ਦਿਨ ਛੈਣੀਆਂ ਅਤੇ ਆਰੀਆਂ ਨਾਲ ਬੁੱਤ ਦੇ ਹੇਠੋਂ ਥੜ੍ਹੇ ਨੂੰ ਵੱਖ ਕੀਤਾ ਗਿਆ। ਇੱਕ ਕਰੇਨ ਦੁਆਰਾ ਜਦੋਂ ਬੁੱਤ ਨੂੰ ਥੜ੍ਹੇ ਤੋਂ ਚੁੱਕਿਆ ਗਿਆ ਤਾਂ ਉੱਥੇ ਹਾਜ਼ਰ ਚਾਲੀ ਕੁ ਲੋਕਾਂ ਦੀਆਂ ਤਾੜੀਆਂ ਅਤੇ ਕਿਲਕਾਰੀਆਂ ਮਿਕਮੈਕੀਆਂ ਦੇ ਪੁਨਰ ਗੌਰਵ ਦੀ ਝਲਕ ਪੇਸ਼ ਕਰ ਰਹੀਆਂ ਸਨ। ਹਰੇ ਰੰਗ ਦੇ ਲਪੇਟਣ ਵਿੱਚ ਢਕਿਆ ਇਹ ਬੁੱਤ ਇੱਕ ਟਰੱਕ ਵਿੱਚ ਲੱਦ ਕੇ ਕਿਸੇ ਅਣ ਦੱਸੀ ਥਾਂ 'ਤੇ ਪੁਹੰਚਾ ਦਿੱਤਾ। ਉਸ ਥਾਂ 'ਤੇ ਸਵੇਰ ਤੋਂ ਉੱਡ ਰਹੀ ਇੱਕ ਇੱਲ੍ਹ ਬੁੱਤ ਹਟਾਉਣ ਮੌਕੇ ਹੇਠਾਂ ਆ ਕੇ ਉੱਡਣ ਲੱਗੀ ਜੋ ਅਚੰਭੇਜਨਕ ਸੀ।

ਇਤਿਹਾਸਕਾਰ ਲੇਖਕ ਡੈਨੀਅਲ ਪਾਲ, ਜੋ ਤੀਹ ਸਾਲਾਂ ਤੋਂ ਬੁੱਤ ਨੂੰ ਹਟਾਉਣ ਦੀ ਵਕਾਲਤ ਕਰਦਾ ਰਿਹਾ ਸੀ, ਨੰਗਾ ਥੜ੍ਹਾ ਵੇਖਕੇ ਕਹਿ ਉੱਠਿਆ "ਆਖ਼ਰ ਨੋਵਾ ਸਕੌਸ਼ੀਆ ਨਸਲੀ ਸਬੰਧਾਂ ਦੀ ਬਿਹਤਰੀ ਵੱਲ ਅੱਗੇ ਵਧ ਰਿਹਾ ਹੈ, ਖਾਸ ਕਰਕੇ ਸਾਡੇ ਮਿਕਮੈਕ ਲੋਕਾਂ ਲਈ।" (ਸਮਾਪਤ)

## ਤੂਤੀਕੌਰਨ ਦਾ ਤਬਸਰਾ



ਨਾ ਫ਼ਾਇਰ ਮੁੱਕੇ ਨੇ
ਨਾ ਡਾਇਰ ਮੁੱਕੇ ਨੇ
ਬਣ ਸਕਦਾ ਹੈ
ਜ਼ੱਲਿਆਂਵਾਲਾ ਬਾਗ ਕਿਤੇ ਵੀ !
ਬੱਸ

ਯਾਦ ਰੱਖਿਓ !
ਕਿ ਆਜ਼ਾਦੀ ਦੀ ਲੜਾਈ
ਕਦੇ ਵੀ ਮੁੱਕਦੀ ਨਹੀਂ

ਆਜ਼ਾਦੀ.........
ਜ਼ਿੰਦਗੀ ਦਾ ਵਹਾਅ ਹੈ !
ਕੋਈ ਸੱਤਾ ਦੀ ਤਬਦੀਲੀ ਨਹੀਂ
ਜਿਥੇ ਵੀ ਵਰਜਿਤ ਨੇ
ਮੁਕਤੀ ਦੇ ਗੀਤ
ਜਿਥੇ ਵੀ ਪੁਲਸ ਸਰਵਿਸ ਨਹੀਂ
ਫੋਰਸ ਹੁੰਦੀ ਹੈ !
ਉਥੇ ਲੋਕ ਗੁਲਾਮ ਹੁੰਦੇ ਨੇ
ਆਪਣੇ ਹੀ ਦੇਸ਼ ਵਿੱਚ !

**ਸਰਬਜੀਤ ਸੋਹੀ**

# ਮਾਂ ਇੱਕ ਪਵਿੱਤਰ ਰਿਸ਼ਤਾ ਹੈ ਤੇ ਫਿਰ ਅਪਵਿੱਤਰ ਰਿਸ਼ਤਾ ਕਿਹੜਾ ਹੋਇਆ ?

**ਗੱਗਬਾਣੀ**

**ਮਾਂ ਦਿਵਸ ਤੇ ਵਿਸ਼ੇਸ਼**


ਮਾਂ ਇੱਕ ਪਵਿੱਤਰ ਰਿਸ਼ਤਾ ਹੈ। ਤੇ ਫਿਰ ਅਪਵਿੱਤਰ ਰਿਸ਼ਤਾ ਕਿਹੜਾ ਹੋਇਆ? ਹਰ ਰਿਸ਼ਤਾ ਅਪਣੇ ਆਪ ਵਿੱਚ ਮਹੱਤਵ ਰੱਖਦਾ ਹੈ ਅਤੇ ਅੱਜ ਦੇ ਦਿਨ ਨੂੰ ਮਾਂ ਦਿਵਸ ਵਜੋਂ ਮਾਨਤਾ ਮਿਲੀ ਹੋਣ ਕਾਰਣ ਅੱਜ ਇਸ ਰਿਸ਼ਤੇ ਬਾਰੇ ਗੱਲ ਕੀਤੀ ਜਾ ਰਹੀ ਹੈ। ਸਾਡੇ ਸਮਾਜ ਵਿੱਚ, ਧਰਮ-ਗ੍ਰੰਥਾਂ ਵਿੱਚ, ਸਾਹਿਤ ਅਤੇ ਸੱਭਿਆਚਾਰ ਵਿੱਚ ਮਾਂ ਦੇ ਰਿਸ਼ਤੇ ਨੂੰ ਬਹੁਤ ਮਹਾਨ ਮੰਨਿਆ ਗਿਆ ਹੈ ਜਦੋਂ ਕਿ ਮਹਾਨਤਾ ਰਿਸ਼ਤਿਆਂ ਦੀ ਮੁਹਤਾਜ ਨਹੀਂ ਹੁੰਦੀ। ਕਿਸੇ ਦੀ ਸੋਚ, ਕੰਮ, ਕੁਰਬਾਨੀ, ਜਜ਼ਬਾ ਉਸ ਨੂੰ ਮਹਾਨ ਬਣਾਉਂਦੇ ਹਨ।

ਗੁਰਬਾਣੀ ਵਿੱਚ ਲਿਖਿਆ ਹੈ ਕਿ ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨੁ। ਇਸ ਦਾ ਭਾਵ ਹੈ ਕਿ ਜਿਸ ਦੀ ਕੁੱਖੋਂ ਰਾਜਿਆਂ-ਮਹਾਰਾਜਿਆਂ ਨੇ ਜਨਮ ਲਿਆ ਹੈ, ਉਸ ਨੂੰ ਮੰਦਾ ਕਿਉਂ ਆਖਿਆ ਜਾਵੇ। ਗੁਰਬਾਣੀ ਦੀ ਇਹ ਤੁੱਕ ਇਸ ਗੱਲ ਵੱਲ੍ਹ ਵੀ ਸੰਕੇਤ ਕਰਦੀ ਹੈ ਕਿ ਗੁਰੂ ਕਾਲ ਵੇਲੇ ਵੀ ਮਾਂ ਦੀ ਗਾਲ੍ਹ ਪ੍ਰਚਲਿਤ ਸੀ ਜੋ ਅੱਜ ਵੀ ਪ੍ਰਚਲਿਤ ਹੈ। ਭਾਰਤੀ ਖਿੱਤੇ ਵਿੱਚ ਕੋਈ ਹੀ ਅਜਿਹਾ ਵਿਅਕਤੀ ਹੋਵੇਗਾ ਜਿਹੜਾ ਇਸ ਗਾਲ਼ ਬਾਰੇ ਜਾਣੂੰ ਨਾ ਹੋਵੇ। ਅੱਜ ਵੀ ਮਾਂ-ਭੈਣ ਦੀਆਂ ਗਾਲ਼ਾਂ ਬੜੀ ਸ਼ਾਨ ਨਾਲ ਕੱਢੀਆਂ ਜਾਂਦੀਆਂ ਹਨ। ਅੱਜਕਲ੍ਹ ਤਾਂ ਗਾਲ਼ਾਂ ਕੱਢਣਾ ਫੈਸ਼ਨ ਬਣ ਗਿਆ ਹੈ ਅਤੇ ਕੁੜੀਆਂ ਵੀ ਇਸ ਪੱਖੋਂ ਪਿੱਛੇ ਨਹੀਂ ਰਹਿਣਾ ਚਾਹੁੰਦੀਆਂ।

ਔਰਤ ਦੀ ਇੱਜ਼ਤ ਉਸਦੇ ਜਣਨਅੰਗਾਂ ਤੋਂ ਮਾਪੀ ਜਾਂਦੀ ਹੈ। ਉਸ ਦੀ ਪਵਿੱਤਰਤਾ ਦਾ ਪੈਮਾਨਾ ਉਸਦਾ ਕੁਆਰਪੁਣਾ ਮੰਨਿਆ ਜਾਂਦਾ ਹੈ। ਬਦਲੇ ਦੀ ਭਾਵਨਾ ਵਜੋਂ ਬਲਾਤਕਾਰ ਆਮ ਰੁਝਾਨ ਹੈ। ਖਪਤਕਾਰੀ ਯੁੱਗ ਵਿੱਚ ਦਿਵਸ ਮਨਾਉਣੇ ਆਮ ਰੁਝਾਨ ਹੈ। ਦਿਖਾਵੇ ਦਾ ਜ਼ਮਾਨਾ ਹੈ ਅਤੇ ਦਿਖਾਵੇ ਲਈ ਹੀ ਏਥੇ ਕੱਪੜੇ ਪਹਿਨੇ ਜਾਂਦੇ ਹਨ ਅਤੇ ਦਿਖਾਵੇ ਲਈ ਹੀ ਕੱਪੜੇ ਉਤਾਰੇ ਜਾਂਦੇ ਹਨ। ਦੋ ਦੋਸਤ ਆਪਸ ਵਿੱਚ ਗੱਲਬਾਤ ਕਰਦਿਆਂ ਕਈ ਵਾਰ ਸਹਿਜ ਰੂਪ ਵਿੱਚ ਮਾਂ-ਭੈਣ ਦੀ ਗਾਲ਼ ਕੱਢ ਜਾਂਦੇ ਹਨ। ਸੁਚੇਤ ਰੂਪ ਵਿੱਚ ਕੱਢੀਆਂ ਜਾਂਦੀਆਂ ਗਾਲ਼ਾਂ ਨੇ ਸਾਡੇ ਅਚੇਤ ਮਨ ਵਿੱਚ ਪੱਕੀ ਥਾਂ ਬਣਾ ਲਈ ਹੈ। ਅੱਜ ਮਾਂ ਦਿਵਸ ਤੇ ਕਿਹੜਾ ਅਜਿਹਾ ਮਾਈ ਦਾ ਲਾਲ ਹੈ ਜਿਸ ਦੇ ਮੂੰਹੋਂ ਕਦੇ ਮਾਂ ਦੀ ਗਾਲ਼ ਨਾ ਨਿਕਲੀ ਹੋਵੇ?

ਔਰਤ ਨੂੰ ਸਮਾਜ ਵਿੱਚ ਮਰਦਾਂ ਦੇ ਮੁਕਾਬਲੇ ਗੌਣ ਮੰਨਿਆ ਜਾਂਦਾ ਹੈ। ਉਸ ਦੀਆਂ ਸੰਭਾਵਨਾਵਾਂ ਵੇਖਣ ਦੀ ਬਜਾਏ ਉਸ ਦੀਆਂ ਕਮਜ਼ੋਰੀਆਂ ਉਭਾਰੀਆਂ ਜਾਂਦੀਆਂ ਹਨ। ਭਾਰਤੀ ਮਿਥਿਹਾਸਕ ਕਥਾ ਰਾਮਾਇਣ ਅਨੁਸਾਰ ਰਾਵਣ ਨੇ ਅਪਣੀ ਭੈਣ ਸਰੂਪਨਖਾ ਦੀ ਇੱਜ਼ਤ-ਹੱਤਕ ਦਾ ਬਦਲਾ ਲੈਣ ਲਈ ਸੀਤਾ ਨੂੰ ਅਗਵਾ ਕਰ ਲਿਆ। ਔਰਤ ਨੂੰ ਜਾਇਦਾਦ ਤੋਂ ਵਧਕੇ ਕੁੱਝ ਸਮਝਿਆ ਨਹੀਂ ਗਿਆ। ਸਖ਼ਤ ਤੋਂ ਸਖ਼ਤ ਕਾਨੂੰਨ ਬਣ ਜਾਣ ਦੇ ਬਾਵਜੂਦ ਔਰਤਾਂ ਖ਼ਿਲਾਫ਼ ਜ਼ੁਲਮਾਂ ਦੀਆਂ ਘਟਨਾਵਾਂ ਵਿੱਚ ਕੋਈ ਫ਼ਰਕ ਨਹੀਂ ਪਿਆ। ਔਰਤ ਦੀ ਮਾਨਸਿਕਤਾ ਅਜਿਹੀ ਬਣਾ ਦਿੱਤੀ ਗਈ ਕਿ ਉਸ ਨੂੰ ਆਜ਼ਾਦੀ, ਅਵਾਰਾਗਰਦੀ ਜਾਪਣ ਲੱਗ ਪਈ ਹੈ। ਅਜਿਹੀ ਮਾਨਸਿਕਤਾ ਦਾ ਨਤੀਜਾ ਹੈ ਕਿ ਔਰਤ ਹੀ ਔਰਤ ਦਾ ਵਿਰੋਧ ਕਰਨ ਲੱਗ ਪਈ ਹੈ। ਅਸੁਰੱਖਿਆ ਦੀ ਭਾਵਨਾ ਵਿੱਚੋਂ ਗ਼ੁਲਾਮੀ ਦੀ ਚੋਣ ਹੋਈ ਹੈ ਅਤੇ ਇਹ ਗ਼ੁਲਾਮੀ ਸਰੀਰਕ ਗ਼ੁਲਾਮੀ ਨਾ ਹੋ ਕੇ ਜ਼ਿਹਨੀ ਗ਼ੁਲਾਮੀ ਹੈ, ਜਿਸ ਤੋਂ ਨਿਜਾਤ ਪਾਉਣੀ ਅੱਜ ਔਰਤ ਲਈ ਸਭ ਤੋਂ ਵੱਡੀ ਚੁਣੌਤੀ ਹੈ।

ਕਿਸੇ ਵੀ ਧਰਮ ਵਿੱਚ ਔਰਤ ਦੀ ਆਜ਼ਾਦੀ ਦੀ ਗੱਲ ਨਹੀਂ ਕੀਤੀ ਗਈ। ਹਰ ਇੱਕ ਧਰਮ ਵਿੱਚ ਔਰਤ ਨੂੰ ਗ਼ੁਲਾਮ ਬਣਾ ਕੇ ਰੱਖਣ ਦੀ ਸਿੱਖਿਆ ਦਿੱਤੀ ਗਈ ਹੈ। ਜ਼ਿਹਨੀ ਆਜ਼ਾਦੀ ਅਤੇ ਆਰਥਿਕ ਆਜ਼ਾਦੀ ਦੀ ਗੱਲ ਤਾਂ ਬਹੁਤ ਦੂਰ, ਸਾਧਾਰਣ ਆਜ਼ਾਦੀ ਦਾ ਵੀ ਬਹੁਤੇ ਧਰਮ ਗਰੰਥਾਂ ਵਿੱਚ ਵਿਰੋਧ ਕੀਤਾ ਗਿਆ ਹੈ।



ਮਾਂ ਦੀ ਮੌਤ ਤੋਂ ਬਾਅਦ ਪਿਤਾ ਦੇ ਦੂਸਰੇ ਵਿਆਹ ਦਾ ਜਵਾਨ ਧੀਆਂ-ਪੁੱਤਰਾਂ ਵਲੋਂ ਬਹੁਤਾ ਵਿਰੋਧ ਨਹੀਂ ਹੁੰਦਾ। ਪਰ ਪਿਤਾ ਦੀ ਮੌਤ ਤੋਂ ਬਾਅਦ ਮਾਂ ਦੇ ਦੂਸਰਾ ਵਿਆਹ ਕਰਵਾਉਣ ਬਾਰੇ ਸੋਚਣਾ ਵੀ ਜ਼ੁਰਮ ਮੰਨਿਆ ਜਾਂਦਾ ਹੈ। ਪਰ ਵਿਕਸਿਤ ਮੁਲਕਾਂ ਵਿੱਚ ਏਦਾਂ ਨਹੀਂ ਹੁੰਦਾ। ਉਹਨਾਂ ਮੁਲਕਾਂ ਵਿੱਚ ਮਾਂ ਨੂੰ ਸ਼ਾਬਦਿਕ ਤੋਰ ਤੇ ਮਹਾਨ ਨਹੀਂ ਮੰਨਿਆ ਜਾਂਦਾ। ਓਥੇ ਹਰ ਇੱਕ ਨੂੰ ਅਪਣੀ ਜ਼ਿੰਦਗੀ ਅਪਣੇ ਢੰਗ ਨਾਲ ਜਿਊਣ ਦੇ ਅਧਿਕਾਰ ਦਾ ਸਤਿਕਾਰ ਕੀਤਾ ਜਾਂਦਾ ਹੈ।

ਭਾਰਤ ਵਿੱਚ ਜਿੰਨੇ ਵੀ ਬਿਰਧ ਆਸ਼ਰਮ ਹਨ, ਉਹਨਾਂ ਵਿੱਚ ਬਹੁਤੀਆਂ ਮਾਵਾਂ ਪੁੱਤਰਾਂ ਵਲੋਂ ਤਿਆਗੀਆਂ ਗਈਆਂ ਹਨ ਅਤੇ ਇਹ ਰੁਝਾਨ ਮੱਧਵਰਗ ਵਿੱਚ ਜ਼ਿਆਦਾ ਵੇਖਣ ਨੂੰ ਮਿਲ ਰਿਹਾ ਹੈ। ਨਿਮਨ ਵਰਗ ਵਿੱਚ ਸਮੱਸਿਆਵਾਂ ਤਾਂ ਹਨ, ਪਰ ਉਹਨਾਂ ਦਾ ਹੱਲ ਬਿਰਧਆਸ਼ਰਮ ਨਹੀਂ ਬਣੇ ਅਜੇ ਤੱਕ।

ਹਰ ਰਿਸ਼ਤੇ ਵਾਂਗ ਮਾਂ ਵੀ ਸਭ ਨੂੰ ਪਿਆਰੀ ਹੁੰਦੀ ਹੈ। ਹਰ ਕੋਈ ਚਾਹੁੰਦਾ ਹੈ ਕਿ ਉਹ ਬੁਢਾਪੇ ਵਿੱਚ ਮਾਂ-ਬਾਪ ਦਾ ਸਹਾਰਾ ਬਣੇ। ਪਰ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਵਿਆਹ ਤੋਂ ਬਾਅਦ ਪੁੱਤਰ ਵਲੋਂ ਮਾਂ-ਬਾਪ ਦੀ ਅਣਦੇਖੀ ਕੀਤੀ ਜਾਂਦੀ ਹੈ। ਨੂੰਹ ਸੱਸ ਦੀ ਆਪਸ ਵਿੱਚ ਬਣਦੀ ਨਹੀਂ ਤੇ ਜਿਸ ਦਾ ਨਤੀਜਾ ਮੱਧਵਰਗ ਲਈ ਬਿਰਧ ਆਸ਼ਰਮਾਂ ਵਿੱਚ ਨਿਕਲਦਾ ਹੈ ਅਤੇ ਨਿਮਨ ਵਰਗਾਂ ਲਈ ਹਾਲਾਤ ਨਾਲ ਸਮਝੌਤਾ ਕਰਕੇ ਘੁੱਟ-ਘੁੱਟ ਕੇ ਜੀਵਨ ਜਿਊਣ ਲਈ ਮਜ਼ਬੂਰ ਹੋਣਾ ਪੈਂਦਾ ਹੈ।

ਏਥੇ ਇਹ ਸਮਝਣ ਦੀ ਗੱਲ ਹੈ ਕਿ ਕੋਈ ਅਪਣੇ ਮਾਂ-ਬਾਪ ਪ੍ਰਤੀ ਏਨਾ ਰੁੱਖਾ ਕਿਵੇਂ ਹੋ ਸਕਦਾ ਹੈ ਕਿ ਉਹਨਾਂ ਪ੍ਰਤੀ ਅੰਨ੍ਹੀ ਨਫ਼ਰਤ ਮਨ ਵਿੱਚ ਪਾਲ਼ ਲੈਂਦਾ ਹੈ। ਨੂੰਹ ਸੱਸ ਦੀ ਲੜਾਈ ਮੂਲ ਕਾਰਣ ਨਹੀਂ ਹੈ। ਇਸ ਦੀ ਜੜ੍ਹ ਆਰਥਿਕਤਾ ਵਿੱਚ ਨਿਕਲਦੀ ਹੈ। ਅੱਜ ਦੇ ਖਪਤਕਾਰੀ ਯੁੱਗ ਨੇ ਮਨੁੱਖ ਦੀਆਂ ਬੇਲੋੜੀਆਂ ਲੋੜਾਂ ਵਿੱਚ ਅਥਾਹ ਵਾਧਾ ਕੀਤਾ ਹੈ। ਉਸ ਦੀ ਏਨੀ ਕਮਾਈ ਨਹੀਂ ਹੁੰਦੀ ਜਿੰਨੇ ਖਰਚੇ ਸਹੇੜੇ ਹੁੰਦੇ ਹਨ। ਗ਼ਰੀਬ ਲੋਕ ਉਂਝ ਵੀ ਮਸਾਂ ਗੁਜ਼ਾਰਾ ਕਰਦੇ ਹਨ ਅਤੇ ਵਿਆਹ ਤੋਂ ਬਾਅਦ ਇੱਕ ਦਮ ਖਰਚੇ ਵਿੱਚ ਅਥਾਹ ਵਾਧਾ ਪਰਿਵਾਰਕ ਕੁੜੱਤਣ ਨੂੰ ਜਨਮ ਦਿੰਦਾ ਹੈ। ਸੈਕਸ ਸਿੱਖਿਆ ਦੀ ਅਣਹੋਂਦ ਕਾਰਣ ਪਤਨੀ ਤੇ ਜ਼ੁਲਮ ਹੋਣਾ ਸ਼ੁਰੂ ਹੁੰਦਾ ਹੈ ਅਤੇ ਸਮਾਂ ਪਾ ਕੇ ਮਾਂ-ਬਾਪ ਨਾਲ ਵਿਗੜਨੀ ਸ਼ੁਰੂ ਹੋ ਜਾਂਦੀ ਹੈ।

ਸਿਹਤ ਪ੍ਰਤੀ ਜਾਗਰੂਕਤਾ ਦੀ ਘਾਟ ਕਾਰਣ ਅਕਸਰ ਬਜ਼ੁਰਗਾਂ ਦੀ ਸਿਹਤ ਢਿੱਲੀ ਰਹਿਣ ਲੱਗ ਜਾਂਦੀ ਹੈ ਅਤੇ ਉਹਨਾਂ ਦੀ ਦਵਾਈ ਬੂਟੀ ਦੇ ਜਦੋਂ ਖਰਚੇ ਝੱਲਣ ਦੀ ਸਮਰੱਥਾ ਜਵਾਬ ਦੇ ਦਿੰਦੀ ਹੈ ਅਤੇ ਦੂਸਰੇ ਪਾਸੇ ਜੁਆਕਾਂ ਦੀ ਪੜ੍ਹਾਈ ਦੇ ਖਰਚੇ ਸ਼ੁਰੂ ਹੋ ਜਾਂਦੇ ਹਨ ਤਾਂ ਬਜ਼ੁਰਗਾਂ ਦੀ ਅਣਦੇਖੀ ਸ਼ੁਰੂ ਹੋ ਜਾਂਦੀ ਹੈ। ਅਜਿਹੇ ਵਿੱਚ ਚਾਹ ਕੇ ਵੀ ਮਨੁੱਖ ਅਪਣੇ ਬਜ਼ੁਰਗਾਂ ਦਾ ਢੁੱਕਵਾਂ ਇਲਾਜ ਨਹੀਂ ਕਰਵਾ ਸਕਦਾ। ਪੁੱਤ ਬਿਰਧ ਆਸ਼ਰਮ ਤੋਂ ਅਪਣੇ ਮਾਂ-ਬਾਪ ਨੂੰ ਲਿਆ ਕੇ ਵੋਟ ਤਾਂ ਭੁਗਤਾ ਸਕਦਾ ਹੈ ਪਰ ਉਹਨਾਂ ਲਈ ਇਲਾਜ ਦਾ ਪ੍ਰਬੰਧ ਕਰਨ ਦੀ ਸਮਰੱਥਾ ਨਹੀਂ ਜੁਟਾ ਸਕਦਾ ਅਤੇ ਰਾਜਨੀਤਿਕ ਚੇਤੰਨਤਾ ਦੀ ਘਾਟ ਕਾਰਣ ਸਰਕਾਰ ਤੋਂ ਇਸ ਲਾਜ਼ਮੀ ਸਹੂਲਤ ਦੀ ਮੰਗ ਵੀ ਨਹੀਂ ਕਰਦਾ। ਉਹ ਇਹ ਵੀ ਜਾਣਦਾ ਹੈ ਕਿ ਇੱਕ ਦਿਨ ਉਸ ਤੇ ਵੀ ਇਹ ਦਿਨ ਆਉਣੇ ਹਨ, ਉਸ ਨੇ ਵੀ ਧੀਆਂ ਪੁੱਤਰਾਂ ਦੇ ਮੁਹਤਾਜ ਹੋ ਜਾਣਾ ਹੈ, ਪਰ ਕੋਹਲੂ ਦੇ ਬਲ਼ਦ ਵਾਂਗ ਉਹ ਲਗਾਤਾਰ ਕਮਾਈ ਵਿੱਚ ਵਾਧਾ ਕਰਨ ਲਈ ਅਪਣੀ ਜ਼ਿੰਦਗੀ ਵਿੱਚੋਂ ਮਨੋਰੰਜਨ ਜਿਹੀ ਕੀਮਤੀ ਸ਼ੈਅ ਦੀ ਕੁਰਬਾਨੀ ਦੇ ਦਿੰਦਾ ਹੈ। ਉਸ ਲਈ ਮਨੋਰੰਜਨ ਟੀਵੀ ਵੇਖਣਾ, ਚਿੜੀ ਛਿੱਕਾ ਖੇਡ ਲੈਣਾ ਜਾਂ ਕਦੇ ਕਦਾਈਂ ਫਿਲਮ ਵੇਖ ਲੈਣ ਤੱਕ ਹੀ ਸੀਮਿਤ ਰਹਿ ਜਾਂਦਾ ਹੈ।

ਹਕੀਕਤ ਤੋਂ ਭਲੀ-ਭਾਂਤ ਜਾਣੂੰ ਮਾਵਾਂ ਵੀ ਅਪਣੀ ਬੀਮਾਰੀ ਨੂੰ ਹੋਣੀ ਮੰਨ ਕੇ ਪੁੱਤਰਾਂ ਤੇ ਬੋਝ ਨਹੀਂ ਬਣਨਾ ਚਾਹੁੰਦੀਆਂ ਅਤੇ ਮੰਜੇ ਤੇ ਹਾਏ-ਹਾਏ ਕਰਨ ਲਈ ਮਜ਼ਬੂਰ ਹੋ ਜਾਂਦੀਆਂ ਹਨ।

ਕੀ ਸਾਡੀਆਂ ਮਾਵਾਂ ਏਦਾਂ ਹੀ ਤੜਪ-ਤੜਪ ਕੇ ਮਰਨਗੀਆਂ?

ਕੀ ਅਸੀਂ ਹਰ ਸਾਲ ਏਦਾਂ ਹੀ ਫਾਰਮੈਲਟੀ ਵਜੋਂ ਮਾਂ ਦਿਵਸ ਮਨਾਇਆ ਕਰਾਂਗੇ?

ਕੀ ਸਾਡੀਆਂ ਮਾਵਾਂ ਇਨਸਾਨ ਨਹੀਂ ਹਨ ਅਤੇ ਇਨਸਾਨ ਹੋਣ ਦੇ ਨਾਤੇ ਤੰਦਰੁਸਤ ਜੀਵਨ ਉਹਨਾਂ ਦਾ ਨਾਗਰਿਕ ਅਧਿਕਾਰ ਨਹੀਂ ਹੈ?

ਅਜਿਹਾ ਸੰਤਾਪ ਸਿਰਫ਼ ਸਾਡੀਆਂ ਹੀ ਮਾਵਾਂ ਨੂੰ ਕਿਉਂ ਹੰਢਾਉਣਾ ਪੈਂਦਾ ਹੈ? ਕੀ ਸਿਰਫ਼ ਇਸ ਲਈ ਕਿ ਸਾਡੇ ਕੋਲ ਉਹਨਾਂ ਦਾ ਇਲਾਜ ਕਰਵਾਉਣ ਲਈ ਪੈਸੇ ਨਹੀਂ ਹਨ?

ਏਥੇ ਇੱਕ ਗੱਲ ਤਾਂ ਸਪੱਸ਼ਟ ਹੈ ਕਿ ਜੇ ਸਾਡੇ ਕੋਲ ਪੈਸੇ ਹੋਣ ਤਾਂ ਅਸੀਂ ਇਲਾਜ ਕਰਵਾ ਸਕਦੇ ਹਾਂ ਜਿਸਦਾ ਮਤਲਬ ਹੈ ਕਿ ਭਾਰਤ ਵਿੱਚ ਇਲਾਜ ਹੈ, ਹਰ ਤਰਾਂ ਦੀ ਸਹੂਲਤ ਵੀ ਹੈ ਪਰ ਪੈਸੇ ਦੀ ਘਾਟ ਕਾਰਣ ਸਾਡੀ ਪਹੁੰਚ ਤੋਂ ਬਾਹਰ ਹਨ।

ਇਹ ਪੈਸਾ ਕੀ ਹੁੰਦਾ ਹੈ? ਕਿਸ ਨੇ ਬਣਾਇਆ ਪੈਸਾ? ਜੇ ਅੱਜ ਸਾਡੇ ਜਿਹੇ ਮਿਹਨਤ-ਮਜ਼ਦੂਰੀ ਕਰਨ ਵਾਲਿਆਂ ਕੋਲ ਪੈਸਾ ਨਹੀਂ ਹੈ ਤਾਂ ਕਿਸ ਕੋਲ ਹੈ ਪੈਸਾ?

ਨੀਰਵ ਮੋਦੀ ਦੀ ਮਾਂ ਦੀ ਸੇਵਾ ਲਈ ਪਤਾ ਨਹੀਂ ਸਾਡੇ ਜਿਹੇ ਕਿੰਨਿਆਂ ਕੁ ਦੀਆਂ ਮਾਵਾਂ ਨੂੰ ਸੰਤਾਪ ਹੰਢਾਉਣਾ ਪੈ ਰਿਹਾ ਹੈ ਕਿਉਂਕਿ ਪੈਸਾ ਉਸ ਕੋਲ ਹੈ ਅਤੇ ਇਲਾਜ ਖਰੀਦ ਸਕਦਾ ਹੈ। ਹਰਸਿਮਰਤ ਬਾਦਲ ਦਾ ਏਨਾ ਅਪਣਾ ਵਜ਼ਨ ਨਹੀਂ ਜਿੰਨਾ ਉਸ ਕੋਲ ਗਹਿਣਾ ਗੱਟਾ ਪਿਆ ਹੈ। ਕੈਪਟਨ, ਮੋਦੀ, ਬਾਦਲ ਜਿਹੇ ਧਨਾਢ ਅਪਣੀਆਂ ਮਾਵਾਂ ਨੂੰ ਮਰਨ ਤੋਂ ਬਾਅਦ ਵੀ ਜਿਉਂਦੇ ਕਰਨ ਦੀ ਸਮਰੱਥਾ ਰੱਖਦੇ ਹਨ ਜੇ ਮੈਡੀਕਲ ਸਾਇੰਸ ਵਿੱਚ ਇਹ ਸੁਵਿਧਾ ਹੋਵੇ ਅਤੇ ਅਸੀਂ ਭੋਗ ਪਾਉਣ ਤੋਂ ਬਾਅਦ ਸ਼ੁਕਰ ਮਨਾਉਣ ਜੋਗੇ ਰਹਿ ਗਏ ਹਾਂ ਕਿ ਸ਼ੁਕਰ ਹੈ ਜੂਨ ਕੱਟੀ ਗਈ।

ਤੁਹਾਡੀ ਮਾਂ ਸਿਰਫ਼ ਤੁਹਾਡੀ ਮਾਂ ਹੀ ਨਹੀਂ ਹੈ, ਉਹ ਇੱਕ ਇਨਸਾਨ ਵੀ ਹੈ ਅਤੇ ਭਾਰਤ ਦੇਸ਼ ਦੀ ਨਾਗਰਿਕ ਵੀ ਹੈ। ਉਸ ਦੇ ਕੁੱਝ ਅਧਿਕਾਰ ਹਨ। ਮਾਂ ਦਿਵਸ ਮੁਬਾਰਕ ਆਖਣ ਤੋਂ ਪਹਿਲਾਂ ਪੁਸ਼ਟੀ ਕਰ ਲੈਣਾ ਕਿ ਕੀ ਉਸਨੂੰ ਮੁਢਲੇ ਅਧਿਕਾਰ ਮਿਲ ਗਏ ਹਨ? ਨਹੀਂ ਤੇ ਮਾਂ-ਮਾਂ ਅਤੇ ਕਾਂ-ਕਾਂ ਵਿੱਚ ਬਹੁਤਾ ਫ਼ਰਕ ਨਹੀਂ ਹੁੰਦਾ। ਮਾਵਾਂ ਠੰਢੀਆਂ ਛਾਵਾਂ ਉਦੋਂ ਤੱਕ ਲੱਗਦੀਆਂ ਹਨ ਜਦੋਂ ਤੱਕ ਉਹ ਤੁਹਾਡੇ ਤੇ ਬੋਝ ਨਾ ਬਣ ਜਾਣ। ਅਤੇ ਇਹ ਬੋਝ ਸਰਕਾਰ ਵਲੋਂ ਤੁਹਾਡੇ ਤੇ ਜਾਣ-ਬੁੱਝ ਕੇ ਲੱਦਿਆ ਜਾਂਦਾ ਹੈ।

ਰਿਸ਼ਵਤ ਲੈਣ ਵੇਲੇ, ਦੇਣ ਵੇਲੇ, ਦੁੱਧ ਵਿੱਚ ਪਾਣੀ ਮਿਲਾਉਣ ਵੇਲੇ, ਸੌਦੇ-ਪੱਤੇ ਵਿੱਚੋਂ ਟਾਂਕਾ ਲਾਉਣ ਵੇਲੇ, ਖਰਚੇ ਪੂਰੇ ਕਰਨ ਲਈ ਟਿਊਸ਼ਨ ਚਾਲੂ ਕਰਨ ਵੇਲੇ ਅਤੇ ਹੋਰ ਏਦਾਂ ਦੇ ਵੇਲਿਆਂ ਤੇ ਇੱਕ ਵਾਰ ਮਾਂ ਨੂੰ ਜ਼ਰੂਰ ਯਾਦ ਕਰ ਲਿਆ ਕਰੋ ਜਿਸਨੇ ਸ਼ਾਇਦ ਕਦੇ ਵੀ ਤੁਹਾਨੂੰ ਅਜਿਹੀ ਸਿੱਖਿਆ ਨਹੀਂ ਦਿੱਤੀ ਹੋਵੇਗੀ ਕਿ ਦੂਸਰੇ ਨੂੰ ਮਿੱਧ ਕੇ ਹੀ ਅੱਗੇ ਲੰਘਿਆ ਜਾ ਸਕਦਾ ਹੈ।

### ਮੁਕਾਬਲਿਆਂ ਦੇ ਬੁਰਕੇ ਹੇਠ ਕਤਲੇਆਮ

# ਗੜ੍ਹਚਿਰੌਲੀ 'ਚ ਵਿਕਾਸ ਦੀ ਨਵੀਂ ਰਾਜਕੀ ਨੀਤੀ

22 ਅਪ੍ਰੈਲ 2018 ਦੀ ਸਵੇਰ ਨੂੰ ਮਹਾਂਰਾਸ਼ਟਰ ਦੇ ਗੜ੍ਹਚਿਰੌਲੀ ਜ਼ਿਲ੍ਹੇ ਦੀ ਭੰਵਰਾਗੜ੍ਹ ਤਹਿਸੀਲ ਦੇ ਬੋਰੀਆ-ਕਸਨਾਸੁਰ ਵਿਚ ਇਕ ਅਖਾਉਤੀ ਮੁਕਾਬਲਾ ਹੋਇਆ। ਅਗਲੇ ਦਿਨ ਪੁਲਿਸ ਨੇ ਪ੍ਰੈਸ ਨੋਟ ਵਿਚ 16 ਵਿਅਕਤੀਆਂ ਦੀ ਸੂਚੀ ਜਾਰੀ ਕੀਤੀ ਕਿ ਨਕਸਲੀ ਮੁਕਾਬਲੇ ਵਿਚ ਮਾਰੇ ਗਏ ਹਨ। 24 ਅਪ੍ਰੈਲ ਨੂੰ ਪੁਲਿਸ ਨੇ ਦਾਅਵਾ ਕੀਤਾ ਕਿ ਇੰਦਰਾਵਤੀ ਨਦੀ ਵਿੱਚੋਂ 15 ਹੋਰ ਲਾਸ਼ਾਂ ਮਿਲੀਆਂ ਹਨ। ਉਦੋਂ ਤੋਂ ਲੈਕੇ ਮੌਤਾਂ ਦੀ ਗਿਣਤੀ 40 ਹੋ ਚੁੱਕੀ ਹੈ। 12 ਸੂਬਿਆਂ ਤੋਂ 44 ਵਿਅਕਤੀਆਂ ਦੀ ਤੱਥ ਖੋਜ ਟੀਮ ਜੋ ਮਨੁੱਖੀ ਹੱਕਾਂ ਦੇ ਤਿੰਨ ਵੱਡੇ ਸਮੂਹਾਂ ਅਤੇ ਜਥੇਬੰਦੀਆਂ- ਕੋਆਰਡੀਨੇਸ਼ਨ ਆਫ ਡੈਮੋਕ੍ਰੈਟਿਕ ਰਾਈਟਸ ਆਰਗੇਨਾਈਜੇਸ਼ਨਜ਼ (ਸੀ. ਡੀ. ਆਰ. ਓ), ਇੰਡੀਅਨ ਐਸੋਸੀਏਸ਼ਨ ਆਫ ਪੀਪਲਜ਼ ਲਾਇਰਜ਼ (ਆਈ. ਏ. ਪੀ. ਐੱਲ.) ਅਤੇ ਵੂਮੈਨ ਅਗੇਂਸਟ ਸਟੇਟ ਰਿਪਰੈਸ਼ਨ ਐਂਡ ਸੈਕਸੂਅਲ ਵਾਇਲੈਂਸ (ਡਬਲਯੂ ਐੱਸ. ਐੱਸ.) - ਨਾਲ ਸਬੰਧਤ ਹੈ ਦੀ ਟੀਮ ਨੇ ਗੜ੍ਹਚਿਰੌਲੀ ਜ਼ਿਲ੍ਹੇ ਵਿਚ ਅਖਾਉਤੀ ਮੁਕਾਬਲਿਆਂ ਵਾਲੀਆਂ ਥਾਵਾਂ ਦਾ ਦੌਰਾ ਕੀਤਾ। ਅਸੀਂ ਉਹਨਾਂ ਸਾਰੀਆਂ ਥਾਵਾਂ ਉਪਰ ਗਏ ਜਿਥੇ ਨੇੜਲੇ ਬੀਤੇ ਵਿਚ ਪੁਲਿਸ ਹਿੰਸਾ ਅਤੇ ਮੁਕਾਬਲੇ ਹੋਏ। ਤਿੰਨ ਦਿਨ ਦੀ ਇਹ ਤੱਥ ਖੋਜ 5 ਤੋਂ 7 ਮਈ 2018 ਤਕ ਚੱਲੀ ਅਤੇ ਭਾਰਤੀ ਕਮਿਊਨਿਸਟ ਪਾਰਟੀ ਸੀ. ਪੀ. ਆਈ. ਦੇ ਸਥਾਨਕ ਨੁਮਾਇੰਦਿਆਂ, ਸਥਾਨਕ ਚੁਣੇ ਹੋਏ ਨੁਮਾਇੰਦਿਆਂ, ਗ੍ਰਾਮ ਸਭਾ ਮੈਂਬਰਾਂ, ਵਕੀਲਾਂ ਅਤੇ ਪੱਤਰਕਾਰਾਂ ਵਲੋਂ ਇਸ ਟੀਮ ਦੀ ਮਦਦ ਕੀਤੀ ਗਈ। ਸਾਡੀ ਖੋਜ ਦਿਖਾਉਦੀ ਹੈ ਕਿ ਭਾਵੇਂ ਇਹਨਾਂ ਸਾਰੀਆਂ ਘਟਨਾਵਾਂ ਵਿਚ ਮੁਕਾਬਲੇ ਲਕਬ ਵਰਤਿਆ ਜਾ ਰਿਹਾ ਹੈ, ਦਰਅਸਲ ਇਹ ਝੂਠੇ ਮੁਕਾਬਲੇ ਹਨ।

ਘਟਨਾ ਦੀ ਸਮੁੱਚੀ ਤੱਥ ਖੋਜ ਦੇ ਅਧਾਰ 'ਤੇ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਸੀ-60 ਪੁਲਿਸ ਅਤੇ ਸੀ.ਆਰ.ਪੀ.ਐੱਫ. ਨੇ ਮਾਓਵਾਦੀਆਂ ਨੂੰ ਚਾਰ-ਚੁਫੇਰਿਓਂ ਘੇਰ ਲਿਆਂ; ਅਤੇ ਉਹਨਾਂ ਦੀ ਹੱਤਿਆ ਕਰਨ ਦੇ ਇਰਾਦੇ ਨਾਲ ਅੰਡਰ ਬੈਰਲ ਗਰਨੇਡ ਲਾਂਚਰ (ਯੂ.ਬੀ.ਜੀ.ਐੱਲ.) ਵਰਗੇ ਆਧੁਨਿਕ ਹਥਿਆਰ ਵਰਤੋਂ ਵਿਚ ਲਿਆਉਦੇ ਹੋਏ ਅੰਧਾਧੁੰਦ ਗੋਲੀਬਾਰੀ ਕੀਤੀ ਗਈ। ਅਸਲ ਮਾਇਨਿਆਂ ਵਿਚ ਇਹ ਠੰਡੇ ਦਿਮਾਗ ਨਾਲ ਕੀਤਾ ਗਿਆ ਕਤਲੇਆਮ ਹੈ।

ਤੱਥ ਖੋਜ ਟੀਮ ਅਖਾਉਤੀ ਮੁਕਾਬਲੇ ਬਾਬਤ ਪੁਲਿਸ ਦੀ ਕਹਾਣੀ ਉੱਪਰ ਸਵਾਲ ਉਠਾਉਦੀ ਹੈ। ਮ੍ਰਿਤਕਾਂ ਦੀ ਅੰਤਮ ਗਿਣਤੀ ਨੂੰ ਮੱਦੇਨਜ਼ਰ ਰੱਖਦਿਆਂ ਸੀ.60 ਨੇ ਤੁਰੰਤ ਲਾਸ਼ਾਂ ਬਰਾਮਦ ਨਹੀਂ ਕੀਤੀਆਂ। ਚਿੱਠੀਆਂ, ਤਸਵੀਰਾਂ ਅਤੇ ਸ਼ਨਾਖ਼ਤੀ ਕਾਰਡਾਂ ਸਮੇਤ ਅਖਾਉਤੀ ਮੁਕਾਬਲੇ ਦੇ ਮਹੱਤਵਪੂਰਨ ਸਬੂਤ ਮੁਕਾਬਲੇ ਤੋਂ ਪਿੱਛੋਂ ਦਿਨਾਂ ਤਕ ਉੱਥੇ ਪਏ ਰਹੇ। 22 ਅਪ੍ਰੈਲ 2018 ਨੂੰ ਪੁਲਿਸ ਵਲੋਂ ਪ੍ਰੈੱਸ ਬਿਆਨ ਜਾਰੀ ਕਰਨ ਸਮੇਂ ਅਸਲ ਥਾਂ ਜਾਂ ਲਾਸ਼ਾਂ ਦੀਆਂ ਤਸਵੀਰਾਂ ਉਪਲਭਦ ਨਹੀਂ ਕਰਾਈਆਂ ਗਈਆਂ। ਸ਼ੁਰੂ ਵਿਚ ਸਿਰਫ਼ ਚੁਣਵੇਂ ਪੱਤਰਕਾਰਾਂ ਨੂੰ ਹੀ ਉਸ ਥਾਂ ਪਹੁੰਚਣ ਦੀ ਇਜਾਜ਼ਤ ਦਿੱਤੀ ਗਈ ਸੀ ਅਤੇ ਉਹਨਾਂ ਦੀਆਂ ਰਿਪੋਰਟਾਂ ਪੂਰੀ ਤਰ੍ਹਾਂ ਪੁਲਿਸ ਦੀ ਕਹਾਣੀ ਉੱਪਰ ਅਧਾਰਤ ਜਾਪਦੀਆਂ ਹਨ। ਇਹ ਵੀ ਸ਼ੱਕੀ ਜਾਪਦਾ ਹੈ ਕਿ 15 ਲਾਸ਼ਾਂ ਅਖਾਉਤੀ ਮੁਕਾਬਲੇ ਤੋਂ ਦੋ ਦਿਨ ਬਾਦ 24 ਅਪ੍ਰੈਲ ਨੂੰ ਲੱਭੀਆਂ ਗਈਆਂ ਸਨ ਅਤੇ ਸਾਰੀਆਂ ਉਸੇ ਹੀ ਥਾਂ ਤੋਂ। ਇਹ ਗੱਲ ਸ਼ੱਕੀ ਹੈ ਕਿਉਂਕਿ ਜ਼ਖ਼ਮੀ ਹੋਏ ਲੋਕ ਦੂਰ ਤਕ ਖਿੰਡ ਜਾਂਦੇ ਹਨ। ਸਮੁੱਚੀ ਕਾਰਵਾਈ ਵਿਚ ਇਹ ਦਿਲਚਸਪ ਗੱਲ ਹੈ ਕਿ ਸੀ-60 ਟੀਮ ਨੂੰ ਕੋਈ ਗੰਭੀਰ ਚੋਟ ਨਹੀਂ ਆਈ, ਜਾਨੀ ਨੁਕਸਾਨ ਦੀ ਤਾਂ ਗੱਲ ਹੀ ਛੱਡੋ। ਸੁਣਨ ਵਿਚ ਆਇਆ ਹੈ ਕਿ ਇਹ ਟੀਮ ਅੱਜਕੱਲ੍ਹ ਬਦੇਸ਼ੀ ਟੂਰ ਉੱਪਰ ਗਈ ਹੋਈ ਹੈ ਅਤੇ ਉਹਨਾਂ ਨਾਲ ਸੰਪਰਕ ਨਹੀਂ ਹੋ ਰਿਹਾ। ਜਦੋਂ ਅਸੀਂ ਬੋਰੀਆ ਪਹੁੰਚੇ, ਪਿੰਡ ਵਿਚ ਸੁਰੱਖਿਆ ਤਾਕਤਾਂ ਦੀ ਉੱਥੇ ਵੱਡੀ ਮੌਜੂਦਗੀ ਸੀ। ਜਾਪਦਾ ਹੈ ਕਿ ਉੱਥੇ ਪੁਲਿਸ ਤਾਕਤਾਂ ਦੀ ਤਾਇਨਾਤੀ ਇਸ ਲਈ ਕੀਤੀ ਗਈ ਸੀ ਤਾਂ ਜੋ ਲੋਕ ਤੱਥ ਖੋਜ ਟੀਮ ਨਾਲ ਗੱਲਬਾਤ ਨਾ ਕਰਨ। ਪੁਲਿਸ ਵਲੋਂ ਤੱਥ ਖੋਜ ਟੀਮ ਦੀ ਉੱਥੇ ਮੌਜੂਦਗੀ ਦੇ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਲਈ ਲੋਕਾਂ ਨੂੰ ਅਹੀਰੀ ਤੋਂ ਕਸਨਾਸੁਰ ਲਿਆਂਦਾ ਗਿਆ ਸੀ।

ਰਾਤ ਨੂੰ ਟੀਮ ਗੱਟੇਪਲੀ ਵਿਖੇ ਗਈ ਅਤੇ ਉੱਥੇ ਵੀ ਸੁਰੱਖਿਆ ਬਲਾਂ ਦੀ ਅਸਧਾਰਨ ਭਾਰੀ ਮੌਜੂਦਗੀ ਦੇਖੀ ਗਈ। ਪਿਛਲੇ ਤਿੰਨ ਦਿਨਾਂ ਤੋ ਪਾਵਰ ਕੱਟ ਹੋਣ ਕਾਰਨ ਪਿੰਡ ਹਨੇਰੇ ਵਿਚ ਡੁੱਬਿਆ ਹੋਇਆ ਸੀ। ਪਿੰਡ ਵਾਲਿਆਂ ਨੇ ਸਾਨੂੰ ਦੱਸਿਆ ਕਿ ਸੁਰੱਖਿਆ ਬਲਾਂ ਨੂੰ ਉਸ ਦਿਨ ਹੀ ਤਾਇਨਾਤ ਕੀਤਾ ਗਿਆ ਸੀ ਅਤੇ ਲੋਕ ਉਹਨਾਂ ਦੀ ਮੌਜੂਦਗੀ ਵਿਚ ਗੱਲ ਕਰਨੋਂ ਡਰਦੇ ਸਨ। ਸੁਰੱਖਿਆ ਬਲਾਂ ਵਲੋਂ ਦੌਰੇ 'ਤੇ ਗਏ ਟੀਮ ਦਾ ਪਿੱਛਾ ਵੀ ਕੀਤਾ ਗਿਆ ਜਿਸਨੇ ਕੋਈ ਵੀ ਵਾਰਤਾਲਾਪ ਮੁਸ਼ਕਲ ਬਣਾ ਦਿੱਤੀ। ਵੈਸੇ ਵੀ ਗੱਟੇਪੱਲੀ ਉਹ ਪਿੰਡ ਹੈ ਜਿਸਦੇ ਅੱਠ ਜਣੇ 22 ਅਪ੍ਰੈਲ ਤੋਂ ਲਾਪਤਾ ਹਨ। ਉਹ ਇਕ ਵਿਆਹ ਵਿਚ ਸ਼ਾਮਲ ਹੋਣ ਲਈ ਪਿੰਡ ਤੋਂ ਗਏ ਸਨ। ਇਕ ਲੜਕੀ ਰਾਸੂ ਚਾਕੋ ਮਾੜਾਵੀ ਨੂੰ ਛੱਡਕੇ ਕਿਸੇ ਵੀ ਲਾਪਤਾ ਨਾਬਾਲਗ ਦੀ ਸ਼ਨਾਖ਼ਤ ਨਹੀਂ ਹੋਈ। ਪਿੰਡ ਵਾਲਿਆਂ ਨੇ ਉਸਦੀ ਲਾਸ਼ ਉਹਨਾਂ ਵਿਚ ਪਛਾਣੀ ਜਿਹਨਾਂ ਬਾਰੇ ਪੁਲਿਸ ਨੇ ਦਾਅਵਾ ਕੀਤਾ ਸੀ ਕਿ ਉਹ ਬੋਰੀਆ-ਕਸਨਾਸੁਰ ਮੁਕਾਬਲੇ ਵਾਲੀ ਥਾਂ ਮਾਰੇ ਗਏ ਸਨ। ਅਗਲੇ ਦਿਨਾਂ ਵਿਚ ਪੁਲਿਸ ਦੀ ਕਹਾਣੀ ਬਦਲਦੀ ਗਈ। ਜਦੋਂ ਲਾਪਤਾ ਬੱਚਿਆਂ ਦੇ ਪਰਿਵਾਰਾਂ ਨੇ ਪੁਲਿਸ ਤਕ ਪਹੁੰਚ ਕੀਤੀ, ਪੁਲਿਸ ਨੇ ਇਹ ਸਥਾਪਤ ਕਰਨ ਦਾ ਯਤਨ ਕੀਤਾ ਕਿ ਉਹ ਮਾਓਵਾਦੀ ਪਾਰਟੀ ਦੇ ਨਵੇਂ ਰੰਗਰੂਟ ਸਨ। ਜਦੋਂ ਇਹ ਸਵਾਲ ਉਠਾਏ ਗਏ ਕਿ ਲਾਸ਼ਾਂ ਵਰਦੀਆਂ ਵਿਚ ਕਿਉ ਸਨ, ਫਿਰ ਪੁਲਿਸ ਦੀ ਕਹਾਣੀ ਬਦਲ ਗਈ ਕਿ ਉਹਨਾਂ ਨੂੰ ਮਹੀਨਾ ਪਹਿਲਾਂ ਹੀ ਭਰਤੀ ਕੀਤਾ ਗਿਆ ਸੀ। ਇਹ ਵੀ ਨਜਾਇਜ਼ ਹੈ ਕਿ ਲਾਪਤਾ ਵਿਅਕਤੀਆਂ ਦੇ ਅਧਾਰ ਕਾਰਡ ਜ਼ਬਤ ਕਰ ਲਏ ਗਏ ਹਨ ਅਤੇ ਅੱਜ ਤਕ ਵਾਪਸ ਨਹੀਂ ਕੀਤੇ ਗਏ।

23 ਅਪ੍ਰੈਲ ਦੀ ਉਸ ਰਾਤ ਨੂੰ ਰਾਜਾਰਾਮ ਖਾਂਡਲਾ ਵਿਚ ਕੀ ਵਾਪਰਿਆ, ਉਸ ਨੂੰ ਲੈਕੇ ਪੁਲਿਸ ਦੀਆਂ ਕਹਾਣੀਆਂ ਟਕਰਾਵੀਆਂ ਹਨ। 24 ਅਪ੍ਰੈਲ ਨੂੰ ਉਹਨਾਂ ਨੇ ਜਿਮਲਗੱਟਾ ਥਾਣੇ ਤੋਂ ਜੋ ਬਿਆਨ ਜਾਰੀ ਕੀਤੇ ਉਹਨਾਂ ਅਨੁਸਾਰ ਵਾਕਿਆ ਰਾਜਾਰਾਮ ਖੰਡਲਾ ਵਿਚ ਹੋਇਆ ਸੀ। ਜਦਕਿ 25 ਤਰੀਕ ਨੂੰ ਨੰਦੂ ਦੀ ਲਾਸ਼ ਪਰਿਵਾਰ ਨੂੰ ਸੌਂਪਦੇ ਵਕਤ ਐੱਸ.ਪੀ. ਨੇ ਜੋ ਪੱਤਰ ਜਾਰੀ ਕੀਤਾ ਉਹ ਕਹਿੰਦਾ ਹੈ ਕਿ ਉਹ ਕੋਪੇਵੰਚਾ-ਕੋਟਰਮ ਦੇ ਜੰਗਲ ਵਿਚ ਮਾਰੇ ਗਏ। ਮਾਰੇ ਗਿਆਂ ਵਿਚ ਚਾਰ ਔਰਤਾਂ ਸਨ। ਤੱਥ ਖੋਜ ਟੀਮ ਰਾਜਾਰਾਮ ਖੰਡਲਾ ਵਿਚ ਮੁਕਾਬਲੇ ਵਾਲੀ ਥਾਂ ਗਈ ਅਤੇ ਨੰਦੂ ਦੇ ਪਰਿਵਾਰ ਨੂੰ ਵੀ ਮਿਲੀ।

23 ਤਰੀਕ ਨੂੰ ਸਵੇਰੇ ਨੰਦੂ ਦੇ ਪਰਿਵਾਰ ਤੇ ਪਿੰਡ ਵਾਸੀਆਂ ਨੂੰ ਸਥਾਨਕ ਪੁਲੀਸ ਦਾ ਸੁਨੇਹਾ ਮਿਲਿਆ ਕਿ ਉਸ ਨੂੰ, ਦੂਸਰਿਆਂ ਸਮੇਤ, ਕੱਲ੍ਹ ਰਾਤ ਬੋਰੀਆ-ਕਸਨਾਸੁਰ ਤੋਂ ਫੜ ਲਿਆ ਗਿਆ ਹੈ। ਪਰਿਵਾਰ ਵਾਲੇ ਹਿਰਾਸਤ ਵਿਚ ਲਏ ਗਏ ਲੋਕਾਂ 'ਚ ਉਸ ਨੂੰ ਦੇਖਣ ਲਈ ਪੁਲੀਸ ਕੈਂਪਾਂ ਤੇ ਥਾਣਿਆਂ ਵਿਚ ਗਏ ਪਰ ਉਹ ਉਸ ਨੂੰ ਲੱਭ ਨਾ ਸਕੇ। ਅਗਲੇ ਦਿਨ ਉਹਨਾਂ ਨੂੰ ਦੱਸਿਆ ਗਿਆ ਕਿ ਨੰਦੂ ਅਤੇ ਉਸ ਦੇ ਨਾਲ ਵਾਲੇ 23 ਤਰੀਕ ਦੀ ਸ਼ਾਮ ਨੂੰ ਨੈਨਾਰ ਦੇ ਜੰਗਲਾਂ ਵਿਚ ਪੁਲੀਸ ਮੁਕਾਬਲੇ ਵਿਚ ਮਾਰੇ ਗਏ। ਤੱਥ-ਖੋਜ ਟੀਮ ਨੇ ਨੈਨਾਰ ਜੰਗਲ ਵਿਚ ਇਸ ਕਥਿਤ ਪੁਲੀਸ ਮੁਕਾਬਲੇ ਵਾਲੀ ਥਾਂ ਦਾ ਪਤਾ ਲਗਾਇਆ। ਟੀਮ ਨੇ ਜ਼ਮੀਨ ਤੇ ਖੂਨ ਦੇ ਧੱਬੇ, ਰਬੜ ਦੇ ਦਸਤਾਨਿਆਂ ਦਾ ਇਕ ਖੁੱਲ੍ਹਾ ਪੈਕਟ, ਦਰੱਖਤਾਂ ਦੇ ਤਣਿਆਂ ਉਪਰ ਗੋਲੀਆਂ ਦੇ ਨਿਸ਼ਾਨ ਅਤੇ ਦੋ ਖਾਲੀ ਡੱਬੇ ਉਥੇ ਪਏ ਦੇਖੇ। ਜਾਪਦਾ ਸੀ ਕਿ ਪੁਲੀਸ ਨੇ ਪਹਿਲਾਂ ਨੰਦੂ ਤੇ ਹੋਰਾਂ ਨੂੰ ਤਸੀਹੇ ਦਿਤੇ ਅਤੇ ਫਿਰ ਉਨ੍ਹਾਂ ਨੂੰ ਨੇੜਿਉਂ ਗੋਲੀ ਮਾਰ ਦਿੱਤੀ। ਹੋਰਨਾਂ ਗੱਲਾਂ ਤੋਂ ਇਲਾਵਾ ਜੋ ਇਕ ਗੱਲ ਸਾਡੀ ਟੀਮ ਨੂੰ ਰੜਕੀ ਕਿ ਪੁਲੀਸ ਨੇ ਪਰਿਵਾਰ ਨੂੰ ਪੋਸਟ-ਮਾਰਟਮ ਦੀ ਨਕਲ ਮੁਹੱਈਆ ਨਹੀਂ ਕਰਵਾਈ। 25 ਤਰੀਕ ਨੂੰ ਜਦ ਉਸ ਦੇ ਪਿਤਾ ਨੂੰ ਲਾਸ਼ ਸੌਂਪੀ ਗਈ, ਇਹ ਗਲ-ਸੜ ਚੁੱਕੀ ਸੀ ਪਰ ਸੱਜੇ ਮੋਢੇ ਉੱਪਰ ਜ਼ਖ਼ਮ ਦਾ ਨਿਸ਼ਾਨ ਸੀ ਜੋ ਲੱਗਦਾ ਸੀ ਕਿ ਕੁਹਾੜੀ ਦੇ ਟੱਕ ਨਾਲ ਹੋਇਆ ਸੀ। ਉਸ ਦੇ ਸਰੀਰ ਉਪਰ ਗੋਲੀਆਂ ਦੇ ਨਿਸ਼ਾਨ ਨਹੀਂ ਦਿਸੇ। ਨੇੜਲੀਆਂ ਬਸਤੀਆਂ ਵਾਲਿਆਂ ਨੇ ਵੀ ਉਸ ਰਾਤ ਗੋਲੀਆਂ ਦੀ ਆਵਾਜ਼ ਉਸ ਤਰ੍ਹਾਂ ਦੀ ਨਹੀਂ ਸੁਣੀ ਜਿਸ ਤਰ੍ਹਾਂ ਕਿ ਅਕਸਰ ਪੁਲੀਸ ਮੁਕਾਬਲਿਆਂ ਦੌਰਾਨ ਸੁਣੀਂਦੀ ਹੈ, ਗੋਲੀ ਚੱਲਣ ਦੀਆਂ ਇੱਕਾ-ਦੁੱਕਾ ਆਵਾਜ਼ਾਂ ਹੀ ਸੁਣੀਆਂ। ਪਰਿਵਾਰ ਨੂੰ ਖ਼ਦਸ਼ਾ ਹੈ ਕਿ ਉਹਨਾਂ ਛੇਆਂ ਨੂੰ ਗੋਲੀ ਮਾਰਨ ਤੋਂ ਪਹਿਲਾਂ ਪੁਲੀਸ ਹਿਰਾਸਤ ਵਿਚ ਰੱਖਿਆ ਗਿਆ ਅਤੇ ਸਖ਼ਤ ਤਸੀਹੇ ਦਿਤੇ ਗਏ। ਤੱਥ-ਖੋਜ ਕਮੇਟੀ ਨੂੰ ਸਮਝ ਨਹੀਂ ਆ ਰਿਹਾ ਕਿ ਹਿਰਾਸਤ ਵਿਚ ਲਏ ਗਏ ਨੰਦੂ ਅਤੇ ਉਸ ਦੇ ਸਾਥੀਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰਕੇ ਅਦਾਲਤ ਦੇ ਸਾਹਮਣੇ ਪੇਸ਼ ਕਿਉਂ ਨਹੀਂ ਕੀਤਾ ਅਤੇ ਸਾਰੇ ਸਬੂਤਾਂ ਤੇ ਗਵਾਹੀਆਂ ਦੁਆਰਾ ਹਿਰਾਸਤੀ ਤਸ਼ਦਦ ਤੇ ਕਤਲ ਵੱਲ ਇਸ਼ਾਰਾ ਕੀਤੇ ਜਾਣ ਦੇ ਬਾਵਜੂਦ, ਕਿਵੇਂ ਪੁਲੀਸ, ਇਹ ਮੌਤਾਂ ਪੁਲੀਸ ਮੁਕਾਬਲੇ ਵਿਚ ਹੋਣ ਦਾ ਦਾਅਵਾ ਕਰ ਰਹੀ ਹੈ। ਟੀਮ ਨੇ ਨੋਟ ਕੀਤਾ ਕਿ ਕੋਰਾਪਲੀ ਪਿੰਡ ਵਿਚ ਅਜੇ ਵੀ ਸੁਰੱਖਿਆ ਬਲ ਅਤੇ ਸਥਾਨਕ ਪੁਲੀਸ, ਪਰਿਵਾਰ ਅਤੇ ਉਹਨਾਂ ਦੇ ਗਵਾਂਢੀਆਂ ਨੂੰ ਤੰਗ-ਪ੍ਰੇਸ਼ਾਨ ਕਰ ਰਹੇ ਹਨ ਅਤੇ ਧਮਕੀਆਂ ਦੇ ਰਹੇ ਹਨ।

ਇਹ ਹੱਤਿਆਵਾਂ ਕੋਈ ਇੱਕਾ-ਦੁੱਕਾ ਟੁੱਟਵੀਆਂ ਘਟਨਾਵਾਂ ਨਹੀਂ ਸਗੋਂ ਇਸ ਇਲਾਕੇ ਵਿਚ ਹੋ ਰਹੇ ਪੁਲੀਸ ਅਤਿਆਚਾਰਾਂ ਦੇ ਵੱਡੇ ਰੁਝਾਨ ਦਾ ਇਕ ਹਿੱਸਾ ਜਾਪਦੀਆਂ ਹਨ। ਪੁਲੀਸ ਤੇ ਸੁਰੱਖਿਆ ਬਲਾਂ ਦੇ ਵੱਡੀ ਗਿਣਤੀ ਵਿਚ ਕਾਇਮ ਕੀਤੇ ਕੈਂਪ, ਉਸ ਇਲਾਕੇ ਵਿਚ ਰਹਿ ਰਹੇ ਲੋਕਾਂ ਦੇ ਮਨਾਂ ਵਿਚ ਦਹਿਸ਼ਤ ਦਾ ਮਾਹੌਲ ਸਿਰਜ ਰਹੇ ਹਨ। ਪੁਲੀਸ ਤਸ਼ੱਦਦ ਤੇ ਮੁਕਾਬਲਿਆਂ ਦੀਆਂ ਇਸ ਸਾਲ ਦੌਰਾਨ ਹੋਈਆਂ ਪਿਛਲੀਆਂ ਘਟਨਾਵਾਂ ਤੋਂ ਇਸ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ। ਮਿਸਾਲ ਦੇ ਤੌਰ 'ਤੇ ਇਸ ਸਾਲ 5 ਫਰਵਰੀ ਨੂੰ, ਪੰਛੀਆਂ ਦਾ ਸ਼ਿਕਾਰ ਕਰਨ ਨਿਕਲੇ ਕੋਇਨਵਰਸ਼ਾ ਪਿੰਡ ਦੇ ਦੋ ਨੌਜਵਾਨਾਂ, ਰਾਮ ਕੁਮਾਰ ਤੇ ਪ੍ਰੇਮ ਲਾਲ, ਨੂੰ ਸੁਰੱਖਿਆ ਬਲਾਂ ਨੇ ਹਿਰਾਸਤ ਵਿਚ ਲੈ ਲਿਆ। ਉਹਨਾਂ ਨੂੰ ਅਲੱਗ-2 ਕਰ ਕੇ ਪੁੱਛ-ਗਿਛ ਕੀਤੀ ਗਈ ਅਤੇ ਵਾਰ-2 ਇਹ ਮੰਨਵਾਉਣ ਲਈ ਦਬਾਉ ਪਾਇਆ ਗਿਆ ਕਿ ਉਹ ਮਾਓਵਾਦੀ ਹਨ। ਜਦੋਂ ਉਹ ਨਾ ਮੰਨੇ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਹਿਰਾਸਤ ਵਿਚ ਰੱਖਿਆ ਗਿਆ। ਚੰਗੇ ਭਾਗੀਂ, ਉਨ੍ਹਾਂ 'ਚੋਂ ਇਕ, ਪ੍ਰੇਮ ਲਾਲ, ਭੱਜਣ ਵਿਚ ਕਾਮਯਾਬ ਹੋ ਗਿਆ ਜਿਸ ਨੇ ਇਹ ਸਾਰਾ ਪ੍ਰਸੰਗ ਟੀਮ ਨਾਲ ਸਾਂਝਾ ਕੀਤਾ। 6 ਤਰੀਕ ਨੂੰ ਪਿੰਡ ਵਾਸੀ ਉਸ ਥਾਂ ਉਪਰ ਗਏ ਜਿਥੋਂ ਉਹਨਾਂ ਨੂੰ ਚੁੱਕਿਆ ਗਿਆ ਸੀ। ਉਥੇ ਉਹਨਾਂ ਨੇ ਖ਼ੂਨ ਦੇ ਧੱਬੇ, ਰਾਮ ਕੁਮਾਰ ਦੀ ਵੋਟਰ-ਆਈ-ਡੀ ਦੇ ਅੱਧ-ਜਲੇ ਟੁਕੜੇ ਅਤੇ ਸ਼ਿਕਾਰ ਕੀਤੇ ਗਏ ਪੰਛੀ ਦੀ ਰਹਿੰਦ-ਖੂੰਹਦ ਦੇਖੀ। ਇਸ ਤੋਂ ਉਹਨਾਂ ਨੂੰ ਸ਼ੱਕ ਹੋਇਆ ਕਿ ਰਾਮ ਕੁਮਾਰ ਨੂੰ ਮਾਰ ਦਿਤਾ ਗਿਆ ਹੈ। ਜਦੋਂ ਉਹ ਗੜ੍ਹਚਿਰੌਲੀ ਥਾਣੇ ਪਹੁੰਚੇ ਤਾਂ ਉਥੇ ਰਾਮ ਕੁਮਾਰ ਦੀ ਲਾਸ਼ ਦੇਖੀ। ਕੋਇਨਵਰਸ਼ਾ ਪਿੰਡ ਵਾਸੀਆਂ ਦਾ ਦਾਅਵਾ ਹੈ ਕਿ ਉਹਨਾਂ ਦੇ ਪਿੰਡ ਵਿਚ ਵਾਪਰੀ ਇਹ ਅਜਿਹੀ ਪਹਿਲੀ ਘਟਨਾ ਸੀ ਅਤੇ ਪੁਲੀਸ ਨੇ ਉਹਨਾਂ ਉਪਰ ਇਸ ਮੁੱਦੇ ਨੂੰ ਨਾ ਉਛਾਲਣ ਲਈ ਦਬਾਅ ਪਾਇਆ। ਪਿੰਡ ਵਾਸੀਆਂ ਨੂੰ ਚੁੱਪ ਰਹਿਣ ਬਦਲੇ ਪੈਸੇ ਦੇਣ ਦਾ ਲਾਲਚ ਦਿਤਾ ਗਿਆ। ਜਦ ਉਹ ਸ਼ਿਕਾਇਤ ਦਰਜ ਕਰਵਾਉਣ ਲਈ ਹੈਦਰੀ ਪੁਲੀਸ ਕੈਂਪ ਪਹੁੰਚੇ ਤਾਂ ਇਹਨਾਂ ਨੌਜਵਾਨਾਂ ਦੇ ਮਾਓਵਾਦੀਆਂ ਨਾਲ ਸਬੰਧ ਸਾਬਤ ਕਰਨ ਲਈ ਇਕ ਚਿੱਠੀ ਉਪਰ ਪਰਿਵਾਰ ਦੇ ਮੈਂਬਰਾਂ ਦੇ ਅੰਗੂਠਿਆਂ ਦੇ ਨਿਸ਼ਾਨ ਲੈ ਲਏ ਗਏ। ਇਸ ਕੇਸ ਵਿਚ ਮੈਜਿਸਟ੍ਰੇਟੀ ਜਾਂਚ ਚਲ ਰਹੀ ਹੈ ਪਰ ਉਹਨਾਂ ਨੂੰ ਇਸ ਜਾਂਚ ਦੀ ਸਥਿਤੀ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਇਸੇ ਸੂਰਜਗੜ੍ਹ ਇਲਾਕੇ ਵਿਚ, ਜਿਥੇ ਵਿਚ ਲੋਇਡ ਮਾਈਨਿੰਗ ਕਾਰਪੋਰੇਸ਼ਨ ਨੇ ਸੰਨ 2016 ਵਿਚ ਆਪਣਾ ਆਧਾਰ ਕਾਇਮ ਕੀਤਾ ਸੀ, ਖਾਣਾਂ ਸਥਾਪਤ ਕੀਤੇ ਜਾਣ ਵਿਰੁੱਧ ਲੋਕਾਂ ਦਾ ਵਿਰੋਧ ਉਸੇ ਵਕਤ ਸ਼ੁਰੂ ਹੋ ਗਿਆ ਸੀ ਜਦੋਂ ਲੋਇਡ ਕੰਪਨੀ ਨੂੰ ਜ਼ਮੀਨ ਲੀਜ਼ ਉਪਰ ਦਿਤੀ ਗਈ। ਸਿੱਟੇ ਵਜੋਂ ਉਸੇ ਵਕਤ ਧਰਮਕੁੰਡਵਨੀ ਤੇ ਸੂਰਜਗੜ੍ਹ ਖਾਣਾਂ ਦੇ ਆਲੇ-ਦੁਆਲੇ ਦੇ ਪਿੰਡਾਂ ਵਿਚ ਪੁਲੀਸ ਤਸ਼ੱਦਦ ਵਧ ਗਿਆ ਜਿਸ ਵਿਚ ਲੋਕਾਂ ਨੂੰ ਤੰਗ-ਪ੍ਰੇਸ਼ਾਨ ਕਰਨਾ, ਕੁੱਟ ਮਾਰ ਕਰਨੀ ਅਤੇ ਹਿਰਾਸਤ ਵਿਚ ਲੈਣਾ ਆਦਿ ਸ਼ਾਮਲ ਸੀ। ਇਹ ਵਰਤਾਰਾ ਮੋਹੰਦੀ ਤੇ ਗੁਦਨਪੁਰ ਇਲਾਕੇ ਵਿਚ ਸਾਫ਼ ਦਿਸਦਾ ਹੈ ਜਿਥੇ ਗੱਤਾ ਥਾਣੇ ਦੀ ਪੁਲੀਸ ਨੇ ਇਕ ਪਿੰਡ ਵਿੱਚੋਂ ਪਹਿਲਾਂ ਦੋ ਅਤੇ ਫਿਰ ਪੰਜ ਲੋਕਾਂ ਨੂੰ ਚੁੱਕ ਲਿਆ। ਜਦੋਂ ਪਿੰਡ ਦੇ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਉਹਨਾਂ ਨੂੰ ਏਨੀ ਬੁਰੀ ਤਰ੍ਹਾਂ ਕੁੱਟਿਆ ਗਿਆ ਕਿ ਕਈਆਂ ਦੇ ਸਰੀਰਾਂ ਉਪਰ ਕੁੱਟ ਦੇ ਨਿਸ਼ਾਨ ਅਜੇ ਤਕ ਦਿਖਦੇ ਹਨ। ਫੜੇ ਗਏ ਬੰਦਿਆਂ ਚੋਂ ਇਕ ਦੀ ਮਾਂ ਦਾ ਕੁੱਟ-2 ਕੇ ਹੱਥ ਤੋੜ ਦਿੱਤਾ ਜੋ ਅਜੇ ਤੱਕ ਨਕਾਰਾ ਹੈ। ਫੜੇ ਗਏ ਇਹਨਾਂ ਅੱਠ ਬੰਦਿਆਂ ਚੋਂ ਸੱਤ ਜੇਲ਼ ਵਿਚ ਬੰਦ ਹਨ, ਜਿਹਨਾਂ 'ਚੋਂ ਦੋ ਨਬਾਲਗ ਹਨ। ਅੱਠਵੇਂ ਦਾ ਅਜੇ ਤੱਕ ਵੀ ਕੋਈ ਥਹੁ-ਪਤਾ ਨਹੀਂ ਹੈ। ਪੁਲੀਸ ਦਾ ਦਾਅਵਾ ਹੈ ਕਿ ਇਹ ਅੱਠਵਾਂ, ਦਿਨੇਸ਼, ਪੁਲੀਸ ਹਿਰਾਸਤ ਤੋਂ ਭੱਜ ਗਿਆ ਹੈ ਪਰ ਪਰਿਵਾਰ ਨੂੰ ਖ਼ਦਸ਼ਾ ਹੈ ਕਿ ਉਸ ਨੂੰ ਮਾਰ ਦਿਤਾ ਗਿਆ ਹੈ। ਰੇਕਾਨਰ ਪਿੰਡ ਦੇ ਇਕ ਨੌਜਵਾਨ, ਸੰਸੂ ਮਿਰਚਾ ਉਸੈਂਡੀ ਨੇ 29 ਮਾਰਚ 2018 ਨੂੰ, ਜੰਗਲੀ ਜਾਨਵਰ ਫੜਣ ਲਈ ਜਾਲ ਲਗਾਇਆ ਸੀ। 30 ਤਰੀਕ ਨੂੰ ਉਹ ਇਸ ਜਾਲ ਨੂੰ ਚੈੱਕ ਕਰਨ ਗਿਆ ਤਾਂ ਸੀ.ਆਰ.ਪੀ.ਐਫ ਨੇ ਪਿਛਲੇ ਪਾਸੇ ਤੋਂ ਉਸ ਉਪਰ ਹਮਲਾ ਕਰ ਦਿੱਤਾ। ਉਸ ਨੂੰ ਸੁਰੱਖਿਆ ਬਲਾਂ ਦੁਆਰਾ ਕੁੱਟਿਆ ਤੇ ਘਸੀਟਿਆ ਗਿਆ ਅਤੇ ਆਖ਼ਿਰ ਮਾਰ ਦਿੱਤਾ ਗਿਆ। ਇਕ ਅਪਰੈਲ ਨੂੰ ਉਸ ਦੇ ਪਰਿਵਾਰ ਨੇ ਉਸ ਨੂੰ ਲੱਭਣਾ ਸ਼ੁਰੂ ਕੀਤਾ ਅਤੇ ਉਹ ਪੁਲੀਸ ਥਾਣੇ ਗਏ। ਉਹਨਾਂ ਨੂੰ ਉਸ ਦੇ ਮਾਰੇ ਜਾਣ ਬਾਰੇ ਨਹੀਂ ਦੱਸਿਆ ਗਿਆ। ਜਦੋਂ ਤਿੰਨ ਅਪਰੈਲ ਨੂੰ ਉਸ ਨੂੰ ਲੱਭਦੇ-ਲੱਭਦੇ ਉਹ ਫਿਰ ਥਾਣੇ ਗਏ ਤਾਂ ਉਹਨਾਂ ਨੂੰ ਦੱਸਿਆ ਗਿਆ ਕਿ ਉਹ ਅਖਾਉਤੀ ਪੁਲੀਸ ਮੁਕਾਬਲੇ ਵਿਚ ਮਾਰਿਆ ਗਿਆ ਹੈ। ਪਰਿਵਾਰ ਤੇ ਪਿੰਡ ਵਾਸੀਆਂ ਨੇ ਇਸ ਹੱਤਿਆ ਵਿਰੁਧ 6 ਅਪਰੈਲ ਨੂੰ ਐਸ.ਪੀ ਦਫ਼ਤਰ ਮੂਹਰੇ ਰੋਸ-ਪ੍ਰਦਰਸ਼ਨ ਕੀਤਾ।

ਸੰਨ 2006-07 ਵਿਚ ਜਦੋਂ ਪਹਿਲੀ ਵਾਰ ਖਾਣਾਂ ਦੀ ਤਜ਼ਵੀਜ ਸਾਹਮਣੇ ਆਈ ਤਾਂ ਸਥਾਨਕ ਭਾਈਚਾਰਿਆਂ ਦੇ ਹੋਏ ਵਿਰੋਧ ਕਾਰਨ ਉਸ ਵਕਤ ਇਸ ਤਜ਼ਵੀਜ ਨੂੰ ਰੋਕ ਦਿਤਾ ਗਿਆ। ਹੁਣ ਇਕ ਵਾਰ ਫਿਰ ਪੁਲੀਸ ਤੇ ਨੀਮ-ਫ਼ੌਜੀ ਬਲਾਂ ਦੇ ਕੈਂਪਾਂ ਦੀ ਨਫ਼ਰੀ ਵਧਾ ਕੇ ਅਤੇ ਆਲੇ ਦੁਆਲੇ ਦੇ ਪਿੰਡਾਂ ਦੇ ਲੋਕਾਂ ਉਪਰ ਤਸ਼ੱਦਦ ਵਿਚ ਤੇਜ਼ੀ ਲਿਆਕੇ ਇਸ ਤਜ਼ਵੀਜ ਨੂੰ ਲਾਗੂ ਕੀਤਾ ਜਾ ਰਿਹਾ ਹੈ। ਪੁਲੀਸ ਤਸ਼ੱਦਦ ਦੇ ਡਰ ਕਾਰਨ ਔਰਤਾਂ ਜੰਗਲ ਵਿਚ ਜਾਣ ਤੋਂ ਡਰਦੀਆਂ ਹਨ ਕਿਉਂਕਿ ਪਿਛਲੇ ਸਮੇਂ ਦੌਰਾਨ ਅਜਿਹੀਆਂ ਕਈ ਘਟਨਾਵਾਂ ਹੋਈਆਂ ਹਨ ਜਦੋਂ ਸੁਰੱਖਿਆ-ਬਲਾਂ ਨੇ ਨੌਜਵਾਨ ਔਰਤਾਂ ਨੂੰ ਤੰਗ-ਪ੍ਰੇਸ਼ਾਨ ਕੀਤਾ ਅਤੇ ਰਾਤ ਭਰ ਬਿਠਾਈ ਰੱਖਿਆ। ਪੁਲੀਸ ਵਲੋਂ ਚੁੱਕ ਲਏ ਜਾਣ ਦੇ ਡਰੋਂ ਆਦਮੀਆਂ ਨੇ ਬਾਜ਼ਾਰ ਜਾਣਾ ਬੰਦ ਕਰ ਦਿੱਤਾ ਹੈ। ਕਾਰਪੋਰੇਸ਼ਨਾਂ ਤੇ ਪੁਲੀਸ ਦੁਆਰਾ ਉਹਨਾਂ ਉਪਰ ਪਾਏ ਦਬਾਅ ਕਾਰਨ ਤੇਂਦੂ-ਪੱਤਾ ਤੇ ਬਾਂਸ ਖਰੀਦਣ ਵਾਲੇ ਠੇਕੇਦਾਰਾਂ ਨੇ ਉਸ ਇਲਾਕੇ ਵਿਚ ਜਾਣਾ ਬੰਦ ਕਰ ਦਿਤਾ ਹੈ। ਪੇਂਡੂ ਲੋਕਾਂ ਨੂੰ ਹਿਰਾਸਤ ਵਿਚ ਲਏ ਜਾਣ ਤੇ ਹੱਤਿਆਵਾਂ ਅਤੇ ਇਹਨਾਂ ਮੁੱਦਿਆਂ ਉਪਰ ਅਦਾਲਤੀ ਪ੍ਰਤੀਕਰਮ ਜਾਂ ਅਮਲ ਦੀ ਘਾਟ ਕਾਰਨ, ਲੋਕਾਂ ਵਿਚ ਡਰ ਤੇ ਗੁੱਸੇ ਦੀ ਭਾਵਨਾ ਵਧ ਰਹੀ ਹੈ। ਧਮਕੁੰਡਵਨੀ ਪਹਾੜੀ ਮਹਾਂਰਾਸ਼ਟਰ, ਛੱਤੀਸਗੜ੍ਹ ਤੇ ਝਾਰਖੰਡ ਸੂਬੇ ਦੇ ਆਦਿਵਾਸੀਆਂ ਲਈ ਪਵਿੱਤਰ ਅਸਥਾਨ ਹੈ ਅਤੇ ਖਾਣਾਂ ਕਾਰਨ ਉਹਨਾਂ ਦੀ ਸਮਾਜਿਕ, ਆਰਥਕ ਤੇ ਸੱਭਿਆਚਾਰਕ ਜ਼ਿੰਦਗੀ ਹਿੰਸਕ ਤਰੀਕੇ ਨਾਲ ਪ੍ਰਭਾਵਿਤ ਹੁੰਦੀ ਹੈ। ਗੜ੍ਹਚਿਰੌਲੀ ਜ਼ਿਲ੍ਹੇ ਦੇ ਸਹੀ ਹਾਲਾਤਾਂ ਨੂੰ ਸਮਝਣ ਲਈ ਤੱਥ-ਖੋਜ ਟੀਮ ਆਪਣੇ ਤਿੰਨ ਦਿਨਾ ਦੌਰੇ ਦੌਰਾਨ ਕਈ ਪਿੰਡਾਂ ਵਿਚ ਘੁੰਮੀ ਅਤੇ ਕਈ ਸੌ ਲੋਕਾਂ ਨੂੰ ਮਿਲੀ। ਸਾਨੂੰ ਸਪੱਸ਼ਟ ਹੋ ਗਿਆ ਕਿ ਸਰਕਾਰ ਦੁਆਰਾ ਪ੍ਰਚਾਰਿਆ ਜਾ ਰਿਹਾ ਵਿਕਾਸ ਦਾ ਕਿੱਸਾ, ਲੋਕਾਂ ਦੀ ਮਰਜ਼ੀ ਦੇ ਮੁਤਾਬਕ ਨਹੀਂ ਹੈ। ਲੋਕ, ਉਹਨਾਂ ਦੀਆਂ ਜ਼ਮੀਨਾਂ ਤੇ ਜੀਵਨ-ਗੁਜ਼ਾਰੇ ਦੇ ਸਾਧਨਾਂ ਨੂੰ ਜ਼ੋਰ-ਜ਼ਬਰਦਸਤੀ ਨਾਲ ਖੋਹੇ ਜਾਣ ਦੇ ਵਿਰੁੱਧ ਪੂਰੀ ਤਨਦੇਹੀ ਨਾਲ ਡਟੇ ਹੋਏ ਹਨ ਜਿਸ ਦੇ ਫਲਸਰੂਪ ਉਹਨਾਂ ਨੂੰ ਰਾਜ ਦੇ ਵਹਿਸ਼ੀ ਜਬਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਵਿਚ ਉਹਨਾਂ ਦਾ ਜਾਨੀ ਨੁਕਸਾਨ ਵੀ ਸ਼ਾਮਲ ਹੈ।

ਤੱਥ-ਖੋਜ ਕਮੇਟੀ ਰਾਜ ਦੀ ਝੂਠੇ ਪੁਲੀਸ ਮੁਕਾਬਲਿਆਂ ਰਾਹੀਂ ਮਾਰ ਮੁਕਾਉਣ ਵਾਲ਼ੀ ਇਸ ਨੀਤੀ ਦੀ ਨਿੰਦਾ ਕਰਦੀ ਹੋਈ ਮੰਗ ਕਰਦੀ ਹੈ ਕਿ

(1) ਬੋਰੀਆ-ਕਸਨਸੁਰ, ਰਾਜਾਰਾਮ ਖੰਡਲਾ, ਕੋਇਨਵਰਸ਼ਾ ਤੇ ਰੇਖਾਨਾਰ ਦੇ ਝੂਠੇ ਪੁਲੀਸ ਮੁਕਾਬਲਿਆਂ ਦੀ ਅਦਾਲਤੀ ਜਾਂਚ ਕਰਵਾਈ ਜਾਵੇ।

(2) ਪੁਲੀਸ ਅਤਿਆਚਾਰਾਂ ਵਿਰੁੱਧ ਆਵਾਜ਼ ਉਠਾਉਣ ਵਾਲੇ ਸਿਵਲ ਸੁਸਾਇਟੀ ਮੈਂਬਰਾਂ ਵਿਰੁੱਧ ਦਰਜ ਕੇਸ ਰੱਦ ਕੀਤੇ ਜਾਣ।

(3) ਸੁਰੱਖਿਆ ਬਲਾਂ ਦੀ ਅੰਧਾਧੁੰਦ ਵਰਤੋਂ ਅਤੇ ਝੂਠੇ ਪੁਲੀਸ ਮੁਕਾਬਲੇ ਰਚਾਉਣ ਲਈ ਜ਼ਿੰਮੇਵਾਰ ਮੁਲਾਜ਼ਮਾਂ ਖਿਲਾਫ਼ ਪਰਚੇ ਦਰਜ ਕੀਤੇ ਜਾਣ।

(4) ਇਲਾਕੇ ਵਿੱਚੋਂ ਪੁਲੀਸ ਤੇ ਨੀਮ-ਫ਼ੌਜੀ ਬਲਾਂ ਨੂੰ ਵਾਪਸ ਬੁਲਾਇਆ ਜਾਵੇ।

(5) ਗ੍ਰਾਮ ਸਭਾ ਦੀ ਮਨਜ਼ੂਰੀ ਬਗ਼ੈਰ ਕੋਈ ਮਾਈਨਿੰਗ ਨਾ ਕੀਤੀ ਜਾਵੇ।

(6) ਪੇਸਾ () ਐਕਟ ਵਿਚ ਕੀਤੀ ਸੋਧ, ਜਿਸ ਰਾਹੀਂ ਮਾਈਨਿੰਗ ਲਈ ਗ੍ਰਾਮ ਸਭਾ ਦੀ ਸਹਿਮਤੀ ਨੂੰ ਦਰਕਿਨਾਰ ਕੀਤਾ ਗਿਆ ਹੈ, ਨੂੰ ਵਾਪਸ ਲਿਆ ਜਾਵੇ।

(7) ਤੇਂਦੂ-ਪੱਤਾ ਤੇ ਬਾਂਸ ਦੀ ਬੇਰੋਕ-ਟੋਕ ਉਗਰਾਹੀ ਲਈ ਜੰਗਲਾਂ ਨੂੰ ਸਹੀ ਸਲਾਮਤ ਰੱਖਿਆ ਜਾਵੇ ਅਤੇ ਸਰਕਾਰ ਇਹਨਾਂ ਜਿਣਸਾਂ ਦੀ ਵਾਜਬ ਕੀਮਤ ਉੱਪਰ ਵਿਕਰੀ ਦਾ ਪ੍ਰਬੰਧ ਕਰੇ।

ਜਮਹੂਰੀ ਅਧਿਕਾਰਾਂ ਨਾਲ ਸਬੰਧਤ ਜਥੇਬੰਦੀਆਂ ਦੀ ਤਾਲਮੇਲ ਕਮੇਟੀ (CDRO)

ਇੰਡੀਅਨ ਐਸੋਸੀਏਸ਼ਨ ਆਫ਼ ਪੀਪਲਜ਼ ਲਾਇਅਰਜ਼ (IAPL)

ਰਾਜ ਦੇ ਜਬਰ ਤੇ ਲਿੰਗਕ ਹਿੰਸਾ ਵਿਰੁਧ ਔਰਤਾਂ ਦੀ ਜਥੇਬੰਦੀ (WSS)

**ਨੋਟ :** ਤੱਥ ਖੋਜ ਟੀਮ ਵਿਚ ਸ਼ਾਮਲ ਐਡਵੋਕੇਟ ਐੱਨ.ਕੇ.ਜੀਤ ਨੇ ਜਾਣਕਾਰੀ ਦਿੱਤੀ ਹੈ ਕਿ ਵੱਖ ਵੱਖ ਥਾਵਾਂ 'ਤੇ ਜਾਕੇ ਪੜਤਾਲ ਕਰਨ ਤੋਂ ਬਾਦ ਟੀਮ ਵਲੋਂ ਆਪਣੀ ਅੰਤਰਿਮ ਰਿਪੋਰਟ ਪ੍ਰੈਸ ਕਾਨਫਰੰਸ ਰਾਹੀਂ ਜਾਰੀ ਕੀਤੀ ਗਈ। ਜਿਥੇ ਟੀਮ ਨਾਲ ਸਹਿਯੋਗ ਕਰ ਰਹੇ ਆਮ ਆਦਮੀ ਪਾਰਟੀ, ਸੀਪੀਆਈ ਤੇ ਕਈ ਗ੍ਰਾਮ ਪੰਚਾਇਤਾਂ ਦੇ ਮੈਂਬਰ ਅਤੇ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਵੀ ਹਾਜਰ ਸਨ। ਜਦੋਂ ਤੱਥ ਖੋਜ ਕਮੇਟੀ ਪ੍ਰੈਸ ਕਾਨਫਰੰਸ ਖ਼ਤਮ ਕਰਕੇ ਬਾਹਰ ਨਿਕਲ ਰਹੀ ਸੀ ਤਾਂ ਇੱਥੋਂ ਦੇ ਇਕ ਸਥਾਨਕ "ਨਕਸਲ ਵਿਰੋਧੀ ਸੰਗਠਨ" ਦਾ ਪ੍ਰਧਾਨ ਡਾ. ਅਰਵਿੰਦ ਸੋਹਣੀ ਆਪਣੇ ਦੋ ਤਿੰਨ ਸਾਥੀਆਂ ਸਮੇਤ ਉਥੇ ਪਹੁੰਚ ਕੇ ਹਮਲਾਵਰ ਅੰਦਾਜ਼ ਵਿਚ ਕਮੇਟੀ ਦੇ ਮੈਂਬਰਾਂ ਨੂੰ ਨਕਸਲਵਾਦ ਬਾਰੇ ਬਹਿਸ ਵਿਚ ਹਿੱਸਾ ਲੈਣ ਲਈ ਵੰਗਾਰਨ ਲੱਗ ਪਿਆ। ਉਹਨਾਂ ਦਾ ਮਕਸਦ ਸਪਸ਼ਟ ਤੌਰ ਤੇ ਖ਼ਲਲ ਪਾਉਣ ਦਾ ਸੀ। ਕਮੇਟੀ ਮੈਂਬਰਾਂ ਨੇ ਉਸਨੂੰ ਕਿਹਾ ਕਿ ਅਸੀਂ ਇੱਥੇ ਸਚਾਈ ਦੀ ਖੋਜ ਕਰਨ ਲਈ ਆਏ ਹਾਂ ਨਾ ਕਿ ਨਕਸਲਵਾਦ ਬਾਰੇ ਬਹਿਸ ਕਰਨ ਲਈ। ਜਿਹਨਾਂ ਘਟਨਾਵਾਂ ਬਾਰੇ ਅਸੀਂ ਪੜਤਾਲ ਕੀਤੀ ਹੈ ਉਹਨਾਂ ਬਾਰੇ ਕੋਈ ਜ਼ਬਾਨੀ ਜਾਂ ਲਿਖਤੀ ਤੱਥ ਤੁਸੀਂ ਪੇਸ਼ ਕਰਨਾ ਚਾਹੁੰਦੇ ਹੋਂ ਤਾਂ ਅਸੀਂ ਉਹ ਸੁਣਨ ਨੂੰ ਤਿਆਰ ਹਾਂ। ਤੱਥ ਖੋਜ ਕਮੇਟੀ ਨਾ ਨਕਸਲ ਪੱਖੀ ਹੈ ਨਾ ਨਕਸਲ ਵਿਰੋਧੀ। ਇਹ ਕਮੇਟੀ ਸਿਰਫ਼ ਲੋਕਾਂ ਦੇ ਜਮਹੂਰੀ ਹੱਕਾਂ ਦੇ ਪੱਖੀ ਹੈ ਤੇ ਉਸਦੀ ਰਾਖੀ ਲਈ ਵਚਨਬੱਧ ਹੈ। ਹੈਰਾਨੀ ਦੀ ਗੱਲ ਹੈ ਕਿ ਤੱਥ ਖੋਜ ਦੀ ਟੀਮ ਦੀ ਰਿਪੋਰਟ ਬਾਰੇ ਜੋ ਖਬਰਾਂ ਅੱਜ ਦੇ ਅਖਬਾਰਾਂ 'ਚ ਲੱਗੀਆਂ, ਤੱਥ ਖੋਜ ਕਮੇਟੀ ਦਾ ਪੱਖ ਸੁੰਗੇੜ ਕੇ ਦਿਤਾ ਗਿਆ ਹੈ ਅਤੇ ਸਟੇਟ ਪਖੀ ਪ੍ਰਚਾਰ ਨੂੰ ਉਕਤ ਖ਼ਲਲ ਪਾਊ ਵਿਅਕਤੀਆਂ ਦੇ ਹਵਾਲੇ ਨਾਲ ਪ੍ਰਮੁੱਖਤਾ ਦਿਤੀ ਗਈ ਹੈ। ਇਸ ਤੋਂ ਜ਼ਾਹਰ ਹੈ ਕਿ ਪ੍ਰੈਸ ਹਕੂਮਤ ਦੇ ਦਬਾਅ ਥੱਲੇ ਕੰਮ ਕਰ ਰਹੀ ਹੈ ਜੋ ਖ਼ਬਰਾਂ ਦੀ ਨਿਰਪੱਖਤਾ ਤੇ ਪਾਰਦਰਸ਼ਤਾ 'ਤੇ ਸੁਆਲੀਆ ਚਿੰਨ ਲੱਗਦਾ ਹੈ। ਇਸ ਤੋਂ ਪਹਿਲਾਂ ਵੀ ਨਾਟਕੀ ਤਰੀਕੇ ਨਾਲ ਵਿਉਂਤੇ ਪ੍ਰਦਰਸ਼ਨ ਵੀ ਕਰਾਵਏ ਗਏ ਤੇ ਉਹਨਾਂ ਰਾਹੀਂ ਹਕੂਮਤੀ ਪੱਖ ਨੂੰ ਪ੍ਰੈਸ 'ਚ ਪੇਸ਼ ਕੀਤਾ ਗਿਆ। ਪ੍ਰੈਸ 'ਚ ਇਸ ਨਾਟਕੀ ਘਟਨਾਕ੍ਰਮ ਬਾਰੇ ਅਜ਼ਾਦਾਨਾ ਅਤੇ ਪੜਤਾਲੀਆ ਪੱਖ ਅਤੇ ਖੋਜੀ ਵਿਸ਼ਲੇਸ਼ਣ ਪੇਸ਼ ਨਹੀਂ ਹੋਇਆ ਜਿਸਤੋਂ ਟਕਰਾਅ ਦੇ ਇਸ ਖੇਤਰ ਅੰਦਰ ਬਣਾਏ ਗਏ ਦਬਾਅ ਦੇ ਮਾਹੌਲ ਦਾ ਅੰਦਾਜ਼ਾ ਲੱਗ ਜਾਂਦਾ ਹੈ।

# ਰੁਮਾਲਿਆਂ ਦੀ ਬੇਕਦਰੀ ਕਿਉਂ?



ਸੁਰਿੰਦਰ ਮਾਵੀ
204-510-6284



'ਰੁਮਾਲਿਆਂ ਦੀ ਬੇਕਦਰੀ' ਦਾ ਵੀਡੀਉ ਵੇਖ ਲਿਆ ਹੋਵੇਗਾ। ਇਹ ਤਾਂ ਪਤਾ ਨਹੀਂ ਕਿ ਇਹ ਵੀਡੀਉ ਕਿਸ ਗੁਰਦਵਾਰੇ ਤੋਂ ਆਇਆ ਹੈ ਪਰ ਇਹ ਤਾਂ ਸਾਫ਼ ਹੈ ਕਿ ਇਹ ਸੰਗਤ ਦਾ ਅਪਣੇ ਗੁਰੂ ਵਾਸਤੇ ਪਿਆਰ ਹੈ ਜਿਸ ਨੂੰ ਗੁਰੂਘਰ ਦੇ ਬੇਕਦਰੇ ਅਤੇ ਪੱਥਰ-ਦਿਲ ਸੇਵਾਦਾਰਾਂ ਨੇ ਕੂੜੇ ਦੇ ਪੈਕਟਾਂ ਵਿਚ ਪਾ ਕੇ ਨਸ਼ਟ ਕਰਨ ਲਈ ਸੁੱਟ ਦਿੱਤਾ ਸੀ। ਸੋਹਣੇ ਤੇ ਨਵੇਂ, ਮਹਿੰਗੇ ਰੁਮਾਲੇ ਕੂੜੇ ਵਿਚ ਪਏ ਵੇਖ ਕੇ ਹਰ ਸੱਚੇ ਸਿੱਖ ਦਾ ਦਿਲ ਦੁਖਿਆ ਹੋਵੇਗਾ ਕਿਉਂਕਿ ਜਿਹੜੇ ਸਿੱਖ ਰੁਮਾਲੇ ਭੇਟ ਕਰਦੇ ਹਨ, ਉਹ ਉਸ ਨੂੰ ਆਪਣੇ ਜਿਊਂਦੇ ਗੁਰੂ ਗ੍ਰੰਥ ਸਾਹਿਬ ਵਾਸਤੇ ਪੁਸ਼ਾਕੇ ਵਜੋਂ ਭੇਟ ਕਰਦੇ ਹਨ। ਗੁਰੂਘਰ ਦੇ ਸੇਵਾਦਾਰਾਂ ਦੇ ਰਵੱਈਏ ਨੂੰ ਵੇਖ ਕੇ ਪੀੜ ਤਾਂ ਹੁੰਦੀ ਹੈ ਪਰ ਕੀ ਗੁਨਾਹਗਾਰ ਸਿਰਫ਼ ਉਹੀ ਲੋਕ ਹਨ ਜਾਂ ਉਹ ਸੰਗਤ ਹੈ ਜੋ ਆਪਣੇ ਗੁਰੂ ਦੇ ਸ਼ਬਦਾਂ ਨੂੰ ਸਮਝੇ ਬਗ਼ੈਰ ਰੁਮਾਲਿਆਂ ਦੇ ਚੜ੍ਹਾਵੇ ਚੜ੍ਹਾਈ ਚਲੀ ਆਉਂਦੀ ਹੈ?

ਗੁਰਦਵਾਰਿਆਂ ਵਿਚ ਭੇਟ ਕੀਤੇ ਜਾਂਦੇ ਕੀਮਤੀ ਪੈਕਿਟ-ਬੰਦ ਰੁਮਾਲੇ ਹਜ਼ਾਰਾਂ ਦੀ ਗਿਣਤੀ ਵਿਚ ਕੂੜੇ ਦੇ ਡੰਪਾਂ ਨੂੰ ਭੇਜੇ ਜਾ ਰਹੇ ਹਨ। ਇਹਨਾਂ ਰੁਮਾਲਿਆਂ ਦੇ ਨਾਲ ਨਾਲ ਸੰਸਾਰ ਯਾਤਰਾ ਪੂਰੀ ਕਰ ਕੇ ਤੁਰ ਗਏ ਆਪਣੇ ਪਿਆਰਿਆਂ ਦੀ ਯਾਦ ਵਿਚ ਅੰਤਿਮ ਅਰਦਾਸ ਮੌਕੇ ਸਿੱਖ ਪਰਿਵਾਰ ਜੋ ਰਜਾਈਆਂ ਅਤੇ ਕੰਬਲ ਭੇਟ ਕਰਦੇ ਹਨ ਉਹ ਵੀ ਗਾਰਬੇਜ (ਕੂੜਾ) ਡੰਪ ਨੂੰ ਵੱਡੀ ਗਿਣਤੀ ਵਿਚ ਟਰੱਕਾਂ ਵਿਚ ਲੱਦ ਕੇ ਭੇਜ ਦਿੱਤੇ ਜਾਂਦੇ ਹਨ। ਇਸ ਵੀਡੀਓ ਕਲਿਪ ਵਿਚ ਇੱਕ ਪੰਜਾਬੀ ਨੌਜਵਾਨ ਸੈਂਕੜੇ ਕਾਲੇ ਰੰਗ ਦੇ ਗਾਰਬੇਜ ਬੈਗ ਖੋਹਲ ਖੋਹਲ ਕੇ ਉਨ੍ਹਾਂ ਵਿਚ ਬੰਦ ਨਵੇਂ ਨਿਕੋਰ ਰੁਮਾਲੇ, ਕੰਬਲ ਅਤੇ ਰਜਾਈਆਂ ਵਿਖਾਉਂਦਾ ਹੈ ਜੋ ਕਿਸੇ ਗਾਰਬੇਜ ਡੰਪ ਵਿਚ ਸੁੱਟਣ ਵਾਸਤੇ ਭੇਜੇ ਗਏ ਹਨ। ਮਿਲੀ ਜਾਣਕਾਰੀ ਮੁਤਾਬਿਕ ਇਸ ਨੌਜਵਾਨ ਦਾ ਨਾਮ ਜਸਬੀਰ ਸਿੰਘ ਹੈ ਅਤੇ ਇਹ ਕਿਸੇ ਗਾਰਬੇਜ ਡੰਪ ਜਾਂ ਗਾਰਬੇਜ ਡੰਪ ਕਰਨ ਦਾ ਠੇਕਾ ਲਈ ਬੈਠੀ ਕਿਸੇ ਕੰਪਨੀ ਨਾਲ ਕੰਮ ਕਰਦਾ ਹੈ। ਵੀਡੀਓ ਵਿਚ ਉਹ ਇਸ ਦਾ ਜ਼ਿਕਰ ਵੀ ਕਰਦਾ ਹੈ ਕਿ ਉਹ ਅਜੇਹਾ ਕੰਮ ਕਰਦਾ ਹੈ। ਉਹ ਇਹ ਵੀ ਦੱਸਦਾ ਹੈ ਕਿ ਕਿ ਇਹ ਰੁਮਾਲੇ ਟੋਰਾਂਟੋ ਤੋਂ ਗਾਰਬੇਜ ਡੰਪ ਨੂੰ ਭੇਜੇ ਗਏ ਹਨ। ਪਰ ਉਹ ਕਿਸੇ ਗੁਰਦਵਾਰੇ ਦਾ ਨਾਮ ਲੈਣ ਤੋਂ ਸੰਕੋਚ ਕਰ ਜਾਂਦਾ ਹੈ। ਜਾਪਦਾ ਹੈ ਕਿ ਕਿਸੇ ਕਾਰਨ ਉਸ ਨੂੰ ਇਸ ਗੁਰਦਵਾਰੇ ਦਾ ਵੀ ਪਤਾ ਹੈ ਜਿੱਥੋਂ ਇਹ ਰੁਮਾਲੇ ਕਾਲੇ ਰੰਗ ਦੇ ਗਾਰਬੇਜ ਬੈਗਾਂ ਵਿਚ ਭਰ ਕੇ ਕੂੜੇ ਵਿਚ ਡੰਪ ਕੀਤੇ ਗਏ ਹਨ। ਅਗਰ ਏਨੇ ਰੁਮਾਲੇ ਇਕ ਵਕਤ ਡੰਪ ਕੀਤੇ ਗਏ ਹਨ ਤਾਂ ਪਤਾ ਨਹੀਂ ਕਿੰਨੀ ਕੁ ਵਾਰ ਇਸ ਤਰਾਂ ਪਹਿਲਾਂ ਵੀ ਕੀਤਾ ਗਿਆ ਹੋਵੇ ਅਤੇ ਭਵਿੱਖ ਵਿਚ ਵੀ ਕੀਤਾ ਜਾਵੇ। ਇਹ ਤਾਂ ਸਬੱਬ ਹੀ ਸੀ ਕਿ ਇਸ ਵਾਰ ਇਕ ਪੰਜਾਬੀ ਨੇ ਇਹ ਵੇਖ ਲਿਆ ਅਤੇ ਇਸ ਦੀ ਵੀਡੀਓ ਬਣਾ ਕੇ ਸੋਸ਼ਲ ਮੀਡੀਆ 'ਤੇ ਪਾ ਦਿੱਤੀ ਜਿਸ ਨਾਲ ਮਾਮਲਾ ਜਨਤਕ ਹੋ ਗਿਆ।

ਹਰ ਸਿੱਖ ਜੋ ਇਸ ਵੀਡੀਓ ਕਲਿਪ ਨੂੰ ਵੇਖਦਾ ਹੈ ਜਾਂ ਇਸ ਬਾਰੇ ਸੁਣਦਾ ਹੈ, ਉਸ ਨੂੰ ਗ਼ੁੱਸਾ ਆਉਂਦਾ ਹੈ ਕਿ ਸਿੱਖ ਆਗੂ ਇੰਜ ਕਿਉਂ ਕਰ ਰਹੇ ਹਨ? ਇਹ ਕੰਮ ਲੋਕਾਂ ਦੀਆਂ ਅੱਖਾਂ ਤੋਂ ਚੋਰੀ ਕਿਉਂ ਕੀਤਾ ਜਾ ਰਿਹਾ ਹੈ? ਸਿੱਖ ਆਗੂ ਕਿਉਂ ਨਹੀਂ ਜਨਤਕ ਤੌਰ 'ਤੇ ਸਿੱਖਾਂ ਨੂੰ ਰੁਮਾਲੇ ਨਾ ਭੇਟ ਕਰਨ ਦੀ ਬੇਨਤੀ ਕਰਦੇ ਜਾਂ ਇਸ ਦਾ ਢੁਕਵਾਂ ਬਦਲ ਪੇਸ਼ ਕਰਦੇ। ਅਗਰ ਲੋਕ ਰੁਮਾਲੇ ਭੇਟ ਕਰਨੋਂ ਨਹੀਂ ਹਟਦੇ ਤਾਂ ਗੁਰਦਵਾਰਿਆਂ ਦੇ ਪ੍ਰਬੰਧਕ ਖ਼ਾਮੋਸ਼ ਕਿਉਂ ਹਨ? ਕੀ ਕਦੇ ਕਿਸੇ ਗੁਰਦਵਾਰੇ ਦੇ ਪ੍ਰਬੰਧਕ ਨੇ ਰੁਮਾਲਾ ਅਵੇਅਰਨੈੱਸ ਮੁਹਿੰਮ ਚਲਾਈ ਹੈ? ਇਹਨਾਂ ਵਿਚੋਂ ਕਈ ਰੁਮਾਲਿਆਂ 'ਤੇ ਗੁਰੂਆਂ ਦੀਆਂ ਤਸਵੀਰਾਂ ਵੀ ਹੋਣਗੀਆਂ ਤੇ ਗੁਰਬਾਣੀ ਦੀਆਂ ਤੁਕਾਂ ਵੀ ਹੋਣਗੀਆਂ। ਸਤੰਬਰ ਮਹੀਨੇ ਦੇ ਅੰਤ ਵਿਚ ਪੰਜਾਬ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਵੀ ਰੁਮਾਲਿਆਂ ਦੇ ਕਈ ਟਰੱਕ ਲੋਡ ਖਡੂਰ ਸਾਹਿਬ ਵਿਚ ਬਿਆਸ ਦਰਿਆ ਕਿਨਾਰੇ ਲੈ ਜਾ ਕੇ ਚੋਰੀ ਸਾੜੇ ਗਏ ਸਨ। ਇਸ ਦੀਆਂ ਤਸਵੀਰਾਂ ਵੀ ਪ੍ਰਕਾਸ਼ਿਤ ਹੋਈਆਂ ਸਨ। ਸਵਾਲ ਕਰਨਾ ਬਣਦਾ ਹੈ ਕਿ ਸਿੱਖ ਇਸ ਕਿਸਮ ਦੀ ਵੇਸਟੇਜ ਕਿਉਂ ਕਰ ਰਹੇ ਹਨ ਜੋ ਵਾਤਾਵਰਨ ਵਾਸਤੇ ਵੀ ਘਾਤਕ ਹੈ। ਰੁਮਾਲਿਆਂ ਨੂੰ ਕੂੜੇ ਵਿਚ ਡੰਪ ਕਰਨ ਨਾਲ ਕੂੜਾ ਵਧਦਾ ਹੈ ਅਤੇ ਕੀਮਤੀ ਕੱਪੜਾ ਖ਼ਰਾਬ ਹੁੰਦਾ ਹੈ । ਰੁਮਾਲੇ ਫੂਕਣ ਨਾਲ ਵਾਤਾਵਰਨ ਵਿਚ ਧੂੰਆਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਨਿਕਾਸ ਹੁੰਦਾ ਹੈ ਕਿਉਂਕਿ ਗੋਟੇ-ਕਿਨਾਰੀ ਵਾਲੇ ਰੁਮਾਲਿਆਂ 'ਤੇ ਸੈਨਾਥੈਟਿਕ ਪਦਾਰਥ ਲੱਗੇ ਹੁੰਦੇ ਹਨ। ਇਸ ਨਾਲ ਰੁਮਾਲਿਆਂ ਦੀ ਬੇਅਦਬੀ ਵੀ ਹੁੰਦੀ ਹੈ। ਉਧਰ ਸ਼੍ਰੋਮਣੀ ਕਮੇਟੀ ਜੋ ਆਪ ਟਰੱਕਾਂ ਦੇ ਟਰੱਕ ਰੁਮਾਲੇ ਫੂਕਦੀ ਹੈ, ਵਿਦੇਸ਼ੀ ਸਿੱਖਾਂ ਨੂੰ ਕੀ ਸੇਧ ਦੇ ਸਕਦੀ ਹੈ? ਉਹ ਸਿੱਖ ਨੂੰ ਰੁਮਾਲਿਆਂ ਦੇ ਮਾਮਲੇ ਵਿਚ ਕੋਈ ਸੇਧ ਦੇਣ ਵਾਸਤੇ ਵਿਹਲੇ ਹੀ ਨਹੀਂ ਹਨ। ਬਹੁਤੇ ਸਿੱਖ ਆਗੂਆਂ ਨੇ ਤਾਂ ਸ਼ਰਮ ਹੀ ਲਾਹ ਲਈ ਲਗਦੀ ਹੈ ਅਤੇ ਗੁਰਦਵਾਰੇ ਉਨ੍ਹਾਂ ਵਾਸਤੇ ਵਪਾਰ ਬਣ ਗਏ ਹਨ। ਅਖੇ ਜੇਕਰ ਸੰਗਤ ਨੂੰ ਰੁਮਾਲੇ ਲਿਆਉਣ ਤੋਂ ਵਰਜ ਦਿੱਤਾ ਤਾਂ ਉਹ ਕਿਸੇ ਹੋਰ ਗੁਰਦਵਾਰੇ ਚਲੇ ਜਾਵੇਗੀ। ਮਾਮਲਾ ਗੋਲਕ ਵਿਚ ਮਾਇਆ ਦੀ ਰੌਣਕ ਦਾ ਮੁੱਖ ਹੈ। ਇਹਨਾਂ ਦੇਸ਼ਾਂ ਵਿਚ ਪੁਰਾਣੇ ਕੱਪੜੇ ਰੀ-ਸਾਈਕਲ ਕਰਨ ਦਾ ਪ੍ਰਬੰਧ ਹੈ। ਕਈ ਸਮਾਜ ਸੇਵੀ ਅਤੇ ਵਪਾਰਕ ਸੰਗਠਨ ਆਪ ਪੁਰਾਣੇ ਕੱਪੜੇ ਚੁੱਕਣ ਆ ਜਾਂਦੇ ਹਨ ਅਤੇ ਪਲਾਜ਼ਿਆਂ ਵਿਚ ਉਨ੍ਹਾਂ ਨੇ ਵੱਡੇ ਡੱਬੇ ਵੀ ਲਗਾਏ ਹੋਏ ਹਨ। ਕੂੜਾ ਡੰਪ ਨੂੰ ਰੁਮਾਲੇ ਭੇਜਣ ਨਾਲੋਂ ਰੀ-ਸਾਈਕਲ ਲਈ ਭੇਜਣੇ ਚੰਗੇ ਹਨ। ਬੇਘਰਿਆਂ ਅਤੇ ਗ਼ਰੀਬਾਂ ਦੀ ਇਹਨਾਂ ਦੇਸ਼ਾਂ ਵਿਚ ਵੀ ਕਮੀ ਨਹੀਂ ਹੈ। ਰੁਮਾਲੇ, ਕੰਬਲ ਅਤੇ ਰਜਾਈਆਂ ਫੂਡ ਬੈਂਕਾਂ ਅਤੇ ਹੋਰ ਅਦਾਰਿਆਂ ਨੂੰ ਦਿੱਤੀਆਂ ਜਾ ਸਕਦੀਆਂ ਹਨ। ਸਭ ਤੋਂ ਵੱਡੀ ਲੋੜ ਹੈ ਸਿੱਖਾਂ ਨੂੰ ਵਡ ਮੁੱਲੇ ਰੁਮਾਲਿਆਂ ਦਾ ਬਦਲ ਪੇਸ਼ ਕਰਨ ਦੀ। ਗੁਰਦਵਾਰੇ ਆਪ ਵੀ ਰੁਮਾਲੇ ਰੀ-ਸਾਈਕਲ ਕਰ ਸਕਦੇ ਹਨ ਤੇ ਸੰਗਤ ਨੂੰ ਪ੍ਰੇਰ ਸਕਦੇ ਹਨ। ਰੁਮਾਲੇ ਦੀ ਥਾਂ ਸੰਗਤ ਨੂੰ ਕੇਸ਼ ਭੇਟ ਕਰਨ ਵਾਸਤੇ ਵੀ ਪ੍ਰੇਰਿਆ ਜਾ ਸਕਦਾ ਹੈ। ਕਈ ਵੱਖ ਵੱਖ ਬਦਲ ਹੋਣਗੇ ਤਾਂ ਏਨੀ ਦੁਰਵਰਤੋਂ ਨਹੀਂ ਹੋਵੇਗੀ। ਇਸ ਦਾ ਸਹੀ ਬਦਲ ਇਹ ਹੈ ਕਿ ਅਗਰ ਰੁਮਾਲਾ ਭੇਟ ਹੀ ਕਰਨਾ ਹੈ ਤਾਂ ਸੰਗਤ ਨੂੰ ਸਾਦੇ ਰੰਗਾਂ ਵਿਚ, ਸੂਤੀ ਕੱਪੜੇ ਵਿਚ ਇੱਕ ਪੀਸ ਦਾ ਰੁਮਾਲਾ ਭੇਟ ਕਰਨ ਵਾਸਤੇ ਪ੍ਰੇਰਿਆ ਜਾਵੇ ਜੋ ਇੱਛਾ ਮੁਤਾਬਿਕ ਜਿੰਨਾ ਮਰਜ਼ੀ ਵੱਡਾ ਹੋਵੇ। ਇਕਹਿਰਾ ਹੋਵੇ ਭਾਵੇਂ ਦੂਹਰਾ ਜਾਂ ਤੀਹਰਾ ਹੋਵੇ। ਅਜੇਹੇ ਰੁਮਾਲਿਆਂ ਨੂੰ ਤੈਹਾਂ ਲਗਾ ਕੇ ਰੱਖ ਲਿਆ ਜਾਵੇ ਅਤੇ ਗ਼ਰੀਬਾਂ ਤੇ ਕੁਦਰਤੀ ਆਫ਼ਤਾਂ ਦੇ ਮਾਰਿਆਂ ਵਾਸਤੇ ਟਰੱਕ ਲੱਦ ਲੱਦ ਕੇ ਭੇਜਿਆ ਜਾਵੇ ਤਾਂ ਕਿ ਉਹ ਆਪਣਾ ਤਨ ਢੱਕ ਸਕਣ। ਉਹ ਤੁਹਾਡੇ ਗੁਣ ਵੀ ਗਾਉਣਗੇ! ਹੁਣੇ ਜਿਹੇ ਗੁਰਦੁਆਰਾ ਸਿੰਘ ਸਭਾ ਗ੍ਰੇਟਰ ਕੈਲਾਸ਼-2 ਦਿੱਲੀ ਦੀ ਮਨੈਜਮੈਂਟ ਕਮੇਟੀ ਦੀ ਵੀਡੀਓ ਸਾਹਮਣੇ ਆਈ ਸੀ। ਜਿਸ ਵਿਚ ਉਨ੍ਹਾਂ ਨੇ ਰੁਮਾਲਿਆਂ ਦੇ ਤਕਰੀਬਨ 1000 ਫਰਾਕਾਂ ਬਣਾਂ ਕਿ ਗਰੀਬ ਬੱਚੀਆਂ ਦਾ ਮੁਫ਼ਤ ਵਿਚ ਤਨ ਢਕਿਆ 'ਤੇ ਉਨ੍ਹਾਂ ਨੇ ਅਪੀਲ ਵੀ ਕੀਤੀ ਕਿ ਕਿਸੇ ਗੁਰੂ ਘਰ ਵਿਚ ਵਾਧੂ ਰੁਮਾਲੇ, ਪੁਸ਼ਾਕੇ ਜਾਂ ਫਿਰ ਚੰਦੋਏ ਹਨ ਤਾਂ ਉਨ੍ਹਾਂ ਦੇ ਫੇਸ ਬੁੱਕ ਪੇਜ ਦੁਆਰਾ ਸੰਪਰਕ ਕਰ ਸਕਦੇ ਹਨ। ਸ਼ਾਇਦ ਇਸ ਕਮੇਟੀ ਨੇ ਮੰਨ ਬਣਾਇਆ ਕਿ ਕਿਸ ਤਰਾਂ ਵਰਤੇ ਹੋਏ ਰੁਮਾਲਿਆਂ ਦੀ ਸਹੀ ਵਰਤੋਂ ਕੀਤੀ ਜਾਵੇ।

ਸਿੱਖ ਫ਼ਲਸਫ਼ੇ ਦੀ ਵਡਿਆਈ ਦੀ ਗੱਲ ਸ਼ੁਰੂ ਹੁੰਦੀ ਹੈ ਤਾਂ ਪਹਿਲੀ ਵਡਿਆਈ ਇਹੀ ਦੱਸੀ ਜਾਂਦੀ ਹੈ ਕਿ ਇਹ ਸਿੱਧੀ ਸਾਦੀ ਪੰਜਾਬੀ ਵਿਚ ਲਿਖਿਆ ਗਿਆ ਸੀ ਤਾਂਕਿ ਆਮ ਜਨਤਾ ਬਾਣੀ ਨੂੰ ਆਪ ਸਮਝ ਸਕੇ ਅਤੇ ਇਸ ਉੱਤੇ ਅਮਲ ਕਰ ਸਕੇ। ਪੁਜਾਰੀ ਵਾਦ ਉੱਤੇ ਨਿਰਭਰਤਾ ਨੂੰ ਹਟਾਉਂਦੇ ਹੋਏ ਬਾਬਾ ਨਾਨਕ ਨੇ ਇਸ ਫ਼ਲਸਫ਼ੇ ਨਾਲ ਇਨਸਾਨ ਅਤੇ ਰੱਬ ਦੇ ਰਿਸ਼ਤੇ ਵਿਚੋਂ ਹਰ ਦੂਜੀ ਚੀਜ਼ ਨੂੰ ਹਟਾ ਦਿਤਾ ਸੀ। ਬਾਣੀ ਨੂੰ ਸਮਝਣ ਵਾਲਾ ਹਰ ਇਨਸਾਨ ਰੱਬ ਨਾਲ ਆਪ ਗੱਲਬਾਤ ਕਰ ਸਕਦਾ ਹੈ ਅਤੇ ਉਸ ਦੀ ਰਹਿਮਤ ਨੂੰ ਅਪਣੇ ਕਣ ਕਣ ਵਿਚ ਰਚੀ ਹੋਈ ਵੇਖਦਾ ਹੈ। ਪਰ ਬਾਣੀ ਨੂੰ ਸਮਝਣ ਦੀ ਬਜਾਏ ਉਸ ਦੀ ਸਾਦੀ ਭਾਸ਼ਾ ਨੂੰ ਅਪਣੇ ਤੋਂ ਦੂਰ ਕਰ ਕੇ, ਜੇ ਸੰਗਤ ਆਪ ਹੀ ਉਨ੍ਹਾਂ ਪ੍ਰਭਾਵਾਂ ਨੂੰ ਹੁੰਗਾਰਾ ਭਰਨ ਲੱਗ ਜਾਏ ਜਿਹੜੀਆਂ ਮਨੁੱਖ ਅਤੇ ਰੱਬ ਵਿਚਕਾਰ ਦੂਰੀਆਂ ਪੈਦਾ ਕਰਨ ਵਾਲੀਆਂ ਹੋਣ ਤਾਂ ਕੀ ਕਸੂਰਵਾਰ ਸਿਰਫ਼ ਗੁਰੂ ਘਰਾਂ ਦੇ ਸੇਵਾਦਾਰ ਹੀ ਹਨ? ਹਾਂ, ਗੁਰੂ ਘਰਾਂ ਦੇ ਸੇਵਾਦਾਰ ਕਸੂਰਵਾਰ ਹਨ ਪਰ ਸਾਡੇ ਤੋਂ ਘੱਟ। ਉਹ ਅਸਲ ਵਿਚ ਸੇਵਾਦਾਰ ਨਹੀਂ ਹਨ, ਬਲਕਿ ਛੋਟੀ ਮੋਟੀ ਚੋਰੀ ਕਰ ਕੇ 'ਉੱਪਰ ਦੀ ਕਮਾਈ' ਕਰਨ ਵਾਲੇ ਕਰਮਚਾਰੀ ਹਨ ਜੋ ਸੰਗਤ ਦੀ ਅਗਿਆਨਤਾ ਦਾ ਫ਼ਾਇਦਾ ਉਠਾ ਕੇ ਅਪਣੀ ਕਾਲੀ ਕਮਾਈ ਦਾ ਪ੍ਰਬੰਧ ਕਰ ਰਹੇ ਹਨ। ਉਨ੍ਹਾਂ ਦਾ ਕਸੂਰ ਓਨਾ ਹੀ ਹੈ ਜਿੰਨਾ ਕਿਸੇ ਵਪਾਰੀ ਦਾ ਹੁੰਦਾ ਹੈ ਜੋ ਤੁਹਾਨੂੰ ਕੋਈ ਸਾਮਾਨ ਵੇਚਦਾ ਹੈ ਅਤੇ ਨਾਲ ਆਖਦਾ ਹੈ ਕਿ ਇਹ ਸਾਮਾਨ ਤੁਹਾਡੀ ਜ਼ਿੰਦਗੀ ਬਦਲ ਦੇਵੇਗਾ। ਕਸੂਰ ਸੰਗਤ ਦਾ ਹੈ ਜਿਸ ਨੇ ਅਪਣੇ ਗੁਰੂ ਦੇ ਪਿਆਰ ਨੂੰ ਸਮਾਨ ਬਣਨ ਦੀ ਇਜਾਜ਼ਤ ਦੇ ਦਿਤੀ। ਪਰ ਸ਼ਾਇਦ ਸਭ ਤੋਂ ਵੱਡਾ ਕਸੂਰ ਉਸ ਉੱਚ ਧਾਰਮਿਕ ਸੰਸਥਾ ਵਿਚ ਬੈਠੇ ਮੁੱਖ ਸੇਵਾਦਾਰਾਂ ਦਾ ਹੈ ਜਿਨ੍ਹਾਂ ਨੇ ਸਿੱਖ ਫ਼ਲਸਫ਼ੇ ਨੂੰ ਸਿੱਖ ਸੰਗਤ ਤੋਂ ਦੂਰ ਕਰਨ ਵਿਚ ਦੁਸ਼ਮਣਾਂ ਦਾ ਸਾਥ ਦਿਤਾ। ਇਨ੍ਹਾਂ ਸੇਵਾਦਾਰਾਂ ਨੂੰ ਮਾਣ, ਇਨ੍ਹਾਂ ਦੇ ਕਿਰਦਾਰ ਨੂੰ ਵੇਖ ਕੇ ਨਹੀਂ ਮਿਲਿਆ ਹੁੰਦਾ ਬਲਕਿ ਜਿਸ ਸਥਾਨ ਉੱਤੇ ਉਹ ਬੈਠੇ ਹਨ, ਉਸ ਅਕਾਲ ਤਖ਼ਤ ਦੇ ਸਤਿਕਾਰ ਦਾ ਕੁੱਝ ਹਿੱਸਾ ਇਨ੍ਹਾਂ ਨੂੰ ਆਪੇ ਮਿਲ ਜਾਂਦਾ ਹੈ ਜਿਸ ਨੂੰ ਇਨ੍ਹਾਂ ਨੇ ਅਪਣੇ ਸੁੱਚੇ ਕਿਰਦਾਰ ਤੇ ਚੰਗੀ ਅਗਵਾਈ ਨਾਲ ਕਾਇਮ ਰੱਖਣਾ ਹੁੰਦਾ ਹੈ। ਇਸ ਪਿਆਰ ਅਤੇ ਸਤਿਕਾਰ ਦਾ ਫ਼ਾਇਦਾ ਉਠਾ ਕੇ ਭੋਲੇ ਸਿੱਖਾਂ ਅੰਦਰ ਇਸ ਤਰ੍ਹਾਂ ਦੀਆਂ ਰਵਾਇਤਾਂ ਸਿਰਜ ਦਿੱਤੀਆਂ ਗਈਆਂ ਹਨ ਜੋ ਸਿੱਖ ਫ਼ਲਸਫ਼ੇ ਤੋਂ ਬਿਲਕੁਲ ਵੱਖਰੀਆਂ ਹਨ।ਸਿੱਖ ਨੇ ਬਾਣੀ ਪੜ੍ਹਨੀ ਅਤੇ ਸਮਝਣੀ ਹੈ ਤੇ ਉਸ ਦੇ ਮੁਤਾਬਿਕ ਜੀਵਨ ਬਤੀਤ ਕਰਨਾ ਹੈ ਅਤੇ ਜਿਹੜੇ ਸਿੱਖ ਅਜਿਹਾ ਕਰਦੇ ਹਨ, ਉਹੀ ਅਸਲ ਸਿੱਖ ਹੁੰਦੇ ਹਨ। ਰੁਮਾਲਿਆਂ ਦਾ ਤਾਂ ਕਾਰੋਬਾਰ ਹੀ ਬਣ ਚੁੱਕਾ ਹੈ। ਗੁਰਦਵਾਰੇ ਵਿਚੋਂ ਅਗਲੇ ਦਿਨ ਦੁਕਾਨ ਵਿਚ ਮੁੜ ਜਾਂਦੇ ਹਨ ਅਤੇ ਲਾਭ ਦੁਕਾਨਦਾਰ ਨਾਲ ਵੰਡ ਲਿਆ ਜਾਂਦਾ ਹੈ। ਗੁਰਦਵਾਰਿਆਂ ਦੇ ਬਾਹਰ ਕਾਰ ਸੇਵਾ ਕਦੇ ਮੁੱਕਣ 'ਚ ਹੀ ਨਹੀਂ ਆਉਂਦੀ ਪਰ ਗ਼ਰੀਬ ਤਾਂ ਵਧਦੇ ਹੀ ਜਾਂਦੇ ਹਨ। ਰੁਮਾਲਿਆਂ ਦੀ ਬੇਕਦਰੀ ਨੂੰ ਲੈ ਕੇ ਉਤੇਜਿਤ ਹੋਣ ਨਾਲੋਂ ਜ਼ਿਆਦਾ ਜ਼ਰੂਰੀ ਇਹ ਹੈ ਕਿ ਬਾਣੀ ਨੂੰ ਸਮਝੀਏ। ਸਾਡੀ ਬਾਣੀ ਸਾਨੂੰ ਸਮਝਾਉਂਦੀ ਹੈ ਕਿ ਸਾਨੂੰ ਸਾਰਿਆਂ ਨੂੰ ਬਣਾਉਣ ਵਾਲਾ, ਇਸ ਅਤੇ ਹੋਰ ਅਨੇਕਾਂ ਕਾਇਨਾਤਾਂ ਨੂੰ ਸਿਰਜਣ ਵਾਲਾ, ਸਾਡੀ ਸਮਝ ਤੋਂ ਪਰੇ ਹੈ ਅਤੇ ਤਾਕਤਵਰ ਤਾਂ ਹੈ ਪਰ ਬੇਇੰਤਹਾ ਪਿਆਰ ਕਰਨ ਵਾਲੀ ਤਾਕਤ ਵੀ ਹੈ। ਅਫ਼ਸੋਸ!! ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਾਕੀ ਹੋਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੀ ਅਗਿਆਨਤਾ ਅਤੇ ਅਣਗਹਿਲੀ ਕਰਕੇ, ਦੇਸ਼ ਅਤੇ ਵਿਦੇਸ਼ ਵਿੱਚ ਰੱਜ ਕੇ ਇਹਨਾਂ ਰੁਮਾਲਿਆਂ ਦੀ ਬੇਕਦਰੀ ਅਤੇ ਵਿਉਪਾਰ ਵੀ ਹੋ ਰਿਹਾ ਹੈ। ਇਸ ਦਾ ਅਸਲ ਕਾਰਨ ਹੈ। ਅਗਿਆਨਤਾ, ਮੰਨਮੱਤ, ਕਰਮਕਾਂਡ। "ਸਬਦ ਗਿਆਨ ਗੁਰੂ" ਨੂੰ ਦੇਹ ਸਮਝਦੇ ਹੋਏ ਇਸਦੀ ਪੂਜਾ ਕਰਨੀ। ਅਸੀਂ ਸਿੱਖ ਵੀ ਮਤਲਬੀ ਧਰਮਾਂ ਦਾ ਮਖੌਟਾ ਪਾ ਕੇ ਆਪਣੇ ਆਪ ਧਰਮੀ ਅਖਵਾਉਣ ਦੇ ਚੱਕਰ ਵਿੱਚ "ਸਬਦ ਗਿਆਨ ਗੁਰੂ" ਦਾ ਜੋ ਆਤਮ-ਗਿਆਨ ਲੈਣਾ ਸੀ, ਉਸਤੋਂ ਪਾਸਾ ਵੱਟ ਕਿ ਹੋਰਨਾਂ ਮੰਨਮੱਤੀ ਕਰਮਕਾਂਡਾਂ ਵਿੱਚ ਪੈ ਗਏ ਹਾਂ। ਗੁਰੂ ਨੂੰ ਪੋਸ਼ਾਕਾਂ ਅਤੇ ਰੁਮਾਲੇ ਭੇਟਾ ਕਰਨੇ ਬਿਪਰਵਾਦੀ ਸੋਚ ਦੀ ਹੀ ਅਸਰ ਦਾ ਨਤੀਜਾ ਹੈ। ਜਿਸਨੂੰ ਸਿੱਖ ਸਮਾਜ ਨੇ ਅਪਨਾ ਲਿਆ ਹੈ। ਹੋਰ ਵੀ ਬਿਪਰ ਦੀਆਂ ਬਹੁਤ ਸਾਰੀਆਂ ਮੰਨਮੱਤਾਂ ਅਤੇ ਕਰਮਕਾਂਡ ਹਨ ਜਿਹਨਾਂ ਨੂੰ ਸਿੱਖ ਸਮਾਜ ਨੇ ਅਪਨਾਇਆ ਹੋਇਆ ਹੈ, ਜਿਹਨਾਂ ਕਰਕੇ ਅਸੀਂ ਸਿੱਖ ਆਪਣਾ ਨਿਆਰਾਪਣ ਗੁਆ ਬੈਠਾ ਹਾਂ। ਜਾਗਣ ਵਾਲਾ ਅਗਰ ਖ਼ੁਦ ਹੀ ਜਾਗਣਾ ਨਾ ਚਾਹੇ ਤਾਂ ਜਗਾਉਣ ਵਾਲਾ ਵੀ ਕੀ ਕਰ ਸਕਦਾ ਹੈ। ਵਾਜਾਂ ਮਾਰ ਕੇ ਹੰਭ ਹਾਰ ਜਾਵੇਗਾ ਅਤੇ ਚੁੱਪ ਕਰ ਜਾਵੇਗਾ। ਇਹ ਹੁਣ ਜਾਗਣ ਵਾਲੇ ਉੱਪਰ ਹੈ ਕਿ ਕਦੋਂ ਤੱਕ ਇਸ ਕੁੰਭਕਰਨੀ ਨੀਂਦ ਵਿਚ ਸੁੱਤੇ ਰਹਿਣਾ ਹੈ ਜਾਂ ਜਾਗ ਕੇ ਆਪਣੇ ਮਨੁੱਖੀ ਜੀਵਨ ਵਿਚ ਆਤਮ-ਗਿਆਨ ਵਿਚਾਰ ਦਾ ਦੀਵਾ ਜਗਾਉਣਾ ਹੈ।

# ਬਲਾਤਕਾਰੀਆਂ ਨਾਲ਼ ਭਰੀ ਪਈ ਹੈ ਹੁਕਮਰਾਨ ਭਾਜਪਾ ਪਾਰਟੀ

ਰੌਸ਼ਨ

ਪਿਛਲੇ ਦਿਨਾਂ ਵਿੱਚ 'ਐਸੋਸੀਏਸ਼ ਫਾਰ ਡੈਮੋਕ੍ਰੇਟਿਕ ਰਾਈਟਸ' (ਜਮਹੂਰੀ ਹੱਕਾਂ ਲਈ ਸੰਸਥਾ) ਵੱਲੋਂ ਇੱਕ ਰਿਪੋਰਟ ਜਾਰੀ ਕੀਤੀ ਗਈ ਹੈ ਜਿਸ ਮੁਤਾਬਕ ਇਸ ਵੇਲੇ ਦੇਸ਼ ਦੇ ਕੁੱਲ 4,215 ਵਿਧਾਨ ਸਭਾ ਮੈਂਬਰਾਂ ਤੇ 543 ਲੋਕ ਸਭਾ ਮੈਂਬਰਾਂ ਵਿੱਚੋਂ ਕੁੱਲ 1,580 ਲੋਕ ਸਭਾ ਤੇ ਵਿਧਾਨ ਸਭਾ ਮੈਂਬਰਾਂ ਉੱਪਰ ਅਪਰਾਧਿਕ ਮਾਮਲੇ ਦਰਜ਼ ਹਨ। ਇਹਨਾਂ ਵਿੱਚੋਂ 48 ਉੱਪਰ ਔਰਤਾਂ ਵਿਰੁੱਧ ਜੁਰਮ ਦੇ ਮਾਮਲੇ ਦਰਜ਼ ਹਨ। ਇਹਨਾਂ 48 ਵਿੱਚੋਂ ਸਭ ਤੋਂ ਵੱਧ ਮੰਤਰੀ (12) ਭਾਜਪਾ ਨਾਲ਼ ਸਬੰਧਤ ਹਨ। ਮਤਲਬ ਇਸ ਵੇਲੇ ਗੱਦੀਆਂ ਸੰਭਾਲੀ ਬੈਠੇ ਮੰਤਰੀਆਂ ਵਿੱਚੋਂ 33 ਫੀਸਦੀ ਉੱਪਰ ਵੱਖ-ਵੱਖ ਜੁਰਮਾਂ ਦੇ ਮਾਮਲੇ ਦਰਜ਼ ਹਨ ਤੇ ਇਹਨਾਂ ਵਿੱਚੋਂ 48 ਖਿਲਾਫ ਔਰਤਾਂ ਵਿਰੁੱਧ ਜੁਰਮਾਂ ਦੇ ਮਾਮਲੇ ਦਰਜ਼ ਹਨ। ਹੁਣੇ ਕਠੂਆ ਬਲਾਤਕਾਰ ਤੇ ਕਤਲ ਦੇ ਮਾਮਲੇ ਦੇ ਦੋਸ਼ੀਆਂ ਨੂੰ ਭਾਜਪਾ ਆਗੂਆਂ ਵੱਲੋਂ ਬਚਾਉਣ ਤੇ ਉਨਾਉ ਬਲਾਤਕਾਰ ਕਾਂਡ ਵਿੱਚ ਭਾਜਪਾ ਦਾ ਵਿਧਾਨ ਸਭਾ ਮੈਂਬਰ ਕੁਲਦੀਪ ਸੇਂਗਰ ਦੋਸ਼ੀ ਹੈ। ਭਾਜਪਾ ਦੇ ਵੱਖ-ਵੱਖ ਔਰਤਾਂ ਵਿਰੁੱਧ ਬਿਆਨ ਦੇਣ ਲਈ ਵੀ ਸਭ ਤੋਂ ਵੱਧ ਬਦਨਾਮ ਹਨ। ਇਹ ਜਾਣਕਾਰੀ ਸਾਹਮਣੇ ਆਉਣ ਮਗਰੋਂ ਭਾਜਪਾ ਦੇ ਹੋਰ ਆਗੂਆਂ ਵੱਲੋਂ ਔਰਤਾਂ ਵਿਰੁੱਧ ਜੁਰਮ ਦੀ ਹੋਰ ਜਾਣਕਾਰੀ ਲਈ ਇੰਟਰਨੈੱਟ ਉੱਪਰ ਖੋਜ ਕੀਤੀ ਤਾਂ ਥੋੜੀ-ਜਿਹੀ ਖੋਜਬੀਣ ਮਗਰੋਂ ਹੀ 24 ਅਜਿਹੀਆਂ ਖਬਰਾਂ ਸਾਹਮਣੇ ਆਈਆਂ ਹਨ ਜਿਹਨਾਂ ਵਿੱਚ ਭਾਜਪਾ ਆਗੂਆਂ ਉੱਪਰ ਬਲਾਤਕਾਰ ਤੇ ਛੇੜਛਾੜ ਦੇ ਦੋਸ਼ ਲੱਗੇ ਹਨ। ਜੇ ਹੋਰ ਖੋਜਿਆ ਜਾਵੇ ਤਾਂ ਇਹ ਸੂਚੀ ਕਾਫੀ ਲੰਬੀ ਹੋ ਸਕਦੀ ਹੈ। ਇਸ ਸੂਚੀ ਵਿਚਲੇ ਜ਼ਿਆਦਾਤਰ ਮਾਮਲੇ ਪਿਛਲੇ 5 ਸਾਲਾਂ ਦੇ ਹੀ ਹਨ।

1.) ਦਿੱਲੀ ਭਾਜਪਾ ਦੇ ਸਾਬਕਾ ਵਿਧਾਨ ਸਭਾ ਮੈਂਬਰ ਵਿਜੈ ਜੌਲੀ ਖਿਲਾਫ ਬਲਾਤਕਾਰ ਦਾ ਮਾਮਲਾ ਦਰਜ ਹੈ।

2.) ਗੁਜਰਾਤ ਦੇ ਨਲੀਆ ਬਲਾਤਕਾਰ ਕਾਂਡ ਵਿੱਚ ਭਾਜਪਾ ਦੇ ਸ਼ਾਂਤੀਲਾਲ ਸੋਲੰਕੀ, ਗੋਵਿੰਦ ਪਰੂਮਾਲਾਨੀ, ਅਜਿਤ ਰਾਮਵਾਨੀ ਤੇ ਬਸੰਤ ਭਾਨੁਸ਼ਾਲੀ 'ਤੇ ਐਫਆਈਆਰ ਦਰਜ ਹੈ।

3.) ਗੁਜਰਾਤ ਦੇ ਭਾਜਪਾ ਆਗੂ ਜੈਅਸ਼ ਪਟੇਲ 'ਤੇ 22 ਸਾਲਾ ਨਰਸਿੰਗ ਦੀ ਵਿਦਿਆਰਥਣ ਨਾਲ਼ ਬਲਾਤਕਾਰ ਦਾ ਮਾਮਲਾ ਦਰਜ ਹੈ।

4.) ਦਿੱਲੀ ਦੀ ਅਦਾਲਤ ਵਿੱਚ ਗੁੜਗਾਓਂ ਤੋਂ ਭਾਜਪਾ ਦੇ ਵਿਧਾਨ ਸਭਾ ਮੈਂਬਰ ਉਮੇਸ਼ ਅਗਰਵਾਲ ਉੱਪਰ ਬਲਾਤਕਾਰ ਦਾ ਮਾਮਲਾ ਦਰਜ ਹੈ।

5.) ਕਰਨਾਟਕਾ ਦਾ ਭਾਜਪਾ ਦਾ ਸਾਬਕਾ ਮੰਤਰੀ ਹਾਲੱਪਾ ਬਲਾਤਕਾਰ ਦੇ ਮਾਮਲੇ ਵਿੱਚ ਗ੍ਰਿਫਤਾਰ ਹੈ।

6.) ਕਰਨਾਟਕ ਭਾਜਪਾ ਆਗੂ ਡੀ.ਐਨ. ਜੀਵਰਾਜ ਉੱਪਰ 23 ਸਾਲਾ ਕੁੜੀ ਨੂੰ ਅਗਵਾ ਤੇ ਬਲਾਤਕਾਰ ਦਾ ਦੋਸ਼ ਲੱਗਿਆ।

7.) ਮਹਾਂਰਾਸ਼ਟਰ ਭਾਜਪਾ ਆਗੂ ਮਧੂ ਚੌਹਾਨ ਉੱਪਰ ਆਪਣੀ ਪਾਰਟੀ ਦੀ ਕਾਰਕੁੰਨ ਨਾਲ਼ ਬਲਾਤਕਾਰ ਕਰਨ ਦਾ ਮਾਮਲਾ ਦਰਜ ਹੋਇਆ।

8.) ਮੱਧ ਪ੍ਰਦੇਸ਼ ਦੇ ਭਾਜਪਾ ਆਗੂ ਭੋਜਪਾਲ ਜਾਦੋਂ ਨੇ ਦਲਿਤ ਔਰਤ ਨੂੰ ਬੀਪੀਐਲ ਕਾਰਡ ਦਿਵਾਉਣ ਦਾ ਝਾਂਸਾ ਦੇਕੇ ਬਲਾਤਕਾਰ ਕੀਤਾ।

9.) ਮੁੰਬਈ 'ਚ ਭਾਜਪਾ ਦੇ ਨਗਰ ਨਿਗਮ ਮੈਂਬਰ ਅਨਿਲ ਭੋਸਲੇ ਉੱਪਰ ਬਲਾਤਕਾਰ ਦਾ ਮਾਮਲਾ ਦਰਜ।

10.) ਮੱਧ ਪ੍ਰਦੇਸ਼ 'ਚ ਇੱਕ ਆਦਿਵਾਸੀ ਕੁੜੀ ਵੱਲੋਂ ਛੇੜਛਾੜ ਦੀ ਸ਼ਿਕਾਇਤ ਵਾਪਸ ਲੈਣ ਤੋਂ ਨਾਂਹ ਕਰਨ 'ਤੇ ਸਥਾਨਕ ਭਾਜਪਾ ਆਗੂ ਤੇ ਉਸਦੇ 5 ਸਾਥੀਆਂ ਨੇ 36 ਘੰਟੇ ਤੱਕ ਬਲਾਤਕਾਰ ਕੀਤਾ।

11.) ਗੁਜਰਾਤ ਭਾਜਪਾ ਆਗੂ ਅਸ਼ੋਕ ਮਕਵਾਨਾ ਉੱਪਰ 13 ਸਾਲਾ ਲੜਕੀ ਨਾਲ਼ ਛੇੜਛਾੜ ਤੇ ਕੁੱਟਮਾਰ ਦਾ ਮਾਮਲਾ ਦਰਜ।

12.) ਅਸਾਮ ਵਿੱਚ ਇੱਕ ਕੁੜੀ ਨਾਲ਼ ਬਲਾਤਕਾਰ ਕਰਨ ਤੇ ਉਸਨੂੰ ਵੇਚਣ ਦੇ ਮਾਮਲੇ ਵਿੱਚ ਭਾਜਪਾ ਆਗੂ ਹਮੀਦ ਸਦਰ ਤੇ 5 ਹੋਰ ਗ੍ਰਿਫ਼ਤਾਰ।

13.) ਬੰਗਾਲ ਵਿੱਚ ਭਾਜਪਾ ਦੀ ਮਹਿਲਾ ਵਿੰਗ ਦੀ ਆਗੂ ਜੂਹੀ ਚੌਧਰੀ ਤੇ ਤਿੰਨ ਹੋਰ ਜਣੇ ਬੱਚੀਆਂ ਦੀ ਤਸਕਰੀ ਦੇ ਮਾਮਲੇ ਵਿੱਚ ਗ੍ਰਿਫ਼ਤਾਰ।

14.) ਦੇਹਰਾਦੂਨ ਦੇ ਭਾਜਪਾ ਆਗੂ ਪ੍ਰਮੋਦ ਗੁਪਤਾ ਨੂੰ ਬਲਤਾਕਾਰ ਦੇ ਮਾਮਲੇ ਵਿੱਚ ਉਮਰ ਕੈਦ ਹੋਈ।

15.) ਮੱਧਪ੍ਰਦੇਸ਼ ਦੇ ਬਾਲਘਾਟ ਵਿੱਚ ਇੱਕ ਔਰਤ ਨੇ ਭਾਜਪਾ ਦਫਤਰ ਵਿੱਚ ਬਲਾਤਕਾਰ ਕੀਤੇ ਜਾਣ ਦਾ ਦੋਸ਼ ਲਾਇਆ।

16.) ਅਜਨਾਲਾ (ਪੰਜਾਬ) ਵਿੱਚ ਭਾਜਪਾ ਆਗੂ ਅਸ਼ੋਕ ਤਨੇਜਾ ਵੱਲੋਂ ਆਪਣੀ ਕੁੜੀ ਨਾਲ 8 ਸਾਲ ਤੱਕ ਬਲਾਤਕਾਰ ਕਰਦੇ ਰਹਿਣ ਦੀ ਘਟਨਾ ਸਾਹਮਣੇ ਆਈ।

17.) ਰਾਜਸਥਾਨ ਸੂਬਾ ਸਰਕਾਰ ਵਿੱਚ ਖੇਤੀਬਾੜੀ ਮੰਤਰੀ ਰਹੇ ਭਾਜਪਾ ਆਗੂ ਨਿਹਾਲਚੰਦ ਮੇਘਵਾਲ ਉੱਪਰ ਬਲਾਤਕਾਰ ਦਾ ਮਾਮਲਾ ਦਰਜ ਹੈ।

18.) ਛੱਤੀਸਗੜ੍ਹ ਦੇ ਸਾਬਕਾ ਮੰਤਰੀ ਕ੍ਰਿਸ਼ਨਮੂਰਤੀ ਬਾਂਧੀ ਉੱਪਰ ਬਲਾਤਕਾਰ ਦਾ ਮਾਮਲਾ ਦਰਜ ਹੈ।

19.) ਕਰਨਾਟਕ ਦੇ ਭਾਜਪਾ ਆਗੂ ਵੈਂਕਟੇਸ਼ ਮੌਰਿਆ ਉੱਪਰ ਇੱਕ ਐਨਜੀਓ ਦੀ ਔਰਤ ਨਾਲ਼ ਬਲਾਤਕਾਰ ਕਰਨ ਦਾ ਦੋਸ਼ ਹੈ।

20.) ਉੱਤਰਾਖੰਡ ਦੇ ਭਾਜਪਾ ਦੇ ਵਿਧਾਨ ਸਭਾ ਮੈਂਬਰ ਹਰਕ ਸਿੰਘ ਰਾਵਤ ਉੱਪਰ ਬਲਾਤਕਾਰ ਦਾ ਮਾਮਲਾ ਦਰਜ ਹੈ।

21.) ਮੱਧਪ੍ਰਦੇਸ਼ ਦੇ ਭਾਜਪਾ ਆਗੂ ਰਜਿੰਦਰ ਨਾਮਦਿਓ ਖਿਲਾਫ ਤੇਜਾਬ ਹਮਲੇ ਦੀ ਪੀੜਤ ਨਾਲ਼ ਬਲਤਾਕਾਰ ਕਰਨ ਦੀ ਕੋਸ਼ਿਸ਼ ਦਾ ਦੋਸ਼।

22.) ਮਹਾਂਰਾਸ਼ਟਰ ਦਾ ਭਾਜਪਾ ਆਗੂ ਅਜੇ ਯੇਂਗਤੀ ਇੱਕ ਔਰਤ ਨੂੰ ਵਿਆਹ ਦਾ ਝਾਂਸਾ ਦੇਕੇ ਬਲਾਤਕਾਰ ਦੇ ਮਾਮਲੇ ਵਿੱਚ ਗ੍ਰਿਫਤਾਰ।

23.) ਜੂਨ 2017 ਚ ਉੱਤਰ ਪ੍ਰਦੇਸ਼ ਦੇ ਭਾਜਪਾ ਦੇ ਵਿਧਾਨ ਸਭਾ ਮੈਂਬਰ ਕੁਲਦੀਪ ਸੇਂਗਰ ਵੱਲੋਂ 17 ਸਾਲਾ ਕੁੜੀ ਨਾਲ਼ ਬਲਤਾਕਾਰ। ਸੁਣਵਾਈ ਨਾ ਹੋਣ ਦਾ ਵਿਰੋਧ ਕਰ ਰਹੇ ਕੁੜੀ ਦੇ ਪਿਉ ਨੂੰ ਕੁੱਟ ਕੇ ਮਾਰਨ ਮਗਰੋਂ 12 ਅਪ੍ਰੈਲ ਨੂੰ ਕੁਲਦੀਪ ਸੇਂਗਰ ਗ੍ਰਿਫਤਾਰ।

24.) ਹੁਣੇ 23 ਅਪ੍ਰੈਲ 2018 ਨੂੰ ਤਾਮਿਲਨਾਡੂ ਦੇ ਭਾਜਪਾ ਆਗੂ ਪ੍ਰੇਮ ਅਨੰਥ ਉੱਪਰ ਚਲਦੀ ਰੇਲਗੱਡੀ ਵਿੱਚ ਇੱਕ 9 ਸਾਲਾ ਬੱਚੀ ਨਾਲ਼ ਬਲਾਤਕਾਰ ਕਰਨ ਦੀ ਕੋਸ਼ਿਸ਼ ਕਾਰਨ ਗ੍ਰਿਫਤਾਰ ਕੀਤਾ ਗਿਆ। ਇਹ ਸੂਚੀ ਸਿਰਫ ਮੌਜੂਦਾ ਹੁਕਮਰਾਨ ਪਾਰਟੀ ਭਾਜਪਾ ਨਾਲ਼ ਸਬੰਧਤ ਹੈ। ਬਾਕੀ ਸਰਮਾਏਦਾਰਾ ਪਾਰਟੀਆਂ ਦੇ ਲੀਡਰ ਵੀ ਕੋਈ ਦੁੱਧ ਧੋਤੇ ਨਹੀਂ ਹਨ ਸਗੋਂ ਉਹਨਾਂ ਦੀ ਵੀ ਅਜਿਹੀ ਲੰਬੀ ਸੂਚੀ ਬਣ ਸਕਦੀ ਹੈ। ਜੇ ਸੱਤਾ ਦੀ ਵਾਗਡੋਰ ਅਜਿਹੇ ਲੋਕਾਂ ਦੇ ਹੱਥ ਵਿੱਚ ਹੈ ਤਾਂ ਔਰਤਾਂ ਦੀ ਸੁਰੱਖਿਆ ਤੇ ਔਰਤਾਂ ਵਿਰੁੱਧ ਜੁਰਮਾਂ ਲਈ ਇਨਸਾਫ ਦੀ ਕਿੰਨੀ ਕੁ ਉਮੀਦ ਰੱਖੀ ਜਾ ਸਕਦੀ ਹੈ ਇਸ ਬਾਰੇ ਕਿਆਸ ਲਾਉਣਾ ਔਖੀ ਗੱਲ ਨਹੀਂ ਹੈ। ਇੱਕ ਗੱਲ ਸਾਫ ਹੈ ਕਿ ਅੱਜ ਕਿਰਤੀ-ਮਜ਼ਦੂਰ ਅਬਾਦੀ ਤੇ ਖਾਸ ਕਰਕੇ ਔਰਤਾਂ ਦੀ ਇੱਕਜੁੱਟਤਾ ਤੋਂ ਬਿਨਾਂ ਨਾ ਤਾਂ ਔਰਤਾਂ ਵਿਰੁੱਧ ਜੁਰਮਾਂ ਨੂੰ ਰੋਕਿਆ ਜਾ ਸਕਦਾ ਹੈ ਤੇ ਨਾ ਹੀ ਅਜਿਹੇ ਮਾਮਲਿਆਂ ਵਿੱਚ ਸੌਖਾ ਇਨਸਾਫ ਮਿਲ਼ ਸਕਦਾ ਹੈ। ਅਜਿਹੀ ਜੁਝਾਰੂ ਏਕਤਾ ਕਾਇਮ ਕਰਨ ਦੀ ਦਿਸ਼ਾ ਵਿੱਚ ਲਗਾਤਾਰ ਉਪਰਾਲੇ ਕੀਤੇ ਜਾਣ ਦੀ ਲੋੜ ਹੈ।

ਲਲਕਾਰ 'ਚੋਂ ਧੰਨਵਾਦ ਸਹਿਤ

# ਭਾਰਤ ਵਿਚ ਹਿੰਦੂਤਵ ਦੀ ਚੜ੍ਹਤ ਦਾ ਸਮਾਂ ਦੇਸ਼ ਦੇ ਵਿਕਾਸ ਲਈ ਸਭ ਤੋਂ ਮਾੜਾ : ਸਾਹਿਤ ਸਭਾ ਵਿਨੀਪੈਗ

## ਭਾਰਤ ਵਿਚ ਜਮਹੂਰੀ ਅਧਿਕਾਰਾਂ ਦੀ ਮੌਜੂਦਾ ਸਥਿਤੀ ਬਾਰੇ ਵਿਨੀਪੈਗ 'ਚ ਹੋਈ ਚਰਚਾ

ਵਿਨੀਪੈਗ , (ਅਮਰਜੀਤ ਢਿੱਲੋਂ ਦਬੜ੍ਹੀਖਾਨਾ) : ਭਾਰਤ ਵਿਚ ਨਰਿੰਦਰ ਮੋਦੀ ਦੇ ਪਰਧਾਨ ਮੰਤਰੀ ਬਨਣ ਤੋਂ ਬਾਦ ਹਿੰਦੂਤਵ ਦੀ ਚੜ੍ਹਤ ਦਾ ਸਮਾਂ ਦੇਸ਼ ਦੇ ਵਿਕਾਸ ਲਈ ਸਭ ਤੋਂ ਮਾੜਾ ਸਾਬਤ ਹੋ ਰਿਹਾ ਹੈ। ਇਸ ਵਕਤ ਅਗਾਂਹਵਧੂ ਪਾਰਟੀਆਂ ਨੂੰ ਫਿਰਕੂ ਅਤੇ ਪਿਛਾਖੜੀ ਪਾਰਟੀਆਂ ਦੇ ਖਿਲਾਫ ਇਕਜੁੱਟ ਜਾਣਾ ਚਾਹੀਦਾ ਹੈ। ਇਹ ਵਿਚਾਰ ਪੰਜਾਬੀ ਸਾਹਿਤ ਅਤੇ ਸੱਭਿਆਚਾਰਕ ਸਭਾ ਵਿੰਨੀਪੈਗ ਦੀ ਹੋਈ ਮੀਟਿੰਗ ਵਿਚ ਬੁਲਾਰਿਆਂ ਵਲੋਂ ਪਰਗਟ ਕੀਤੇ ਗਏ। ਡਾ: ਜਸਵਿੰਦਰ ਸਿੰਘ ਕੰਵਲ ਅਤੇ ਜਸਵੀਰ ਕੌਰ ਮੰਗੂਵਾਲ ਦੇ ਘਰ ਇਹ ਮੀਟਿੰਗ ਜਗਮੋਹਨ ਢੁੱਡੀਕੇ ਦੀ ਪ੍ਰਧਾਨਗੀ ਹੇਠ ਹੋਈ। ਇਸ ਵਿਚ ਪਿਛਲੇ ਹਫਤੇ ਕਰਵਾਏ ਗਏ ਬੂਟਾ ਸਿੰਘ ਰੂ ਬਰੂ ਪ੍ਰੋਗ੍ਰਾਮ ਬਾਰੇ ਸਮੀਖਿਆ ਕੀਤੀ ਗਈ ਅਤੇ 2 ਜੂਨ ਨੂੰ ਡਾਂ ਰਾਧਾ ਡਸੂਜਾ (ਲੰਡਨ) ਨਾਲ ਕਰਵਾਏ ਜਾਣ ਵਾਲੇ ਪ੍ਰੋਗ੍ਰਾਮ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਵਿਚ ਆਪਣੇ ਵਿਚਾਰ ਪਰਗਟ ਕਰਦਿਆਂ ਮੁਖਤਿਆਰ ਸਿੰਘ ਢੁੱਡੀਕੇ ਨੇ ਕਿਹਾ ਕਿ ਭਾਵੇਂ ਅਸੀਂ ਆਪਣੀ ਜਨਮ ਭੂਮੀ ਤੋਂ ਦੂਰ ਸੱਤ ਸਮੁੰਦਰ ਪਾਰ ਬੈਠੇ ਹਾਂ ਫਿਰ ਵੀ ਸਾਨੂੰ ਆਪਣੇ ਮੁਲਕ ਦੀ ਚਿੰਤਾ ਰਹਿੰਦੀ ਹੈ। ਉਹਨਾਂ ਕਿਹਾ ਕਿ ਕੋਈ ਦੇਸ਼ ਵਿਗਿਆਨਕ ਸੋਚ ਅਪਣਾਏ ਬਿਨਾਂ ਤਰੱਕੀ ਨਹੀਂ ਕਰ ਸਕਦਾ ਪਰ ਭਾਰਤ ਵਿਚ ਪਿਛਾਂਹਖਿੱਚੂ ਪਾਰਟੀਆਂ ਹਿੰਦੂਤਵ ਦੇ ਬਹਾਨੇ ਅੰਧ ਵਿਸ਼ਵਾਸ਼ ਦਾ ਪਸਾਰਾ ਕਰ ਰਹੀਆਂ ਹਨ। ਹਰਨੇਕ ਸਿੰਘ ਧਾਲੀਵਾਲ ਨੇ ਕਿਹਾ ਕਿ ਇਸੇ ਅੰਧਵਿਸ਼ਵਾਸ਼ ਕਾਰਨ ਭਾਰਤ ਅੱਗੇ ਦੋ ਹਜਾਰ ਸਾਲ ਤੱਕ ਗੁਲਾਮ ਰਿਹਾ ਹੈ ਅਤੇ ਹੁਣ ਕਥਿਤ ਹਿੰਦੂਤਵੀ ਸ਼ਕਤੀਆਂ ਦੇਸ਼ ਨੂੰ ਫਿਰ ਤੋਂ ਗੁਲਾਮੀ ਵੱਲ ਧੱਕ ਰਹੀਆਂ ਹਨ। ਕਾਮਰੇਡ ਦਰਸ਼ਨ ਵਾਂਦਰ ਨੇ ਕਿਹਾ ਕਿ ਇਸ ਵੇਲੇ ਸਾਰੀਆਂ ਅਗਾਂਹ ਪਾਰਟੀਆਂ ਅਤੇ ਜਥੇਬੰਦੀਆਂ ਨੂੰ ਆਪਣੇ ਮੱਤਭੇਦ ਭੁਲਾ ਕੇ ਦੇਸ਼ ਨੂੰ ਬਚਾਉਣ ਖਾਤਿਰ ਇਕਮੁੱਠ ਹੋ ਜਾਣਾ ਚਾਹੀਦਾ ਹੈ, ਨਹੀਂ ਤਾਂ ਇਹ ਖਾਮੋਸ਼ੀ ਬਹੁਤ ਖਤਰਨਾਕ ਸਾਬਤ ਹੋ ਸਕਦੀ ਹੈ।



ਭਾਰਤ ਵਿਚ ਜਮਹੂਰੀ ਹੱਕਾਂ ਲਈ ਲੜਣ ਵਾਲੇ ਮੰਗਤ ਸਿੰਘ ਸਹੋਤਾ ਨੇ ਕਿਹਾ ਅਜਾਦੀ ਹਰ ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ। ਜਮਹੂਰੀ ਹੱਕਾਂ ਨੂੰ ਕੁਚਲ ਕੇ ਦੇਸ਼ ਨੂੰ ਅੰਧਵਿਸ਼ਵਾਸ਼ ਦੇ ਖੂਹ 'ਚ ਧੱਕਾ ਦੇਣ ਵਾਲੇ ਦੇਸ਼ ਦੇ ਦੁਸ਼ਮਣ ਹਨ ਅਤੇ ਬਹੁਕੌਮੀ ਕੰਪਨੀਆਂ ਦੇ ਦਲਾਲ ਹਨ। ਇਹਨਾਂ ਨੇ ਭਾਰਤ ਨੂੰ ਗਹਿਣੇ ਤਾਂ ਕਰ ਹੀ ਦਿੱਤਾ ਹੈ ਹੁਣ ਦੇਸ਼ ਨੂੰ ਪੱਕੇ ਤੌਰ ਵੇਚਣ ਵੱਲ ਤੁਰੇ ਹੋਏ ਹਨ। ਆਪਣੇ ਹੱਕਾਂ ਲਈ ਲੜਣ ਵਾਲੇ ਆਦਿਵਾਸੀਆਂ ਦਾ ਸਮੂਹਿਕ ਕਤਲੇਆਮ ਕੀਤਾ ਜਾ ਰਿਹਾ ਹੈ। ਡਾ: ਜਸਵਿੰਦਰ ਸਿੰਘ ਕਮਲ ਨੇ ਕਿਹਾ ਕਿ ਕੈਨੇਡਾ 'ਚ ਆ ਕੇ ਵੀ ਪੰਜਾਬੀ ਕਿਰਤੀ ਲੋਕ ਸਹਿਮ ਦੇ ਸਾਏ ਹੇਠ ਜੀਅ ਰਹੇ ਹਨ ਕਿ ਮਾਲਕ ਦੀ ਸ਼ਕਾਇਤ ਕਰਨ ਕਰਕੇ ਕਿਤੇ ਉਹਨਾਂ ਨੂੰ ਕੰਮ ਤੋਂ ਜਵਾਬ ਨਾ ਮਿਲ ਜਾਵੇ, ਡਰ ਦੀ ਇਹ ਮਾਨਸਿਕਤਾ ਤਿਆਗ ਕੇ ਲੋਕਾਂ ਨੂੰ ਆਪਣੇ ਹੱਕਾਂ ਦੀ ਖਾਤਿਰ ਲੜਣਾ ਚਾਹੀਦਾ ਹੈ। ਜਸਵੀਰ ਕੌਰ ਮੰਗੂਵਾਲ ਨੇ ਕਿਹਾ ਕਿ 2 ਜੂਨ ਨੂੰ ਦੁਪਹਿਰ ਡੇਢ ਵਜੇ ਐਂਬਰ ਟਰੇਲ ਕਮਿਊਨਿਟੀ ਸਕੂਲ ਵਿੰਨੀਪੈਗ 'ਚ ਕਰਵਾਏ ਜਾ ਰਹੇ ਪ੍ਰੋਗ੍ਰਾਮ ਦੇ ਮੁੱਖ ਬੁਲਾਰੇ ਡਾ: ਰਾਧਾ ਡਸੂਜਾ ( ਅਧਿਆਪਕ ਵੈਸਟਮਿਨਿਸਟਰ ਯੂਨੀਵਰਸਿਟੀ ਲੰਡਨ) ਹੋਣਗੇ। ਉਹਨਾਂ ਦਾ ਮੁੱਖ ਵਿਸ਼ਾ ' ਹਿੰਦੂਤਵਾ ਦੀ ਚੜ੍ਹਤ ਅਤੇ ਇਸਦਾ ਲੋਕਾਂ ਲਈ ਕੀ ਮਤਲਬ ਹੈ ? ' ਹੋਵੇਗਾ। ਸਾਹਿਤ ਸਭਾ ਦੇ ਸਾਰੇ ਮੈਂਬਰਾਂ ਨੇ ਇਸ ਪ੍ਰੋਗ੍ਰਾਮ ਵਿਚ ਵੱਧ ਤੋਂ ਵੱਧ ਸਰੋਤੇ ਲਿਆਉਣ ਦਾ ਵਾਅਦਾ ਕੀਤਾ। ਉਹਨਾਂ ਕਿਹਾ ਕਿ ਦੇਸ਼ ਦਾ ਭਲਾ ਅਤੇ ਵਿਕਾਸ ਚਾਹੁਣ ਵਾਲੇ ਸਾਰੇ ਲੋਕਾਂ ਨੂੰ ਇਸ ਪ੍ਰੋਗ੍ਰਾਮ ਵਿਚ ਖੁੱਲ੍ਹਾ ਸੱਦਾ ਦਿਤਾ ਗਿਆ ਹੈ। ਇਸ ਮੌਕੇ ,ਕਮਲ ਜੀ, ਅਮਰਜੀਤ ਢਿੱਲੋਂ ਦਬੜ੍ਹੀਖਾਨਾ, ਜਗਦੇਵ ਸਿੰਘ ਲਲਤੋਂ, ,ਹਰਿੰਦਰ ਗਿੱਲ,ਰੂਪ ਸਿੰਘ ਰੰਧਾਵਾ ਅਤੇ ਬਲਜੀਤ ਖਾਨ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।

# ਏਸ਼ੀਅਨ ਮੂਲ ਦੀਆਂ ਔਰਤਾਂ ਨੇ 'ਮਦਰਜ਼ ਡੇਅ' ਮਨਾਇਆ



ਵਿਨੀਪੈਗ, (ਸੁਰਿੰਦਰ ਮਾਵੀ) : ਇਨਸਾਨ ਦੁਨੀਆਂ ਵਿਚ ਆਉਂਦਿਆਂ ਹੀ ਰਿਸ਼ਤਿਆਂ ਦੇ ਮੋਹ ਦੀਆਂ ਤੰਦਾਂ 'ਚ ਬੱਝ ਜਾਂਦਾ ਹੈ, ਅਤੇ ਸਭ ਤੋਂ ਮੋਹ ਭਰੀ ਤੰਦ ਹੁੰਦੀ ਹੈ ਮਾਂ ਦੇ ਰਿਸ਼ਤੇ ਦੀ। ਮਾਂ ਦੇ ਨਾਲ ਬੱਚੇ ਦਾ ਰਿਸ਼ਤਾ ਦੁਨੀਆਂ ਵਿਚ ਆਉਣ ਤੋਂ ਪਹਿਲਾਂ ਹੀ ਜੁੜ ਜਾਂਦਾ ਹੈ। ਜਦੋਂ ਬੱਚਾ ਬੋਲਣਾ ਸਿੱਖਦਾ ਹੈ ਤਾਂ ਉਸ ਦੇ ਮੂੰਹ 'ਚੋ ਨਿਕਲਣ ਵਾਲਾ ਪਹਿਲਾ ਸਾਰਥਿਕ ਸ਼ਬਦ ਮਾਂ ਹੁੰਦਾ ਹੈ। ਇਹ ਸਭ ਸੋਚ ਨਾਲ ਵਿਨੀਪੈਗ ਦੇ ਆਰ ਬੀ ਸੀ ਕੰਨਵੈਂਸ਼ਨ ਸੈਂਟਰ ਵਿਚ ਏਸ਼ੀਅਨ ਮੂਲ ਦੀਆਂ ਔਰਤਾਂ ਨੇ ਮਾਂ ਦਿਹਾੜਾ ਮਨਾਇਆ। ਏਸ਼ੀਅਨ ਵੂਮੈਨ ਆਫ਼ ਵਿਨੀਪੈਗ ਗੈਰ ਮੁਨਾਫ਼ੇ ਵਾਲੀ ਸੰਸਥਾ ਹੈ, ਜਿਹੜੀ ਕਿ ਏਸ਼ੀਆਈ ਮੂਲ ਦੀਆਂ ਔਰਤਾਂ ਵਾਸਤੇ ਕੰਮ ਕਰਦੀ ਹੈ। ਜਿਸ ਵਿਚ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਤਾਵਾਂ ਤੱਕ ਨੇ ਵੀ ਵੱਡੀ ਗਿਣਤੀ 'ਚ ਸ਼ਮੂਲੀਅਤ ਕੀਤੀ । ਮੇਲੇ ਵਿਚ ਔਰਤਾਂ ਅਤੇ ਬੱਚਿਆਂ ਨੇ ਬਹੁਤ ਹੀ ਉਤਸ਼ਾਹ ਨਾਲ ਭਾਗ ਲਿਆ। ਹਰ ਪਾਸੇ ਮਾਹੌਲ ਪੰਜਾਬੀ ਰੰਗ 'ਚ ਰੰਗਿਆ ਹੋਇਆ ਸੀ। ਮੇਲੇ ਵਿਚ ਹਾਜ਼ਰ ਵਿਅਕਤੀਆਂ ਨੇ ਪੰਜਾਬ ਦੇ ਰਿਵਾਇਤੀ ਕੱਪੜੇ ਪਾਏ ਹੋਏ ਸਨ। ਇਸ ਮੌਕੇ ਢੋਲਕੀ ਦੀ ਥਾਪ 'ਤੇ ਮਾਵਾਂ ਨੂੰ ਸਮਰਪਿਤ ਗਾਣੇਆਂ ਨਾਲ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਬੁੱਲ੍ਹਾ ਆਰਟਸ ਵੱਲੋਂ ਮਲਵਈ ਗਿੱਧਾ 'ਤੇ ਭੰਗੜਾ ਪੇਸ਼ ਕੀਤਾ ਗਿਆ। ਵੱਖ-ਵੱਖ ਗਰੁੱਪਾਂ ਨੇ ਰਾਜਸਥਾਨੀ ਡਾਂਸ, ਚਾਈਨੀਸ ਡਾਂਸ, ਸਾਊਥ ਇੰਡੀਅਨ ਡਾਂਸ 'ਤੇ ਬਾਲੀਵੁੱਡ ਗਾਣੇਆਂ ਤੇ ਰੰਗਾ-ਰੰਗ ਪ੍ਰੋਗਰਾਮ ਪੇਸ਼ ਕੀਤੇ। ਇਸ ਮੌਕੇ ਬੱਚਿਆਂ ਲਈ ਜਾਦੂਗਰ ਦਾ ਸੋਅ ਵੀ ਕਰਵਾਇਆ ਗਿਆ। ਇਸ ਸੰਸਥਾ ਦੇ ਬੋਰਡ ਮੈਂਬਰਾਂ ਵਿਚ ਸ਼ੈਰਨ ਤਾਪੀਆ, ਅੰਜਨਾ ਕੁਮਾਰ, ਡਿੰਪਲ ਸ਼ਰਮਾ, ਮੋਨਿਕਾ ਭੁਟਾਨੀ, ਸ਼ਾਦੀਆ ਮਰਿਅਮ ਅਤੇ ਦਲਵਿੰਦਰ ਉੱਬੀ ਹਨ। ਸਮਾਗਮ 'ਚ ਲਗਭਗ 1200 ਲੋਕਾਂ ਨੇ ਹਾਜ਼ਰੀ ਲਗਵਾਈ। ਐਮ ਪੀ ਟੈਰੀ ਡੁਗੱਡ ਨੇ ਕੈਨੇਡਾ ਸਰਕਾਰ ਵੱਲੋਂ ਸਾਰੀਆਂ ਮਾਤਾਵਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਈ ਮਾਂ-ਬਾਪ ਨੂੰ ਤਾਂ ਜਿਉਂਦੇ ਜੀਅ ਹੀ ਆਪਣੇ ਸੁਪਨਿਆਂ ਦੇ ਘਰ ਨੂੰ ਛੱਡ ਬਿਰਧ ਘਰ ਵੱਲ ਜਾਣਾ ਪੈ ਜਾਂਦਾ ਹੈ। ਵਿਦੇਸ਼ਾਂ ਵਿਚ ਬੱਚਿਆਂ ਕੋਲ ਮਾਂ-ਬਾਪ ਲਈ ਸਮੇਂ ਦੀ ਕਮੀ ਦੇ ਕਾਰਨ ਉਨ੍ਹਾਂ ਨੂੰ ਬਿਰਧ ਘਰਾਂ ਵਿਚ ਛੱਡ ਦਿੱਤਾ ਜਾਂਦਾ ਹੈ। ਇਹਨਾਂ ਕਾਰਨਾਂ ਦੇ ਚੱਲਦਿਆਂ ਹੀ ਇਨ੍ਹਾਂ ਦੇਸ਼ਾਂ ਵਿਚ ਬਾਕੀ ਅਹਿਮ ਦਿਨਾਂ ਦੀ ਤਰ੍ਹਾਂ ਮਾਤਾ ਪਿਤਾ ਲਈ ਵੀ ਦਿਨ ਮੁਕੱਰਰ ਕਰ ਦਿੱਤੇ ਗਏ ਹਨ। ਇਸ ਮੌਕੇ ਮੰਤਰੀ ਰੌਸ਼ਿਲ ਸਾਈਰਸ ਨੇ ਮੈਨੀਟੋਬਾ ਸਰਕਾਰ ਵੱਲੋਂ ਸਾਰੀਆਂ ਮਾਤਾਵਾਂ ਨੂੰ ਸ਼ੁੱਭ ਇੱਛਾਵਾਂ ਭੇਟ ਕੀਤੀਆ 'ਤੇ ਕਿਹਾ ਕਿ ਜੇਕਰ ਔਰਤ ਮਜ਼ਬੂਤ ਹੋਵੇਗੀ ਤਾਂ ਪਰਿਵਾਰ ਮਜ਼ਬੂਤ ਹੋਵੇਗਾ ਤੇ ਜੇ ਪਰਿਵਾਰ ਮਜ਼ਬੂਤ ਹੋਵੇਗਾ ਤਾਂ ਸਾਡਾ ਸਮਾਜ ਤੇ ਦੇਸ਼ ਮਜ਼ਬੂਤ ਹੋਵੇਗਾ। ਮਹਿਮਾਨਾਂ ਦੀ ਜਾਣ-ਪਛਾਣ ਰੀਟਾ ਚਾਹਲ ਨੇ ਕਰਵਾਈ। ਉਨ੍ਹਾਂ ਨੇ ਕਿਹਾ ਕਿ ਜ਼ਿੰਦਗੀ ਦੇ ਵੱਖ-ਵੱਖ ਪੜਾਵਾਂ ਵਿਚੋਂ ਲੰਘਦਿਆਂ ਸਾਨੂੰ ਕਦੇ ਵੀ ਮਾਂ ਦੀ ਮਮਤਾ ਵਿਚ ਕਮੀ ਨਹੀਂ ਦਿਖਾਈ ਦਿੰਦੀ। ਬੇਸ਼ੱਕ ਉਹ ਬਚਪਨ ਦੀ ਸਵੇਰ ਹੋਵੇ, ਭਰ ਜਵਾਨੀ ਦੀ ਦੁਪਹਿਰ ਜਾਂ ਫਿਰ ਢਲਦੀ ਉਮਰ ਦੀਆਂ ਤਰਕਾਲ਼ਾਂ। ਪਰ ਬੱਚੇ ਅਕਸਰ ਵੱਡੇ ਹੋ ਕੇ ਆਪਣੀ ਭੱਜ ਦੌੜ ਦੀ ਜ਼ਿੰਦਗੀ ਵਿਚ ਮਾਂ ਦੇ ਪਿਆਰ ਨੂੰ ਵਿਸਾਰ ਦਿੰਦੇ ਹਨ। ਬਹੁਤੇ ਘਰਾਂ ਵਿਚ ਤਾਂ ਮਾਂ ਘਰ ਵਿਚ ਪਏ ਪੁਰਾਣੇ ਫ਼ਰਨੀਚਰ ਦੀ ਤਰ੍ਹਾਂ ਹੁੰਦੀ ਹੈ। ਸ਼ੈਰਨ ਤਾਪੀਆ 'ਤੇ ਸ਼ੁਭਲੀਨ ਸਿੱਧੂ ਨੇ ਮੰਚ ਦਾ ਸੰਚਾਲਨ ਬਹੁਤ ਹੀ ਖ਼ੂਬਸੂਰਤੀ ਨਾਲ ਨਿਵਾਇਆ। ਐਮ. ਐਲ. ਏ. ਜ਼ੈਨਿਸ ਕੰਬਰਲੀ , ਪੈਮ ਰੀਵੀਲੋ , ਐਰੀਨਾ ਅਫਤਾਲੀ ਅਫ਼ਗਾਨ ਐਸੋਸੀਏਸ਼ਨ, ਡਾ ਸੁਖਵਿੰਦਰ ਭੁੱਲਰ, ਗੁਰਜੀਤ ਛੀਨਾ 'ਤੇ ਸ਼ਰੂਤੀ ਕੰਗ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲੁਆਈ। ਪ੍ਰਬੰਧਕਾਂ ਵੱਲੋਂ ਸ਼ੈਰਨ ਤਾਪੀਆ ਸਾਰੇ ਹੀ ਦਰਸ਼ਕਾਂ, ਕਲਾਕਾਰਾਂ, ਵਲੰਟੀਅਰ ਅਤੇ ਸਪਾਂਸਰਾਂ ਦਾ ਧੰਨਵਾਦ ਕੀਤਾ ਗਿਆ 'ਤੇ ਕਿਹਾ ਕਿ ਔਲਾਦ ਲਈ ਮਾਂ ਦੀ ਮਿੱਠੜੀ ਜ਼ਬਾਨ 'ਤੇ ਅਸੀਸਾਂ, ਅੱਖਾਂ ਵਿਚ ਸੁਪਨੇ, ਢਿੱਡ ਵਿਚ ਡਰ, ਹਿਰਦੇ 'ਚ ਮਮਤਾ, ਦਿਲ ਵਿਚ ਰਹਿਮ, ਸੋਚਾਂ ਵਿਚ ਫਿਕਰ ਅਤੇ ਖ਼ੂਨ ਵਿਚ ਅਜੀਬ ਤੜਪ ਹਮੇਸ਼ਾ ਹੀ ਬਣੀ ਰਹਿੰਦੀ ਹੈ। ਉਹ ਔਲਾਦ ਦੇ ਖੁਸ਼ ਹੋਣ 'ਤੇ ਹੱਸਦੀ ਹੈ ਤੇ ਦੁਖੀ ਹੋਣ 'ਤੇ ਅੱਖਾਂ ਭਰਦੀ ਹੈ। ਮਾਂ ਇੱਕ ਅਜਿਹਾ ਰਿਸ਼ਤਾ ਹੈ, ਜਿਸ 'ਤੇ ਬੱਚਾ ਅੱਖਾਂ ਮੀਟ ਕੇ ਵਿਸ਼ਵਾਸ ਕਰ ਸਕਦਾ ਹੈ।













# ਚਾਰ ਇਨਕਲਾਬੀ ਜੱਥੇਬੰਦੀਆਂ ਨੇ ਅਮਰ ਸ਼ਹੀਦ ਸੁਖਦੇਵ ਦਾ ਜਨਮ ਦਿਨ ਮਨਾਇਆ

## ਸ਼ਹੀਦ ਸੁਖਦੇਵ ਦੇ ਜਨਮ ਸਥਾਨ ਨੌਘਰਾ ਮੁਹੱਲਾ ਵਿੱਚ ਹੋਇਆ ਸ਼ਰਧਾਂਜਲੀ ਪ੍ਰੋਗਰਾਮ





ਸ਼ਹੀਦ ਸੁਖਦੇਵ ਦੇ ਜਨਮ ਸਥਾਨ ਨੌਘਰਾ ਮੁਹੱਲਾ ਵਿਖੇ ਚਾਰ ਇਨਕਲਾਬੀ ਜੱਥੇਬੰਦੀਆਂ ਬਿਗੁਲ ਮਜ਼ਦੂਰ ਦਸਤਾ, ਲੋਕ ਮੋਰਚਾ ਪੰਜਾਬ, ਇਨਕਲਾਬੀ ਕੇਂਦਰ ਪੰਜਾਬ ਅਤੇ ਇਨਕਲਾਬੀ ਲੋਕ ਮੋਰਚਾ ਵੱਲੋਂ ਸਾਂਝੇ ਰੂਪ ਵਿੱਚ ਸ਼ਹੀਦ ਸੁਖਦੇਵ ਦਾ ਜਨਮ ਦਿਨ ਮਨਾਇਆ ਗਿਆ। ਘੰਟਾ ਘਰ ਚੌਂਕ ਨੇੜੇ ਨਗਰ ਨਿਗਮ ਦਫਤਰ ਤੋਂ ਲੈ ਕੇ ਨੌਘਰੇ ਮੁਹੱਲੇ ਤੱਕ ਪੈਦਲ ਮਾਰਚ ਕੀਤਾ ਗਿਆ। ਸ਼ਹੀਦ ਸੁਖਦੇਵ ਦੀ ਯਾਦਗਾਰ 'ਤੇ ਇਨਕਲਾਬੀ ਆਗੂਆਂ ਤੇ ਹੋਰ ਲੋਕਾਂ ਨੇ ਸ਼ਰਧਾਂਜਲੀ ਦੇ ਫੁੱਲ ਭੇਂਟ ਕੀਤੇ। ਇਲਾਕੇ ਵਿੱਚ ਥਾਂ-ਥਾਂ 'ਤੇ ਸਭਾਵਾਂ ਕੀਤੀਆਂ। ਇਸ ਮੌਕੇ ਬਿਗੁਲ ਮਜ਼ਦੂਰ ਦਸਤਾ ਦੇ ਆਗੂ ਰਾਜਵਿੰਦਰ, ਲੋਕ ਮੋਰਚਾ ਪੰਜਾਬ ਦੇ ਆਗੂ ਕਸਤੂਰੀ ਲਾਲ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਅਤੇ ਇਨਕਲਾਬੀ ਲੋਕ ਮੋਰਚਾ ਦੇ ਆਗੂ ਵਿਜੇ ਨਾਰਾਇਣ ਨੇ ਇਕੱਠ ਨੂੰ ਸਬੋਧਿਤ ਕੀਤਾ। ਇਸ ਮੌਕੇ ਆਗੂਆਂ ਨੇ ਕਿਹਾ ਕਿ ਉਹਨਾਂ ਲਈ ਸ਼ਹੀਦ ਸੁਖਦੇਵ ਦਾ ਜਨਮ ਦਿਨ ਮਨਾਉਣਾ ਕੋਈ ਕੋਈ ਰਸਮ ਪੂਰਤੀ ਜਾਂ ਕਰਮਕਾਂਡ ਨਹੀਂ ਹੈ। ਇਨਕਲਾਬੀ ਸ਼ਹੀਦਾਂ ਦੀਆਂ ਕੁਰਬਾਨੀਆਂ ਮਨੁੱਖਤਾ ਦੀ ਲੁੱਟ, ਜ਼ਬਰ, ਅਨਿਆਂ ਖਿਲ਼ਾਫ਼ ਸੰਘਰਸ਼ਸ਼ੀਲ ਲੋਕਾਂ ਲਈ ਅਥਾਹ ਪ੍ਰੇਰਣਾ ਦਾ ਸੋਮਾ ਰਹੀਆਂ ਹਨ। ਸ਼ਹੀਦ ਸੁਖਦੇਵ ਦੀ ਕੁਰਬਾਨੀਆਂ ਭਰੀ ਸ਼ਾਨਦਾਰ ਜਿੰਦਗੀ ਅਤੇ ਹੱਸਦਿਆਂ ਹੋਇਆਂ ਫਾਂਸੀ ਦਾ ਰੱਸਾ ਚੁੰਮਣਾ ਵੀ ਤਬਦੀਲੀ ਪਸੰਦ ਨੌਜਵਾਨਾਂ-ਕਿਰਤੀਆਂ ਨੂੰ ਸਮਾਜ ਦੀ ਬੇਹਤਰੀ ਲਈ ਜੂਝਣ ਲਈ ਪ੍ਰੇਰਿਤ ਕਰਦਾ ਰਿਹਾ ਹੈ ਅਤੇ ਕਰਦਾ ਰਹੇਗਾ। ਉਹਨਾਂ ਕਿਹਾ ਕਿ ਸ਼ਹੀਦ ਸੁਖਦੇਵ ਅਤੇ ਉਸਦੇ ਸਾਥੀ ਸਿਰਫ਼ ਅੰਗਰੇਜ਼ ਹਕੂਮਤ ਤੋਂ ਅਜ਼ਾਦੀ ਲਈ ਨਹੀਂ ਲੜ ਰਹੇ ਸਨ।

ਬੁਲਾਰਿਆਂ ਨੇ ਕਿਹਾ ਕਿ ਸੁਖਦੇਵ ਅਤੇ ਉਸਦੇ ਸਾਥੀਆਂ ਦਾ ਇਹ ਸਪੱਸ਼ਟ ਮੰਨਣਾ ਸੀ ਕਿ ਪੈਦਾਵਾਰ ਦੇ ਸਾਧਨਾਂ ਦੀ ਨਿੱਜੀ ਮਾਲਕੀ ਦਾ ਖਾਤਮਾ ਅਤੇ ਸਮਾਜਵਾਦੀ ਸਮਾਜ ਦੀ ਸਥਾਪਨਾ ਨਾਲ਼ ਹੀ ਲੋਕਾਂ ਦੀ ਜਿੰਦਗੀ ਬੇਹਤਰ ਹੋ ਸਕਦੀ ਹੈ। ਸੁਖਦੇਵ ਨੇ ਲਿਖਿਆ ਸੀ ਕਿ – "ਹਿੰਦੋਸਤਾਨ ਸੋਸ਼ਲਿਸਟ ਰਿਪਬਲੀਕਨ ਪਾਰਟੀ ਦੇ ਨਾਂ ਤੋਂ ਹੀ ਪਤਾ ਲੱਗਦਾ ਹੈ ਕਿ ਇਨਕਲਾਬੀਆਂ ਦਾ ਉਦੇਸ਼ ਇਸ ਦੇਸ਼ ਵਿੱਚ ਸਮਾਜਵਾਦੀ ਜਮਹੂਰੀ ਪ੍ਰਣਾਲ਼ੀ ਸਥਾਪਿਤ ਕਰਨਾ ਹੈ।" ਆਗੂਆਂ ਨੇ ਸ਼ਹੀਦ ਸੁਖਦੇਵ ਨੂੰ ਧਰਮ, ਜਾਤ, ਬਿਰਾਦਰੀ, ਖੇਤਰ ਆਦਿ ਨਾਲ਼ ਜੋੜ ਕੇ ਉਹਨਾਂ ਦੀ ਕੁਰਬਾਨੀ ਦੇ ਮਹੱਤਵ ਨੂੰ ਘਟਾਉਣ ਅਤੇ ਉਹਨਾਂ ਦੀ ਇਨਕਲਾਬੀ ਸੋਚ 'ਤੇ ਪਰਦਾ ਪਾਉਣ ਦੀਆਂ ਜਾਣੇ-ਅਣਜਾਣੇ ਵਿੱਚ ਕੋਸ਼ਿਸ਼ਾਂ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਉਹਨਾਂ ਦੀ ਲੜਾਈ ਤਾਂ ਸਮੁੱਚੀ ਮਨੁੱਖਤਾ ਨੂੰ ਹਰ ਤਰਾਂ ਦੀ ਆਰਥਿਕ, ਸਿਆਸੀ, ਸਮਾਜਿਕ ਗੁਲਾਮੀ, ਲੁੱਟ, ਦਾਬੇ, ਜ਼ਬਰ ਤੋਂ ਮੁਕਤ ਕਰਾਉਣ ਦੀ ਸੀ। ਕਿਰਤੀ ਲੋਕਾਂ ਦਾ ਗਰੀਬੀ, ਬਦਹਾਲੀ, ਬੇਰੁਜ਼ਗਾਰੀ ਤੋਂ ਛੁਟਕਾਰਾ ਧਰਮਾਂ, ਜਾਤਾਂ, ਖੇਤਰਾਂ ਆਦਿ ਦੀਆਂ ਵੰਡੀਆਂ ਖਤਮ ਕਰਕੇ ਇੱਕਮੁੱਠ ਹੋ ਕੇ ਲੁਟੇਰੇ ਹਾਕਮਾਂ ਖਿਲਾਫ਼ ਇਨਕਲਾਬੀ ਜਮਾਤੀ ਘੋਲ਼ ਰਾਹੀਂ ਹੀ ਹੋ ਸਕਦਾ ਹੈ।

ਬੁਲਾਰਿਆਂ ਨੇ ਕਿਹਾ ਕਿ ਅਮੀਰੀ-ਗਰੀਬੀ ਦੇ ਵਧਦੇ ਪਾੜੇ, ਬੇਰੁਜ਼ਗਾਰੀ, ਪੈਸੇ ਦੀ ਥੁੜ ਕਾਰਨ ਇਲਾਜਯੋਗ ਬਿਮਾਰੀਆਂ ਨਾਲ਼ ਵੀ ਮੌਤਾਂ, ਬਾਲ ਮਜ਼ਦੂਰੀ, ਔਰਤਾਂ ਖਿਲਾਫ਼ ਵਧਦੇ ਅਪਰਾਧ, ਗਰੀਬਾਂ ਦੀ ਸਿੱਖਿਆ ਤੋਂ ਵਧਦੀ ਜਾ ਰਹੀ ਦੂਰੀ, ਵੋਟਾਂ ਲਈ ਲੋਕਾਂ ਨੂੰ ਧਾਰਮਿਕ-ਜਾਤ ਅਧਾਰਿਤ ਫਿਰਕਾਪ੍ਰਸਤੀ ਦੀ ਅੱਗ ਵਿੱਚ ਝੋਕ ਦੇਣ ਦੀਆਂ ਪਹਿਲਾਂ ਤੋਂ ਵੀ ਤੇਜ਼ ਹੁੰਦੀਆਂ ਜਾ ਰਹੀਆਂ ਘਿਣੌਣੀਆਂ ਸਾਜ਼ਿਸ਼ਾਂ, ਕਦਮ-ਕਦਮ 'ਤੇ ਆਮ ਲੋਕਾਂ 'ਤੇ ਵਧਦਾ ਜਾ ਰਿਹਾ ਜ਼ਬਰ-ਜ਼ੁਲਮ – ਇਹੋ ਉਹ ਅਜ਼ਾਦੀ ਹੈ ਜਿਸਦੇ ਗੁਣਗਾਣ ਪਿਛਲੇ 70 ਸਾਲਾਂ ਤੋਂ ਦੇਸ਼ ਦੇ ਹਾਕਮ ਕਰਦੇ ਆਏ ਹਨ। ਲੋਕਾਂ ਦੇ ਹੱਕਾਂ ਲਈ ਲੜਦੇ ਲੋਕਾਂ ਨੂੰ ਦੇਸ਼ਧ੍ਰੋਹੀ ਕਰਾਰ ਦੇ ਕੇ ਦੇਸ਼ ਦੇ ਹਾਕਮ ਜ਼ਬਰ ਢਾਹ ਰਹੇ ਹਨ। ਜਦ ਤੋਂ ਕੇਂਦਰ ਵਿੱਚ ਮੋਦੀ ਸਰਕਾਰ ਆਈ ਹੈ ਤਦ ਤੋਂ ਲੋਕਾਂ ਦੇ ਹੱਕਾਂ 'ਤੇ ਹਮਲਾ ਹੋਰ ਵੀ ਤੇਜ਼ ਹੋ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਸ਼ਹੀਦ ਸੁਖਦੇਵ ਅਤੇ ਉਸਦੇ ਸਾਥੀਆਂ ਦੇ ਸੁਪਨਿਆਂ ਦਾ ਸਮਾਜ ਬਣਨਾ ਅਜੇ ਬਾਕੀ ਹੈ। ਇਸ ਖਾਤਰ ਲੋਕਾਂ ਨੂੰ ਅੱਗੇ ਆਉਣਾ ਹੀ ਪਵੇਗਾ। ਉਹਨਾਂ ਲੋਕਾਂ ਨੂੰ ਸ਼ਹੀਦ ਸੁਖਦੇਵ ਦੇ ਜਨਮ ਦਿਨ 'ਤੇ ਇਨਕਲਾਬੀ ਸ਼ਹੀਦਾਂ ਦੀ ਸੋਚ ਅਪਣਾਉਣ ਅਤੇ ਫਲਾਉਣ ਦਾ ਪ੍ਰਣ ਕਰਨ, ਉਹਨਾਂ ਦੇ ਸੁਪਨਿਆਂ ਦੇ ਸਮਾਜ ਦੀ ਉਸਾਰੀ ਦੀ ਜ਼ੋਰਦਾਰ ਤਿਆਰੀ ਵਿੱਚ ਲੱਗ ਜਾਣ ਦਾ ਪ੍ਰਣ ਕਰਨ ਦਾ ਸੱਦਾ ਦਿੱਤਾ ਹੈ।

### ਅੱਠ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

## ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ ਅਤੇ ਕੈਲਗਰੀ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰੋ। ਇਸ ਅਖ਼ਬਾਰ ਈਮੇਲ 'ਤੇ ਮੰਗਵਾਉਣ ਲਈ ਜਾਂ ਕਾਪੀ ਪ੍ਰਾਪਤ ਕਰਨ ਲਈ ਸਾਡੀ ਟੀਮ ਨਾਲ ਸੰਪਰਕ ਕਰੋ।



ਹਰਬੰਸ ਸਿੰਘ (ਟੋਰਾਂਟੋ)
416-817-7142



ਮਾਸਟਰ ਭਜਨ (ਕੈਲਗਰੀ)
403-455-4220



ਸੁਖਵੀਰ ਗਰੇਵਾਲ (ਵੈਨਕੂਵਰ)
778-979-4978



ਸੁਰਿੰਦਰ ਮਾਵੀ (ਵਿੰਨੀਪੈਗ)
204-510-6284

ਨੋਟ: ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਟੋਰਾਂਟੋ, ਐਡਮਿੰਟਨ ਸ਼ਹਿਰਾਂ ਤੋਂ ਮਾਰਕੀਟਿੰਗ ਲਈ ਪ੍ਰਤੀਨਧਾਂ ਦੀ ਲੋੜ ਹੈ। ਵਾਜਬ ਕਮਿਸ਼ਨ ਦਿੱਤਾ ਜਾਵੇਗਾ। ਐਡਮਿੰਟਨ ਤੋਂ ਪੱਤਰਕਾਰ ਦੀ ਵੀ ਲੋੜ ਹੈ।






# ਅਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨਜ਼' ਵੱਲੋਂ ਕਾਰਲ ਮਾਰਕਸ ਦਾ 200 ਸਾਲਾ ਜਨਮ ਸਮਾਰੋਹ






ਦੁਨੀਆਂ ਭਰ ਵਿੱਚ ਕਾਰਲ ਮਾਰਕਸ ਦੀ 200 ਸਾਲਾ ਜਨਮ ਸਮਾਰੋਹ ਮਨਾਉਣ ਦੀਆਂ ਖਬਰਾਂ ਵਿੱਚ 6 ਲੱਖ ਦੀ ਆਬਾਦੀ ਵਾਲੇ ਕੈਨੇਡੀਅਨ ਸ਼ਹਿਰ ਬਰੈਂਪਟਨ ਨੇ ਵੀ ਆਪਣਾ ਨਾਮ ਇਸ ਵਿੱਚ ਸ਼ਾਮਲ ਕਰ ਲਿਆ। ਇਹ ਜਨਮ ਸਮਾਰੋਹ "ਅਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡੀਅਨਸ ਸੀ ਏ" ਨਾਮ ਦੀ ਸੰਸਥਾ ਵੱਲੋਂ 6 ਮਈ ਨੂੰ 'ਰਾਇਲ ਸਟਾਰ ਰਿਐਲਟੀ' ਦੇ ਹਾਲ ਵਿੱਚ ਕੀਤਾ ਗਿਆ। ਵੱਖੋ-ਵੱਖ ਬੁਲਾਰਿਆਂ ਵੱਲੋਂ, ਸਰਮਾਏਦਾਰੀ ਪ੍ਰਬੰਧ ਦੇ ਲੋਕ-ਦੋਖੀ ਕਿਰਦਾਰ ਦਾ ਵਿਸ਼ਲੇਸ਼ਣ ਕਰਨ ਵਾਲੇ ਅਤੇ ਮਿਹਨਤਕਸ਼ ਲੋਕਾਂ ਦੇ ਸਿਹਤਮੰਦ ਜੀਵਨ ਪੱਧਰ ਲਈ ਸੰਘਰਸ਼ ਕਰਨ ਵਾਲੇ, ਮਹਾਨ ਫ਼ਿਲਾਸਫ਼ਰ ਕਾਰਲ ਮਾਰਕਸ ਦੇ ਫਲਸਫੇ ਤੇ ਵਿਚਾਰ ਚਰਚਾ ਕੀਤੀ ਗਈ। ਕੁੱਲ ਸੰਸਾਰ ਵਿੱਚ, ਸਾਮਰਾਜੀ ਜੰਗਾਂ ਅਤੇ ਗਰੀਬੀ ਦੀ ਮਾਰ ਝੱਲ ਰਹੀ ਮਿਹਨਤਕਸ਼ ਜਨਤਾ ਲਈ ਮਾਰਕਸਵਾਦੀ ਫ਼ਲਸਫ਼ਾ ਅੱਜ ਵੀ ਚਾਨਣ ਮੁਨਾਰਾ ਬਣਿਆ ਹੋਇਆ ਹੈ ।ਇਸ ਪ੍ਰੋਗਰਾਮ ਵਿੱਚ ਸ਼ਿਕਾਗੋ ਦੇ ਮਜ਼ਦੂਰ ਸੰਘਰਸ਼ ਦੇ ਇੱਕ ਮਈ ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ। ਇਸ ਮੌਕੇ ਕੈਨੇਡਾ ਦੇ ਪ੍ਰਸਿੱਧ ਮਾਰਕਸਵਾਦੀ ਇਤਿਹਾਸਕਾਰ ਜੈਕ ਪਾਵੇਲਸ ਨੇ ਵੀ ਸਾਮਰਾਜੀ ਜੰਗਾਂ ਦੀ ਲੋਕ-ਦੋਖੀ ਸਾਜ਼ਿਸ਼ ਨੂੰ ਬੇ-ਨਕਾਬ ਕੀਤਾ। ਇਨਕਲਾਬੀ ਗੀਤਾਂ ਅਤੇ ਮਜ਼ਦੂਰ ਅੰਤਰ-ਰਾਸ਼ਟਰੀ ਗੀਤ ਨੇ ਵੀ ਪ੍ਰੋਗਰਾਮ ਨੂੰ ਚਾਰ ਚੰਨ ਲਾਏ।

ਵਿਸ਼ਵ ਯੁੱਧ ਬਾਰੇ ਕਿਤਾਬ "ਬਿਗ ਬਿਜ਼ਨੇਸ ਐਂਡ ਹਿਟਲਰ" ਦੇ ਲੇਖਕ ਅਤੇ ਕੈਨੇਡਾ ਦੇ ਪ੍ਰਸਿੱਧ ਮਾਰਕਸਵਾਦੀ ਇਤਿਹਾਸਕਾਰ ਜੈਕ ਪਾਵੇਲਸ ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਸਨ। ਉਨ੍ਹਾਂ ਮਾਰਕਸਵਾਦੀ ਪੜਚੋਲ ਰਾਹੀਂ ਦੱਸਿਆ ਕਿ ਪੂੰਜੀਵਾਦੀ ਪ੍ਰਬੰਧ ਕਿਸ ਤਰ੍ਹਾਂ ਕਿਰਤੀ ਜਨਸਧਾਰਨ ਨੂੰ ਨਿਹੱਕੀਆਂ ਜੰਗਾਂ ਵਿਚ ਧੱਕਦਾ ਹੈ ਅਤੇ ਫਾਸ਼ੀਵਾਦ ਦੀ ਸਰਪ੍ਰਸਤੀ ਵੀ ਕਰਦਾ ਹੈ। ਸਾਮਰਾਜੀ ਜੰਗਾਂ ਦਾ ਮੰਤਵ ਵੀ ਜੰਗੀ ਸਮਾਨ ਦੀ ਇੰਡਸਟਰੀ ਅਤੇ ਵਪਾਰ ਵਿੱਚ ਵਾਧਾ ਕਰਨਾ ਹੁੰਦਾ ਹੈ? ਇਨਾਂ ਜੰਗਾਂ ਦਾ ਕਿਰਦਾਰ ਵੀ ਆਪਣੇ ਆਪ ਮਾਨਵਤਾ ਵਿਰੋਧੀ ਅਤੇ ਖਾਸ ਕਰਕੇ ਮਿਹਨਤਕਸ਼ ਜਮਾਤ ਵਿਰੋਧੀ ਹੁੰਦਾ ਹੈ। ਪੂੰਜੀਵਾਦ ਮਨੁੱਖਤਾ ਨੂੰ ਨਿਹੱਕੀਆਂ ਜੰਗਾਂ ਵਿੱਚ ਝੋਕ ਕੇ ਮਿਹਨਤਕਸ਼ ਜਮਾਤ ਦੇ ਸੰਘਰਸ਼ਾਂ ਨੂੰ ਵੀ ਢਾਹ ਲਾਉਂਦਾ ਹੈ। ਇਹਨ੍ਹਾਂ ਦਾ ਆਪਸੀ ਜੰਗੀ ਵਿਰੋਧ ਇੱਕ ਵਿਖਾਵਾ ਮਾਤਰ ਹੈ ਅਤੇ ਫਾਸ਼ੀਵਾਦ ਦੇ ਵਧਣ ਫੁੱਲਣ ਨੂੰ ਵੀ ਇਹ ਸਰਪ੍ਰਸਤੀ ਪ੍ਰਦਾਨ ਕਰਦਾ ਹੈ। ਉਹਨਾਂ ਆਪਣੇ ਭਾਸ਼ਨ ਵਿੱਚ ਸਾਬਤ ਕੀਤਾ ਕਿ ਦੂਜੇ ਵਿਸ਼ਵ ਯੁੱਧ ਵੇਲੇ ਹਿਟਲਰ ਫਾਸ਼ੀਵਾਦ ਨੂੰ ਅਮਰੀਕੀ ਬੈਂਕਾਂ ਅਤੇ ਕੰਪਨੀਆਂ ਵੱਲੋਂ ਜੰਗੀ ਅਤੇ ਆਰਥਿਕ ਮਦਦ ਲਗਾਤਾਰ ਮਿਲਦੀ ਰਹੀ। ਇਸ ਲਈ ਹਰ ਕਿਸਮ ਦੇ ਫਾਸ਼ੀਵਾਦ ਅਤੇ ਨਿਹੱਕੀਆਂ ਜੰਗਾਂ ਦਾ ਵਿਰੋਧ ਕਰਨਾ ਮਜ਼ਦੂਰ ਜਮਾਤ ਦੀ ਅਣਸਰਦੀ ਲੋੜ ਹੈ। ਮਈ ਦਿਨ ਬਾਰੇ ਆਪਣੀ ਸਲਾਇਡ ਸ਼ੋਅ ਵਿੱਚ ਨਵਜੀਵਨ ਨੇ ਸੰਸਾਰ ਪੱਧਰ ਤੇ ਮਜ਼ਦੂਰਾਂ ਦੀ 8 ਘੰਟੇ ਕੰਮ ਸਮੇਂ ਦੇ ਸੰਘਰਸ਼ ਪ੍ਰਾਪਤੀ ਅਤੇ ਹੋਰ ਮਜ਼ਦੂਰ ਹੱਕਾਂ ਬਾਰੇ ਦੱਸਿਆ। ਹਰਪ੍ਰਮਿੰਦਰ ਗਦਰੀ ਨੇ ਕਾਰਲ ਮਾਰਕਸ ਦੇ ਵਾਧੂ ਕਦਰ ਦੇ ਨਿਯਮ ਦੀ ਵਿਆਖਿਆ ਕੀਤੀ। ਉਨ੍ਹਾਂ ਦੱਸਿਆ ਕਿ ਕੱਚੇ ਮਾਲ ਉਪਰ ਕਿਰਤ ਸ਼ਕਤੀ ਨਾਲ ਹੀ ਉਤਪਾਦ ਵਿੱਚ ਵਾਧੂ ਕਦਰ ਪੈਦਾ ਹੁੰਦੀ ਹੈ। ਮਾਲਕ ਜਮਾਤ ਉਤਪਾਦ ਨੂੰ ਹਥਿਆ ਲੈਂਦੀ ਹੈ ਅਤੇ ਕਿਰਤੀ ਨੂੰ ਦਿੱਤੀ ਜਾਣ ਵਾਲੀ ਉਜਰਤ ਵਿੱਚ ਅਨ-ਪੇਡ ਲੇਬਰ ਦਾ ਮੁੱਲ ਹੀ ਮੁਨਾਫਾ ਦਾ ਰੂਪ ਧਾਰਦਾ ਹੈ। ਪਾਕਿਸਤਾਨ ਦੀ ਕਾਮਰੇਡ ਸਾਲਿਹਾ ਅੱਥਰ ਨੇ ਮਾਰਕਸਵਾਦੀ ਸਿਧਾਂਤ ਨੂੰ ਔਰਤਾਂ ਦੀ ਤਰੱਕੀ ਅਤੇ ਮੁਕਤੀ ਦਾ ਰਾਹ ਦਰਸਾਵਾ ਦੱਸਿਆ। ਬੰਗਲਾਦੇਸ਼ ਦੇ ਸਵੰਤਰਤਾ ਸੇਨਾਨੀ ਪ੍ਰੋਗਰੇਸਿਵ ਡੇਮੋਕਰੇਟਿਵ ਇੰਸ਼ੀਏਟਿਵ ਦੇ ਸ੍ਰੀ ਅਜ਼ੀਜ਼ੁਉੱਲ ਮਲਿਕ ਨੇ ਵੀ ਦੱਬੇ ਕੁਚਲੇ ਲੋਕਾਂ ਅਤੇ ਗਰੀਬ ਮੁਲਕਾਂ ਦੀ ਤਰੱਕੀ ਲਈ ਮਾਰਕਸਵਾਦੀ ਰਾਹ ਦੀ ਜ਼ਰੂਰਤ ਦੱਸੀ। ਸੁਡਾਨੀ ਕਮਿਉਨੀਸਟ ਪਾਰਟੀ ਦੇ ਸੀਨੀਅਰ ਕਾਮਰੇਡ ਅਲਫਾਦਿਲ ਅਲ ਹਾਸ਼ਮੀ ਨੇ ਸਮੁੱਚੇ ਸੰਸਾਰ ਦੇ ਮਜ਼ਦੂਰ ਸਘੰਰਸ਼ ਲਈ ਮਾਰਕਸਵਾਦ ਦੇ ਪਾਏ ਯੋਗਦਾਨ ਦੀ ਪ੍ਰੋੜਤਾ ਕੀਤੀ। ਨੇਪਾਲੀ ਕਾਮਰੇਡ ਗੋਵਿੰਦਾ ਸ਼ਿਵਾਕੋਟੀ ਨੇ ਵੀ ਨਿਪਾਲੀ ਲੋਕਾਂ ਦੇ ਸੰਘਰਸ਼ਾਂ ਅੰਦਰ ਮਾਰਕਸਵਾਦ ਦੇ ਯੋਗਦਾਨ ਵਾਰੇ ਦੱਸਿਆ। ਇਸ ਮੌਕੇ ਕੈਨੇਡੀਅਨ ਪੰਜਾਬੀ ਇੰਗਲਿਸ਼ ਪੇਪਰ "ਸਰੋਕਾਰਾਂ ਦੀ ਆਵਾਜ਼" ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਵੀ ਮਜ਼ਦੂਰ ਸੰਘਰਸ਼ਾਂ ਲਈ ਮਾਰਕਸਵਾਦ ਦੀ ਪ੍ਰੋੜਤਾ ਕੀਤੀ। ਪੰਜਾਬੀ ਸਾਹਿੱਤਕਾਰ ਡਾ. ਸੁਖਪਾਲ ਸਿੰਘ ਨੇ ਵੀ ਮਾਰਕਸਵਾਦ ਨੂੰ ਸਰਬੱਤ ਦੇ ਭਲੇ ਦਾ ਸਿਧਾਂਤ ਦੱਸਿਆ। ਨੌਜਵਾਨ ਕੁੜੀ ਆਲਿਮਾ ਦੇ ਅੰਗਰੇਜ਼ੀ ਅਤੇ ਇਕਬਾਲ ਬਰਾੜ ਦੇ ਹਿੰਦੀ ਉਰਦੂ ਇਨਕਲਾਬੀ ਗੀਤਾਂ ਨੇ ਵੀ ਚੰਗਾ ਰੰਗ ਬਨਿਆ। ਡਾ. ਹਰਦੀਪ ਸਿੰਘ ਦੀ ਮੰਚ ਸੰਚਾਲਨਾ ਵਿੱਚ ਚਲੇ ਇਸ ਪ੍ਰੋਗਰਾਮ ਵਿੱਚ ਕਮਿਉਨਿਸਟ ਪਾਰਟੀ ਆਫ ਕੈਨੇਡਾ ਦੇ ਕਾਮਰੇਡ ਮਲਕੀਤ ਸਿੰਘ ਨੇ ਦਰਸ਼ਕਾਂ ਦਾ ਧੰਨਵਾਦ ਕੀਤਾ। 'ਅਲਾਇੰਸ ਆਫ਼ ਪ੍ਰੋਗਰੈਸਿਵ ਕੈਨੇਡਿਅਨਸ ਸੀ.ਏ.' ਸੰਸਥਾ ਦੇ ਕੋ-ਆਰਡੀਨੇਟਰ ਸ਼ਮਸ਼ਾਦ ਇਲਾਹੀ ਨੇ ਵੀ ਇਸ ਕਾਰਜ ਵਿੱਚ ਪਾਏ ਯੋਗਦਾਨ ਲਈ ਸਾਰਿਆਂ ਦਾ ਧੰਨਵਾਦ ਕੀਤਾ। ਇਸ ਪ੍ਰੋਗਰਾਮ ਵਿੱਚ ਤੁਰਕੀ ਦੇ ਮਨੁੱਖੀ ਹੱਕਾਂ ਲਈ ਸਰਗਰਮ ਪ੍ਰਸਿੱਧ ਪੱਤਰਕਾਰ ਸੈਦ ਸੇਫਾ ਵੀ ਹਾਜ਼ਰ ਹੋਏ, ਜਿਨ੍ਹਾਂ ਦੀ ਆਵਾਜ਼ ਨੂੰ ਤੁਰਕੀ ਫਾਸ਼ੀਵਾਦੀ ਆਂਦਰੋਜ਼ਨ ਦੀ ਹਕੂਮਤ ਦੌਰ ਵਿੱਚ ਤਿੰਨ ਵਾਰ ਉਮਰ ਕੈਦ ਦੀ ਸਜ਼ਾ ਦੁਆਰਾ ਖਾਮੋਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਅਹਿਮਦਾਬਾਦ ਭਾਰਤ ਦੇ ਸਮਾਜ ਸੇਵੀ ਰਫੀ ਮਲਿਕ, ਕੈਰੀਬਅਨ ਗੁਆਨਾ ਦੇ ਵਿਲਿਅਮ ਨਾਰਾਇਣ, ਸੀਤਾ ਨਾਰਾਇਣ, ਪੰਜਾਬੀ ਸਮਾਜ ਸੇਵੀ ਦੇਵ ਧੂਰੇ, ਬਲਰਾਜ ਚੀਮਾ, ਪ੍ਰੋ: ਜਗੀਰ ਕਾਹਲੋਂ, ਸਾਹਿਤਕਾਰ ਮਲੂਕ ਸਿੰਘ ਕਾਹਲੋਂ, ਸੁਰਜੀਤ ਕੌਰ, ਨਾਟਕਕਾਰ ਨਾਹਰ ਔਜਲਾ, ਕੁਲਦੀਪ ਰੰਧਾਵਾ, ਦਵਿੰਦਰ ਤੂਰ, ਸੁਰਿੰਦਰ ਗਿੱਲ, ਬਾਂਗਲਾਦੇਸ਼ ਦੇ ਮਹਿਬੂਬ ਆਲਮ, ਸ਼੍ਰੀਲੰਕਾ ਦੇ ਕਾਮਰੇਡ ਬਾਲਾ ਸਿਤਮ, ਕਾਮਰੇਡ ਬਲਵੰਤ, ਟੀ ਵੀ ਪੱਤਰਕਾਰ ਚਰਨਜੀਤ ਬਰਾੜ ਆਦਿ ਵੀ ਹਾਜ਼ਰ ਸਨ।

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜ਼ਨਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (T1)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

REAL CORE REALTY
FOR ALL YOUR REAL ESTATE NEEDS
Contact Long time trusted name in the community
HARCHARAN SINGH PARHAR
* RESIDENTIAL * BUSINESS * LAND
* COMMERCIAL * INDUSTRIAL * INVESTMENT
403-681-8689
www.parharrealty.com
hp8689@gmail.com
* Free no obligation evaluation
* Full time commitment
* Assistance to arrange best mortgage rates



SUPER VISA INSURANCE
ਸੁਪਰ ਵੀਜ਼ਾ ਇੰਸ਼ੋਰੈਂਸ
With all the BENEFITS & REQUIREMENTS
SUPER VISA INSURANCE RATES
AGE 40-54 ($1038) AGE 55-59 ($1116) AGE 60-64 ($1317)
AGE 65-69 ($1606) AGE 70-74 ($2210) AGE 75-79 ($2470)
Note: All rates are based on $1000 deductible, No Pre Existing Condition, For 1 Year term, $100000 Coverage
LIFE INSURANCE, CRITICAL ILLNESS INSURANCE, DISABILITY INSURANCE, RRSP, RESP ETC.
Full Refund if Visa Denied, Partial Refund if Return early (with no claim) Ask for more details.
ਆਪਣੇ ਪੇਰੈਂਟਸ ਜਾਂ ਗਰੈਂਡ ਪੇਰੈਂਟਸ ਦੇ ਸੁਪਰ ਵੀਜ਼ਾ ਜਾਂ ਰੈਗੂਲਰ ਵੀਜ਼ਾ ਲਈ ਟਰੈਵਲ ਇੰਸ਼ੋਰੈਂਸ ਦੀਆਂ ਹਰ ਤਰ੍ਹਾਂ ਦੀਆਂ ਭਰੋਸੇਯੋਗ ਅਤੇ ਤਸੱਲੀਬਖਸ਼ ਸੇਵਾਵਾਂ ਲਈ ਹਰਚਰਨ ਸਿੰਘ ਪਰਹਾਰ ਨਾਲ ਸੰਪਰਕ ਕਰੋ।
For More Information Call
HARCHARAN SINGH PARHAR
403-681-8689
Note : We also Provide all other Financial, Investment & Insurance Services including individual or group Medical Plans (including Blue Cross). Book Your Appointment for further details.
208, 4656-WESTWINDS DR. N.E. CALGARY AB T3J 3Z5

ਅੰਧ ਵਿਸ਼ਵਾਸ਼ ਤਿਆਗੋ! ਵਿਗਿਆਨਕ ਸੋਚ ਅਪਣਾਓ! ਤਰਕਸ਼ੀਲ ਬਣੋ!

***Human Progress Through Education, Science and Technology***

ਬਾਲ ਮੰਚ ਦੇ ਬੱਚਿਆਂ ਵੱਲੋਂ ਪੇਸ਼ ਹੈ
ਬੱਚਿਆਂ ਦਾ ਪਹਿਲਾ

# ਨਾਟਕ ਸਮਾਗਮ

**Day & Date: Sunday, June 17th 2018**
**3:00 pm, Place: John Dutton Theatre**

**616 MACLEOD TRAIL SE, CALGARY, AB T2G 2M2**

ਪ੍ਰੋਗਰਾਮ: ਦੋ ਨਾਟਕ (ਉੱਘੇ ਰੰਗ ਕਰਮੀਂ, ਲੇਖਕ, ਡਾਇਰੈਕਟਰ, ਸ੍ਰੀ ਸੁਰਿੰਦਰ ਸ਼ਰਮਾ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੀ ਨਿਰਦੇਸ਼ਨਾਂ ਅਧੀਨ ਹੋਣਗੇ)
ਦੋ ਕੋਰੀਓਗ੍ਰਾਫੀਆਂ ਅਤੇ ਐਕਸ਼ਨ ਗੀਤ ਹੋਣਗੇ।

ਦਾਖ਼ਲਾ ਬਿਲਕੁਲ ਮੁਫਤ

ਵੱਲੋਂ: ਐਗਜੈਕਟਿਵ ਕਮੇਟੀ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ (ਰਜਿ.) ਕੈਲਗਰੀ (ਕੈਨੇਡਾ)

ਪ੍ਰਧਾਨ: ਜੀਤ ਇੰਦਰਪਾਲ: 403-248-5842
ਸਕੱਤਰ: ਮਾਸਟਰ ਭਜਨ ਗਿੱਲ: 403-455-4220
ਨਾਟਕ ਤਿਆਰੀ ਕਮੇਟੀ ਅਤੇ ਪ੍ਰੋਗਰੈਸਿਵ ਕਲਾ ਮੰਚ ਦੀ ਕਨਵੀਨਰ:
ਕਮਲਪ੍ਰੀਤ ਪੰਧੇਰ: 403-479-4220



ਗੁਰਮੇਲ ਸਿੰਘ ਬੌਡੇ

# ਕਿਆਮਤ ਦਾ ਦਿਨ

ਇਸਲਾਮ ਧਰਮ ਵਿੱਚ ਧਾਰਨਾ ਹੈ ਕਿ ਇੱਕ ਦਿਨ ਅੱਲ੍ਹਾ ਤਾਲਾ ਧਰਤੀ ਤੇ ਆਵੇਗਾ ਤੇ ਕਬਰਾਂ ਵਿੱਚ ਦੱਬੇ ਮੁਰਦੇ ਜਿਓਂ ਕੇ ਉਠ ਪੈਣਗੇ ਤੇ ਫਿਰ ਲੇਖਾ ਜੋਖਾ ਹੋਵੇਗਾ। ਦੂਸਰਾ ਧਰਮ ਕਹਿੰਦਾ ਹੈ ਕਿ ਰਾਖ ਹੋਣ ਤੋਂ ਬਾਅਦ ਬੰਦਾ ਜਦ ਧਰਮਰਾਜ ਕੋਲ ਪਹੁੰਚੇਗਾ ਤਾਂ ਚਿਤਰਗੁਪਤ ਲੇਖਾ ਮੰਗੇਗਾ। ਪੰਜਾਬ ਵਿੱਚ ਹਰ ਰੋਜ਼ ਖੁਦਕਸ਼ੀਆਂ ਹੋ ਰਹੀਆਂ ਹਨ ਕਿਉਂ ਹੋ ਰਹੀਆਂ ਹਨ? ਸਭ ਨੂੰ ਪਤਾ ਹੈ ਇਸਦੇ ਉਲਟ ਤਾਂ ਇਸ ਰਾਹ ਤੁਰ ਗਏ ਮਨੁੱਖਾਂ ਦਾ ਚਿਤਰਗੁਪਤ ਤੋਂ ਲੇਖਾ ਮੰਗਣਾ ਬਣਦਾ ਹੈ ਕਿ ਉਹਨਾਂ ਲਈ ਅਜਿਹੇ ਹਲਾਤ ਪੈਦਾ ਕਿਉਂ ਕੀਤੇ? ਖੈਰ ਇਹ ਦੋਵੇਂ ਧਾਰਨਾਵਾਂ ਹੀ ਮਹਿਜ਼ ਇੱਕ ਕਲਪਨਾ ਹੈ ਧਰਮਾਂ ਦੇ ਠੇਕੇਦਾਰਾਂ ਦਾ ਮਨੁੱਖ ਦੀ ਮਾਨਸਿਕ ਲੁੱਟ ਕਰਨ ਦਾ ਹਥਿਆਰ ਹੈ ਹਜ਼ਾਰਾਂ ਸਾਲ ਬੀਤ ਗਏ ਵੱਡੇ ਵੱਡੇ ਜ਼ੁਲਮ ਹੋਏ ਰੱਬ ਕ੍ਰਿਪਾਲੂ ਨਹੀਂ ਹੋਇਆ। ਅੱਲ੍ਹਾ ਤਾਲਾ ਕਬਰਾਂ ਵਿੱਚ ਨਹੀ ਆਇਆ ਕਿ ਉਹ ਇਹ ਅਣਹੋਈ ਮੌਤੇ ਮਰ ਕੇ ਸ਼ਮਸ਼ਾਨ ਦੇ ਰਾਹ ਤੁਰ ਜਾਣ ਵਾਲਿਆਂ ਦੀ ਮਜ਼ਬੂਰੀ, ਦੁੱਖ, ਦਰਦ ਤੇ ਦਾਸਤਾਨ ਸੁਣ ਸਕੇ।

ਮੋਗੇ ਵਿਖੇ ਜਿਨ੍ਹਾਂ ਲੋਕਾਂ ਨੇ ਇਹ ਕਾਰਲ ਮਾਰਕਸ ਦੇ ਜਨਮ ਦਿਨ ਤੇ ਸੁਣਿਆ ਉਹ ਵੀ ਬੌਧਿਕ ਤੌਰ ਤੇ ਚੇਤੰਨ ਆਦਮ ਜਾਏ ਸਨ ਉਹਨਾਂ ਦੇ ਦਿਲਾਂ ਦੇ ਦੁੱਖਾਂ ਦੀ ਪੰਡ ਨੂੰ ਫਰੋਲਣ ਜਾਂ ਹਲਕਾ ਕਰਨ ਤੋਂ ਦੋ ਦਿਨ ਪਹਿਲਾਂ ਇਸਨੂੰ ਮਹਿਜ ਇਤਫਾਕ ਸਮਝ ਲਵੋ ਜਾਂ ਦਰਦਾਂ ਮਾਰਿਆ ਦੀ ਜਿੰਦਗੀ 'ਚ ਪਸਰੇ ਹਨੇਰੇ ਦੀ ਕੁਦਰਤੀ ਦਸਤਕ ਸਮਝ ਲਵੋ ਕਿ ਇੱਕ ਦਿਨ ਦੁਪਹਿਰ ਵੇਲੇ ਹੀ ਰਾਤ ਪੈ ਗਈ। ਹੁਣ ਤਾਂ ਹਰ ਰੋਜ਼ ਹੀ ਪੈਂਦੀ ਹੈ। ਸ਼ਾਇਦ ਆਪਣੇ ਪੁੱਤਰਾਂ, ਪਤੀਆਂ ਤੇ ਭਰਾਵਾਂ ਦੇ ਸਿਰ ਚੜ੍ਹੇ ਕਰਜ਼ੇ ਕਾਰਨ ਸਿਵਿਆਂ ਦੇ ਰਾਹ ਤੁਰ ਜਾਣ ਤੇ ਉਹਨਾਂ ਬ੍ਰਿਹਣਾ ਦੀਆਂ ਆਹਾਂ ਸਮਝ ਲਵੋ ਜਿਨ੍ਹਾਂ ਨੇ ਅਸਮਾਨ ਨੂੰ ਕਾਲਾ ਸਿਆਹ ਕਰ ਦਿੱਤਾ ਹੋਵੇ। ਸੁਲਤਾਨ ਬਾਹੂ ਦੀ ਕਲਮ ਦੀ ਹੂਕ ਜਿਵੇਂ ਇਸ ਵਰਤਾਰੇ ਤੇ ਫਿਰ ਰੋ ਪਈ ਹੋਵੇ ਕਿ:-

**ਅੰਬਰ ਇਤਿ ਬਿਧ ਕਾਲਾ ਹੋਇਆ,**
**ਸਾਡੇ ਦਰਦਮੰਦਾਂ ਦੇ ਆਹੀਂ ਹੂ-ਹੂ-ਹੂ**

ਜਿਵੇ ਰਾਤ ਦੀ ਚੁੱਪ ਵਿੱਚ ਇਹ ਹੂਕ ਜਿਵੇਂ ਅੰਬਰ ਨੂੰ ਧੁੰਨੀ ਤੱਕ ਲੰਗਾਰ ਕਰ ਗਈ ਹੋਵੇ ਪੰਜਾਬੀ ਸਾਹਿਤ ਦੇ ਸਿਰਮੌਰ ਕਵੀ ਵਾਰਸ ਸ਼ਾਹ ਦੀ ਕਲਮ ਨੇ ਅਣਆਈ ਮੌਤ ਤੇ ਰੋ ਰੋ ਕਿ ਕਿਹਾ ਕਿ

ਭਲਾ ਜੀਏ ਤੇ ਵਿਛੜੇ ਕੌਣ ਮੇਲੇ
ਐਵੇਂ ਜਿਉੜਾ ਰੋਗ ਲਗਾਉਂਦਾ ਏ।

1525 ਵਿੱਚ ਵੀ ਬਾਬਰ ਨੇ ਹਮਲਾ ਕਰਕੇ, ਕਤਲੋਆਮ ਰਾਹੀਂ ਬੱਚੇ, ਬੁੱਢੇ, ਜੁਆਨ ਤੇ ਮੁਟਿਆਰਾਂ ਦਾ ਕਤਲ ਕਰਕੇ ਮਿੱਟੀ ਵਿੱਚ ਮਿਲਾ ਦਿੱਤੀਆਂ ਸਨ ਕਈ ਆਪਣੇ ਪਤੀਆਂ ਨਾਲ ਸਤੀ ਹੋ ਗਈਆਂ ਸਨ। ਦੋ ਹਜ਼ਾਰ ਪੱਚੀ ਆਉਣ ਵਿੱਚ ਅਜੇ ਸੱਤ ਸਾਲ ਬਾਕੀ ਹਨ ਪੂਰੇ ਪੰਜ ਸੌ ਸਾਲ ਬਾਅਦ ਅੱਜ ਕਿਹੋ ਜੇਹੇ ਬਾਬਰ ਹਨ ਜੋ ਉਹੀ ਤਾਂਡਵ ਰਚਾ ਕੇ ਵਿਧਵਾਵਾਂ ਦੀ ਗਿਣਤੀ ਵਧਾ ਰਹੇ ਹਨ। ਫਿਰ ਆਪਣੇ ਹੀ ਪੈਮਾਨੇ ਨਾਲ ਫਾਹਾ ਲੈ ਕੇ, ਸਲਫਾਸ ਖਾ ਕੇ,ਖੁਦਕਸ਼ੀ ਕਰਨ ਵਾਲਿਆਂ ਦੀ ਗਿਣਤੀ ਕਰ ਰਹੇ ਹਨ। ਜਿਨ੍ਹਾਂ ਬਾਰੇ ਸਾਢੇ ਪੰਜ ਸਦੀਆਂ ਪਹਿਲਾਂ ਹੀ ਗੁਰੂ ਨਾਨਕ ਦੇਵ ਜੀ ਕਹਿ ਗਏ ਹਨ ਕਿ:-

**ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕੋ ਖਾਇ॥**
**ਕੁੱਤਾ ਰਾਜ ਬਹਾਲੀਐ ਫਿਰ ਚੱਕੀ ਚਟਵਹਿ॥**

ਇਹ ਅੱਜ ਦੇ ਸਮੇਂ ਦਾ ਸੱਚ ਵੀ ਹੈ। ਉਸ ਦਿਨ ਉਹਨਾਂ ਵਿਧਵਾਵਾਂ ਦੇ ਦਿਲ ਦੀ ਹੂਕ ਸੁਣੀ ਜੋ ਤੁਰ ਗਏ ਸਿਰ ਦੇ ਸਾਈਆਂ ਪਿੱਛੋਂ ਤੰਗੀ ਤੁਰਸ਼ੀ ਤੇ ਗਰੀਬੀ ਵਿੱਚ ਆਪਣੇ ਫਰਜ਼ ਨਿਭਾਕੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੇ ਪਹਿਰਾ ਦੇ ਰਹੀਆਂ ਹਨ। ਜਿਨ੍ਹਾਂ ਬਾਰੇ ਪੁਜਾਰੀ ਤਾਂ ਸਿਰਫ ਰਟਨ ਹੀ ਕਰਦੇ ਹਨ। ਸਾਧ ਸਿਰਫ ਉਪਦੇਸ਼ ਹੀ ਦਿੰਦੇ ਹਨ। ਪਰ ਆਰਥਿਕ ਸੰਕਟ ਕਾਰਨ ਜਿਸ ਬਾਰੇ ਕਾਰਲ ਮਾਰਕਸ ਨੇ ਜਮਾਤੀ ਨਿਖੇੜਾ ਕੀਤਾ ਹੈ ਕਿ ਇੱਕ ਜਮਾਤ ਲੁੱਟਣ ਵਾਲਿਆਂ ਦੀ ਹੈ ਤੇ ਦੂਸਰੀ ਧਿਰ ਲੁੱਟੇ ਜਾਣ ਵਾਲੇ ਲੋਕਾਂ ਦੀ ਹੈ। ਜਿਸ ਦਿਨ ਕੁਦਰਤੀ ਖਣਿਜ ਅਤੇ ਲੁੱਟੇ ਗਏ ਸਰਮਾਏ ਤੇ ਆਮ ਲੋਕ ਕਾਬਜ਼ ਹੋ ਜਾਣਗੇ ਤਾਂ ਇਨਕਲਾਬ ਆ ਜਾਵੇਗਾ। ਕੋਈ ਅਣਹੋਈ ਮੌਤੇ ਨਹੀਂ ਮਰੇਗਾ ਫਿਲਹਾਲ ਸਭ ਕੁਝ ਲੁੱਟ ਜਾਣ ਤੇ ਚਾਹੇ ਉਹ ਦਿੱਲੀ ਦੀ ਨਿਰਭੈਅ ਲੜਕੀ ਹੋਵੇ ਜਾਂ ਕਠੂਏ ਦੀ ਸੱਤ ਸਾਲਾ ਆਸਫਾਂ ਜਿੰਨਾਂ ਦੀ ਆਰਥਿਕ,ਮਾਨਸਿਕ ਤੇ ਸਰੀਰਕ ਲੁੱਟ ਤੇ ਲੱਖਾਂ ਸਾਧਾਂ ਦੇ ਮੂੰਹਾਂ ਤੇ ਜਿੰਦਰੇ ਲੱਗੇ ਹੋਏ ਹਨ ਕੋਈ ਹਮਦਰਦੀ ਨਹੀਂ, ਕੋਈ ਰੋਸ ਨਹੀਂ, ਕੋਈ ਵਿਰੋਧ ਨਹੀ ਕਿਉਂਕੇ ਇਹ ਤਾਂ ਖੁਦ ਲੁਟੇਰੇ ਹਨ ਤੇ ਆਸਾ ਰਾਮ ਵਰਗੇ ਧੌਲ ਦਾਹੜੀਏ ਜੇਲਾਂ ਵਿੱਚ ਹਨ। ਇਹ ਲੋਕ ਫਲਸਫਾ ਨਹੀ ਦੇ ਸਕਦੇ ਸਗੋਂ ਫਲਸਫਾ ਵੇਚਕੇ ਧੌਲਰ ਉਸਾਰ ਸਕਦੇ ਹਨ। ਇਹਨਾਂ ਨਾਲੋਂ ਕਈ ਗੁਣਾਂ ਮਹਾਨ ਇਹ ਵਿਧਵਾਵਾਂ ਹਨ ਜੋ ਆਪਣੇ ਸਿਰ ਤੇ ਫਰਜ਼ਾਂ ਦੀ ਪੰਡ ਉਠਾਕੇ ,ਸੀਨੇ ਦਾ ਦਰਦ ਅੰਦਰੇ ਅੰਦਰ ਦਬਾਕੇ ਬਾਬਾ ਨਾਨਕ ਜੀ ਦੇ ਸੰਦੇਸ਼ ਤੇ ਪੂਰਾ ਉਤਰ ਰਹੀਆਂ ਹਨ ਜਿਸ ਕਿਹਾ ਸੀ:-

ਸੋਈ ਸਤੀਅਨ ਨ ਆਖੀਐ
ਜੋ ਚਿਤਾ ਵਿੱਚ ਜਲਿੰਨ
ਸੋਈ ਸਤੀਅਨ ਆਖੀਐ
ਜੋ ਬਿਰਹੋਂ ਵਿੱਚ ਜਲਿੰਨ

ਅਜਿਹੀਆਂ ਲੱਖਾਂ ਕਰੋੜਾਂ ਬਿਰਹਣਾਂ ਹਨ। ਕੋਈ ਮਾਂ ਹੈ, ਕੋਈ ਪਤਨੀ ਹੈ, ਕੋਈ ਧੀ ਹੈ ਤੇ ਕੋਈ ਬਜ਼ੁਰਗ ਹੈ। ਜੋ ਆਪਣਿਆਂ ਦੀ ਮੌਤ ਤੇ ਗਿੱਲੀ ਪਾਥੀ ਵਾਂਗ ਜ਼ਿੰਦਗੀ ਨੂੰ ਕੌੜਾ ਧੂੰਆਂ ਬਣਾ ਕੇ ਧੁਖ ਰਹੀਆਂ ਹਨ। ਜਿਨ੍ਹਾਂ ਦੀ ਇਸ ਹੰਢਾਈ ਜਾ ਰਹੀ ਜੂਨ ਦਾ ਕੌੜਾ ਧੂੰਆਂ ਚੰਗੇ ਭਲੇ ਚੇਤੰਨ ਤੇ ਰਹਿਮ ਦਿਲ ਮਨੁੱਖਾਂ ਦੀਆਂ ਅੱਖਾਂ ਵਿੱਚ ਵੀ ਅੱਥਰੂ ਲਿਆ ਰਿਹਾ ਹੈ। ਬੇਈਮਾਨ ਸਿਆਸਤਦਾਨ, ਤੇ ਰਾਜ ਸੱਤ੍ਹਾ ਦੇ ਕਾਬਜ ਵਿਹਲੜ ਨੁਮਾਇੰਦੇ ਇਹਨਾਂ ਮਜ਼ਬੂਰ ਵਿਧਵਾਵਾਂ ਦੀ ਅੱਖ ਚੋਂ ਨਿਕਲੇ ਸਲੂਣੇ ਪਾਣੀ ਨਾਲ ਆਪਣੀ ਰੋਟੀ ਸਲੂਣੀ ਕਰ ਰਹੇ ਹਨ। ਖੁਦਕਸ਼ੀ ਕਰਕੇ ਤੁਰ ਰਹੇ ਤੇ ਜਾਂ ਤੁਰ ਜਾਣ ਵਾਲਿਆਂ ਤੇ ਲੋਕਤੰਤਰੀ ਰੋਟੀਆਂ ਸੇਕ ਰਹੇ ਹਨ। ਹਰੇ ਇਨਕਲਾਬ 'ਚੋਂ ਪੈਦਾ ਹੋਈ ਇਸ ਆਰਥਿਕ ਸਥਿਤੀ ਦੀ ਪ੍ਰਵਿਰਤੀ ਨੂੰ ਕੋਈ ਸਮਝ ਨਹੀਂ ਰਿਹਾ ਕਿ ਅੱਜ ਤੋਂ ੨੫-੩੦ ਸਾਲ ਪਹਿਲਾਂ ਖੁਦਕਸ਼ੀਆਂ ਕਿਉਂ ਨਹੀ ਸੀ ਹੁੰਦੀਆਂ? ਖੁਦਕਸ਼ੀਆਂ ਦੀ ਕੀਮਤ ਤਾਰ ਕੇ, ਸੱਤ੍ਹਾ ਜਾਂ ਵਿਵੇਕਹੀਣ ਲੀਡਰ ਤੇ ਉਹਨਾਂ ਦੇ ਝੋਲੀ ਚੁੱਕ ਖੁਦਕਸ਼ੀ ਕਰਨ ਵਾਲਿਆਂ ਨੂੰ ਅੱਡੀਆਂ ਚੁੱਕ ਕੇ ਫਾਹਾ ਲੈਣਾ (ਭਾਵ ਵਿਤੋਂ ਵੱਧ ਖਰਚ ਕਰਨ ਨੂੰ) ਕਾਰਨ ਦੱਸ ਖੁਦਕਸ਼ੀ ਕਰਨ ਵਾਲਿਆਂ ਦੀ ਥਾਂ ਤੇ ਹੁੰਦੇ ਤਾਂ ਕੀ ਕਰਦੇ? ਪਰ ਇਸ ਅਹਿਸਾਸ ਤੋਂ ਸੱਖਣੇ ਉਹ ਦੋਸ਼ ਮੜ ਰਹੇ ਹਨ ਕਿ ਕਿਸਾਨ ਧੀਆਂ ਦੇ ਵਿਆਹ ਤੇ ਵੱਧ ਖਰਚ ਕਰਦੇ ਹਨ, ਸਾਦੇ ਨਹੀਂ ਕਰਦੇ।ਕੀ ਦੋਸ਼ ਲਗਾਉਣ ਵਾਲੇ ਧੀਆਂ ਪੁੱਤਾਂ ਦੇ ਵਿਆਹਾਂ ਤੇ ਖਰਚ ਨਹੀਂ ਕਰਦੇ? ਕੀ ਉਹ ਸਾਦੇ ਵਿਆਹ ਦੀ ਉਦਾਹਰਣ ਦੇ ਸਕਦੇ ਹਨ? ਦੂਸਰਾ ਦੋਸ਼ ਕਿ ਕਿਸਾਨ ਕਰਜ਼ੇ ਚੁੱਕ ਕੇ ਧੀਆਂ ਪੁੱਤਾਂ ਨੂੰ ਵਿਦੇਸ਼ਾਂ ਨੂੰ ਤੋਰ ਰਹੇ ਹਨ ਹੁਣ ਦੋਸ਼ ਲਗਾਉਣ ਵਾਲਿਆਂ ਤੇ ਸਵਾਲ ਹੈ ਕਿ ਜਿੱਥੇ ਸਿੱਖਿਆ ਨਿੱਜੀ ਖੇਤਰ ਵਿੱਚ ਚਲੀ ਗਈ ਹੋਵੇ। ਧਨਾਢਾਂ ਤੇ ਸਾਧਾਂ ਕੋਲ ਜਾ ਕੇ ਇਹ ਲੱਖਾਂ ਤੱਕ ਪਹੁੰਚ ਗਈ ਹੋਵੇ ਉਹ ਸਿੱਖਿਆ ਮੁੱਲ ਲੈ ਕੇ ਜਾਂ ਕਰਵਾਕੇ ਵੀ ਜੇ ਬੀ.ਏ. ਐਮ. ਏ. ਬੀ. ਐਡ, ਬੀ.ਟੈਕ, ਬੀ.ਸੀ.ਏ, ਐਮ.ਸੀ.ਏ., ਐਮ ਫਿਲ ਤੇ ਪੀ.ਐਚ.ਡੀ ਕਰਕੇ ਵੀ ਉਹਨਾਂ ਦੇ ਧੀਆਂ ਪੁੱਤਰਾਂ ਨੂੰ ਚਪੜਾਸੀ ਜਾਂ ਕਲਰਕ ਦੀ ਅਸਾਮੀ ਲਈ ਉਹ ਵੀ ਵਕਤੀ (ਕੰਟਰੈਕਟ ਬੇਸ) ਠੇਕਾ ਅਧਾਰ ਪ੍ਰਣਾਲੀ ਅਧੀਨ ਵਿਦਿਆਰਥੀ ਅਸਾਮੀ ਲਈ ਲਾਈਨ 'ਚ ਲੱਗਣਾ ਪਵੇ ਤਾਂ ਮਾਪੇ ਕੀ ਕਰਨ? ਨੌਜਵਾਨ ਕੀ ਕਰਨ? ਅਜਿਹੀਆਂ ਹਾਲਤਾਂ ਵਿੱਚ ਭਾਰਤ ਵਿੱਚ 25,500/- ਨੌਜਵਾਨ ਵਿਦਿਆਰਥੀ ਖੁਦਕਸ਼ੀ ਕਰ ਚੁੱਕੇ ਹਨ। ਕੀ ਬੇਰੁਜ਼ਗਾਰੀ ਕਿਸਾਨ ਮਜ਼ਦੂਰ ਨੇ ਪੈਦਾ ਕੀਤੀ ਹੈ ਜਾਂ ਕਿ ਸਰਕਾਰਾਂ ਨੇ ਪੈਦਾ ਕੀਤੀ ਹੈ? ਫਿਰ ਕੋਈ ਬੇਰੁਜ਼ਗਾਰੀ ਭੱਤਾ ਨਹੀਂ ਕਿ ਉਹ ਦੋ ਵੇਲੇ ਦੀਆਂ ਲੋੜਾਂ ਪੂਰੀਆਂ ਕਰ ਸਕਣ। ਸਿਰਫ ਦੂਸ਼ਣ ਬਾਜ਼ੀ ਤੋਂ ਉਹਨਾਂ ਦੀ ਬੌਧਿਕ ਚੇਤਨਤਾ ਅੱਗੇ ਨਹੀਂ ਤੁਰਦੀ ਕਿਓਕਿ ਅਕਲ ਦੇ ਅੰਨਿਆਂ ਤੋਂ ਰੋਸ਼ਨੀ ਦੀ ਆਸ ਨਹੀਂ ਰੱਖੀ ਜਾ ਸਕਦੀ। ਇਹ ਤਾਂ ਉਹ ਜੁਗਨੂੰ ਹਨ ਜੋ॥ ਅਰਬਦ ਨਰਬਦ ਧੁੰਦੂਕਾਰਾ॥ ਵਿੱਚ ਵੋਟਾਂ ਖਾਤਰ ਟਟਿਆਣੇ ਵਾਂਗ ਦੋ ਚਾਰ ਦਿਨ ਲਈ ਟਿਮਕਦੇ ਹਨ ਫਿਰ ਅਵਾਮ ਲਈ ਪੈਦਾ ਕੀਤੀ ਹਨੇਰੀ ਰਾਤ ਵਿੱਚ ਕਿਧਰੇ ਨਜ਼ਰ ਨਹੀਂ ਆਉਂਦੇ।

ਹੁਣ ਅਸੀਂ ਇਹਨਾਂ ਵੱਡੇ ਵਿਦਵਾਨਾਂ ਤੋਂ ਜਿੰਨਾਂ ਲਈ ਖੁਦਕਸ਼ੀ ਇੱਕ ਸਧਾਰਨ ਰੁਝਾਨ ਹੈ ਤੋਂ ਪੁੱਛਦੇ ਹਾਂ ਕਿ ਸਰਮਾਏਦਾਰੀ ਨੇ ਜੋਰੋ ਜੇਹਾ ਆਰਥਿਕ ਵਰਤਾਰਾ ਬਣਾ ਦਿੱਤਾ ਹੈ ਉਸਦਾ ਅੱਕ ਮਜ਼ਬੂਰੀ ਵੱਸ ਆਮ ਬੰਦੇ ਨੂੰ ਚੱਬਣਾ ਪੈ ਰਿਹਾ ਹੈ। ਵਿਆਹ ਬਾਬਲ ਦੀਆਂ ਬਰੂਹਾਂ ਤੋਂ ਮੈਰਿਜ ਪੈਲਿਸਾਂ ਤੱਕ ਆ ਗਏ ਹਨ ਕੀ ਇਹ ਪੈਲਿਸ ਕਿਸਾਨਾਂ-ਮਜ਼ਦੂਰਾਂ ਦੇ ਹਨ? ਕਾਰਾਂ, ਮੋਟਰਸਾਈਕਲ, ਸਕੂਟਰ, ਏ.ਸੀ. ਫਰਿੱਜ ਤੇ ਮੋਬਾਇਲ ਦੀਆਂ ਲੋੜਾਂ ਕਿਸਨੇ ਪੈਦਾ ਕੀਤੀਆਂ ਹਨ? ਕਿਰਤ ਲੁੱਟਣ ਲਈ ਸਰਮਾਏਦਾਰਾਂ ਨੇ। ਫਿਰ ਖੇਤਾਂ ਵਿੱਚ ਫਾਰਮੀ ਰੇਹ, ਕੀੜੇਮਾਰ ਦਵਾਈਆਂ, ਨਦੀਨਨਾਸ਼ਕ ਤੇ ਖੇਤੀ ਮਸ਼ੀਨਰੀ ਕਿਸਨੇ ਪੈਦਾ ਕੀਤੀ ਹੈ? ਸਰਮਾਏਦਾਰੀ ਨੇ ਜਿਸਨੇ ਮਜ਼ਦੂਰਾਂ ਦੀ ਕਿਰਤ ਤੇ ਡਾਕਾ ਮਾਰਿਆ ਹੈ ਤੇ ਚਾਰ-ਪੰਜ ਏਕੜ ਦਾ ਕਿਸਾਨ ਵੀ ਮਜ਼ਦੂਰਾਂ ਦੀ ਸ਼੍ਰੇਣੀ ਵਿੱਚ ਆ ਗਿਆ ਹੈ। ਦੋਸ਼ ਲਗਾਉਣ ਵਾਲਿਆ ਨੂੰ ਇਹ ਵਰਤਾਰਾ ਨਜ਼ਰ ਕਿਉਂ ਨਹੀਂ ਆ ਰਿਹਾ। ਜੋ ਵੱਧ ਰਹੇ ਖਰਚਿਆਂ ਦਾ ਅਧਾਰ ਹੈ।

ਦੂਸਰਾ ਇਹਨਾਂ ਖੁਦਕਸ਼ੀਆਂ ਦਾ ਮੂਲ ਅਧਾਰ ਕਿਸਾਨ ਮਜ਼ਦੂਰ ਤੋਂ ਬੈਂਕਾਂ ਰਾਹੀਂ ਵਸੂਲਿਆ ਜਾ ਰਿਹਾ ਹੱਦੋਂ ਵੱਧ ਵਿਆਜ ਹੈ। ਫਰਜ਼ ਕਰੋ ਜੇ ਕੋਈ ਧਨਾਢ ਤਿੰਨ ਕਰੋੜ ਲਗਾ ਕੇ ਸ਼ੈਲਰ ਲਗਾਉਂਦਾ ਹੈ ਤਾਂ ਉਸਦਾ ਬੀਮਾ ਵੀ ਹੈ ਤੇ 75 ਲੱਖ ਦੀ ਸਬਸਿਡੀ ਹੈ ਤੇ ਬੈਂਕ ਵਿਆਜ ਵੀ ਘੱਟ ਹੈ। ਤਿੰਨ ਅਰਬ ਦੀ ਫਰਮ ਲਗਾਉਣ ਵਾਲੇ ਸਰਮਾਏਦਾਰ ਨੂੰ 75 ਕਰੋੜ ਦੀ ਸਬਸਿਡੀ ਮਿਲਦੀ ਹੈ। ਦੂਸਰੇ ਪਾਸੇ ਕਿਸਾਨ ਘੱਟ ਦਰ ਤੇ ਕਰਜ਼ਾ ਸਹਿਕਾਰੀ ਬੈਂਕਾਂ ਤੋਂ ਜ਼ਮੀਨ ਦੀ ਹੱਦਬੰਦੀ ਦੇ ਅਧਾਰ ਤੇ ਸਿਰਫ ਰੇਹ ਅਤੇ ਦਵਾਈ ਆਦਿ ਲਈ ਹਜ਼ਾਰਾਂ ਵਿੱਚ ਲੈਂਦਾ ਹੈ। ਜੇ ਉਸਦੀ ਵੱਡੀ ਗਰਜ਼ (ਲੋੜ) ਟਰੈਕਟਰ, ਰੀਪਰ ਲੈਣ ਜਾਂ ਧੀ ਪੁੱਤ ਦੇ ਵਿਆਹ ਜਾਂ ਪੁੱਤ ਨੂੰ ਦੀ ਲੋੜ ਪੂਰੀ ਨਹੀਂ ਕਰਦਾ। ਇਸ ਕਰਕੇ ਉਸਨੂੰ ਫੇਰ ਬੈਂਕਾਂ ਵੱਲ ਧੱਕ ਦਿੰਦਾ ਹੈ। ਫਿਰ ਟਰੈਕਟਰ ਲੈਣ ਲਈ, ਧੀ-ਪੁੱਤ ਦੇ ਵਿਆਹ ਜਾਂ ਪੜ੍ਹਕੇ ਪੀ. ਆਰ. ਲੈਣ ਵਿਦੇਸ਼ ਭੇਜਣ ਜਾਂ ਦਰਮਿਆਨਾਂ ਜੇਹਾ ਘਰ ਬਣਾਉਣ ਲਈ ਦਸ ਪੰਦਰਾਂ ਲੱਖ ਦਾ ਕਰਜ਼ਾ ਲੈਣਾ ਪੈਂਦਾ ਹੈ ਧਨਾਢਾਂ ਵਾਂਗ ਕਿਸਾਨਾਂ ਮਜ਼ਦੂਰਾਂ ਨੂੰ ਕੋਈ ਸਬਸਿਡੀ ਨਹੀਂ ਪ੍ਰਾਈਵੇਟ ਬੈਂਕਾਂ ਦੀ ਵਿਆਜ ਦਰ ਬਹੁਤ ਉੱਚੀ ਹੈ। ਜਿੰਜ ਦਾਹੜੀ ਨਾਲੋਂ ਮੁੱਛਾਂ ਵਧਣ ਵਾਂਗ ਮੂਲ ਰਕਮ ਨਾਲੋਂ ਵਿਆਜ ਦਰ ਵਿਆਜ ਨਾਲ ਕਰਜ਼ੇ ਦੀ ਪੰਡ ਭਾਰੀ ਹੁੰਦੀ ਜਾਂਦੀ ਹੈ। ਕੀ ਮਜ਼ਦੂਰ ਲਈ ਕੋਈ ਸਬਸਿਡੀ ਹੈ? ਸਰਕਾਰਾਂ ਭਾਵੇਂ ਲੱਖ ਦਾ ਦਾਅਵੇ ਕਰੀ ਜਾਣ ਕਿ ਸਕੀਮਾਂ ਬਹੁਤ ਹਨ ਪਰ ਲੋਕਾਂ ਨੂੰ ਪਤਾ ਨਹੀਂ ਲਾਲਚ ਨਾਲੋਂ ਗਰੀਬੀ ਕਾਰਨ ਲੋਕ ਨੀਲੇ,ਪੀਲੇ ਕਾਰਡ ਤੇ ਗਲਤ ਪਿਨਸ਼ਨ ਫਾਰਮ ਭਰ ਦਿੰਦੇ ਹਨ ਜਾਂ ਵੋਟਾਂ ਲੈਣ ਲਈ ਸਿਆਸਤਦਾਨ ਹੀ ਇਹ ਕਾਰਜ ਕਰਦੇ ਹਨ ਤੇ ਦੂਸਰੀ ਸੱਤ੍ਹਾ ਤੇ ਕਾਬਜ ਧਿਰ ਪਹਿਲੀ ਧਿਰ ਵਾਲਿਆਂ ਦੇ ਇਹਨਾਂ ਕਾਗਜ਼ਾਂ ਨੂੰ ਜਾਅਲੀ ਕਹਿ ਕੇ ਰੱਦ ਕਰਵਾ ਕੇ ਵੋਟਾਂ ਨਾਂ ਪਾਉਣ ਦੀ ਕਿੜ ਕੱਢ ਲੈਂਦੀ ਹੈ ਜਿੰਜ ਇਸ ਵਰਤਾਰੇ ਦੇ ਦੋਸ਼ੀ ਕਿਸਾਨ ਮਜ਼ਦੂਰ ਨਹੀਂ ਸਗੋਂ ਦੁੱਕੀ ਤਿੱਕੀ ਸਿਆਸਤਦਾਨ ਹਨ।

ਜੇ ਬੈਂਕਾਂ ਦੇ ਕਰਜਿਆਂ ਨੂੰ ਧਨਾਢਾਂ ਵਾਂਗ ਸਿੱਧੀਆਂ ਸਬਸਿਡੀਆਂ ਕਿਸਾਨਾਂ-ਮਜ਼ਦੂਰਾਂ ਨੂੰ ਦਿੱਤੀਆਂ ਜਾਣ,ਯੋਗਤਾ ਅਨੁਸਾਰ ਰੁਜ਼ਗਾਰ ਦੀ ਪੂਰਨ ਗਰੰਟੀ ਜਾਂ ਗੁਜ਼ਾਰਾ ਭੱਤਾ ਹੋਵੇ ਜਾਂ ਫਸਲਾਂ ਦਾ ਧਨਾਢਾਂ ਦੀਆਂ ਫਰਮਾਂ ਵਾਂਗ ਬੀਮਾ ਹੋਵੇ ਤਾਂ ਇਸ ਸਥਿਤੀ ਤੇ ਕਾਬੂ ਪਾਇਆ ਜਾ ਸਕਦਾ ਹੈ। ਪਰ ਹੋ ਇਸਦੇ ਬਿਲਕੁਲ ਉਲਟ ਹੋ ਰਿਹਾ ਹੈ ਕਿ ਧਨਾਢਾਂ ਲਈ ਰੱਜੇ ਹਨ ਤੇ ਮਜ਼ਦੂਰ-ਕਿਸਾਨਾਂ ਲਈ ਧੱਕੇ ਹਨ। ਇਹ ਦੋਹਰਾ ਮਾਪਦੰਡ ਕਿਉਂ?

ਨੋਟਬੰਦੀ ਦੌਰਾਨ ਵੀ ਇੱਕ ਧਨਾਢ ਨੇ ਆਪਣੀ ਧੀ ਦੇ ਵਿਆਹ ਤੇ 700 ਕਰੋੜ ਖਰਚ ਕੀਤੇ ਤੇ 20 ਕਰੋੜ ਦਾ ਤਾਂ ਲਾੜੀ ਦਾ ਲਹਿੰਗਾ ਹੀ ਸੀ। ਫਿਰ ਇਹ ਕਾਲਾ ਧਨ ਕਿਥੋਂ ਆ ਗਿਆ? ਮਨ ਦੀ ਬਾਤ ਵਿੱਚੋਂ ਇਹ ਸੱਚ ਮਨਫੀ ਕਿਉਂ ਸੀ? ਅੰਬਾਨੀ ਅਦਾਨੀ ਵਰਗੇ ਪਤਨੀ ਦੇ ਜਨਮ ਦਿਨ ਤੇ 4300 ਕਰੋੜ ਦਾ ਬੰਗਲਾ ਤੇ ਹਵਾਈ ਜ਼ਹਾਜ਼ ਤੋਹਫੇ ਵਜੋਂ ਦੇ ਰਹੇ ਹਨ। ਇੱਕ ਅਫਸਰ ਆਪਣੇ ਬੇਟੇ ਜਾਂ ਬੇਟੀ ਦੇ ਜਨਮ ਦਿਨ ਦੀ ਪਾਰਟੀ ਤੇ ਤਿੰਨ ਚਾਰ ਲੱਖ ਖਰਚ ਕਰ ਦਿੰਦਾ ਹੈ। ਦੂਸਰੇ ਪਾਸੇ ਜੇ ਇੱਕ ਕਿਸਾਨ ਆਪਣੀ ਧੀ ਦੇ ਵਿਆਹ ਤੇ ਇਸ ਮਹਿੰਗਾਈ ਦੇ ਦੌਰ ਵਿੱਚ ਪੰਜ ਸੱਤ ਲੱਖ ਰੁਪਏ ਖਰਚ ਕਰਕੇ ਆਪਣਾ ਫਰਜ਼ ਨਿਭਾ ਰਿਹਾ ਹੈ ਜਾਂ ਮੋਟਰ ਸਾਈਕਲ ਕੀੜੇਮਾਰ ਦਵਾਈਆਂ ਤੇ ਮਹਿੰਗੇ ਭਾਅ ਮਿਲਦੇ ਉੱਨਤ ਕਿਸਮਾਂ ਦੇ ਫਸਲਾਂ ਦੇ ਬੀਜ਼ ਖਰੀਦ ਰਿਹਾ ਹੈ। ਜਾਅਲੀ ਬੀਜ਼ ਤੇ ਨਦੀਨ ਨਾਸ਼ਕ ਕੌਣ ਵੰਡ ਰਿਹਾ ਹੈ? ਉਸਦਾ ਹਿੱਸਾ ਪੱਤੀ ਅਧਿਕਾਰੀਆਂ ਤੇ ਮੰਤਰੀਆਂ ਤੱਕ ਜਾਂਦਾ ਹੈ ਕੀ ਇਸਦੇ ਜੁੰਮੇਵਾਰ ਕਿਸਾਨ ਤੇ ਮਜ਼ਦੂਰ ਹਨ? ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਤੇ ਖੇਤਾਂ ਵਿੱਚ ਬੂਟਿਆਂ ਨੂੰ ਤੇਲੇ ਤੋਂ ਬਚਾਉਣ ਲਈ ਮੱਛਰਦਾਨੀ ਵਰਗੀਆਂ ਸ਼ੀਟਾਂ ਖਰੀਦ ਰਿਹਾ ਤਾਂ ਉਹ ਅਕਲੋਂ ਅੰਨੇ ਵਿਵੇਕਹੀਣ ਲੋਕਾਂ ਨੂੰ ਵੱਧ ਖਰਚ ਕਰਨ ਵਾਲਾ ਖਰਚੀਲਾ ਲੱਗ ਰਿਹਾ ਹੈ। ਦੱਸੋ ਤਾਂ ਸਹੀ ਕਿ ਉਹ ਬੁਨਿਆਦੀ ਲੋੜਾਂ ਜਾਂ ਫਰਜ਼ਾਂ ਦੀ ਪੂਰਤੀ ਲਈ ਕਿਹੜੇ ਖੂਹ ਵਿੱਚ ਛਾਲ ਮਾਰੇ?ਜੇ ਏਥੇ ਰੁਜ਼ਗਾਰ ਹੋਵੇ ਤਾਂ ਉਹ ਚਾਰ ਦਿਨ ਸੁਖ ਦੇ ਮਾਨਣ ਲਈ ਧੀਆਂ ਪੁੱਤਾਂ ਨੂੰ ਹਿੱਕ ਤੇ ਪੱਥਰ ਰੱਖਕੇ ਵਿਦੇਸ਼ਾਂ ਵਿੱਚ ਕਿਉਂ ਤੋਰੇ? ਕੋਈ ਨਹੀਂ ਸੋਚਦਾ ਕਿ ਕਿਸਾਨ ਦੇ ਅੱਗੇ ਖੂਹ ਹੈ ਤੇ ਪਿੱਛੇ ਖਾਤਾ ਹੈ। ਕੀ ਉਹ ਫੁੱਟਪਾਥਾਂ ਤੇ ਰਹੇ ਜਾਂ ਗਟਰ ਦੇ ਪਾਈਪਾਂ 'ਚ ਰਹੇ ਤਾਂ ਜੋ ਉਹ ਪੰਜ ਦੱਸ ਲੱਖ ਲਗਾਕੇ ਪਾਏ ਘਰ ਦੇ ਖਰਚੇ ਦੇ ਦੋਸ਼ ਤੋਂ ਬਚ ਸਕੇ। ਪ੍ਰੋਫੈਸਰ ਪੀ.ਸਾਈ ਨਾਥ ਵੱਲੋਂ ਕੀਤੇ ਦੌਰੇ ਤੋਂ ਬਾਅਦ ਉਸਨੇ ਕਿਹਾ ਹੈ ਕਿ "ਜੇ ਪੰਜਾਬ ਦੇ ਲੋਕ ਪ੍ਰਵਾਸ ਨਾ ਕਰਦੇ ਤਾਂ ਖੁਦਕਸ਼ੀਆਂ ਦੀ ਗਿਣਤੀ ਇਸਤੋਂ ਦੁੱਗਣੀ-ਤਿੱਗਣੀ ਹੋਣੀ ਸੀ।"

ਕੀ ਇਹ ਰਹਿਨੁਮਾਂ ਲੱਖਾਂ ਰੁਪਈਆਂ ਦੀਆਂ ਤਨਖਾਹਾਂ, ਰੇਲਾਂ ਜ਼ਹਾਜਾਂ ਦੇ ਮੁਫਤ ਸਫਰ,ਮੁਫਤ ਮਕਾਨ ਛੱਡ ਦੇਣਗੇ? ਜੇ ਇਹਨਾਂ ਦਾ ਸਵਿੱਸ ਬੈਂਕਾਂ 'ਚ ਪਿਆ ਕਾਲਾ ਧਨ ਵਾਪਸ ਲਿਆਂਦਾ ਜਾਵੇ ਤਾਂ ਦੇਸ਼ ਦਾ ਸਾਰਾ ਕਰਜ਼ਾ ਉਤਾਰ ਕੇ ਇਹ ਸੋਲਾਂ ਗੁਣਾ ਬਚ ਜਾਵੇਗਾ। ਜਿਸ ਨਾਲ ਦੇਸ਼ ਦੇ ਪ੍ਰਤੀ ਵਿਅਕਤੀ ਨੂੰ ਦੋ ਲੱਖ ਸੰਤਾਲੀ ਹਜ਼ਾਰ ਸਲਾਨਾ ਕਈ ਸਾਲਾਂ ਤੱਕ ਮੁਫਤ ਦਿੱਤਾ ਜਾ ਸਕਦਾ ਹੈ। ਦੂਸਰੇ ਪਾਸੇ ਲੋੜਵੰਦ ਏਥੇ ਪੰਜ ਸੱਤ ਸੌ ਦੀ ਪਿਨਸ਼ਨ ਖਾਤਰ ਭਟਕ ਰਿਹਾ ਹੈ। ਕੀ ਲੋਕਾਂ ਦੇ ਚੁਣੇ ਨੁਮਾਇੰਦਿਆਂ ਨੇ ਆਪਣੇ ਸ਼ਰਾਬ ਦੇ ਠੇਕਿਆਂ ਤੇ ਉਸਾਰੀ ਲਈ ਵਰਤੇ ਜਾਣ ਵਾਲੇ ਰੇਤੇ ਦੇ ਕਾਰੋਬਾਰ ਦੀ ਨਿੱਜੀ ਪੰਜ ਤਾਰਾ ਹੋਟਲਾਂ ਚੋਂ ਕਮਾਈ ਰਾਸ਼ੀ ਨੂੰ ਕੁਝ ਹਜ਼ਾਰ ਦੇ ਹਿਸਾਬ ਨਾਲ ਪੰਜਾਬ ਦੇ ਲੱਖ ਡੇਢ ਲੱਖ ਖੁਦਕਸ਼ੀ ਕਰ ਗਏ ਪ੍ਰੀਵਾਰਾਂ ਜਾਂ ਵਿਧਵਾਵਾਂ ਨੂੰ ਦੇਣਗੇ? ਬਿਲਕੁਲ ਨਹੀਂ। ਸਿਰਫ ਬਲਦੇ ਹੋਏ ਸਿਵਿਆਂ ਦੀ ਗਿਣਤੀ ਕਰਨਗੇ। ਇਹ ਕਦੇ ਨਹੀਂ ਚਹੁਣਗੇ ਕਿ ਅੰਗਰੇਜ਼ਾਂ ਦੇ ਰਾਜ ਦੇ ਸਮੇਂ ਵਾਂਗ ਯੂ.ਪੀ ਜਾਂ ਬਿਹਾਰ ਜਾਂ ਪੰਜਾਬ ਦਾ ਮਜ਼ਦੂਰ ਇਹਨਾਂ ਨਾਲ ਫਸਟ ਕਲਾਸ ਦੇ ਡੱਬੇ ਵਿੱਚ ਸਫਰ ਕਰੇ ਜਾਂ ਇਹ ਫਾਈਵ ਸਟਾਰ ਹੋਟਲਾਂ ਵਿੱਚ ਰਹਿਣ ਦੇ ਸਮਰੱਥ ਬਣ ਸਕਣ ਕਿਉਂਕਿ ਸਰਮਾਏਦਾਰੀ ਕਿਸਾਨਾਂ ਮਜ਼ਦੂਰਾਂ ਦੀ ਲੁੱਟ ਕੇ ਹੀ ਜਿਊਂਦੀ ਰਹਿ ਸਕਦੀ ਹੈ। ਪੰਜਾਬ ਸਰਕਾਰ ਅੱਜ ਢੀਠ ਹੋ ਕੇ ਕਹਿ ਰਹੀ ਹੈ ਕਿ ਪੰਜਾਬ ਕਰਜ਼ਾਈ ਹੈ, ਕੀ ਕਰੀਏ? ਕਿੱਥੋਂ ਦੇਈਏ? ਜੇ ਕਿਸਾਨ ਮਜ਼ਦੂਰ ਕਰਜ਼ੇ ਤੋਂ ਤੰਗ ਆ ਕੇ ਗਲ ਫਾਹਾ ਪਾ ਕੇ,ਨਹਿਰ 'ਚ ਛਾਲ ਮਾਰਕੇ ਜਾਂ ਸਲਫਾਸ ਖਾ ਕੇ ਮਰ ਰਿਹਾ ਹੈ ਤਾਂ ਪੰਜਾਬ ਦੇ ਮੁੱਖ ਅਨੁਸਾਰ ਪੰਜਾਬ ਦੋ ਲੱਖ ਅੱਸੀ ਹਜ਼ਾਰ ਕਰੋੜ ਦਾ ਕਰਜਾਈ ਹੈ। ਪੰਜਾਬ ਦੀ ਇਸ ਤ੍ਰਾਸਦੀ ਤੇ ਕੀ ਪੰਜਾਬ ਦੇ ਕਿਸੇ ਮੁੱਖ ਮੰਤਰੀ ਜਾਂ ਮੰਤਰੀ ਨੇ ਗਲ ਵਿੱਚ ਫਾਹਾ ਪਾ ਕੇ ਖੁਦਕਸ਼ੀ ਕੀਤੀ ਹੈ ਕਿ ਉਹਨਾਂ ਦੇ ਸੂਬੇ ਦਾ ਮੰਦਾ ਹਾਲ ਹੈ। ਇਹਨਾਂ ਨੂੰ ਤਾਂ ਪੰਜਾਬ ਨਾਲ ਵੱਧ ਦਰਦ ਹੋਣਾ ਚਾਹੀਦਾ ਸੀ ਕਿ ਪੰਜਾਬ ਦੇ ਪ੍ਰਤੀ ਵਿਅਕਤੀ ਸਿਰ ਜਨਮ ਲੈਣ ਸਾਰ ਹੀ ਲੱਖ ਤੋਂ ਉਪਰ ਕਰਜਾ ਹੈ। ਪਰ ਫਿਰ ਵੀ ਉਹ ਰਾਹਤ ਦੀ ਆਸ ਵਿੱਚ ਖੁਦਕਸ਼ੀ ਪ੍ਰੀਵਾਰਾਂ ਵੱਲੋਂ ਹੀ ਉਹ ਚੁਣੇ ਗਏ ਨੁਮਾਇੰਦੇ ਹਨ ਜਿੰਨ੍ਹਾਂ ਨੂੰ ਹੁਕਮਰਾਨਾਂ ਨੇ ਮੈਨੀਫੈਸਟੋ ਵਿੱਚ ਰਾਹਤ ਦੇਣ ਦਾ ਲਿਖਤੀ ਇਕਰਾਰ ਕੀਤਾ ਸੀ। ਪਰ ਇਹ ਤਾਂ ਚੋਣਾਂ ਰਾਹੀਂ ਉਹਨਾਂ ਦੇ ਜਜ਼ਬਾਤਾਂ ਨਾਲ ਖੇਡ ਕੇ ਵਪਾਰ ਕਰਕੇ ਸੱਤ੍ਹਾ ਵਿੱਚ ਆਏ ਹਨ। ਇਹਨਾਂ ਦੀ ਉਲਟੀ ਖੋਪੜੀ ਵਿੱਚ ਇਹ ਗੱਲ ਪੈ ਹੀ ਨਹੀਂ ਰਹੀ ਕਿ ਪੰਜਾਬ ਤਾਂ ਕੀ ਭਾਰਤ ਵੀ ਕਦੇ ਕਰਜ਼ਾਈ ਨਹੀਂ ਸੀ ਹੋ ਸਕਦਾ ਜੇ ਇਹਨਾਂ ਦੀ ਨੀਅਤ, ਇਹਨਾਂ ਦੀ ਸੋਚ ਤੇ ਯੋਜਨਾਬੰਦੀ ਲੋਕ ਪੱਖੀ ਹੁੰਦੀ। ਜਦ ਪੰਜਾਬ ਵੰਡਿਆ ਗਿਆ ਤਾਂ ਰੀਪੇਰੀਅਨ ਕਾਨੂੰਨ ਨੂੰ ਲਿਤਾੜ ਕੇ ਕੇਂਦਰ ਨੇ ਪੰਜਾਬ ਤੋਂ 1966 ਵਿੱਚ ਹਰਿਆਣਾ ਤੇ ਹਿਮਾਚਲ ਪ੍ਰਦੇਸ਼ ਹੀ ਨਹੀਂ ਸਗੋਂ ਪਾਣੀ ਵੀ ਖੋਹ ਲਿਆ। ਪੰਜਾਬ ਖੇਤੀ ਲਈ ਥੋੜਾਂ ਖਾਤਰ ਧਨਾਢਾਂ ਦੇ ਮੁਨਾਫੇ ਵਿੱਚ ਵਾਧਾ ਕਰਨ ਵਾਲਾ ਸੰਦ ਬਣਕੇ ਰਹਿ ਗਿਆ। ਪੰਜਾਬ ਨਾਲ ਇਸ ਸ਼ਰੇਆਮ ਹੋਏ ਧੱਕੇ ਖਿਲਾਫ ਇਹ ਉਸ ਸਮੇਂ ਕਿੱਥੇ ਸਨ? ਇਹਨਾਂ ਸੋਚਿਆ ਹੀ ਨਹੀਂ ਕਿ ਜੇ ਖਾੜੀ ਮੁਲਕ (ਇਰਾਨ, ਇਰਾਕ, ਕੁਵੈਤ) ਆਦਿ ਮਸ਼ੀਨਰੀ ਦੀ ਜ਼ਿੰਦਗੀ ਨੂੰ ਚਲਾਉਣ ਵਾਲਾ ਤੇਲ ਵੇਚਕੇ ਧਨਾਢ ਹੋ ਸਕਦੇ ਹਨ ਤਾਂ ਪੰਜਾਬ ਤਾਂ ਪੰਜ ਦਰਿਆਵਾਂ ਦੀ ਧਰਤੀ ਸੀ। ਪਾਣੀ ਮਨੁੱਖੀ ਜ਼ਿੰਦਗੀ, ਕੁਦਰਤ ਦੀ ਸਰੀਰ ਰੂਪੀ ਮਸ਼ੀਨਰੀ ਦਾ ਜੀਵਨ ਅਧਾਰ ਹੈ ਜੋ ਇਸਨੂੰ ਜਿਉਂਦਾ ਰੱਖ ਰਿਹਾ ਹੈ। ਜੇ ਅਸੀਂ ਤੇਲ ਵਾਂਗ ਪਾਣੀ ਰਹਿਤ ਦੇਸ਼ਾਂ ਨੂੰ ਪਾਣੀ ਹੀ ਵੇਚ ਲੈਂਦੇ ਤਾਂ ਦੁਬਈ ਨਾਲੋਂ ਵੱਧ ਅਮੀਰ ਹੋ ਸਕਦੇ ਸੀ। ਪਰ ਹੁਣ ਵੀਹ ਰੁਪਏ ਦੀ ਪਾਣੀ ਦੀ ਬੋਤਲ ਵੇਚ ਕੇ ਬਿਸਲੇਰੀ ਜਾਂ ਹੋਰ ਕੰਪਨੀਆਂ ਤੇ ਇਹਨਾਂ 'ਚ ਸ਼ਾਮਲ ਹੋਇਆ ਰਾਮਦੇਵ ਤੇ ਹੋਰ ਪਾਣੀ ਦੇ ਢੋਕੇ ਲੱਗਦੇ ਹਨ ਕਿ ਉਹ ਕੁਦਰਤੀ ਦਾਤ ਦਾ 150 ਅਰਬ ਡਾਲਰ ਦਾ ਸਾਰਾ ਮੁਨਾਫਾ ਆਪ ਖੱਟੀ ਜਾਣ ਦੂਸਰੇ ਪਾਸੇ ਆਮ ਮਨੁੱਖ ਲਈ ਪਾਣੀ ਜ਼ਹਿਰੀਲਾ ਕਿਸਨੇ ਕੀਤਾ ਸਰਮਾਏਦਾਰਾਂ ਨੇ, ਦਰਿਆਵਾਂ ਦਾ ਪਾਣੀ ਦੂਸ਼ਤ ਕਿਸਨੇ ਕੀਤਾ ਹੈ ਸਰਮਾਏਦਾਰਾਂ ਦੀਆਂ ਵੱਖ ਵੱਖ ਫੈਕਟਰੀਆਂ ਨੇ ਜਿਨ੍ਹਾਂ ਨੇ ਸਰਕਾਰ ਤੋਂ ਕਰੋੜਾਂ ਦੀ ਸਬਸਿਡੀ ਲਈ ਹੈ। ਦੂਸਰੇ ਪਾਸੇ ਪੰਜਾਬ ਦਾ ਵਿੱਤ ਮੰਤਰੀ ਅੰਗਰੇਜ਼ੀ ਕਹਾਣੀ ਪੌਂਡ ਆਫ ਫਲਿਸ਼ ਦੇ ਪਾਤਰ ਸ਼ਾਈਲਾਕ ਵਰਗਾ ਹੈ ਜੋ ਦੇਣਦਾਰ ਦਾ ਦਿਲ ਕੱਢਕੇ ਕਰਜ਼ਾ ਵਸੂਲ ਕਰਦਾ ਹੈ। ਉਸੇ ਤਰ੍ਹਾਂ ਸ਼ਾਈਲਾਕ ਵਾਂਗ ਇਹ ਮੰਤਰੀ ਵੀ ਦੋ ਸੌ ਰੁਪਏ ਪ੍ਰਤੀ ਮਹੀਨਾਂ ਹਰ ਸਰਕਾਰੀ, ਗੈਰ ਸਰਕਾਰੀ ਮੁਲਾਜਮਾਂ ਜਾਂ ਮਜ਼ਦੂਰਾਂ ਦੀ ਉਜਰਤ ਚੋਂ ਕੱਟਕੇ ਪਤਾ ਨਹੀਂ ਕਿਹੜਾ ਵਿਕਾਸ ਕਰ ਰਿਹਾ ਹੈ? ਕਾਂ ਜਿੰਨ੍ਹਾਂ ਮਰਜ਼ੀ ਸਿਆਣਾ ਹੋਵੇ ਉਸਦੀ ਨਜ਼ਰ ਗੰਦ ਜਾਂ ਮੁਰਦਾਰ ਦੇ ਮਾਸ ਤੇ ਹੁੰਦੀ ਹੈ। ਸਾਡੇ ਅਰਥਾਂ ਪਤੀ ਵਿੱਤ ਮੰਤਰੀ ਦੀ ਨਜ਼ਰ ਸਿਰਫ ਦੋ ਸੌ ਰੁਪਏ ਤੇ ਹੈ ਜੋ ਮਜ਼ਦੂਰਾਂ ਦਾ ਮਾਸ ਚੂੰਡਣ ਵਾਂਗ ਹੈ।

ਪੰਜਾਬ ਦੇ ਬੌਧਿਕ ਪੱਖੋਂ ਚੇਤੰਨ ਲੋਕ, ਲੋਕਾਂ ਨੂੰ ਪਿਆਰ ਕਰਨ ਵਾਲੇ ਇਹਨਾਂ ਹਾਲਤਾਂ ਖਿਲਾਫ ਲੜਨ ਲਈ ਨਾਇਕ ਬਣਕੇ ਅਗਵਾਈ ਕਰ ਸਕਦੇ ਹਨ। ਇਹ ਚੇਤੰਨ ਲੋਕ ਅਣਹੋਏ ਲੋਕਾਂ ਦੀ ਖੁਦਕਸ਼ੀ ਦੇ ਬੁਨਿਆਦੀ ਕਾਰਨਾਂ ਬਾਰੇ ਜਾਣਦੇ ਹਨ। ਪੰਜ ਮਈ 2018 ਵਾਲੇ ਦਿਨ ਸੂਝਵਾਨ, ਦੂਰਅੰਦੇਸ਼ੀ ਤੇ ਬੌਧਿਕ ਪੱਖੋਂ ਚੇਤੰਨ ਲੋਕਾਂ ਨੇ ਉਹਨਾਂ ਵਿਧਵਾਵਾਂ, ਉਹਨਾਂ ਬਾਪੂਆਂ ਨੂੰ, ਭੈਣਾਂ ਨੂੰ ਧੀਆਂ ਨੂੰ ਮੰਚ ਤੇ ਲੋਕਾਂ ਅੱਗੇ ਬੁਲਾ ਕੇ ਉਹਨਾਂ ਦੇ ਦੁੱਖ 'ਚੋਂ ਉਪਜੇ ਰੋਹ ਨੂੰ ਜ਼ਰਬਾ ਦੇਣ ਦੀ ਕੋਸ਼ਿਸ਼ ਕੀਤੀ ਹੈ ਉਸ ਦਿਨ ਸ਼ਹੀਦ ਭਗਤ ਸਿੰਘ ਦੇ ਭਾਣਜੇ ਪ੍ਰੋ: ਜਗਮੋਹਣ ਸਿੰਘ, ਡਾਕਟਰ ਪਿਆਰੇ ਲਾਲ ਗਰਗ, ਡਾ: ਸੁਰਜੀਤ ਸਿੰਘ ਬਰਾੜ, ਪੱਤਰਕਾਰ ਹਮੀਰ ਸਿੰਘ,ਟੈਲੀਵੀਜ਼ਨ ਪੱਤਰਕਾਰ ਐਸ.ਪੀ ਸਿੰਘ ਅਤੇ ਇਹਨਾਂ ਦਰਦ ਮਾਰੇ ਲੋਕਾਂ ਨੂੰ ਏਕੇ ਦੀ ਲੜੀ 'ਚ ਪਰੋਣ ਵਾਲੀ ਬੇਟੀ ਕਿਰਨਜੀਤ ਕੌਰ,ਡਾ.ਹਰਨੇਕ ਸਿੰਘ ਰੋਡੇ ਪੱਤਰਕਾਰ ਗਿਆਨ ਸਿੰਘ ਦੀ ਟੀਮ ਨੇ ਲੋਕਾਂ ਅੱਗੇ ਦਰਦ ਦੀ ਦਾਸਤਾਨ ਦਾ ਉਹ ਮੰਜ਼ਰ ਪੇਸ਼ ਕਰ ਦਿੱਤਾ ਜਦ ਮੰਚ ਤੇ ਆਈਆ ਬਜ਼ੁਰਗ ਮਾਵਾਂ ਭਰੇ ਮਨ ਨਾਲ ਕਹਿ ਰਹੀਆਂ ਸਨ ਕਿ "ਮੇਰੇ ਤਿੰਨ ਪੁੱਤਰ ਸਨ ਕਰਜ਼ੇ ਕਾਰਨ ਤਿੰਨੇ ਖੁਦਕਸ਼ੀ ਕਰ ਗਏ" ਫਿਰ ਅੱਥਰੂ ਪੂੰਝ ਕੇ ਫਿਰ ਕਹਿ ਰਹੀਆਂ ਸਨ ਕਿ "ਮੇਰੇ ਤਿੰਨ ਪੁੱਤਰ ਸਨ ਕਰਜ਼ੇ ਕਾਰਨ ਤਿੰਨੇ ਖੁਦਕਸ਼ੀ ਕਰ ਗਏ ਕਿਸੇ ਸਰਕਾਰ ਨੇ ਸਾਡੀ ਬਾਤ ਨਹੀਂ ਪੁੱਛੀ ਅਸੀਂ ਹੁਣ ਵੀ ਬੇਨਤੀ ਕਰਦੀਆਂ ਹਾਂ ਕਿ ਸਰਕਾਰ ਸਾਨੂੰ ਗੁਜ਼ਾਰੇ ਲਈ ਕੁਝ ਦੇਵੇ"। ਇੱਕ ਹੋਰ ਵਿਧਵਾ ਔਰਤ ਆਪਣੇ ਤਿੰਨ ਕੁ ਸਾਲ ਦੇ ਬੱਚੇ ਨੂੰ ਉਂਗਲ ਲਗਾਈ ਮੰਚ ਤੇ ਆਉਂਦੀ ਹੈ ਤੇ ਭਰੇ ਗਲੇ ਨਾਲ ਬੋਲਦੀ ਹੈ "ਮੇਰੇ ਘਰ ਵਾਲਾ ਕਰਜ਼ੇ ਤੋਂ ਤੰਗ ਆ ਕੇ ਖੁਦਕਸ਼ੀ ਕਰ ਗਿਆ। ਮੇਰੇ ਕੋਲ ਹੁਣ ਇਸ ਬੱਚੇ ਨੂੰ ਪੜਾਉਣ ਯੋਗੀ ਫੀਸ ਵੀ ਨਹੀ ਹੈ ਜੇ ਸਰਕਾਰ ਤਰਸ ਕਰੇ ਤਾਂ.." ਏਨਾ ਬੋਲ ਕੇ ਉਸਦਾ ਗੱਚ ਭਰ ਆਉਂਦਾ ਹੈ। ਫਿਰ ਇੱਕ ਹੋਰ ਵਿਧਵਾ ਆਪਣੀ ਵਿਥਿਆ ਬਿਆਨ ਦੀ ਹੈ। "ਕਰਜ਼ੇ ਕਾਰਨ ਮੇਰੇ ਘਰ ਵਾਲਾ ਫਾਹਾ ਲੈ ਕੇ ਤੇ ਪੁੱਤ ਸਲਫਾਸ ਖਾ ਕੇ ਖੁਦਕਸ਼ੀ ਕਰ ਗਿਆ। ਪੁਲੀਸ ਰੋਜ਼ ਤੰਗ ਕਰਦੀ ਸੀ। ਮੈਂ ਪਿੰਡ ਦੇ ਲੋਕਾਂ ਨੂੰ ਮਿਲੀ ਐਸ. ਡੀ. ਐਮ ਤਹਿਸੀਲਦਾਰ, ਡਿਪਟੀ ਕਮਿਸ਼ਨ


(ਬਾਕੀ ਸਫ਼ਾ 37 'ਤੇ)



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

# ਗੁਰਦੇ ਦਾ ਕੈਂਸਰ ਕਾਰਨ ਲੱਛਣ ਇਲਾਜ ਅਤੇ ਪ੍ਰਹੇਜ

ਪਿਸ਼ਾਬ ਦੇ ਬਲੈਡਰ ਤੇ ਗੁਰਦੇ ਦੇ ਕੈਂਸਰ ਦੇ ਕਾਰਨ ਅਤੇ ਲੱਛਣ ਇੱਕੋ ਜਿਹੇ ਹੁੰਦੇ ਹਨ। ਦੋਨਾਂ ਦਾ ਆਪਸੀ ਸਬੰਧ ਨੇੜਲਾ ਹੋਣ ਕਰਕੇ ਦੋਨਾਂ ਦਾ ਵੇਰਵਾ ਕੀਤੀ ਇਕੱਠਾ ਹੀ ਦਿੱਤਾ ਜਾ ਸਕਦਾ ਹੈ। ਗਰਭ ਕਾਲ 'ਚ ਕੁੱਖ ਅੰਦਰ ਜਦ ਬੱਚਾ ਵਧਦਾ ਫੁੱਲਦਾ ਤੇ ਵਿਕਾਸ ਕਰਦਾ ਹੈ ਤਾਂ ਉਦੋਂ ਉਸ ਦੇ ਸਰੀਰ ਚ ਗੁਰਦੇ ਹੀ ਵੀ ਬਣਨ ਲੱਗਦੇ ਹਨ। ਪਰ ਕਈ ਵਾਰ ਗੁਰਦਿਆਂ ਨੂੰ ਬਣਾਉਣ ਵਾਲੇ ਤੰਤੂਆਂ ਦਾ ਵਿਕਾਸ ਏਨੀ ਤੇਜ਼ ਰਫਤਾਰ ਨਾਲ ਹੋਣ ਲੱਗਦਾ ਹੈ ਅਤੇ ਉਸੇ ਅਨੁਪਾਤ ਚ ਉਹ ਦਾ ਵਾਧਾ ਇੰਨਾ ਹੁੰਦਾ ਹੈ ਕਿ ਉਹ ਕੈਂਸਰ ਵਰਗੇ ਭਿਅੰਕਰ ਰੋਗ ਦਾ ਰੂਪ ਧਾਰਨ ਕਰ ਲੈਂਦਾ ਹੈ। ਇਸ ਹਾਲਤ ਵਿੱਚ ਜੋ ਕੈਂਸਰ ਹੁੰਦਾ ਹੈ ਉਸ ਨੂੰ ਵੇਲਸ ਟਿਊਮਰ ਕਿਹਾ ਜਾਂਦਾ ਹੈ। ਗੁਰਦੇ ਅੰਦਰ ਛੋਟੀਆ ਜਾਂ ਵੱਡੀਆ ਨਲਿਕਾਵਾਂ ਦੇ ਰਾਹੀਂ ਇਹ ਪੈਦਾ ਹੋ ਸਕਦਾ ਹੈ। ਫਿਰ ਵੀ ਇਹ ਵੇਖਿਆ ਗਿਆ ਹੈ ਕਿ ਜ਼ਿਆਦਾਤਰ ਛੋਟੀਆਂ ਨਲਿਕਾਵਾਂ ਰਾਹੀਂ ਹੀ ਇਸ ਦੀ ਉਤਪਤੀ ਹੁੰਦੀ ਹੈ। ਰੀਨਲ ਪੈਲਵਿਸ ਚ ਜਦ ਪੱਥਰੀ ਪੈ ਜਾਂਦੀ ਹੈ ਤਾਂ ਉਸ ਅਵਸਥਾ ਚ ਇਹੀ ਉਸ ਦੀ ਉਤਪਤੀ ਦਾ ਕਾਰਨ ਬਣ ਜਾਂਦਾ ਹੈ। ਪੱਥਰੀ ਕਾਰਨ ਰੀਨਲ ਪੈਲੇਸ ਚ ਇਨਫੈਕਸ਼ਨ ਵੀ ਹੋਣ ਲੱਗਦੀ ਹੈ ਅਤੇ ਇਸ ਪਿੱਛੋਂ ਕੈਂਸਰ ਵਿੱਚ ਤਬਦੀਲ ਹੋ ਜਾਂਦਾ ਹੈ। ਔਰਤ ਮਰਦ ਦੋਂਨੇਂ ਦੇ ਹੀ ਸਰੀਰ ਚ ਉਸ ਦੀ ਉਤਪਤੀ ਹੋ ਸਕਦੀ ਹੈ। ਫੇਫੜੇ ਜਾਂ ਕਿਸੇ ਹੋਰ ਥਾਂ ਦੇ ਕੈਂਸਰ ਵਿੱਚ ਜਿੱਥੇ ਔਰਤ ਮਰਦ ਦੀ ਔਸਤ ਚ ਫਰਕ ਹੁੰਦਾ ਹੈ ਗੁਰਦੇ ਦੇ ਕੈਂਸਰ ਚ ਇਹ ਕੋਈ ਔਸਤ ਨਹੀਂ ਹੈ। ਹਾਂ ਪਿਸ਼ਾਬ ਦੇ ਬਲੇਡ ਚ ਕਿਸੇ ਪ੍ਰਕਾਰ ਦੀ ਔਸਤ ਹੋ ਸਕਦੀ ਹੈ। ਇਹ ਕੈਂਸਰ ਔਰਤਾਂ ਚ ਵੱਡੀ ਗਿਣਤੀ ਚ ਤੇ ਮਰਦਾਂ ਚ ਘੱਟ ਪਾਇਆ ਜਾਂਦਾ ਹੈ।ਗੁਰਦੇ ਦਾ ਕੈਂਸਰ ਨਜ਼ਦੀਕੀ ਚ ਬੜੀ ਸ਼ਰਲਤਾ ਨਾਲ ਫੈਲ ਜਾਂਦਾ ਹੈ,ਪਸਰ ਜਾਂਦਾ ਹੈ। ਅਤੇ ਲਸੀਕਾ ਪ੍ਰਣਾਲੀ ਦੀਆਂ ਵਹਿਣੀਆਂ ਰਾਹੀਂ ਪੇਟ ਦੀਆਂ ਲਸੀਕਾ ਗ੍ਰੰਥੀਆਂ ਚ ਵੀ ਫੈਲ ਸਕਦਾ ਹੈ ਅਤੇ ਜਦ ਲਸੀਕਾ ਗ੍ਰੰਥੀਆਂ ਅਸਰ ਅੰਦਾਜ਼ ਹੋ ਜਾਂਦੀਆਂ ਹਨ ਤਾਂ ਉਹ ਪਿਸ਼ਾਬ ਦੇ ਰਸਤਿਆਂ ਤੇ ਦਬਾਅ ਪਾਉਣ ਲੱਗਦੀਆਂ ਹਨ। ਸਿੱਟੇ ਵਜੋਂ ਗੁਰਦਾ ਕੰਮ ਕਰਨਾ ਬੰਦ ਕਰ ਦਿੰਦਾ ਹੈ। ਸਿੱਟੇ ਵਜੋਂ ਪਿਸ਼ਾਬ ਨਹੀਂ ਉਤਰਦਾ ਤੇ ਸੋਜ ਇਨਫੈਕਸ਼ਨ ਹੋਰ ਵੱਧ ਜਾਂਦੀ ਹੈ। ਇਹ ਕੈਂਸਰ ਖ਼ੂਨ ਦੀ ਸਪਲਾਈ ਚ ਪਹੁੰਚ ਜਾਵੇ ਤਾਂ ਜਿਗਰ ਅਤੇ ਫੇਫੜੇ ਵੀ ਉਸ ਦੀ ਮਾਰ ਹੇਠ ਆ ਜਾਂਦੇ ਹਨ। ਗੁਰਦੇ ਦੇ ਕੈਂਸਰ ਚ ਸ਼ੁਰੂਆਤੀ ਲੱਛਣ ਤਾਂ ਇਹੀ ਹਨ ਕਿ ਪਿਸ਼ਾਬ ਕਰਦੇ ਸਮੇਂ ਦਰਦ ਨਾ ਵੀ ਹੋਵੇ ਪਰ ਫਿਰ ਵੀ ਉਸ ਵਿੱਚ ਖ਼ੂਹ ਆਵੇ। ਇਸ ਨਾਲ ਪਿਸ਼ਾਬ ਲਾਲ ਹੋ ਜਾਂਦਾ ਹੈ ਅਤੇ ਹੋਲੀ ਹੋਲੀ ਕੈਂਸਰ ਦੀ ਗੰਢ ਵਧਣ ਲੱਗਦੀ ਹੈ। ਉਸ ਮੁਤਾਬਕ ਉਸ ਦੇ ਲੱਛਣ ਵੀ ਪ੍ਰਗਟ ਹੋਣ ਲੱਗਦੇ ਹਨ। ਇਸ ਨਾਲ ਗੰਢ ਦੇ ਦਬਾਅ ਕਾਰਨ ਅੰਤੜੀਆਂ ਦੀਆਂ ਆਮ ਆਦਤਾਂ ਚ ਤਬਦੀਲੀ ਹੋਣ ਲੱਗਦੀ ਹੈ।ਪੇਟ ਅੰਦਰ ਕਿਸੇ ਗੰਢ ਜਾਂ ਕਿਸੇ ਭਾਰੀ ਚੀਜ਼ ਦਾ ਅਨੁਭਵ ਹੋਣ ਲੱਗਦਾ ਹੈ। ਪੇਟ ਚ ਵੱਖ ਵੱਖ ਤਰ੍ਹਾਂ ਨਾਲ ਅਤੇ ਵੱਖ ਵੱਖ ਮੌਕਿਆਂ ਤੇ ਦਰਦ ਉੱਠਣ ਲੱਗਦਾ ਹੈ।ਅਤੇ ਉੱਥੋਂ ਕੈਂਸਰ ਜਦ ਕਿਸੇ ਹੋਰ ਪਾਸੇ ਪਸਰਨ ਲਗਦਾ ਹੈ ਤਾਂ ਉਸ ਮੁਤਾਬਿਕ ਲੱਛਣ ਪੈਦਾ ਹੋਣ ਲੱਗਦੇ ਹਨ। ਇਹ ਰੋਗ ਭਾਵ ਕੈਂਸਰ ਦੀ ਪਹਿਚਾਣ ਕਰਨ ਦੇ ਲਈ ਹੋਰਨਾਂ ਜਾਂਚਾਂ ਤੋਂ ਇਲਾਵਾ ਪਿਸ਼ਾਬ ਦੇ ਟੈਸਟ ਐਕਸਰੇ,ਅਲਟਰਾਸਾਊਂਡ ਕੀਤੇ ਜਾਂਦੇ ਹਨ। ਰੰਗੀਨ ਐਕਸਰੇ ਇੰਟਰਾਵੀਨਸ ਪਾਇਲੋ ਗ੍ਰਾਫੀ (ਆਈ ਵੀ ਪੀ) ਵੀ ਕਰਨੀ ਹੁੰਦੀ ਹੈ। ਕਦੀ ਕਦੀ ਸੀਟੀ ਸਕੈਨ ਜਾਂ ਐੱਮ.ਆਰ.ਆਈ. ਵੀ ਕਰਨੀ ਪੈਂਦੀ ਹੈ। ਫਿਰ ਵੀ ਜੇ ਬੀਮਾਰੀ ਦੀ ਸ਼ਨਾਖਤ ਨਾ ਹੋਵੇ ਤਾਂ



ਬਾਇਪਸੀ ਕੀਤੀ ਜਾਂਦੀ ਹੈ। ਭਾਵ ਗੁਰਦੇ ਦੇ ਅੰਦਰੋਂ ਪੀਸ ਲੈ ਕੇ ਟੈਸਟ ਕੀਤਾ ਜਾਂਦਾ ਹੈ।

**ਗੁਰਦੇ ਦੇ ਕੈਂਸਰ ਦਾ ਇਲਾਜ:-** ਹੋਰਾਂ ਕੈਂਸਰਾਂ ਵਾਂਗੂੰ ਸ਼ੁਰੂ ਦੇ ਪੜਾਅ ਤੇ ਇਸ ਕੈਂਸਰ ਦਾ ਇਲਾਜ ਆਪ੍ਰੇਸ਼ਨ ਜ਼ਰੀਏ ਆਸਾਨੀ ਨਾਲ ਹੋ ਜਾਂਦਾ ਹੈ।ਕੈਂਸਰ ਦੀ ਗੰਢ ਨੂੰ ਚੰਗੀ ਤਰ੍ਹਾਂ ਪੂਰੇ ਦਾ ਪੂਰਾ ਕੱਢ ਕੇ ਜੜੋਂ ਖਤਮ ਕਰ ਦਿੱਤਾ ਜਾਂਦਾ ਹੈ। ਪਰ ਜੇ ਰੋਗ ਫੈਲ ਕੇ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਗਿਆ ਹੋਵੇ ਤਾਂ ਵਿਕਿਰਨ ਭਾਵ ਰੇਡੀਓਥੈਰੇਪੀ ਰਾਹੀਂ ਵੀ ਇਲਾਜ ਸੰਭਵ ਹੁੰਦਾ ਹੈ। ਅਪਰੇਸ਼ਨ ਕਈ ਵਾਰ ਸੰਭਵ ਨਹੀਂ ਹੁੰਦਾ। ਇਹ ਕੈਂਸਰ ਲਸੀਕਾ ਜਾਂ ਖ਼ੂਨ ਰਾਹੀਂ ਫੇਫੜਿਆਂ ਚ ਪਹੁੰਚ ਜਾਵੇ ਤਾਂ ਕੀਮੋਥੈਰੇਪੀ ਨਾਲ ਇਲਾਜ ਕੀਤਾ ਜਾਂਦਾ ਹੈ। ਅਜਿਹੀ ਹਾਲਤ ਵਿੱਚ ਰੋਗ ਦੇ ਠੀਕ ਹੋਣ ਦੀ ਗਰੰਟੀ ਕੋਈ ਨਹੀਂ ਹੁੰਦੀ। ਪਿਸ਼ਾਬ ਦੇ ਬਲੈਡਰ ਦਾ ਕੈਂਸਰ ਅਕਸਰ ਬਲੈਡਰ ਦੇ ਅੰਦਰ ਹੀ ਰਹਿ ਕੇ ਵਧਦਾ ਫੁੱਲਦਾ ਤੇ ਪਸਰਦਾ ਹੈ।ਪਰ ਫਿਰ ਵੀ ਪਿਸ਼ਾਬ ਰਾਹੀਂ ਕੈਂਸਰ ਸੈੱਲ ਫੈਲ ਜਾਣ ਪਿੱਛੋਂ ਮੂਤਰ ਪ੍ਰਣਾਲੀ ਦੇ ਹੋਰਨਾਂ ਹਿੱਸਿਆਂ ਨੂੰ ਅਸਰਅੰਦਾਜ਼ ਕਰਦੇ ਹਨ ਇਹ ਕਲੈਂਡਰ ਦੀਆਂ ਦੀਵਾਰਾਂ ਵਿੱਚ ਵੀ ਫੈਲ ਜਾਂਦਾ ਹੈ ਬਾਹਰੀ ਦੀਵਾਰ ਤੇ ਆਉਣ ਨਾਲ ਕੈਂਸਰ ਪੇਟ ਦੀ ਦਿੱਲੀ ਤੱਕ ਪਹੁੰਚ ਜਾਂਦਾ ਹੈ।ਔਰਤਾਂ ਚ ਕਦੀ ਕਦੀ ਬੱਚੇਦਾਨੀ ਤੱਕ ਪਹੁੰਚ ਜਾਂਦਾ ਹੈ। ਲਸੀਕਾ ਵਹਿਣੀਆਂ ਰਾਹੀਂ ਵੀ ਲਸੀਕਾ ਗ੍ਰੰਥੀਆਂ ਤੱਕ ਪਹੁੰਚ ਜਾਂਦਾ ਹੈ। ਇਸ ਦਾ ਪਸਾਰਾ ਰਕਤ ਧਾਰਾ ਵਿੱਚ ਵੀ ਹੋ ਸਕਦਾ ਹੈ।ਜਿਸ ਨਾਲ ਫਿਰ ਇਹ ਸਰੀਰ ਦੇ ਹੋਰਨਾਂ ਅੰਗਾਂ ਨੂੰ ਨਜ਼ਰ ਅੰਦਾਜ ਕਰ ਸਕਦਾ ਹੈ। ਪਰ ਇਸ ਤਰ੍ਹਾਂ ਬਹੁਤ ਘੱਟ ਲੋਕਾਂ ਨੂੰ ਹੁੰਦਾ ਹੈ। ਬਾਕੀ ਕੈਂਸਰਾਂ ਵਾਂਗੂੰ ਇਸ ਦਾ ਵੀ ਸ਼ੁਰੂਆਤੀ ਇਲਾਜ ਆਪ੍ਰੇਸ਼ਨ ਹੈ।ਇਸ ਦੇ ਨਾਲ ਹੀ ਰੇਡੀਓ ਥੈਰਪੀ ਦਿੱਤੀ ਜਾ ਸਕਦੀ ਹੈ। ਸਰਜਰੀ ਦੇ ਨਾਲ ਪੂਰੀ ਤਰ੍ਹਾਂ ਪੂਰੀ ਦੀ ਪੂਰੀ ਗੰਢ ਕੱਢ ਦਿੱਤੀ ਜਾਂਦੀ ਹੈ। ਉਸ ਪਿੱਛੋਂ ਬਾਕੀ ਦੇ ਕੈਂਸਰ ਸੈੱਲ ਵਕਿਰਨ ਭਾਵ ਰੇਡੀਓ ਥੈਰਪੀ ਰਾਹੀਂ ਨਸ਼ਟ ਕਰ ਦਿੱਤੇ ਜਾਂਦੇ ਹਨ। ਪੇਸ਼ਾਬ ਦੇ ਬਲੈਡਰ ਦੀਆਂ ਦੀਵਾਰਾਂ ਜਦੋਂ ਪ੍ਰਭਾਵਿਤ ਹੋਣ ਤਾਂ ਫਿਰ ਰੇਡੀਓ ਐਕਟਿਵ ਗੋਲਡ ਦੇ ਬੀਜਾਂ ਨੂੰ ਇਸ ਰੋਗ ਨੂੰ ਖਤਮ ਕਰਨ ਦੇ ਇਰਾਦੇ ਨਾਲ ਬਲੈਡਰ ਦੀਆਂ ਦੀਵਾਰਾਂ ਤੇ ਜੜ੍ਹ ਦਿੱਤਾ ਜਾਂਦਾ ਹੈ ਫਿਰ ਕੀਮੋਥੈਰਪੀ ਕੀਤੀ ਜਾਂਦੀ ਹੈ।

ਕੈਂਸਰ ਤੋਂ ਬਚਣ ਦੇ ਉਪਾਅ ਰੋਗ ਦੀ ਪਹਿਚਾਣ ਤੇ ਮੌਕੇ ਸਿਰ ਇਲਾਜ ਦੀ ਬਜਾਏ,ਚੰਗਾ ਹੈ ਜੇ ਰੋਗ ਪੈਦਾ ਹੀ ਨਾ ਹੋਣ ਦਿੱਤਾ ਜਾਵੇ। ਜੇ ਪੈਦਾ ਹੋ ਜਾਵੇ ਤਾਂ ਉਸ ਨੂੰ ਵਧਣ ਤੋਂ ਰੋਕਿਆ ਜਾਵੇ। ਸਾਵਧਾਨੀ ਰੱਖਣ ਚ ਹੀ ਬਚਾਅ ਹੈ। ਜੇ ਪਿਸ਼ਾਬ ਚ ਖ਼ੂਨ ਆਵੇ ਤਾਂ ਤੁਰੰਤ ਰੰਗੀਨ ਐਕਸਰੇ ਕਰਾਓ। ਰੰਗ ਦੇ ਕਾਰਖਾਨੇ ਤੇ ਕੋਲੇ ਦੀਆਂ ਖਾਨਾਂ 'ਚ ਕੰਮ ਕਰਦੇ ਮਜ਼ਦੂਰਾਂ ਤੇ ਹੋਰਨਾਂ ਬੰਦਿਆਂ ਨੂੰ ਚਾਹੀਦਾ ਹੈ ਕਿ ਉਹ ਮੂੰਹ ਤੇ ਕੱਪੜਾ ਬੰਨ੍ਹ ਕੇ ਰੱਖਣ ਜਾਂ ਫਿਰ ਕੋਈ ਮਾਸਕ (ਨਕਾਬ) ਲਾ ਲੈਣ। ਜਿਸ ਨਾਲ ਧੂੜ ਦੇ ਕਣ, ਜਿਨ੍ਹਾਂ 'ਚ ਜ਼ਹਿਰੀਲੇ ਕਣ ਰਲੇ ਹੁੰਦੇ ਹਨ, ਉਹ ਸਰੀਰ ਅੰਦਰ ਦਾਖਲ ਨਾਂ ਹੋਣ। ਨੱਕ ਰਾਹੀਂ ਵੀ ਕਿਸੇ ਕਿਸਮ ਦਾ ਜ਼ਹਿਰੀਲਾ ਧੂੰਆਂ ਸਰੀਰ ਚ ਦਾਖਲ ਨਾ ਹੋਣ ਦਿੱਤਾ ਜਾਵੇ। ਲੋਕ ਜੇ ਪਿਸ਼ਾਬ ਦੀ ਪੱਥਰੀ ਹੋਵੇ ਜਾਂ ਹੋਰ ਕੋਈ ਰੋਗ ਹੋਵੇ ਤਾਂ ਲਾਪਰਵਾਹੀ ਵਰਤਦੇ ਹਨ, ਜਦੋਂ ਤੱਕ ਕਿ ਦਰਦ ਅਸਹਿ ਨਾ ਹੋ ਜਾਵੇ। ਇਲਾਜ ਖੁਣੋਂ ਰੋਗ ਵਧ ਜਾਂਦਾ ਹੈ ਤੇ ਵਿਗੜ ਕੇ ਭਿਅੰਕਰ ਰੂਪ ਧਾਰਨ ਕਰ ਲੈਂਦਾ ਹੈ ਤੇ ਫਿਰ ਕੈਂਸਰ 'ਚ ਤਬਦੀਲ ਹੋ ਜਾਂਦਾ ਹੈ ਪਿਸ਼ਾਬ ਦਾ ਰੰਗ ਲਾਲ ਹੋਵੇ ਤਾਂ ਕੁਝ ਦਵਾਈ ਲੈ ਲਈ ਜਾਂਦੀ ਹੈ। ਜਿਸ ਨਾਲ ਔੜ ਪੌੜ ਹੋ ਸਕਦਾ ਹੈ ਪਰ ਰੋਗ ਦੀ ਜੜ੍ਹ ਨਹੀਂ ਖਤਮ ਹੁੰਦੀ। ਭਰਮ ਚ ਰਹਿ ਕੇ ਪਿੱਛੋਂ ਪਛਤਾਉਣਾ ਪੈਂਦਾ ਹੈ। ਜੇ ਪਹਿਲਾਂ ਹੀ ਸਾਵਧਾਨੀ ਵਰਤੀ ਜਾਵੇ ਤਾਂ ਪਿਸ਼ਾਬ ਪ੍ਰਣਾਲੀ ਦੇ ਕੈਂਸਰ ਤੋਂ ਬਚਿਆ ਜਾ ਸਕਦਾ ਹੈ।

---

# ਕਿਆਮਤ ਦਾ ਦਿਨ

(ਸ਼ਫ਼ਾ 36 ਦੀ ਬਾਕੀ)

ਨੂੰ ਮਿਲੀ ਚੰਡੀਗੜ੍ਹ ਧੱਕੇ ਖਾਧੇ 7 ਸਾਲ ਹੋ ਗਏ ਅਜੇ ਕੋਈ ਸਹਾਇਤਾ ਨਹੀਂ ਮਿਲੀ"

ਸਟੇਜ ਦੇ ਸੈਕੜੇ ਲੋਕਾਂ ਸਾਹਮਣੇ ਕੋਈ 25-30 ਵਿਧਵਾਵਾਂ ਨੇ, ਮਾਵਾਂ ਨੇ ਬਜ਼ੁਰਗਾਂ ਨੇ ਚਾਰ-ਪੰਜ ਮਿੰਟਾਂ ਵਿੱਚ ਸਟੇਜ ਤੇ ਮਾਈਕ ਸਾਹਮਣੇ ਆ ਕੇ ਜ਼ਿੰਦਗੀ ਦੇ ਦੁੱਖੜੇ ਸੁਣਾਏ।ਇਹ ਕੋਈ ਫਿਲਮੀ ਕਹਾਣੀ ਨਹੀਂ ਹੈ ਸਗੋਂ ਉਹਨਾਂ ਵੱਲੋਂ ਹੰਢਾਈ ਜਾ ਰਹੀ ਜ਼ਿੰਦਗੀ ਦਾ ਕਰੂਰ ਸੱਚ ਹੈ। ਸੱਚਮੁੱਚ ਇਹ ਇੱਕ ਕਿਆਮਤ ਦਾ ਦਿਨ ਹੀ ਸੀ। ਜਿਸ ਦਿਨ ਰਾਖ ਹੋ ਚੁੱਕੇ ਮੁਰਦੇ ਤਾਂ ਸ਼ਮਸ਼ਾਨ ਵਿਚੋਂ ਨਹੀਂ ਉਠੇ ਪਰ ਉਹਨਾਂ ਦੇ ਪਿੱਛੇ ਸਹਿਕ ਰਹੇ ਵਾਰਸਾਂ ਨੇ ਉਹਨਾਂ ਦੀ ਹੋਣੀ ਨੂੰ ਉਹਨਾਂ ਦੀ ਸਥਿਤੀ ਨੂੰ ਲੋਕਾਈ ਅੱਗੇ ਇੰਜ ਖੜੇ ਕਰ ਦਿੱਤਾ ਜਿਵੇ ਉਹ ਮੁਰਦੇ ਖੁਦ ਉਠ ਕੇ ਆਪ ਬਾਤੀ ਸੁਣਾ ਰਹੇ ਹੋਣ।ਇਹ ਪੰਜਾਬ ਦੀ ਧਰਤੀ ਤੇ ਮੋਗਾ ਵਿਖੇ ਦੁਖੀਆਂ ਦੀ ਰੁਦਨ ਇਕੱਤਰਤਾ ਸੀ।ਇੱਕ ਬਿਰਧ ਦੱਸ ਰਿਹਾ ਸੀ ਕਿ ਉਸ ਕੋਲ ਪੰਜ ਏਕੜ ਜ਼ਮੀਨ ਸੀ ਜੋ ਕਰਜ਼ੇ ਕਾਰਨ ਕੁਰਕ ਹੋ ਗਈ। ਘਰ ਵਾਲੀ ਨੂੰ ਕੈਂਸਰ ਸੀ ਉਸਦੇ ਇਲਾਜ ਉੱਪਰ ਤੇ ਫਿਰ ਪੁੱਤਰ ਦੇ ਗੁਰਦੇ ਫੇਲ ਹੋ ਗਏ ਹਰ ਹਫਤੇ ਖੂਨ ਬਦਲਾਉਣਾ (ਡਾਇਲੈਸਿਸ) ਕਰਵਾਉਣਾ ਪੈਂਦਾ ਸੀ। ਛੋਟੇ ਲੋਕਾਂ ਦੀਆਂ ਇਹ ਧਰੋੜਾਂ (ਜ਼ਮੀਨਾਂ ਜਾਂ ਸੋਨਾਂ) ਔਖੇ ਸਮੇਂ ਜਿਵੇਂ ਬਿਮਾਰੀ,ਧੀਆਂ ਦੇ ਵਿਆਹ ਤੇ, ਚਾਰ ਖਣ ਪੱਕੇ ਕਰਨ ਤੇ ਲੱਗ ਜਾਂਦੀ ਹੈ ਤੇ ਸਰਕਾਰ ਕਹਿ ਰਹੀ ਹੈ ਕਿ ਜੱਟ ਮੋਟਰ ਸਾਇਕਲਾਂ,ਮੋਬਾਇਲਾਂ,ਕਾਰਾਂ ਕੋਠੀਆਂ ਖਾਤਰ ਕਰਜ਼ੇ ਲੈ ਰਿਹਾ ਹੈ। ਮੈਂ 80 ਸਾਲ ਦੀ ਉਮਰ 'ਚ ਰੋਟੀ ਤੋਂ ਆਤੁਰ ਹਾਂ ਤੇ....ਤੇ.. "ਇਹ ਕਹਿੰਦਿਆਂ ਉਸਦੀਆਂ ਅੱਖਾਂ ਚੋਂ ਘਰਲਾਂ ਵਹਿ ਤੁਰਦੀਆਂ ਹਨ।ਹਾਲ ਵਿੱਚ ਪੂਰਨ ਖਮੋਸ਼ੀ ਹੈ। ਲੋਕ ਸਾਹ ਰੋਕ ਕੇ ਦੁੱਖਾਂ ਦੀ ਦਾਸਤਾਨ ਸੁਣ ਰਹੇ ਹਨ।ਕਿਸੇ ਕੋਨੇ ਚੋਂ ਸਿਸਕੀਆਂ ਤੇ ਹਾਉਂਕਿਆਂ ਤੇ ਰੋਣ ਦੀਆਂ ਅਵਾਜ਼ਾਂ ਆਉਂਦੀਆਂ ਹਨ। ਤਿੰਨ ਚਾਰ ਸੌ ਦਾ ਇਕੱਠ ਬੁੱਤ ਬਣਿਆ ਬੈਠਾ ਹੈ। ਔਰਤਾਂ ਤੇ ਮਰਦ ਸਿਰਫ ਹਾਜਤ ਲਈ ਜਾਂ ਪਾਣੀ ਲਈ ਬਾਹਰ ਜਾਂਦੇ ਹਨ ਤੇ ਫਿਰ ਮੁੜਕੇ ਸੀਟਾਂ ਤੇ ਬਹਿ ਜਾਂਦੇ ਹਨ।

ਹਾਜ਼ਰ ਵਿਦਵਾਨ ਉਪਰੋਕਤ ਮਸਲਿਆਂ ਤੇ ਪੰਜਾਬ ਬਾਰੇ "ਰੋਮ ਸੜ ਰਿਹਾ ਹੈ ਤੇ ਨੀਰੋ ਬੰਸਰੀ ਵਜਾ ਰਿਹਾ ਹੈ" ਅਨੁਸਾਰ ਸਰਕਾਰੀ ਨੀਤੀਆਂ ਦੀ ਛਿੱਲ ਪੁੱਟ ਰਹੇ ਹਨ। ਇਹ ਹਕੀਕਤਾਂ ਇੱਕ ਗੁਲਾਮ ਪੰਜਾਬ ਦਾ ਨਕਸ਼ਾ ਪੇਸ਼ ਕਰ ਰਹੀਆਂ ਹਨ। ਦੂਸਰੇ ਪਾਸੇ ਉਹ ਗੀਤਕਾਰ ਜੋ "ਜੱਟ ਮੌਜਾਂ ਕਰਦਾ ਏ, ਜਾਂ ਔਡੀਆਂ ਦੀ ਗੱਲ਼ ਕਰਕੇ ਕਿਸੇ ਵਿਦੇਸ਼ੀ ਦ੍ਰਿਸ਼ਾ ਨੂੰ ਦਿਖਾ ਕੇ ਖੂਨ ਪੀ ਰਹੇ ਹਨ। ਚੌਵੀਂ ਘੰਟੇ ਟੈਲੀਵੀਜ਼ਨ ਤੇ ਚੈਨਲ ਇਸਨੂੰ ਵਧਾਵਾ ਦੇ ਰਹੇ ਹਨ ਨੂੰ ਦੇਖ ਕੇ ਸਵਾਲ ਉਠਦਾ ਹੈ ਕਿ ਅਜਿਹਾ ਲਿਖਣ ਤੇ ਗਾਉਣ ਵਾਲਿਆਂ ਨੂੰ ਲੋਕ ਸੱਥਾਂ ਵਿੱਚ ਉਹਨਾ ਦੀਆਂ ਮਾਵਾਂ ਨੂੰ ਸਵਾਲ ਕੀਤਾ ਜਾਵੇ ਕਿ ਕੀ ਤੁਹਾਡੇ ਲਿਖਾਰੀ ਤੇ ਗਾਇਕ ਪੁੱਤ ਸੱਚ ਗਾ ਰਹੇ ਹਨ ?ਕੀ ਇਹਨਾਂ ਦੀ ਮਾਂ ਜਾਈ ਦਾ ਲੱਕ ਟਵੰਟੀ ਏਟ ਹੈ ? ਜਾਂ ਪੰਜਾਬ ਦੀ ਕੋਈ ਧੀ ਸਪੀਕਰ ਲਾ ਕੇ ਸਾਰੀ ਰਾਤ ਨੱਚਦੀ ਦੇਖੀ ਹੈ ? ਕੀ ਸਾਡੀਆਂ ਧੀਆਂ ਭੈਣਾਂ ਦੇ ਗਲ ਦੀ ਮਾਲਾ ਦੇ ਮਣਕਿਆਂ ਜਿੰਨੇ ਯਾਰ ਹਨ ? ਜੇ ਲੇਖਕਾਂ ਤੇ ਗਾਉਣ ਵਾਲਿਆਂ ਦੇ ਘਰ ਅਜਿਹਾ ਕੁਝ ਹੈ ਤਾਂ ਠੀਕ ਹੈ। ਨਹੀਂ ਤਾਂ ਲੋਕ ਸੱਥ ਵਿੱਚ ਇਹਨਾਂ ਕਮੂਤ ਗਾਇਕਾਂ ਤੇ ਲਿਖਣ ਵਾਲਿਆਂ ਦੀਆਂ ਮਾਵਾਂ ਧੀਆਂ ਤੇ ਭੈਣਾਂ ਕੋਲੋਂ ਹੀਂ ਇਹਨਾਂ ਦੇ ਛਿੱਤਰ ਮਰਵਾ ਕੇ ਤੇ ਛਿੱਤਰਾਂ ਦਾ ਹਾਰ ਪਾਕੇ ਮੂੰਹ ਕਾਲਾ ਕਰਕੇ ਉਹਨਾਂ ਦੀ ਚੈਨਲਾਂ ਰਾਹੀਂ ਦਿਖਾਇਆ ਜਾਵੇ ਜਿਨ੍ਹਾਂ ਰਾਹੀਂ ਇਹ ਕਿਰਤੀ ਕਿਸਾਨਾਂ ਮਜ਼ਦੂਰਾਂ ਦੀਆਂ ਧੀਆਂ ਭੈਣਾਂ ਬਾਰੇ ਇਹ ਕੰਜਰਖਾਨਾਂ ਕਰ ਰਹੇ ਹਨ।ਕੀ ਇਹਨਾਂ ਨਲਾਇਕਾਂ ਗਾਇਕਾਂ ਤੇ ਗੀਤਕਾਰਾਂ ਨੂੰ ਕਿਸਾਨ ਮਜ਼ਦੂਰਾਂ ਦੀ ਹਾਲਤ ਤੇ ਖੁਦਕਸ਼ੀਆਂ ਦੀ ਹਰ ਰੋਜ਼ ਵਾਪਰਦੀ ਸਚਾਈ ਨਹੀਂ ਦਿਸਦੀ। ਕੀ ਇਹਨਾਂ ਦਾ ਲੱਚਰਪੁਣਾ ਖੁਦਕਸ਼ੀ ਕਰ ਗਏ ਪ੍ਰੀਵਾਰ ਦੇ ਜਖਮਾਂ ਤੇ ਲੂਣ ਮਿਰਚਾਂ ਨਹੀਂ ਭੁੱਕਦਾ ?ਪੰਜ ਮਈ ਨੂੰ ਮੋਗੇ ਵਿਖੇ ਉਹ ਮਾਵਾਂ, ਭੈਣਾਂ ਤੇ ਬਾਪ ਦਾਦੇ ਇਕੱਠੇ ਹੋਏ ਜਿੰਨਾਂ ਨੇ ਕਦੇ ਸੋਚਿਆ ਵੀ ਨਹੀਂ ਸੀ ਕਿ ਉਹਨਾਂ ਦੇ ਦਰਦ ਨੂੰ ਸਮਝਣ ਵਾਲੇ,ਉਹਨਾਂ ਦੇ ਦੁੱਖ ਵਿੱਚ ਸ਼ਰੀਕ ਚੇਤੰਨ ਤੇ ਹਮਦਰਦ ਲੋਕ ਉਹਨਾਂ ਨੂੰ ਸਤਿਕਾਰ ਨਾਲ ਸਟੇਜ ਤੇ ਬਹਾ ਕੇ ਸੈਕੜੇ ਲੋਕਾਂ ਅੱਗੇ ਮਾਈਕ ਰਾਹੀਂ ਆਪਣਾ ਦੁੱਖ ਦਰਦ ਬਿਆਨਣ ਦਾ ਮੰਚ ਦੇਣਗੇ।ਉਹਨਾਂ ਦੇ ਜਖਮ ਦੇਸ਼ ਦੇ ਹਾਕਮਾਂ ਨੂੰ ਬਾਬਾ ਨਾਨਕ ਦੇ ਸੱਚ ਨੂੰ ਫਿਰ ਦੁਰਹਾਉਣਗੇ ਕਿ:-

ਖੂਨ ਕੇ ਸੋਹਿਲੇ ਗਾਵੀਐ ਨਾਨਕ
ਰਤੁ ਕਾ ਪੰਜੂ ਪਾਇ ਵੇ ਲਾਲੋ॥

ਰਤੁ ਦਾ ਪੰਜੂ ਅਜੇ ਦੇਸ਼ ਦੇ ਮੰਤਰੀਆਂ ਜਾਂ ਉਹਨਾਂ ਦੀਆਂ ਪਤਨੀਆਂ ਦੇ ਹਿੱਸੇ ਨਹੀਂ ਆਇਆ। ਜਦ ਕਿ ਸੂਬੇ ਦਾ ਮੁੱਖ ਮੰਤਰੀ ਆਪਣੀ ਪਤਨੀ ਦੇ ਕੈਂਸਰ ਦਾ ਇਲਾਜ ਵੀ ਲੋਕਾਂ ਦੇ ਟੈਕਸਾਂ ਨਾਲ ਭਰੇ ਖਜ਼ਾਨੇ ਚੋਂ ਕਰਵਾ ਚੁੱਕਾ ਹੈ।ਜਦ ਕਿ ਲੀਡਰ ਆਪਣੀ ਟੁੱਟੀ ਲੱਤ ਦਾ ਮੁਆਵਜਾ ਵੀ ਪੰਦਰਾਂ ਦਿਨਾਂ ਵਿੱਚ ਖਾਲੀ ਦੱਸੇ ਜਾਂਦੇ ਖਜ਼ਾਨੇ 'ਚੋਂ ਲੈ ਜਾਂਦੇ ਹਨ ਤੇ ਇਹਨਾਂ ਦੇ ਧਾਰਮਿਕ ਜੋਟੀਦਾਰਾਂ ਦੀਆਂ ਮਹਿੰਗੀਆਂ ਕਾਰਾਂ ਕਰੋੜਾਂ ਦਾ ਤੇਲ ਪੀ ਚੁੱਕੀਆਂ ਹਨ।ਪਰ ਵਕਤ ਦੇ ਮਾਰੇ ਇਹਨਾਂ ਲੋਕਾਂ ਲਈ ਇਹਨਾਂ ਕੋਲ ਫੁੱਟੀ ਕੌਡੀ ਨਹੀਂ ਜੋ ਪਿੰਡ ਤੋਂ ਲੈ ਕੇ ਤਹਿਸੀਲ ਜ਼ਿਲ੍ਹਾ ਤੇ ਰਾਜਧਾਨੀ ਤੱਕ ਫਰਿਆਦਾਂ ਕਰ ਚੁੱਕੇ ਹਨ। ਇਸ ਵਰਤਾਰੇ ਚੋਂ ਇੱਕ ਰੋਹ ਵੀ ਪਨਪਿਆਂ ਕਿਉਂਕਿ ਕਾਰਲ ਮਾਰਕਸ ਦੇ ਜਨਮ ਦਿਨ ਤੇ ਉਸਦੇ ਫਲਸਫੈ ਨਾਲ ਸਬੰਧਿਤ ਸੀ. ਪੀ. ਆਈ., ਸੀ. ਪੀ. ਆਈ. ਐਮ., ਸੀ. ਪੀ. ਆਈ. (ਐਮ.ਐਲ.) ਦੇ ਤੱਤੇ ਧੜਿਆਂ ਦੀਆਂ ਬਣੀਆਂ ਕਿਸਾਨ ਮਜ਼ਦੂਰ ਜੱਥੇਬੰਦੀਆਂ ਜਾਂ ਲੀਡਰਾਂ ਨੇ ਆਉਣ ਦੀ ਜ਼ਹਿਮਤ ਨਹੀਂ ਕੀਤੀ। ਸ਼ਾਇਦ ਇਹਨਾਂ ਦੀਆਂ ਸਿਧਾਂਤਿਕ ਧੜਿਆਂ ਦੀਆਂ ਪ੍ਰਯੋਗਸ਼ਲਾਵਾਂ ਵਿੱਚ ਉਹ ਇਸ ਵਰਤਾਰੇ ਨੂੰ ਆਪਣੇ ਨਜ਼ਰੀਏ ਨਾਲ ਦੇਖ ਰਹੇ ਹੋਣ ਜਿਸ ਨਜ਼ਰੀਏ ਨਾਲ ਇਹ ਇਕੱਠ ਉਹਨਾਂ ਦੀ ਪ੍ਰਯੋਗਸ਼ਾਲਾ ਦੇ ਪ੍ਰਯੋਗਾਂ ਨਾਲ ਮੇਲ ਨਾਂ ਖਾਂਦਾ ਹੋਵੇ। ਪਰ ਹਾਂ ਜਿਵੇ ਸਾਉਣ ਭਾਦੋਂ ਦੇ ਮਹੀਨੇ ਹੈਲੀਕਪਟਰਾਂ ਵਰਗੇ ਟਿੱਡਿਆਂ ਦੇ ਝੁੰਡ ਅਕਾਸ਼ ਵਿੱਚ ਮੰਡਰਾਉਂਦੇ ਹਨ ਉਸ ਵਾਂਗ ਪਾਰਲੀਮੈਂਟ ਦੇ ਮੈਂਬਰਾਂ ਵੱਲੋਂ ਤਨਖਾਹ ਭੱਤੇ ਵਧਾਉਣ ਦੇ ਮਸਲੇ ਤੇ ਇੱਕਮੁੱਠ ਹੋ ਜਾਣ ਵਾਂਗ ਕਿਸਾਨ ਮਜ਼ਦੂਰਾਂ ਦੇ ਇਹ ਆਗੂ ਝੋਨੇ ਦੇ ਨਾੜ ਨੂੰ ਅੱਗ ਲਗਾਕੇ ਪੰਜਾਬ ਨੂੰ ਧੂੰਆਖਿਆ ਕਰਕੇ ਸਾਹ ਲੈਣ ਤੋਂ ਵੀ ਆਤੁਰ ਕਰਕੇ ਇਕੱਠੇ ਹੋ ਜਾਣਗੇ ਕਿ ਸਰਕਾਰ ਝੋਨੇ ਦਾ ਨਾੜ ਸਾੜਨ ਲਈ ਪ੍ਰਤੀ ਏਕੜ ਪੈਸੇ ਦੇਵੇ ਨਹੀਂ ਅਸੀਂ ਅੱਗ ਲਗਾਵਾਂਗੇ।ਭਲਾ ਇਹ ਵਰਤਾਰਾ ਕਿਸਾਨ ਦਾ ਕਰਜ਼ਾ ਲਾਹ ਸਕਦਾ ਹੈ? ਖੁਦਕਸ਼ੀਆਂ ਨੂੰ ਠੱਲ ਪਾ ਸਕਦਾ ਹੈ ? ਜਿਸ ਤੇ ਵਿਚਾਰ ਕਰਨ ਲਈ ਪੀੜਤ ਅਤੇ ਵਿਦਵਾਨ ਇਕੱਠੇ ਹੋਏ ਤੇ ਇਹ ਇੱਕੋ ਥੈਲੀ ਦੇ ਚਿੱਟੇ ਵੱਟਿਆਂ ਵਾਂਗ ਇਸ ਇਕੱਠ ਤੋਂ ਪਾਸੇ ਰਹੇ। ਕਾਸ਼ ਉਹ ਆਉਂਦੇ। ਉਹ ਦਰਦ ਤੇ ਪੀੜਾਂ ਦੇ ਭੰਨੇ ਲੋਕਾਂ ਦੇ ਦਰਦ ਭਰੇ ਬੋਲ ਸੁਣਕੇ ਉਹਨਾਂ ਨੂੰ ਦਿਲਾਸਾ ਦਿੰਦੇ। ਉਹਨਾਂ ਦੇ ਦੁੱਖ ਦੇ ਸੱਥਰ ਤੇ ਬੈਠਣ ਦਾ ਫਰਜ਼ ਨਿਭਾਉਂਦੇ। ਉਹਨਾਂ ਦੀਆਂ ਹਾਲਤਾਂ ਨੂੰ ਸੰਗਰਾਮ ਦਾ ਬਾਨਣੂੰ ਬੰਨ ਕੇ ਤਬਦੀਲ ਕਰਨ ਦਾ ਆਹਿਦ ਲੈਂਦੇ। ਪਰ ਪਤਾ ਨਹੀਂ ਕਿਉਂ ਉਹ ਹਕੂਮਤਾਂ ਵਾਂਗ ਜਾਗਦੇ ਹੀ ਸੌਂ ਗਏ।ਜੋ ਜਾਗਦੇ ਹੁੰਦੇ ਤਾਂ ਘੁਲਾੜੀ ਵਿੱਚ ਆਏ ਗੰਨੇ ਦੇ ਰਸ ਵਾਂਗ ਜਿੰਨਾਂ ਦੀ ਰੱਤ ਹੁਕਮਰਾਨ ਪੀ ਗਏ। ਇਹ ਉਹ ਲੋਕ ਸਨ ਕਿਸੇ ਚਿੱਟੀ, ਨੀਲੀ ਪਾਰਟੀ ਦੇ ਕਾਡਰ ਨਹੀਂ ਸਨ। ਇਹਨਾਂ ਲਈ ਸਮਾਜਵਾਦ ਦਾ, ਇਨਕਲਾਬ ਦਾ ੳ, ਅ, ੲ ਪੜ੍ਹਾਉਣਾ ਬਣਦਾ ਸੀ। ਇਹਨਾਂ ਦਾ ਗਮ ਦੂਰ ਕਰਨ ਲਈ ਨਾਂ ਕਿਸੇ ਰੱਬ ਰੁੱਬ ਨੇ, ਨਾ ਕਿਸੇ ਪੈਗੰਬਰ ਨੇ, ਨਾ ਹੀ ਅੱਖਾਂ ਮੀਚ ਕੇ ਅਗਲੇ ਜਨਮਾਂ ਦੇ ਪਾਪਾਂ ਦਾ ਵਿਖਿਆਨ ਕਰਨ ਵਾਲੇ ਸਾਧਾਂ ਨੇ ਆਉਣਾ ਸੀ। ਜੋ ਨਿੱਤ ਹੋ ਰਹੀਆਂ ਖੁਦਕਸ਼ੀਆਂ ਤੇ ਖਾਮੋਸ਼ ਹਨ ਤੇ ਕਥਾਵਾਚਕ ਇਸਨੂੰ ਰੱਬੀ ਭਾਣੇ ਦਾ ਵਰਤਾਰਾ ਦੱਸ ਕੇ ਖਹਿੜਾ ਛੁਡਾ ਰਹੇ ਹਨ। ਇਸ ਨਾਜਕ ਸਮੇਂ ਜੋ ਆਪਣੇ ਆਪ ਨੂੰ ਲੋਕ ਪੱਖੀ ਲਹਿਰਾਂ ਦੇ ਰਹਿਨੁਮਾਂ ਸਮਝਦੇ ਹਨ ਉਹ ਵੀ ਬਾਬਾ ਨਾਨਕ ਦੇ ਮਹਾਂਵਾਕ ਅਨੁਸਾਰ

ਸਿਧ ਛੁਪਿ ਬੈਠਿ ਪਰਬਤੀ
ਕੌਣ ਜਗਤ ਕੋ ਪਾਰ ਉਤਾਰੈ॥

ਮਜਲੂਮਾਂ ਦਾ ਇਹ ਮਾਤਮੀ ਦਿਨ ਅਗਾਂਹ ਵਧੂਆਂ ਅੱਗੇ ਕਈ ਸਵਾਲ ਛੱਡ ਗਿਆ ਹੈ। ਦੂਜੇ ਪਾਸੇ ਇਹ ਸਿਲਸਿਲਾ ਇਹ ਵਰਤਾਰਾ ਅਜੇ ਖਤਮ ਨਹੀਂ ਹੋਇਆ। ਹਰ ਰੋਜ ਔਸਤ ਤਿੰਨ-ਚਾਰ ਕਿਸਾਨ ਮਜ਼ਦੂਰ ਖੁਦਕੁਸ਼ੀਆਂ ਹੋ ਰਹੀਆਂ ਹਨ। ਪੰਜਾਬ ਵਿੱਚ ਸਿਵੇ ਬਲ ਰਹੇ ਹਨ। ਦੁਖੀ ਪ੍ਰੀਵਾਰਾਂ ਤੇ ਵਿਧਵਾਵਾਂ ਵਿੱਚ ਵਾਧਾ ਹੋ ਰਿਹਾ ਹੈ। ਜੇ ਔਸਤ ਖੁਦਕਸ਼ੀ ਨੂੰ 36514 ਕਰੀਏ ਤਾਂ ੧੪੬੦ ਖੁਦਕਸ਼ੀਆਂ ਸਾਲਾਨਾ ਹੋ ਰਹੀਆਂ ਹਨ। ਜੋ ਜਲਿਆਂ ਵਾਲੇ ਬਾਗ ਦੇ ਖ਼ੂਨੀ ਸਾਕੇ ਤੋਂ ਵੀ ਵੱਧ ਹਨ। ਜਨਰਲ ਡਾਇਰ ਵੀ ਸਾਡੇ ਆਪਣੇ ਚੁਣੇ ਨੁਮਾਇੰਦੇ ਤੇ ਉਹਨਾਂ ਦੀਆਂ ਨੀਤੀਆਂ ਹਨ। ਜੇ ਜਲ੍ਹਿਆ ਵਾਲੇ ਬਾਗ ਦਾ ਕਾਂਡ ਅੰਗਰੇਜ ਹਕੂਮਤ ਦਾ ਤਖਤ ਹਿਲਾ ਸਕਦਾ ਹੈ ਤਾਂ ਇਹ ਖੁਦਕਸ਼ੀਆਂ ਕਿਉਂ ਨਹੀਂ ? ਅਸੀਂ ਜਾਬਰਾਂ ਦੇ ਪਹਾੜ ਨਾਲ ਮੱਥਾ ਲਾਉਣ ਦੀ ਬਜਾਏ ਕੀੜੀ ਕਿਉਂ ਬਣੇ ਹੋਏ ਹਾਂ ? ਜੋ ਭਗਤ ਸਿੰਘ, ਰਾਜਗੁਰੂ, ਸੁਖਦੇਵ ਤੇ ਕਰਤਾਰ ਸਰਾਭੇ ਦੇ ਗਦਰ ਮਚਾਉਣ ਦੀ ਗੱਲ ਕਰਦੇ ਹਨ ਤੇ ਇਹ ਗੱਲ ਇੱਕ ਮਈ ਨੂੰ ਲੁਧਿਆਣੇ ਨਾਟਕਾਂ ਦੌਰਾਨ ਤੇ ਹੋਰ ਸਮਾਗਮਾਂ ਦੌਰਾਨ ਹੋਈ ਵੀ ਹੈ। ਪਰ ਪੰਜ ਮਈ ਨੂੰ ਇਹ ਯੁੱਗ ਪਲਟਾਊ ਕਿੱਥੇ ਸਨ ? ਉਹਨਾਂ ਦੇ ਸੰਘਰਸ਼ਾਂ ਦੀ ਮਸ਼ਾਲ ਇਸ ਦਿਨ ਬੁਝਦੀ ਮੋਮਬੱਤੀ ਦਾ ਧੂਆਂ ਕਿਉਂ ਬਣ ਗਈ ? ਜਿਸ ਬਾਰੇ ਉਹ ਦਾਅਵਾ ਕਰਦੇ ਹਨ ਕਿ ਮਿਸਲਾ ਤਾਂ ਜਬਰ ਜੁਲਮ ਦੇ ਝੱਖੜਾਂ ਦਾ ਟਾਕਰਾ ਕਰਦੀ ਹੈ।ਕੀ ਉਹ ਇਹਨਾਂ ਦਰਦ ਭੰਨੇ ਲੋਕਾਂ ਦੇ ਜਿੰਨਾਂ ਆਪਣੇ ਗਮ ਨੂੰ ਹਿੱਕ ਤੇ ਪੱਥਰ ਰੱਖਕੇ ਪੰਜ-ਸੱਤ ਦਸ ਸਾਲ ਤੋਂ ਹੰਢਾਇਆ ਜਾਂ ਹੰਢਾ ਰਹੇ ਹਨ ਉਹਨਾਂ ਭਗਤ ਸਰਾਭੇ ਦੇ ਵਾਰਸਾਂ ਨੇ ਇਹਨਾਂ ਲੋਕਾਂ ਕੋਲ ਆਉਣ ਦਾ ਕਸ਼ਟ ਕੀਤਾ ?ਕੀ ਜੋ ਪਹਿਲੀ ਮਈ ਨੂੰ ਜਾਂ ਪਹਿਲੀ ਨਵੰਬਰ ਨੂੰ ਕੀਤਾ ਜਾਂਦਾ ਹੈ ਉਸ ਵਾਂਗ ਸਹਿਜ ਇੱਕ ਰਸਮ ਹੀ ਸੀ।ਇਹ ਉਥੇ ਮਸ਼ਾਲਾਂ ਬਾਲਦੇ ਹਨ ਪਰ ਇਹ ਲੋਕ ਤਾਂ ਆਪਣੇ ਪਤੀਆਂ,ਪੁੱਤਰਾਂ ਤੇ ਭਰਾਵਾਂ ਦੇ ਸਿਵਿਆਂ ਦੇ ਕੋਲ਼ਿਆਂ ਤੇ ਆਪਣਾ ਆਪ ਸਾੜ ਰਹੇ ਹਨ ਪਰ ਕੋਈ ਅਗਵਾਈ ਨਹੀ ਦੇ ਰਿਹਾ।ਕਿਸੇ ਕਿਆਮਤ ਦੇ ਦਿਨ ਦੀ ਉਡੀਕ ਵਾਂਗ ਕਿੰਨੇ ਹੀ ਵਰਿਆਂ ਤੋਂ ਆਪਣਿਆਂ ਦੇ ਗਮ ਵਿੱਚ ਇਹ ਹਰ ਰੋਜ਼ ਮਰਦੇ ਹਨ।ਸੜਕ ਕਿਨਾਰੇ ਖੜੇ ਰੁੱਖਾਂ ਵਾਂਗ ਸੁੱਕ ਗਏ ਹਨ। ਜੋ ਸੁਰਜੀਤ ਪਾਤਰ ਦੀ ਗਜ਼ਲ ਅਨੁਸਾਰ

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ, ਸੁਣਦਿਆਂ ਸੁੱਕ ਗਏ
ਆਖੋ ਇਹਨਾਂ ਨੂੰ ਆਪਣੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ।



ਇਹ ਤਸਵੀਰ 17 ਸਾਲਾਂ ਦੀ ਸਨੋਲਿਨ ਦੀ ਹੈ ਜਿਸ ਨੇ ਅਜੇ ਹੁਣੇ ਹੀ ਬਾਰ੍ਹਵੀਂ ਪਾਸ ਕੀਤੀ ਸੀ। ਉਹ ਵਕੀਲ ਬਣਨਾ ਚਾਹੁੰਦੀ ਸੀ ਕਿਉਂਕਿ ਉਸ ਨੇ ਸਟਰਲਾਈਟ (ਵੇਦਾਂਤਾ) ਵੱਲੋਂ ਫ਼ੈਲਾਏ ਪ੍ਰਦੂਸ਼ਣ ਕਰਕੇ ਆਪਣੇ ਦੋਸਤਾਂ-ਕਰੀਬੀਆਂ ਨੂੰ ਕੈਂਸਰ ਕਰਕੇ ਮਰਦਿਆਂ ਤੱਕਿਆ ਸੀ ਅਤੇ ਇਹ ਉਸ ਦੇ ਖ਼ਿਲਾਫ਼ ਆਪਣੇ ਸਮਾਜ ਲਈ ਸੰਘਰਸ਼ ਕਰਨਾ ਚਾਹੁੰਦੀ ਸੀ। ਉਹ ਇਸ ਲਹਿਰ ਵਿੱਚ ਸਰਗਰਮ ਸੀ ਅਤੇ 22 ਮਈ ਨੂੰ ਆਪਣੇ ਪਰਿਵਾਰ ਦੇ ਹੋਰਾਂ ਮੈਂਬਰਾਂ ਨਾਲ ਵਿਰੋਧ ਮੁਜ਼ਾਹਰੇ ਵਿੱਚ ਗਈ ਸੀ।

ਤਾਮਿਲਨਾਡੂ ਦਾ ਮੁੱਖ ਮੰਤਰੀ ਕਹਿੰਦਾ ਹੈ ਕਿ ਪੁਲਸ ਨੂੰ ਉਸ ਤੋਂ ਐਨਾ ਖ਼ਤਰਾ ਸੀ ਕਿ ਪੁਲਸ ਨੇ ਉਸ ਦੇ ਮੂੰਹ ਵਿੱਚ ਪਿਸਤੌਲ ਪਾ ਕੇ ਉਸ ਨੂੰ ਗੋਲੀ ਨਾਲ ਉਡਾ ਦਿੱਤਾ।

ਇਸ ਕੁੜੀ ਦੀ ਚਾਚੀ ਜਯਾ ਦੱਸਦੀ ਹੈ, "ਅਸੀਂ ਓਥੇ ਸਭ ਦੇ ਲਈ ਲੜਨ ਗਏ ਸਾਂ, ਪਰ ਉਹਨਾਂ ਨੇ ਸਾਡੀ ਕੁੜੀ ਨੂੰ ਮਾਰ ਸੁੱਟਿਆ। ਉਹ ਸਿਰਫ਼ 17 ਸਾਲਾਂ ਦੀ ਸੀ। ਅਸੀਂ ਓਥੇ ਇਨਸਾਫ਼ ਮੰਗਣ ਗਏ ਸਾਂ, ਕੋਈ ਗੜਬੜ ਫ਼ੈਲਾਉਣ ਨਹੀਂ। ਲੋਕ ਏਥੇ ਕੈਂਸਰ ਨਾਲ ਮਰ ਰਹੇ ਹਨ, ਜੇਕਰ ਅਸੀਂ ਆਪ ਆਪਣੇ ਹੱਕਾਂ ਲਈ ਨਹੀਂ ਲੜਾਂਗੇ ਤਾਂ ਕੌਣ ਲੜੂਗਾ।" ਇਸ ਕੁੜੀ ਦੇ ਗੁਆਂਢੀ ਬਰੂਟਸ ਨੇ ਦੱਸਿਆ ਕਿ "ਇਹ ਸਾਡੀ ਜ਼ਿੰਦਗੀ ਅਤੇ ਰੋਜ਼ੀ-ਰੋਟੀ ਦਾ ਸੰਘਰਸ਼ ਹੈ। ਅਸੀਂ ਦਾਣਾ-ਪਾਣੀ ਤੋਂ ਬਿਨਾਂ ਕਿਵੇਂ ਜਿਉਂਦੇ ਰਹਾਂਗੇ? ਏਥੇ ਹਰ ਕੋਈ ਕਿਸੇ ਕਿਸਮ ਦੇ ਕੈਂਸਰ ਕਰਕੇ ਹੀ ਮਰਦਾ ਹੈ। ਇਹ ਕੁੜੀ ਸਿਰਫ਼ ਬੁਨਿਆਦੀ ਲੋੜਾਂ ਦੀ ਹੀ ਮੰਗ ਕਰ ਰਹੀ ਸੀ। ਉਹ ਆਪਣੇ ਸਮਾਜ, ਆਪਣੇ ਮਾਂ-ਪਿਓ ਦੀ ਮਦਦ ਕਰਨਾ ਚਾਹੁੰਦੀ ਸੀ। ਹੁਣ ਉਸ ਦੇ ਸਾਰੇ ਸੁਪਨੇ ਖਿੰਡਕੇ ਇੱਕ ਤਾਬੂਤ ਵਿੱਚ ਬੰਦ ਹੋ ਗਏ ਹਨ। ਅਸੀਂ ਉਸ ਨੂੰ ਹਮੇਸ਼ਾ ਲਈ ਗਵਾ ਚੁੱਕੇ ਹਾਂ। ਅਸੀਂ ਹੁਣ ਇਹ ਚਾਹੁੰਦੇ ਹਾਂ ਕਿ ਸਟਰਲਾਈਟ ਵੀ ਹਮੇਸ਼ਾ ਲਈ ਬੰਦ ਹੋ ਜਾਵੇ।"

- ਮੁਕੇਸ਼ ਅਸੀਮ

# ਤਸਵੀਰਾਂ ਬੋਲਦੀਆਂ

## (ਕਿਸ਼ਤ-ਛੇਵੀਂ)

ਅਦਾਰਾ 'ਸਰੋਕਾਰਾਂ ਦੀ ਆਵਾਜ਼'ਵਲੋਂ ਸ਼ੁਰੂ ਕੀਤੇ ਇਸ ਕਾਲਮ ਨੇ ਪਾਠਕਾਂ ਦੇ ਅੰਦਰਲੇ ਕਵੀ ਨੂੰ ਹਲੂਣਿਆ ਹੈ।ਇਸ ਕਾਲਮ ਵਿੱਚ ਪਿਛਲੇ ਅੰਕ ਦੀ ਤਸਵੀਰ ਅਤੇ ਪਾਠਕਾਂ ਦੁਆਰਾ ਭੇਜੇ ਕੈਪਸ਼ਨ ਛਾਪ ਰਹੇ ਹਾਂ। ਜੂਨ ਅੰਕ ਲਈ ਤਸਵੀਰ ਛਾਪ ਰਹੇ ਹਾਂ। ਇਸ ਤਸਵੀਰ ਲਈ ਸਤਰਾਂ 20 ਜੂਨ ਤੱਕ ppapmg@gmail.com ਜਾਂ sukhviryyc@gmail.com 'ਤੇ ਭੇਜੀਆਂ ਜਾ ਸਕਦੀਆਂ ਹਨ।



ਫੋਟੋ : ਸਤਵਿੰਦਰ ਬਸਰਾ, ਲੁਧਿਆਣਾ

**ਕੈਪਸ਼ਨ ਮੁਕਾਬਲਾ-5**



**ਪਿਛਲੇ ਅੰਕ ਦੇ ਹੁੰਗਾਰੇ:**

ਉਮਰਾਂ ਦੇ ਨਾਲ ਕਲਾ ਪਕਾਈ,
ਵੱਡੀ ਉਮਰੇ ਕਰਾਂ ਭਕਾਈ,
ਕਿਰਤ ਕਮਾਉਂਦੇ ਹੱਥ ਨਾਂ ਰਹਿੰਦੇ,
ਬੇਸ਼ੱਕ ਪੱਲੇ ਪੈਂਦੀ ਨਾਂ ਪਾਈ।

**ਪੋਰਿੰਦਰ ਸਿੰਗਲਾ 'ਢਪਾਲੀ'**
**# 102, ਬੀਬੀਵਾਲਾ ਰੋਡ, ਬਠਿੰਡਾ**
**95010-00276**

ਕਾਮੇਂ ਦੇ ਹੱਥ ਕਲਾ ਆ ਜਾਏ
ਜਾਨ ਮਿੱਟੀ ਵਿੱਚ ਪਾ ਦਿੰਦਾ ਹੈ।
ਹੱਥ ਓਹੀ ਜਦ ਬਣ ਜਾਏ ਮੁੱਕਾ
ਉੱਪਰੋਂ ਥੱਲੇ ਲਾਹ ਦਿੰਦਾ ਹੈ।

**ਜਗਮੀਤ ਸਿੰਘ ਪੰਧੇਰ**
**ਪਿੰਡ ਤੇ ਡਾਕ : ਕਲਾਹੜ, ਲੁਧਿਆਣਾ**
**ਪੰਜਾਬ, (ਭਾਰਤ)-141117**
**ਸੰਪਰਕ : 98783-37222**

ਪੰਜ ਤੱਤਾਂ ਦਾ ਪੁਤਲਾ ਹਾਂ ਮੈਂ,
ਪੰਜ ਤੱਤਾਂ ਵਾਲੀ ਚੀਜ਼ ਬਣਾਵਾਂ
ਅਸਮਾਨ ਥੱਲੇ ਮਿੱਟੀ ਪਾਣੀ ਨਾਲ ਗੁੰਨ੍ਹਾਂ
ਫਿਰ ਮਿੱਟੀ ਨੂੰ ਚੱਕ (ਚੱਕਰ) ਚੜ੍ਹਾਵਾਂ
ਪੋਲੇ-ਪੋਲੇ ਹੱਥਾਂ ਨਾਲ ਮਿੱਟੀ ਤੋਂ ਮੈਂ,
ਇਕ ਸੋਹਣਾ ਘੜਾ ਬਣਾਵਾਂ
ਨਾਲ ਹਵਾ ਦੇ ਸੁੱਕ ਜਦ ਜਾਵੇ
ਵਿਚ ਅੱਗ ਦੇ ਫਿਰ ਪਕਾਵਾਂ।

**-ਮਾਸਟਰ ਰਵਿੰਦਰ ਸਿੰਘ (ਚੰਡੀਗੜ੍ਹ)**
**ਸ.ਮਿ.ਸ.ਸੀਹੋਂ ਮਾਜਰਾ (ਰੋਪੜ)**

ਕਿਰਤੀ ਦੇ ਹੱਥਾਂ ਦਾ ਹੁਨਰ,
ਮਿੱਟੀ ਦੇ ਫਰਿਜ ਬਣਾਵੇ।
ਸਰਕਾਰਾਂ ਦੀ 'ਸੰਘੀ' ਕੰਪਨੀਆਂ ਹੱਥ,
ਕਿਰਤ ਦਾ ਮੁੱਲ ਕੋਈ ਨਾ ਪਾਵੇ।

**ਗੁਰਦੇਵ ਸਿੰਘ ਢਪਾਲੀ**
**ਬੀਬੀ ਵਾਲਾ ਰੋਡ, ਗਲੀ ਨੰਬਰ 9#19150**
**ਗੁਰੂ ਤੇਗ ਬਹਾਦਰ ਨਗਰ ਬਠਿੰਡਾ**
**ਫੋਨ ਨੰਬਰ 9417649275**




PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best
Friendly
Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9



Best Mobile Signs
All kinds of
mobile sign board
best mobile sign
call for yours
Kamal Sidhu
403-966-7167
bestmobilesigns@gmail.com



Commitment to Excellent Services
Punjab Insurance Inc
Punjab Insurance Inc
Your Insurance Advisor
Super Visa Insurance
Disability Insurance | Life Insurance | Critical Illness Insurance |
Mortgage Insurance Segregated Funds | RRSP & TFSA | RESP |
Email : dharbans@hotmail.com www.numberoneinsurance.ca
Harbans Singh
416-817-7142



To Sell and Buy Real Estate is a
Big Decision to Make
It is important to have
Knowledgeable Experienced Professional
Real Estate Associate on your side call
Call Dan Sidhu
Real Estate Broker
With 20 Years Experinced
e-mail:dansidhu@gmail.com 403-560-6300



Punjab Insurance Inc.
Call For Free Quote...
Super-Visa Insurance
For best service and expert advice
• Visitor Visa/Travel insurance
• Life and Mortgage Insurance
• Disability Insurance
• Critical illness Insurance
• RESP (education plan), RRSP
• Medical & Dental plans
Hardeep Atwal
Insurance Advisor
416-209-6363
e-mail: weprotecturfamily@gmail.com


HomeLife SilverCity
Realty Inc., Brokerage
EACH OFFICE INDEPENDENTLY OWNED & OPERATED
NEW LOCATION OPEN TO SERVE YOU BETTER AIRPORT RD/DREW
Now Hiring
New / Experienced Real Estate Sales Representative / Brokers
Office: 905-913-8500
50 Cottrelle Blvd., Unit 29, Brampton
www.HomelifeSilvercityTeam.com
Team of OVER 425 Realtors
BALJIT GARCHA
BROKER OF RECORD
AJIT GARCHA
BROKER / PRESIDENT
www.homelifesilvercityteam.com

# 17 ਜੂਨ ਦੇ ਬਾਲ ਮੰਚ ਦੇ ਪਹਿਲੇ ਨਾਟਕ ਸਮਾਗਮ ਲਈ ਤਿਆਰੀ ਕਮੇਟੀ ਦਾ ਗਠਨ

ਕੈਲਗਰੀ, (ਮਾ. ਭਜਨ ਸਿੰਘ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਡਟਨ ਥੀਏਟਰ ਲਾਇਬ੍ਰੇਰੀ ਡਾਊਨ ਟਾਊਨ 17 ਜੂਨ ਨੂੰ ਹੋ ਰਹੇ ਬਾਲ ਮੰਚ ਦੇ ਪਹਿਲੇ ਨਾਟਕ ਸਮਾਗਮ ਲਈ ਕਮੇਟੀ ਦਾ ਗਠਨ ਕਰ ਦਿੱਤਾ ਗਿਆ ਹੈ। ਇਸ ਕਮੇਟੀ ਵਿਚ ਐਸੋਸੀਏਸ਼ਨ ਦੀ ਐਗਜੈਕਟਿਵ ਕਮੇਟੀ ਮੈਂਬਰ ਕਮਲਪ੍ਰੀਤ ਪੰਧੇਰ, ਨਵਕਿਰਨ ਢੁੱਡੀਕੇ ਅਤੇ ਕੁਸਮ ਸ਼ਰਮਾ ਤੋਂ ਇਲਾਵਾ ਪੰਜਾਬੀ ਕਲਾਸ ਦੀਆਂ ਅਧਿਆਪਕਾਵਾਂ ਜੋ ਪਿਛੋਕੜ ਤੋਂ ਵੀ ਅਧਿਆਪਕ ਕਿੱਤੇ ਨਾਲ ਜੁੜੀਆਂ ਹੋਈਆਂ ਹਨ, ਉਨ੍ਹਾਂ ਦੀਆਂ ਸਮਾਜ ਪ੍ਰਤੀ ਸਮਰਪਿਤ ਸੇਵਾਵਾਂ ਕਾਰਨ ਜਸਵਿੰਦਰ ਲੰਮੇ, ਕਮਲਜੀਤ ਕੌਰ ਗਰੇਵਾਲ, ਸਤਵਿੰਦਰ ਕੌਰ ਅਤੇ ਕਿਰਨ ਪੁਰਬਾ ਨੂੰ ਸ਼ਾਮਲ ਕੀਤਾ ਗਿਆ ਹੈ।

ਨਾਟਕ ਤਿਆਰੀ ਕਮੇਟੀ ਵਲੋਂ ਐਤਵਾਰ ਤੋਂ ਨਾਟਕ ਅਤੇ ਕੋਰੀਓਗ੍ਰਾਫ਼ੀ ਵਿਚ ਭਾਗ ਲੈਣ ਵਾਲੇ ਬੱਚਿਆਂ ਦੀ ਰਜਿਸਟ੍ਰੇਸ਼ਨ ਕਰਕੇ ਵਰਕਸ਼ਾਪ ਸ਼ੁਰੂ ਕਰ ਦਿੱਤੀ ਜਾਵੇਗੀ। ਵਰਕਸ਼ਾਪ ਲਗਾਉਣ ਲਈ ਪੰਜਾਬ ਤੋਂ ਉਘੇ ਰੰਗਕਰਮੀ ਸੁਰਿੰਦਰ ਸ਼ਰਮਾ ਵਿਸ਼ੇਸ਼ ਤੌਰ ’ਤੇ ਪੁੱਜ ਰਹੇ ਹਨ। ਬਾਲ ਮੰਚ ਦਾ ਇਹ ਪ੍ਰੋਗਰਾਮ ਸਿਰਫ਼ ਬੱਚਿਆਂ ਵਲੋਂ ਹੀ ਹੋਵੇਗਾ। ਪਹਿਲਾ ਨਾਟਕ **ਚੋਣ ਸਿਸਟਮ ਉਤੇ ਵਿਅੰਗ** ਅਤੇ ਦੂਜਾ ਨਾਟਕ **ਡਰੱਗ ਸਮੱਸਿਆ** ’ਤੇ ਹੋਵੇਗਾ। ਵਰਕਸ਼ਾਪ ਅਤੇ ਨਾਟਕ ਦੀ ਇਸ ਵਾਰੀ ਕੋਈ ਟਿਕਟ ਨਹੀਂ ਹੋਵੇਗੀ। ਬੱਚਿਆਂ ਨੂੰ ਰਜਿਸਟਰ ਕਰਵਾਉਣ ਅਤੇ ਪ੍ਰੋਗਰਾਮ ਨੂੰ ਸਪਾਂਸਰ ਕਰਨ ਲਈ ਪ੍ਰੋਗਰੈਸਿਵ ਕਲਾ ਮੰਚ ਦੀ ਕਨਵੀਨਰ ਕਮਲਪ੍ਰੀਤ ਕੌਰ ਪੰਧੇਰ ਨੂੰ 403-479-4220 ’ਤੇ ਸੰਪਰਕ ਕਰ ਸਕਦੇ ਹੋ।



ਸਰੀ ਵਿੱਚ ‘ਸਰੋਕਾਰਾਂ ਦੀ ਆਵਾਜ਼’ ਇੰਝ ਪੜ੍ਹਿਆ ਜਾਂਦਾ ਤੇ ਪੰਜਾਬ ਵਾਂਗੂੰ ਇਹ ਬਜ਼ੁਰਗ ਮੁੱਦਿਆਂ ਤੇ ਖੁੰਢ ਚਰਚਾ ਵੀ ਕਰਦੇ ਨੇ।

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੀ ਵਿਸ਼ੇਸ਼ ਮੀਟਿੰਗ 3 ਜੂਨ ਨੂੰ ਕੋਸੋ ਹਾਲ ’ਚ

ਕੈਲਗਰੀ (ਮਾ. ਭਜਨ ਸਿੰਘ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੀ ਮਾਸਿਕ ਮੀਟਿੰਗ 3 ਜੂਨ ਐਤਵਾਰ ਨੂੰਕੋਸੋ ਹਾਲ ਵਿਖੇ ਹੋਵੇਗੀ। ਇਸ ਵਾਰੀ ਰਾਜ ਧਾਲੀਵਾਲ “ਨੇਟਿਵਜ਼ ਦਾ ਇਤਿਹਾਸਕ ਪਿਛੋਕੜ ਅਤੇ ਅੱਜ ਦੀ ਹਾਲਤ’ ਵਿਸ਼ੇ ’ਤੇ ਮੁੱਖ ਵਕਤਾ ਹੋਣਗੇ। ਦੂਜੇਬੁਲਾਰੇ ਡਾ. ਕੁਲਦੀਪ ਸਿੰਘ ਗਿਆਨ ਪ੍ਰਸਾਰ ਜਥੇਬੰਦੀ ਦੇ ਆਗੂ ਪੰਜਾਬ ਤੋਂ ਵਿਸ਼ੇਸ਼ ਫੇਰੀ ’ਤੇ ਆਏ ਹੋਏ ਹਨ ਹੋਣਗੇ। ਤੀਜੇ ਬੁਲਾਰੇ ‘ਨਾਟਕ ਦੀ ਅੱਜ ਦੇ ਹਾਲਤਾਂ ’ਚ ਭੂਮਿਕਾ ਵਿਸ਼ੇ ’ਤੇ ਨਿਰਦੇਸ਼ਕ, ਲੇਖਕ ਅਤੇ ਉਘੇ ਰੰਗ ਕਰਮੀ ਸੁਰਿੰਦਰ ਸ਼ਰਮਾ ਵਿਚਾਰ ਦੇਣਗੇ। ਹਰਚਰਨ ਪਰਹਾਰ ਸੰਪਾਦਕ ਸਿੱਖ ਵਿਰਸਾ (ਇੰਟਰਨੈਸ਼ਨਲ) ਪਹਿਲੀ ਜੁਲਾਈ ਤੋਂ ਲਾਗੂ ਹੋਣ ਜਾ ਰਹੇ (ਕੈਨੇਡਾ ਭਰ ’ਚ) ਮੈਰਵਾਨਾ ਦੇ ਮਾਰੂ ਪ੍ਰਭਾਵਾਂ ਬਾਰੇ ਚਰਚਾ ਕਰਨਗੇ। ਸਭ ਨੂੰ ਸਮੇਂ ਸਿਰ ਪੁੱਜਕੇ ਵਿਚਾਰ ਸੁਣਨ ਦੀ ਅਪੀਲ। ਮੀਟਿੰਗ ਠੀਕ 2 ਵਜੇ ਤੋਂ 5 ਵਜੇ ਤੱਕ ਹੋਵੇਗੀ। ਮੀਟਿੰਗ ਵਿਚ ਤੀਸਤਾ ਸੀਤਲਵਾੜ ਦੀ ਪਿਛਲੇ ਦਿਨੀਂ ਰਲੀਜ਼ ਬੁੱਕ ਪੰਜਾਬੀ ਅਤੇ ਅੰਗਰੇਜ਼ੀ ’ਚ ਮਿਲ ਸਕੇਗੀ। ਰਾਣਾ ਆਯੂਬ ਦੀ ਚਰਚਿਤ ਕਿਤਾਬ ‘ਗੁਜਰਾਤ ਫਾਈਲਜ਼’ ਅਤੇ ਅਰੁਨ ਫਰੇਰਾ ਦੀ ‘ਪਿੰਜਰੇ ਦੇ ਰੰਗ’ ਵੀ ਹੋਵੇਗੀ। ਵਧੇਰੇ ਜਾਣਕਾਰੀ ਲਈ ਮਾਸਟਰ ਭਜਨ ਨੂੰ 403-455-4220 ’ਤੇ ਫੋਨ ਕਰ ਸਕਦੇ ਹੋ।

















